ਸੰਗੀਤ ਦਾ ਅਧਿਆਪਨ

ਡਾ. ਜੋਗਿੰਦਰ ਸਿੰਘ ਬਾਵਰਾ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸੰਗੀਤ ਦਾ ਅਧਿਆਪਨ

250

Sri Satguru Jagjit Singh Ji eLibrary NamdhariElibrary@gmail.com

ਸੰਗੀਤ ਦਾ ਅਧਿਆਪਨ

www.archive.org/details/namdhari

ਲੇਖਕ
ਡਾ. ਜੋਗਿੰਦਰ ਸਿੰਘ ਬਾਵਰਾ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

©

ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

SANGEET DA ADHIAPAN *(Punjabi)*

by

DR. JOGINDER SINGH BAWRA

ਵਿਭਾਗੀ ਸੰਪਾਦਕ
ਡਾ. ਜਸਬੀਰ ਕੌਰ

ISBN: 81-302-0148-8

2010
ਕਾਪੀਆਂ: 550
ਕੀਮਤ : 250.00

ਡਾ. ਮਨਜੀਤ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ
ਪ੍ਰਕਾਸ਼ਿਤ ਕੀਤੀ ਅਤੇ ਮਾਸਟਰ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਮਾਧਿਆਮ ਪਰਿਵਰਤਨ ਸਕੀਮ ਦੇ ਅੰਤਰਗਤ ਨਿਰੰਤਰ ਯਤਨ ਕੀਤੇ ਜਾ ਰਹੇ ਹਨ ਕਿ ਪੰਜਾਬੀ ਨੂੰ ਉੱਚ-ਪੱਧਰੀ ਸਿੱਖਿਆ ਦਾ ਮਾਧਿਅਮ ਬਣਾਇਆ ਜਾਵੇ। ਇਹ ਜ਼ਿੰਮੇਵਾਰੀ ਯੂਨੀਵਰਸਿਟੀ ਦਾ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨਿਭਾ ਰਿਹਾ ਹੈ। ਲਗਭਗ ਹਰ ਵਿਸ਼ੇ ਵਿਚ ਪੰਜਾਬੀ ਦੀਆਂ ਮੌਲਿਕ ਪੁਸਤਕਾਂ ਤਿਆਰ ਕਰਵਾ ਕੇ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

ਹੱਥਲੀ ਪੁਸਤਕ 'ਸੰਗੀਤ ਦਾ ਅਧਿਆਪਨ' ਬੀ.ਐੱਡ ਦੇ ਵਿਦਿਆਰਥੀਆਂ ਲਈ ਸਵਰਗਵਾਸੀ ਡਾ. ਜੋਰਿੰਦਰ ਸਿੰਘ ਬਾਵਰਾ ਕੋਲੋਂ ਲਿਖਵਾਈ ਗਈ ਹੈ, ਇਸ ਪੁਸਤਕ ਦੇ ਲੇਖਕ ਵਲੋਂ ਪੁਸਤਕ ਵਿਚ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ ਕਿ ਸੰਗੀਤ ਅਧਿਆਪਨ ਨੂੰ ਸਰਲ ਅਤੇ ਵਿਗਿਆਨਕ ਢੰਗ ਨਾਲ ਪੜ੍ਹਿਆ ਅਤੇ ਸਿਖਿਆ ਜਾ ਸਕੇ। ਇਸ ਪੁਸਤਕ ਵਿੱਚ ਸੰਗੀਤ ਦਾ ਇਤਿਹਾਸ, ਪਾਠ ਯੋਜਨਾਵਾਂ, ਸੰਗੀਤ ਸਿਖਾਉਣ ਅਤੇ ਪੜ੍ਹਾਉਣ ਲਈ ਵੱਖ-ਵੱਖ ਵਿਧੀਆਂ, ਗਾਇਨ ਸ਼ੈਲੀਆਂ, ਸੰਗੀਤਕ ਸਾਜ਼ ਅਤੇ ਤਾਲਾਂ ਬਾਰੇ ਪੂਰੀ ਜਾਣਕਾਰੀ ਦਿਤੀ ਗਈ ਹੈ। ਗਾਇਨ ਅਤੇ ਵਾਦਨ ਸੰਗੀਤ ਦੇ ਅਧਿਐਨ ਅਤੇ ਅਧਿਆਪਨ ਲਈ ਇਸ ਪੁਸਤਕ ਵਿਚ ਰਾਗਾਂ ਦਾ ਪਰਿਚੈ ਅਤੇ ਸਵਰਲਿਪੀ ਵੀ ਦਿੱਤੇ ਗਏ ਹਨ ਅਤੇ ਨਾਲ ਹੀ ਰਾਗਾਂ ਦੀਆਂ ਤਾਨਾਂ, ਅਲਾਪ ਅਤੇ ਤੋੜੇ ਵਿਸਥਾਰ ਰੂਪ ਵਿੱਚ ਤਾਲਾਂ ਵਿਚ ਲਿਖ ਕੇ ਦਿਤੇ ਗਏ ਹਨ। ਲੇਖਕ ਨੇ ਇਸ ਪੁਸਤਕ ਨੂੰ ਬੜੀ ਲਗਨ ਅਤੇ ਮਿਹਨਤ ਨਾਲ ਵਿਦਿਆਰਥੀਆਂ ਦੇ ਪੱਧਰ ਨੂੰ ਮੁਖ ਰਖ ਕੇ ਭਰਪੂਰ ਜਾਣਕਾਰੀ ਦਿੱਤੀ ਹੈ। ਡਾ. ਭਗਵੰਤ ਕੌਰ, ਮੁਖੀ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਸ ਪੁਸਤਕ ਸੰਬੰਧੀ ਆਪਣੀ ਰਾਇ ਦਿੰਦੇ ਹੋਏ ਸਪਸ਼ਟ ਲਿਖਿਆ ਹੈ ਕਿ ਸੰਗੀਤ ਦੇ ਖੇਤਰ ਲਈ ਇਹ ਇਕ ਵੱਡਮੁਲਾ ਕੰਮ ਹੈ ਜਿਹੜਾ ਕਿ ਬੀ.ਐੱਡ. ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਵੇਗਾ।

ਇਸ ਪੁਸਤਕ ਦੀ ਸੋਧ-ਸੁਧਾਈ ਤੇ ਸੰਪਾਦਨਾ ਦਾ ਕਾਰਜ ਡਾ. ਜਸਬੀਰ ਕੌਰ, ਰੀਡਰ ਹੋਰਾਂ ਨੇ ਬੜੀ ਦਿਲਚਸਪੀ ਨਾਲ ਕੀਤਾ ਹੈ। ਮੈਨੂੰ ਉਮੀਦ ਹੈ ਕਿ ਸੰਗੀਤ ਦੀ ਇਹ ਪੁਸਤਕ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਲਾਹੇਵੰਦ ਸਾਬਤ ਹੋਵੇਗੀ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਅਮਰਜੀਤ ਕੌਰ (ਡਾ.)
ਮੁਖੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਿਸ਼ਾ ਸੂਚੀ

	ਵਿਭਾਗੀ ਸ਼ਬਦ	(v)
1.	ਭਾਰਤੀ ਸੰਗੀਤ ਦਾ ਸੰਖੇਪ ਇਤਿਹਾਸ	1
2.	ਸੰਗੀਤ ਸਿਖਿਆ ਲਈ ਸਹਾਇਕ ਸਮੱਗਰੀ	29
3.	ਕੰਠ ਸਾਧਨਾ	42
4.	ਸੰਗੀਤ ਦਾ ਵਤੀਰੇ, ਥਕਾਵਟ, ਕ੍ਰਿਆਸ਼ੀਲਤਾ ਅਤੇ ਮਨੁੱਖੀ ਭਾਵਾਂ ਉੱਤੇ ਪ੍ਰਭਾਵ	48
5.	ਸੰਗੀਤ ਨੂੰ ਸਕੂਲੀ ਪਾਠਕ੍ਰਮ ਵਿਚ ਸ਼ਾਮਲ ਕਰਨ ਦੇ ਉਦੇਸ਼ ਅਤੇ ਮੰਤਵ	53
6.	ਸੰਗੀਤ ਸਿੱਖਿਆ ਵਿਧੀਆਂ	71
7.	ਗਾਇਨ ਸ਼ੈਲੀਆਂ	75
8.	ਮੁਲਾਂਕਣ	87
9.	ਲੈਅ	93
10.	ਸੰਗੀਤ ਕਲਾਸ	97
11.	ਲੋਕ ਸੰਗੀਤ	101
12.	ਸੌਂਦਰਯ ਸ਼ਾਸਤਰ ਅਥਵਾ ਸੌਂਦਰਯ ਬੋਧ	114
13.	ਸੰਗੀਤ ਅਤੇ ਹੋਰ ਲਲਿਤ ਕਲਾਵਾਂ	119
14.	ਸੰਗੀਤਕ ਸਾਜ਼	128
15.	ਪਾਠ ਯੋਜਨਾ	141
16.	ਵਾਗਿਆਕਾਰ, ਸੰਗੀਤ ਅਧਿਆਪਨ, ਗਾਇਕ ਵਾਦਕ ਦੇ ਗੁਣ	158
17.	ਤਾਲ ਅਧਿਆਇ	168
18.	ਰਾਗ ਅਧਿਆਇ	174

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਅਧਿਆਇ - 1

ਭਾਰਤੀ ਸੰਗੀਤ ਦਾ ਸੰਖੇਪ ਇਤਿਹਾਸ

ਸੰਗੀਤ ਦਾ ਇਤਿਹਾਸ ਇਕ ਐਸਾ ਇਤਿਹਾਸ ਹੈ, ਜਿਸ ਵਿਚ ਮਾਨਵ ਆਤਮਾ ਦੇ ਪ੍ਰਭਾਵਸ਼ਾਲੀ ਅਤੇ ਉਜੱਲ ਰੂਪ ਦੇ ਦਰਸ਼ਨ ਹੁੰਦੇ ਹਨ। ਹਰ ਕਲਾ ਦੇ ਸ਼ਾਸਤਰਿਕ ਅਤੇ ਕਿਰਿਆਤਮਕ ਪੱਖ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਕਲਾ ਦੇ ਇਤਿਹਾਸ ਬਾਰੇ ਜਾਨਣਾ ਬਹੁਤ ਜਰੂਰੀ ਹੈ। ਸਮੇਂ ਦੀ ਚਾਲ ਨਾਲ ਵਿਸ਼ੇ ਦੀ ਨੁਹਾਰ ਕਿਹੋ ਜਿਹੇ ਨਿਖਾਰਾਂ ਵਿਚੋਂ ਗੁਜ਼ਰੀ, ਦਾ ਢੁਕਵਾਂ ਅਨੁਮਾਨ ਉਸ ਦੇ ਇਤਿਹਾਸਿਕ ਅਧਿਐਨ ਤੋਂ ਹੀ ਲੱਗ ਸਕਦਾ ਹੈ। ਸੰਗੀਤ-ਕਲਾ ਦੇ ਸਿਧਾਂਤਾਂ ਦਾ ਪਿਛੋਕੜ ਜਾਨਣ ਲਈ ਸੰਗੀਤ ਦੇ ਇਤਿਹਾਸ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਭਾਰਤੀ ਸੰਗੀਤ ਨੂੰ ਅਸੀਂ ਮੁੱਖ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ।

ਸੰਗੀਤ ਦੇ ਇਤਿਹਾਸ ਦੀ ਸਮਾਂ ਵੰਡ

1. ਪ੍ਰਾਚੀਨ ਕਾਲ - 1000 ਈ: ਪੂਰਵ ਤੋਂ 800 ਈ: ਤੱਕ
2. ਮੱਧਕਾਲ - 800 ਈਸਾ ਪੂਰਵ ਤੋਂ 1800 ਈਸਵੀ ਤੱਕ
3. ਆਧੁਨਿਕ ਕਾਲ - 1800 ਈ: ਤੋਂ ਅੱਜ ਤੱਕ

ਪ੍ਰਾਚੀਨ ਕਾਲ ਜਿਸ ਦਾ ਸਮਾਂ ਈ: ਪੂਰਵ 1000 ਸਾਲ ਤੋਂ 800 ਈ: ਤੱਕ ਮੰਨਿਆ ਜਾਂਦਾ ਹੈ। ਇਸ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

1. 3000 ਈ: ਪੂਰਵ ਤੋਂ 1000 ਈ: ਪੂਰਵ ਤੱਕ ਇਸ ਕਾਲ ਨੂੰ ਅਤਿ ਪ੍ਰਾਚੀਨ ਕਾਲ ਜਾਂ ਵੈਦਿਕ ਯੁਗ ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ ਪੂਰਵ ਮੱਧ ਕਾਲ ਦਾ ਸਮਾਂ (800 ਈ. ਤੋਂ 1300 ਈ. ਤੱਕ) ਅਤੇ ਉੱਤਰ ਮੱਧ ਕਾਲ ਦਾ ਸਮਾਂ (1300 ਈ. ਤੋਂ 1800 ਈ. ਤੱਕ) ਮੰਨਿਆ ਗਿਆ ਹੈ। ਇਸ ਕਾਲ ਵਿਚ ਸਾਮਵੇਦ ਦੀਆਂ ਰਿਚਾਵਾਂ ਦਾ ਪਾਠ ਸੰਗੀਤ ਮਈ ਢੰਗ ਨਾਲ ਕੀਤਾ ਜਾਂਦਾ ਸੀ। ਰਿਗਵੇਦ ਵਿਚ ਬੰਸੀ, ਡਮਰੂ, ਮ੍ਰਿਦੰਗ, ਆਦਿ ਸਾਜਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ। ਸ਼ਾਮਗਾਨ ਦਾ ਗਾਇਨ ਪਹਿਲਾਂ ਕੇਵਲ ਤਿੰਨ ਸੁਰਾਂ ਵਿਚ ਕੀਤਾ ਜਾਂਦਾ ਸੀ। ਪਾਣੀਨੀ ਅਤੇ ਪਾਣਿਨੀ ਸਿਕਸ਼ਾ ਅਤੇ ਨਾਰਦ ਸਿਕਸ਼ਾ ਵਿਚ ਨਿਮਨਲਿਖਤ ਇਹ ਸਲੋਕ ਮਿਲਦਾ ਹੈ, ਜਿਸ ਅਨੁਸਾਰ ਸੱਤ ਸਵਰ ਉਦਾਤ, ਅਨੁਦਾਤ ਅਤੇ ਸਵਰਿਤ ਸਵਰਾਂ ਦੇ ਅੰਤਰਗਤ ਮੰਨੇ ਜਾਂਦੇ ਸਨ। ਨਾਰਦ ਦੁਆਰਾ ਰਚਿਤ ਗ੍ਰੰਥਾਂ ਵਿਚ ਉਹਨਾਂ ਤਿੰਨਾਂ ਸੁਰਾਂ ਨੂੰ ਉਦਾਤ, ਅਨੁਦਾਤ ਅਤੇ ਸੁਵਰਿਤ ਕਿਹਾ ਗਿਆ ਹੈ। ਜਿਸ ਤਰ੍ਹਾਂ ਇਹ ਸ਼ਲੋਕ ਸਿੱਧ ਕਰਦਾ ਹੈ :-

ਉਦਾਤੋ ਨਿਸ਼ਾਦ ਗੰਧਾਰੋ ਅਨੁਦਾਤ ਰਿਸ਼ਭ ਧੈਵਤੋ।
ਸਵਰਿਤ ਪ੍ਰਭਵਾ ਹੋਯਤੇ ਸ਼ੜਜ ਮੱਧਯਮ ਪੰਚਮਾ ।।

ਅਰਥਾਤ :- ਉਦਾਤ=ਗੰਧਾਰ, ਨਿਸ਼ਾਦ। ਅਨੁਦਾਤ= ਰਿਸ਼ਭ, ਧੈਵਤ। ਸਵਰਿਤ= ਸ਼ੜਜ, ਮਧਿਅਮ ਪੰਚਮ।

Sri Satguru Jagjit Singh Ji eLibrary NamdhariElibrary@gmail.com

ਸਮੇਂ ਦੇ ਨਾਲ-ਨਾਲ ਸੁਰਾਂ ਦੀ ਗਿਣਤੀ ਤਿੰਨ ਤੋਂ ਚਾਰ ਫੇਰ ਛੇ ਅਤੇ ਸੱਤ ਹੋ ਗਈ, ਜਿਸ ਨੂੰ ਅਸੀਂ ਸਪਤਕ ਕਹਿੰਦੇ ਹਾਂ। ਹਕੀਕਤ ਵਿਚ ਸੰਗੀਤ ਦਾ ਇਤਿਹਾਸ ਉਨ੍ਹਾਂ ਹੀ ਪੁਰਾਣਾ ਤੇ ਪ੍ਰਾਚੀਨ ਹੈ, ਜਿਨ੍ਹਾ ਮਨੁੱਖ ਦਾ ਵਜੂਦ ਵਿਚ ਆਉਣਾ। ਸੰਸਕ੍ਰਿਤੀ ਦੇ ਵਿਕਾਸ ਦੇ ਨਾਲ-ਨਾਲ ਹੀ ਸੰਗੀਤ ਦਾ ਵੀ ਵਿਕਾਸ ਹੋਇਆ। ਵੈਦਿਕ ਯੁੱਗ ਭਾਰਤੀ ਸੰਗੀਤ ਦਾ ਪ੍ਰਾਚੀਨ ਯੁੱਗ ਹੈ। ਰਿਗਵੇਦ ਸੰਗੀਤ ਅਤੇ ਸਾਹਿਤ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ। ਇਸ ਗ੍ਰੰਥ ਤੋਂ ਭਾਰਤੀ ਸੰਸਕ੍ਰਿਤੀ ਅਤੇ ਸੰਗੀਤ ਦੇ ਇਤਿਹਾਸ ਦਾ ਪਤਾ ਲਗਦਾ ਹੈ। ਇਸ ਗ੍ਰੰਥ ਵਿਚ ਗੀਤ ਸ਼ਬਦ ਲਈ ਗਾਤੂ, ਗਾਥਾ ਅਤੇ ਗੀਤੀ ਵਰਗੇ ਸ਼ਬਦ ਪ੍ਰਯੋਗ ਕੀਤੇ ਗਏ ਹਨ। ਰਿਗਵੇਦ ਵਿਚ 'ਆਰਚਿਨੋ ਗਾਯੰਤਿ', 'ਗਾਥਿਨੋ ਗਾਯੰਤਿ', 'ਸਾਮਿਨੋ ਗਾਯੰਤਿ' ਇਹ ਪਦ ਮਿਲਦੇ ਹਨ। ਆਰਚਿਕ ਸੰਗੀਤ ਇਕ ਸਵਰ ਦਾ, ਗਥਿਨ ਦੋ ਸਵਰਾਂ ਦਾ ਅਤੇ ਸਾਮਿਕ ਤਿੰਨ ਸਵਰਾਂ ਦਾ ਹੁੰਦਾ ਸੀ ਸਪਸ਼ਟ ਹੈ ਕਿ ਰਿਗਵੇਦ ਕਾਲ ਵਿਚ ਸਾਮਗਾਨ ਤਿੰਨ ਸਵਰਾਂ ਸੀਮਤ ਤੱਕ ਹੁੰਦਾ ਸੀ। ਯੱਗ ਕਰਨ ਵੇਲੇ ਵੈਦਿਕ ਮੰਤਰਾਂ ਦਾ ਗਾਇਨ ਕੀਤਾ ਜਾਂਦਾ ਸੀ। ਇਸ ਕਾਲ ਵਿਚ ਨ੍ਰਿਤ ਕਲਾ ਵੀ ਮੰਨੋਰੰਜਨ ਦਾ ਇਕ ਪ੍ਰਮੁੱਖ ਸਾਧਨ ਸੀ। ਇਸਤਰੀ ਪੁਰਸ਼ ਦੋਨੋਂ ਮਿਲਕੇ ਸੰਗੀਤਕ ਸਮਾਰੋਹਾਂ ਵਿਚ ਭਾਗ ਲੈਂਦੇ ਸਨ। ਨ੍ਰਿਤ ਕਰਨ ਵੇਲੇ ਵਿਸ਼ੇਸ਼ ਪੁਸ਼ਾਕ ਪਹਿਨਣ ਦਾ ਰਿਵਾਜ਼ ਵੀ ਸੀ। ਉਸ ਸਮੇਂ ਸੋਲੋ ਅਤੇ ਸਮੂਹਕ ਦੋਨੋਂ ਪ੍ਰਕਾਰ ਦੇ ਨ੍ਰਿਤ ਪ੍ਰਚਾਰ ਵਿਚ ਸਨ। ਧਾਰਮਿਕ ਅਵਸਰਾਂ ਉਤੇ 'ਸ਼ਾਮ' ਗਾਨ ਕੀਤਾ ਜਾਂਦਾ ਸੀ।

ਵੈਦਿਕ ਯੁੱਗ ਵਿਚ ਕਈ ਪ੍ਰਕਾਰ ਦੇ ਸੰਗੀਤ ਯੰਤਰ ਵੀ ਪ੍ਰਚਲਿਤ ਹੋ ਚੁੱਕੇ ਸਨ। ਜਿਵੇਂ :- ਦੁੰਦਭੀ, ਭੁ-ਦੁੰਦੰਭੀ, ਕਾਂਡ, ਭੇਰੀ, ਸੰਖ, ਡਮਰੂ, ਨਾਲੀ, ਕਰਕਰੀ, ਗਰਗਰ, ਸ਼ਤਤੰਤੰਰੀ, ਪਟਹ, ਗੋਮੁੱਖ, ਪੁਸ਼ਕਰ, ਵੀਣਾ ਆਦਿ ਅਤੇ ਕਈ ਹੋਰ ਸੰਗੀਤਕ ਸਾਜ਼ ਹਰਮਨ ਪਿਆਰੇ ਹੋ ਚੁੱਕੇ ਸਨ। ਰਿਗਵੇਦ ਇਕ ਪ੍ਰਾਚੀਨਤਮ ਗ੍ਰੰਥ ਹੈ ਜਿਸ ਵਿਚੋਂ ਅਨੇਕ ਸਾਜ਼ਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ। ਵੀਣਾ, ਵਾਣ, ਵੇਨੁ ਤੁਵਣ, ਦੁੰਦਭੀ, ਕਰਕਟ, ਗਰਹਾਰੁ, ਭੂਦੁੰਦਭੀ ਆਦਿ ਅਨੇਕਾਂ ਸਾਜਾਂ ਬਾਰੇ ਜਾਣਕਾਰੀ ਮਿਲਦੀ ਹੈ।

ਸ਼ੰਕਰ ਮਹਾਂਦੇਵ :- ਭਗਵਾਨ ਸ਼ਿਵ ਜੋ ਸ਼ੰਕਰ ਦੇ ਨਾਮ ਨਾਲ ਪ੍ਰਸਿੱਧ ਹਨ। ਉਹਨਾਂ ਨੂੰ ਤਾਂਡਵ ਨ੍ਰਿਤ ਦਾ ਆਵਿਸ਼ਕਾਰਿਕ ਮੰਨਿਆ ਜਾਂਦਾ ਹੈ। ਡਮਰੂ ਉਹਨਾਂ ਦਾ ਤਾਲ ਸਾਜ਼ ਹੈ। ਕਿਹਾ ਜਾਂਦਾ ਹੈ ਕਿ ਮਾਂ ਪਾਰਬਤੀ ਦੀ ਸੌਣ ਮੁਦਰਾ ਤੋਂ ਪ੍ਰਭਾਵਿਤ ਹੋ ਕੇ ਸ਼ੰਕਰ ਜੀ ਨੇ ਰੁਦਰ ਵੀਣਾ ਦਾ ਨਿਰਮਾਣ ਕੀਤਾ। ਪਾਰਬਤੀ ਜੀ ਦੇ ਵੀ ਕਈ ਨਾਮ ਹਨ। ਇਕ ਵਾਰ ਸ਼ੰਕਰ ਜੀ ਨੂੰ ਕਰੋਧ ਆਇਆ ਤੇ ਤਾਂਡਵ ਨ੍ਰਿਤ ਕਰਨ ਲੱਗੇ। ਸਿੱਟੇ ਵਜੋਂ ਸਾਰੀ ਧਰਤੀ ਡੋਲਣ ਲਗ ਗਈ। ਭਗਵਾਨ ਸ਼ਿਵ ਨੂੰ ਸ਼ਾਂਤ ਕਰਨ ਲਈ ਮਾਂ ਪਾਰਬਤੀ ਨੇ ਲਾਸਅ ਨ੍ਰਿਤ ਕੀਤਾ ਭਗਵਾਨ ਸ਼ਿਵ ਦਾ ਤਾਂਡਵ ਬੰਦ ਹੋਇਆ। ਭਗਵਾਨ ਸ਼ਿਵ ਨੇ ਉੱਤਰ, ਦੱਖਣ, ਪੂਰਵ, ਪਛੱਮ ਅਤੇ ਆਕਾਸ਼ ਇਹਨਾ ਪੰਜਾਂ ਦਿਸ਼ਾਵਾਂ ਤੋਂ ਭੈਰਵ, ਮੇਘ, ਹਿੰਡੋਲ, ਦੀਪਕ ਅਤੇ ਸ੍ਰੀ ਰਾਗ ਉਤਪੰਨ ਕੀਤੇ ਅਤੇ ਪਾਰਬਤੀ ਦੇ ਮੁੱਖ ਤੋਂ ਕੌਸ਼ਿਕ ਨਾਮਕ ਛੇਵਾਂ ਰਾਗ ਉਤਪੰਨ ਹੋਇਆ।

ਤੁੰਬਰੂ :- ਇਸੇ ਰਿਸ਼ੀ ਬਾਰੇ ਪੁਰਾਤਨ ਸੰਗੀਤ ਗ੍ਰੰਥਾਂ ਵਿਚ ਉਲੇਖ ਪ੍ਰਾਪਤ ਹੁੰਦਾ ਹੈ ਕਿ ਤੁੰਬਰੂ ਨਾਮਕ ਰਿਸ਼ੀ ਨੇ ਸਭ ਤੋਂ ਪਹਿਲਾਂ ਧੈਵਤ ਅਤੇ ਨਿਸ਼ਾਦ ਸੁਰਾਂ ਦੀ ਖੋਜ ਕੀਤੀ ਸੀ। ਤੁੰਬਰੂ ਕਲਾਵਤੀ ਵੀਨਾਂ ਵਾਦਨ ਕਰਦੇ ਸਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕ ਤਾਨਪੁਰੇ ਦਾ ਨਿਰਮਾਣ ਕਰਤਾ ਵੀ ਉਹੀ ਸਨ। ਪੁਰਾਤਨ ਸਮੇਂ ਵਿਚ ਲੋਕ ਤਾਨਪੁਰੇ ਨੂੰ ਤੰਬੂਰਾ ਵੀ ਕਹਿੰਦੇ ਸਨ। ਲੇਖਕ ਦਾ ਵਿਚਾਰ ਹੈ ਕਿ ਤੰਬੂਰਾ ਅਤੇ ਤੁੰਬਰੂ ਮਿਲਦੇ ਨਾ ਹੋਣ ਕਾਰਨ ਅਜਿਹੇ ਵਿਚਾਰ ਉਤਪੰਨ ਹੋਏ ਹਨ। ਕੁਝ ਅਜਿਹੇ ਵੀ ਪ੍ਰਮਾਣ ਮਿਲਦੇ ਹਨ ਜਿਥੋਂ ਪਤਾ ਲਗਦਾ ਹੈ ਕਿ ਤੁੰਬਰੂ ਤੋਂ ਪਹਿਲਾਂ ਹੀ ਸੱਤ ਸੁਰ ਪ੍ਰਚਾਰ ਵਿਚ ਆ ਚੁੱਕੇ ਸਨ। ਪਤਾ ਨਹੀ ਇਹ ਕਿੱਥੋਂ ਤਕ ਸੱਚ ਹੈ ਕਿ ਤੁੰਬਰੂ ਨੂੰ ਧੈਵਤ ਅਤੇ ਨਿਸ਼ਾਦ ਸੁਰਾਂ ਦੇ ਪਹਿਲੀ ਵਾਰ ਦਰਸ਼ਨ ਹੋਏ ਸਨ।

Sri Satguru Jagjit Singh Ji eLibrary NamdhariElibrary@gmail.com

ਪੁਰਾਣਿਕ ਕਾਲ ਵਿਚ ਸੰਗੀਤ :- ਪੁਰਾਣਿਕ ਕਾਲ ਵਿੱਚ ਸੰਗੀਤ, ਲੋਕ ਨ੍ਰਿਤ ਦਾ ਪ੍ਰਚਾਰ ਬੜੀ ਤੇਜ਼ ਗਤੀ ਨਾਲ ਹੋਇਆ। ਨਾਟਕਾਂ ਦੀ ਪ੍ਰਥਾ ਵੀ ਚਲ ਪਈ ਜਿਨ੍ਹਾਂ ਵਿਚ ਸੰਗੀਤ ਦਾ ਪ੍ਰਯੋਗ ਵੀ ਲਾਜ਼ਮੀ ਤੌਰ ਤੇ ਹੁੰਦਾ ਸੀ। ਨਾਟਕਾਂ ਵਿਚ ਕੰਮ ਕਰਨ ਵਾਲੇ ਪਾਤਰਾਂ ਨੂੰ ਬਚਪਨ ਤੋਂ ਹੀ ਸੰਗੀਤ ਅਤੇ ਨ੍ਰਿਤ ਦੀ ਸਿੱਖਿਆ ਦਿੱਤੀ ਜਾਦੀ ਸੀ। ਇਸ ਕਾਲ ਵਿਚ ਸਤ ਸੁਰ, ਗ੍ਰਾਮ, ਰਾਗ, ਸਪਤਕ, ਮੂਰਛਨਾਂ, ਆਦਿ ਸੰਗੀਤ ਕਿਰਿਆਵਾਂ ਜੁੜ ਗਈਆਂ ਸਨ। ਇਸ ਕਾਲ ਵਿਚ ਕਈ ਪੁਰਾਣ ਲਿਖੇ ਗਏ ਜਿਨ੍ਹਾਂ ਵਿਚ ਸੰਗੀਤਾਤਮਕ ਸ਼ਬਦ ਅਤੇ ਸੰਗੀਤ ਯੰਤਰਾਂ ਦਾ ਉਲੇਖ ਕੀਤਾ ਗਿਆ ਹੈ। ਇਸ ਕਾਲ ਦੀਆਂ ਕਈ ਨਿਰਤਕੀਆਂ ਜਿਵੇਂ ਉਰਵਸ਼ੀ, ਰੰਭਾ, ਮੇਲਿਕਾ, ਤਿਲੋਤਮਾਂ ਆਦਿ ਪ੍ਰਸਿੱਧ ਹਨ ਇਹਨਾਂ ਨੂੰ ਅਪਸਰਾਂ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ।

ਬੁੱਧਮਤ ਦਾ ਸਮਾਂ :- ਬੁੱਧਮਤ ਦਾ ਪ੍ਰਚਾਰ ਬੜੀ ਤੀਵਰ ਗਤੀ ਨਾਲ ਹੋਇਆ। ਭਾਰਤ ਅਤੇ ਇਸ ਤੋਂ ਦੂਰ ਦਰਾਜ ਦੇ ਮੁਲਕਾਂ ਵਿਚ ਵੀ ਇਸ ਮਤ ਦੇ ਕਰੋੜਾਂ ਉਪਾਸਕ ਬਣ ਗਏ। ਬੁੱਧ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਗੀਤਾਂ ਦਾ ਸਹਾਰਾ ਵੀ ਲਿਆ ਗਿਆ। ਇਹ ਗੀਤ ਸਿਧਾਂਤਾਂ ਦੇ ਪ੍ਰਚਾਰ, ਮਾਨਵਤਾ ਦੀ ਭਲਾਈ, ਕਲਿਆਣ ਆਦਿ ਦੇ ਮਾਧਿਅਮ ਦੇ ਰੂਪ ਵਿਚ ਹੀ ਪ੍ਰਯੋਗ ਕੀਤੇ ਜਾਂਦੇ ਸਨ। ਸੰਗੀਤ ਦੇ ਸਤਰ, ਪ੍ਰਚਾਰ, ਉੱਥਾਨ, ਉੱਨਤੀ ਨਾਲ ਇਸ ਦਾ ਕੋਈ ਵਿਸ਼ੇਸ਼ ਸੰਬੰਧ ਨਹੀਂ ਸੀ।

ਜੈਨਮਤ ਦਾ ਸਮਾਂ :- ਜੈਨਮਤ ਦੇ ਗ੍ਰੰਥਾਂ ਵਿਚ 72 ਕਲਾਵਾਂ ਦੇ ਸੰਦਰਭ ਵਿਚ ਨ੍ਰਿਤ, ਗੀਤ, ਵਾਦਨ ਆਦਿ ਦਾ ਵੀ ਉਲੇਖ ਕੀਤਾ ਗਿਆ ਹੈ। ਵਿਆਹ, ਜਨਮ ਦਿਵਸ, ਰਾਜ ਅਭਿਸ਼ੇਕ ਆਦਿ ਸਮਾਜਿਕ ਅਵਸਰਾਂ ਤੇ ਸੰਗੀਤ ਸਭਾਵਾਂ ਦਾ ਆਯੋਜਨ ਕਰਨ ਦਾ ਵੀ ਵਰਨਣ ਪ੍ਰਾਪਤ ਹੁੰਦਾ ਹੈ। ਜੈਨ ਗ੍ਰੰਥ ਵਿਚ ਸੰਗੀਤ ਸ਼ਬਦਾਵਲੀ ਜਿਵੇਂ :- ਸ਼ਰੁਤੀ, ਸੁਰ, ਮੂਰਛਨਾਂ, ਵਰਣ, ਅਠਾਰਾ ਜਾਤੀਆਂ, ਮੰਦਰ, ਮੱਧ, ਤਾਰ, ਤਿੰਨ ਗਰਾਮ, ਤੱਤ, ਘਨ, ਸੁਸ਼ਿਰ, ਵਾਦੀ, ਸਮਵਾਦੀ, ਗ੍ਰਹਿ, ਅੰਸ਼, ਨਿਆਸ, ਰਾਗਾਂਗ, ਭਾਸ਼ਾਂਗ ਆਦਿ ਰਾਗ ਭੇਦਾਂ ਦਾ ਵਰਨਣ ਵੀ ਪ੍ਰਾਪਤ ਹੁੰਦਾ ਹੈ। ਕਈ ਸੰਗੀਤ ਸਾਜ਼ਾਂ ਦਾ ਵਰਨਣ ਵੀ ਮਿਲਦਾ ਹੈ। ਜਿਵੇਂ ਭੇਰੀ, ਸੰਖ, ਪਟਹ, ਝਲਰੀ, ਨੰਦੀ, ਮਿਰਦੰਗ, ਮਰਦਲ, ਦੁਰਦੁਰ ਬਾਂਸੁਰੀ, ਕਛਪੀ, ਵਿਪੰਚੀ ਪੁਸ਼ਕਰ ਆਦਿ 60 ਪ੍ਰਕਾਰ ਦੇ ਸਾਜ਼ਾਂ ਦਾ ਉਲੇਖ ਮਿਲਦਾ ਹੈ। ਜੈਨਮਤ ਦੇ ਗ੍ਰੰਥਾਂ ਵਿਚ ਸੁਰਾਂ ਦੀ ਉਤਪਤੀ ਪਸ਼ੂ, ਪੰਛੀਆਂ ਤੋਂ ਮੰਨੀ ਗਈ ਹੈ। ਸ਼ੜਜ ਸੁਰ ਮੋਰ, ਪੰਚਮ ਕੋਇਲ, ਨਿਸ਼ਾਦ ਹਾਥੀ ਤੋਂ ਪਰ ਇਹ ਸੁਰ ਧੁਨੀ ਉਤਪਤੀ ਕੋਈ ਵਿਗਿਆਨਿਕ ਨਹੀਂ ਲਗਦੀ, ਬਲਕਿ ਇਕ ਪ੍ਰਕਾਰ ਦੀ ਕਲਪਨਾ ਹੀ ਭਾਸਦੀ ਹੈ।

ਰਮਾਇਣ ਕਾਲ ਵਿਚ ਸੰਗੀਤ :- ਰਮਾਇਣ ਕਾਲ ਵਿਚ ਸੰਗੀਤ ਕਾਫ਼ੀ ਉੱਨਤੀ ਕਰ ਚੁੱਕਿਆ ਸੀ। ਰਿਸ਼ੀਆਂ ਮੁਨੀਆਂ ਤੋਂ ਇਲਾਵਾ ਇਹ ਸੰਗੀਤ ਰਾਜ ਦਰਬਾਰਾਂ ਦੀ ਸ਼ੋਭਾ ਵੀ ਬਣ ਗਿਆ ਸੀ। ਮਹਾਂਰਿਸ਼ੀ ਬਾਲਮੀਕ ਨੇ ਲਵ ਅਤੇ ਕੁਸ਼ ਨੂੰ ਧਨੁਸ ਵਿਦਿਆ ਦੇ ਨਾਲ-ਨਾਲ ਸੰਗੀਤ ਵਿਦਿਆ ਦਾ ਗਿਆਨ ਵੀ ਪ੍ਰਦਾਨ ਕੀਤਾ ਸੀ। ਬਾਲਮੀਕ ਨੇ ਸੰਸਕ੍ਰਿਤ ਵਿਚ ਰਮਾਇਣ ਮਹਾਕਾਵਿ ਦੀ ਰਚਨਾ ਕੀਤੀ। ਇਸ ਗ੍ਰੰਥ ਤੋਂ ਪਤਾ ਲਗਦਾ ਹੈ ਕਿ ਇਸ ਕਾਲ ਵਿੱਚ ਲੰਕਾ ਦਾ ਰਾਜਾ ਰਾਵਣ ਆਪ ਸੰਗੀਤਕਾਰ ਸੀ। ਇਸ ਕਾਲ ਵਿਚ, ਰਾਵਣ ਹੱਥਾ, ਵੀਣਾ, ਮਿਰਦੰਗ, ਦੁਮਦਭੀ, ਭੇਰੀ, ਡਿਮਡਿਮ, ਮੁਦਦੁਕ ਸਾਜ਼ ਪ੍ਰਚਲਿਤ ਸਨ।

ਰਮਾਇਣ ਤਰੇਤਾ ਯੁਗ ਦਾ ਇਕ ਮਹਾਨ ਗ੍ਰੰਥ ਹੈ। ਇਸ ਲਈ ਕਈ ਸਥਾਨਾਂ ਤੇ ਸੰਗੀਤ ਦਾ ਵਰਣਨ ਮਿਲਦਾ ਹੈ। ਜਦੋਂ ਲਛਮਣ ਸੁਗਰੀਵ ਦੇ ਅੰਤਾਪੁਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਹ ਉੱਥੇ

Sri Satguru Jagjit Singh Ji eLibrary NamdhariElibrary@gmail.com

ਵੀਣਾ ਵਾਦਨ ਦੀ ਆਵਾਜ਼ ਸੁਣਦਾ ਹੈ। ਰਾਵਣ ਵੀ ਬੜਾ ਸੰਗੀਤ ਪ੍ਰੇਮੀ ਸੀ। ਉਸ ਦੇ ਦਰਬਾਰ ਵਿਚ ਖੁਸ਼ੀ ਦੇ ਅਵਸਰਾਂ ਉਤੇ ਮੰਗਲ ਗੀਤ ਗਾਏ ਜਾਂਦੇ, ਸੰਗੀਤ ਸਭਾਵਾਂ ਦਾ ਵੀ ਆਯੋਜਨ ਕੀਤਾ ਜਾਂਦਾ ਸੀ।

ਮਹਾਂਭਾਰਤ ਕਾਲ ਵਿਚ ਸੰਗੀਤ :- ਮਹਾਂਭਾਰਤ ਕਾਲ ਵਿਚ ਸੰਗੀਤ ਦੀਆਂ ਤਿੰਨ ਕਲਾਵਾਂ ਦਾ ਸਮਾਨ ਰੂਪ ਵਿਚ ਵਿਕਾਸ ਹੋਇਆ। ਇਸ ਯੁੱਗ ਵਿਚ ਭਗਵਾਨ ਕ੍ਰਿਸ਼ਨ ਦਾ ਸੰਗੀਤ ਪ੍ਰੇਮ ਜਗਤ ਵਿਚ ਮਸ਼ਹੂਰ ਹੈ। ਗੋਕੁਲ ਅਤੇ ਬ੍ਰਿੰਦਾਬਨ ਦੀ ਰਾਸਲੀਲਾ ਜੋ ਇਸਤਰੀ ਅਤੇ ਪੁਰਸ਼ ਮਿਲਕੇ ਕਰਦੇ ਸਨ, ਆਪਣੇ ਆਪ ਵਿਚ ਇਕ ਵੱਡਾ ਪ੍ਰਮਾਣ ਹੈ। ਕਿਹਾ ਜਾਂਦਾ ਹੈ ਇਸਤਰੀਆਂ ਪੌਰਾਣਿਕ ਯੁੱਗ ਨਾਲੋਂ ਵਧੇਰੇ ਗਾਣ ਅਤੇ ਨ੍ਰਿਤ ਵਿਚ ਰੁਚੀ ਰਖਦੀਆਂ ਸਨ। ਉਹ ਭਗਵਾਨ ਕ੍ਰਿਸ਼ਨ ਦੀ ਬਾਂਸੁਰੀ ਦੀ ਤਾਨ ਸੁਣਦੇ ਸਾਰ ਹੀ ਸਾਰੇ ਕੰਮ ਕਾਜ ਛੱਡ ਯਮਨਾ ਕਿਨਾਰੇ ਵੱਲ ਦੌੜ ਪੈਦੀਆਂ ਸਨ। ਜਦੋਂ ਪੰਜ ਪਾਂਡਵ ਪੁੱਤਰ ਆਪਣਾ ਅਗਿਆਤ ਵਾਸ ਕਟ ਰਹੇ ਸਨ ਤਾਂ ਅਰਜੁਨ ਨੇ ਆਪਣਾ ਨਾਮ ਬਰਿਹਨਲਾ ਰੱਖਕੇ ਵਿਰਾਟ ਰਾਜੇ ਦੀ ਪੁਤਰੀ ਉਤਰਾ ਨੂੰ ਸੰਗੀਤ ਸਿੱਖਿਆ ਦੇਣ ਦੀ ਜੁੰਮੇਵਾਰੀ ਸੰਭਾਲੀ ਸੀ। ਇਸ ਕਾਲ ਵਿਚ ਹਰ ਕੰਮ ਨੂੰ ਗਾਉਂਦੇ, ਵਜਾਉਂਦੇ ਅਤੇ ਨੱਚਦੇ ਹੋਏ ਖੁਸ਼ੀ ਨਾਲ ਕੀਤਾ ਜਾਂਦਾ ਸੀ। ਇਸ ਯੁੱਗ ਦੀਆਂ ਕਈ ਅਪਸਰਾਵਾਂ ਦਾ ਵੀ ਉਲੇਖ ਪ੍ਰਾਪਤ ਹੁੰਦਾ ਹੈ, ਜੋ ਸੰਗੀਤ ਕਲਾ ਵਿਚ ਬੜੀਆ ਨਿਪੁੰਨ ਸਨ। ਰਾਜ ਘਰਾਣੇ ਦੀਆਂ ਰਾਜਕੁਮਾਰੀਆਂ ਨੂੰ ਸੰਗੀਤ ਕਲਾ ਦਾ ਗਿਆਨ ਹੋਣਾ ਜਰੂਰੀ ਸਮਝਿਆ ਜਾਂਦਾ ਸੀ। ਭਗਵਾਨ ਸ੍ਰੀ ਕ੍ਰਿਸ਼ਨ ਨੇ ਗੀਤਾ ਦੇ ਦਸਵੇਂ ਅਧਿਆਇ ਵਿਚ ਸ੍ਰੀ ਰਾਗ ਨੂੰ ਆਪਣਾ ਸਰੂਪ ਆਖਿਆ ਹੈ ਜਿਸ ਤੋਂ ਰਾਗ ਦੀ ਮਹਾਨਤਾ ਅਤੇ ਪ੍ਰਾਚੀਨਤਾ ਦਾ ਵਿਸਥਾਰ ਰੂਪ ਵਿਚ ਪਤਾ ਚਲਦਾ ਹੈ।

ਭਰਤਕਾਲ ਵਿਚ ਸੰਗੀਤ :- ਪੰਜਵੀਂ ਸ਼ਤਾਬਦੀ ਵਿਚ ਭਰਤ ਨੇ ਨਾਟਯ ਸ਼ਾਸਤਰ ਦੀ ਰਚਨਾ ਕੀਤੀ। ਇਹ ਗ੍ਰੰਥ ਸੰਗੀਤ ਅਤੇ ਨਾਟਯ ਕਲਾ ਦਾ ਮਹੱਤਵਪੂਰਨ ਗ੍ਰੰਥ ਮੰਨਿਆ ਜਾਂਦਾ ਹੈ। ਇਸ ਦੇ 28 ਤੋਂ 33 ਅਧਿਆਏ ਸੰਗੀਤ ਨਾਲ ਸੰਬੰਧਿਤ ਹਨ। ਇਸ ਵਿਚ ਸੜਜ ਅਤੇ ਮਧਿਆਮ ਗ੍ਰਾਮ, 18 ਜਾਤੀਆਂ, 22 ਸ਼ਰੁਤੀਆਂ ਤੇ ਆਧਾਰਿਤ ਸਤ ਸੁਰਾਂ ਦੀ ਸਥਾਪਨਾਂ, ਜਾਤੀ ਗਾਣ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਵਿਚ 10 ਲਖਸ਼ਣ, ਸਾਜ਼ਾਂ ਦੇ ਪ੍ਰਕਾਰ, ਗਾਇਕ ਅਤੇ ਵਾਦਕਾਂ ਦੇ ਗੁਣ ਅਤੇ ਦੋਸ਼ ਆਦਿ ਤੇ ਪ੍ਰਕਾਸ਼ ਪਾਇਆ ਮਿਲਦਾ ਹੈ। ਭਰਤ ਦੁਆਰਾ ਸ਼ਰੁਤੀਆਂ ਨੂੰ ਸਮਾਨ ਮੰਨਿਆ ਗਿਆ, ਜਿਸ ਨੂੰ ਸਿੱਧ ਕਰਨ ਲਈ ਉਹਨਾਂ ਦਾ ਚਤੁਸ਼ਟਈ ਸਾਰਣਾਂ ਸਿਧਾਂਤ ਪ੍ਰਸਿੱਧ ਹੈ।

ਪਾਣਿਨੀ ਕਾਲ :- ਇਸ ਕਾਲ ਵਿਚ ਸਤ ਸੁਰਾਂ ਦਾ ਪ੍ਰਚਾਰ ਹੋ ਚੁੱਕਿਆ ਸੀ। ਉਦਾਤ, ਅਨੁਦਾਤ ਅਤੇ ਸਵਰਿਤ ਕ੍ਰਮਵਾਰ-ਤਿੰਨ ਸ਼ਰੁਤੀ ਵਾਲੇ ਸੁਰ ਰੇ, ਧਾ, ਅਨੁਦਾਤ ਤੋ ਭਾਵ ਦੋ ਸ਼ਰੁਤੀ ਵਾਲੇ ਗਾਣ ਸੁਰ ਅਤੇ ਸਵਰਿਤ ਤੋਂ ਭਾਵ ਹੈ ਚਾਰ ਸ਼ਰੁਤੀ ਵਾਲੇ ਸੁਰ ਜੋ ਕਿ ਸ, ਮ, ਪ, ਹਨ।

ਉਦਾਤ=ਗਾ,ਨੀ, ਅਨੁਦਾਤ=ਰੇ,ਧਾ, ਸਵਰਿਤ=ਸ,ਮ,ਪ,

ਗੁਪਤ ਕਾਲ :-ਗੁਪਤ ਵੰਸ਼ ਦੇ ਰਾਜੇ ਬੜੇ ਸੰਗੀਤ ਕਲਾ ਦੇ ਪ੍ਰੇਮੀ ਸਨ। ਉਨ੍ਹਾਂ ਨੇ ਸੰਗੀਤ ਦਾ ਬਹੁਤ ਪ੍ਰਚਾਰ ਤੇ ਸਤਿਕਾਰ ਕੀਤਾ, ਸੰਗੀਤਕਾਰਾਂ ਨੂੰ ਸਨਮਾਨ ਦਿੱਤਾ ਅਤੇ ਆਪ ਵੀ ਸੰਗੀਤ ਸਿੱਖਿਆ ਪ੍ਰਾਪਤ ਕੀਤੀ ਤੇ ਇਸ ਕਾਲ ਵਿਚ ਸੰਗੀਤ ਨੇ ਬੜੀ ਉੱਨਤੀ ਪ੍ਰਾਪਤ ਕੀਤੀ।

ਸਮੁੰਦਰ ਗੁਪਤ :- ਰਾਜਾ, ਸਮੁੰਦਰ ਗੁਪਤ ਸੰਗੀਤ ਦਾ ਮਹਾਨ ਰਸੀਆ ਸੀ। ਸੰਗੀਤ ਅਤੇ ਸਾਹਿਤ ਨਾਲ ਉਸਨੂੰ ਵਿਸ਼ੇਸ਼ ਪ੍ਰੇਮ ਸੀ। ਉਹ ਇੱਕ ਕਵੀ ਅਤੇ ਚੰਗਾ ਵੀਣਾ ਵਾਦਕ ਸੀ। ਉਸਨੇ ਆਪਣੀ ਟਕਸਾਲ ਉਤੇ ਵੀਣਾ ਵਾਦਨ ਦਾ ਚਿੱਤਰ ਅੰਕਿਤ ਕਰਵਾ ਕੇ ਸੰਗੀਤ ਪ੍ਰੇਮ ਦਾ ਸਬੂਤ ਦਿੱਤਾ। ਉਸਦੇ

Sri Satguru Jagjit Singh Ji eLibrary NamdhariElibrary@gmail.com

ਦਰਬਾਰ ਵਿਚ 9 ਸੰਗੀਤ ਰਤਨ ਗਾਇਕ, ਵਾਦਕ, ਤੇ ਨ੍ਰਿਤਕਾਰ ਹਾਜ਼ਰ ਰਹਿੰਦੇ ਸਨ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਬਾਖੂਬੀ ਕਰਦੇ ਸਨ ।

ਚੰਦਰਗੁਪਤ :- ਮਹਾਰਾਜ ਚੰਦਰ ਗੁਪਤ ਸੰਗੀਤ ਪ੍ਰੇਮੀ ਸੀ । ਉਹ ਸੰਗੀਤਕਾਰਾਂ ਦਾ ਬੜਾ ਆਦਰ ਕਰਦਾ ਸੀ । ਉਸਦੇ ਕਾਲ ਵਿਚ ਸੰਗੀਤ ਕਲਾ ਨੂੰ ਰਾਜ ਆਸਰਾ ਪ੍ਰਾਪਤ ਸੀ ਜਿਸ ਕਾਰਨ ਸੰਗੀਤ ਨੇ ਬੜੀ ਉੱਨਤੀ ਕੀਤੀ । ਸੰਗੀਤਕ ਸਭਾਵਾਂ ਆਮ ਹੁੰਦੀਆਂ ਸਨ ਤੇ ਸੰਗੀਤ ਦਾ ਸਾਰੇ ਭਾਰਤ ਵਿੱਚ ਬਹੁਤ ਪ੍ਰਚਾਰ ਹੋਇਆ ।

ਮਤੰਗ ਮੁਨੀ :- ਲਗਭਗ ਛੇਵੀ ਸਦੀ ਵਿਚ ਮਤੰਗ ਮੁਨੀ ਨੇ ਇੱਕ ਗ੍ਰੰਥ ਦੀ ਰਚਨਾ ਕੀਤੀ, ਜੋ ਬ੍ਰਹਿਦੇਸ਼ੀ ਦੇ ਨਾਮ ਨਾਲ ਪ੍ਰਸਿੱਧ ਹੋਇਆ । ਮਤੰਗ ਮੁਨੀ ਦੇ ਸਮੇਂ ਵਿਚ ਜਾਤੀ ਗਾਇਨ ਦੇ ਸਥਾਨ ਤੇ ਰਾਗ ਗਾਇਨ ਪ੍ਰਚਲਿਤ ਹੋ ਰਿਹਾ ਸੀ । ਰਾਗ ਦੀ ਪਰਿਭਾਸ਼ਾ ਲਿਖਦੇ ਹੋਏ ਕਹਿੰਦੇ ਹਨ ਕਿ ਸੁਰਾਂ ਦਾ ਅਜਿਹਾ ਸੁੰਦਰ ਮੇਲ ਜੋ ਚਿਤ ਨੂੰ ਪ੍ਰਸੰਨ ਕਰੇ, ਉਸ ਨੂੰ ਰਾਗ ਕਿਹਾ ਜਾਂਦਾ ਹੈ । ਜਾਤੀ ਗਾਇਨ ਦੇ 10 ਲੱਛਣ ਹਨ ਜੋ ਰਾਗ ਗਾਇਨ ਲਈ ਸਵੀਕਾਰ ਕਰ ਲਏ ਗਏ । ਇਹਨਾਂ ਨੇ ਭਰਤ ਦੀ ਤਰਾਂ ਹੀ ਨੌਵੀ ਅਤੇ 13 ਵੀ ਸਰੁਤੀ ਦੇ ਅੰਤਰਾਲ ਤੇ ਵਾਦੀ-ਸੰਵਾਦੀ ਸੁਰ ਸਵੀਕਾਰ ਕੀਤੇ ।

ਨਾਰਦੀਆਂ **ਸ਼ਿਖਸ਼ਾ** :- ਸੱਤਵੀਂ ਸਦੀ ਵਿਚ ਨਾਰਦ ਦੁਆਰਾ ਨਾਰਦੀਆ ਸ਼ਿਖਸ਼ਾ ਨਾਮਕ ਗ੍ਰੰਥ ਦੀ ਰਚਨਾ ਕੀਤੀ ਗਈ । ਇਹਨਾਂ ਨੇ ਸਤ ਗ੍ਰਾਮ ਰਾਗ ਮੰਨੇ ਜਿਵੇਂ ਕਿ :- ਸ਼ਾੜਵ, ਪੰਚਮ, ਮਧਿਅਮ, ਸ਼ੜਜ ਗ੍ਰਾਮ, ਸਾਧਾਰਿਤ, ਕੈਸ਼ਿਕ ਮਧਿਅਮ, ਅਤੇ ਮਧਿਅਮ ਗ੍ਰਾਮ ।

ਇਹਨਾਂ ਨੇ ਦੂਜਾ ਗ੍ਰੰਥ 'ਸੰਗੀਤ ਮਕਰੰਦ' ਲਿਖਿਆ ਜਿਸ ਵਿਚ ਪੁਰਸ਼ ਰਾਗ, ਇਸਤਰੀ ਰਾਗ, ਆਦਿ ਰਾਗਾਂ ਦਾ ਵਰਗੀਕਰਨ ਕੀਤਾ ਮਿਲਦਾ ਹੈ । ਨਾਰਦ ਨੇ ਇਹ ਵੰਡ ਪ੍ਰਣਾਲੀ 'ਰਸਾ' ਦੇ ਆਧਾਰ ਤੇ ਅਪਨਾਈ । ਉਸਦਾ ਵਿਚਾਰ ਸੀ ਕਿ ਪੁਰਖ ਰਾਗ, ਜਿਸ ਵਿਚ ਰੌਦਰ, ਅਦਭੁਤ ਅਤੇ ਵੀਰ ਰਸ ਦਾ ਸੰਚਾਰ ਹੋਵੇ । ਸਿੰਗਾਰ ਅਤੇ ਕਰੁਣ ਰਸ ਵਾਲੇ ਇਸਤਰੀ ਰਾਗ ਹਨ ਅਤੇ ਸ਼ਾਂਤ, ਹਾਸ ਰਸ ਪ੍ਰਧਾਨਤਾ ਵਾਲੇ ਨਪੁੰਸਕ ਰਾਗ ਹੁੰਦੇ ਹਨ । 18 ਪ੍ਰਕਾਰ ਦੀਆਂ ਵੀਣਾਂ ਦਾ ਵੀ ਵਰਨਣ ਇਸ ਗ੍ਰੰਥ ਵਿਚੋਂ ਪ੍ਰਾਪਤ ਹੁੰਦਾ ਹੈ ।

ਸੰਗੀਤ ਮਕਰੰਦ :- ਇਹ ਗ੍ਰੰਥ ਅਠੱਵੀਂ ਸਦੀ ਵਿਚ ਲਿਖਿਆ ਗਿਆ । ਇਹ ਗ੍ਰੰਥ ਵੀ ਨਾਰਦ ਦੁਆਰਾ ਤਿਆਰ ਕੀਤਾ ਗਿਆ । ਇਸ ਗ੍ਰੰਥ ਵਿਚ ਸਭ ਤੋਂ ਪਹਿਲਾਂ ਪੁਰਸ਼ ਰਾਗ, ਇਸਤਰੀ ਰਾਗ ਅਤੇ ਨਪੁੰਸਕ ਰਾਗ ਦਾ ਵਰਗੀਕਰਨ ਕੀਤਾ ਮਿਲਦਾ ਹੈ ਤੇ 20 ਪੁਰਸ਼ ਰਾਗ, 24 ਇਸਤਰੀ ਰਾਗ ਤੇ 13 ਨਪੁੰਸਕ ਰਾਗਾਂ ਦਾ ਉਲੇਖ ਕੀਤਾ ਅਤੇ ਪੁਰਸ਼ ਰਾਗਾਂ ਲਈ ਰੌਦਰ ਅਤੇ ਵੀਰ ਰਸ, ਇਸਤਰੀ ਰਾਗ ਲਈ ਸ਼ਿੰਗਾਰ ਅਤੇ ਕਰੁਣ ਰਸ, ਅਤੇ ਨਪੁਸੰਕ ਰਾਗ ਤੋਂ ਰਾਗ ਰਸ ਅਤੇ ਸ਼ਾਂਤ ਰਸ ਦੀ ਪ੍ਰਦਰਸ਼ਨੀ ਹੁੰਦੀ ਹੈ । ਇਸ ਗ੍ਰੰਥ ਤੋਂ ਬਾਅਦ ਦੇ ਵਿਦਵਾਨਾਂ ਨੇ ਰਾਗ ਰਾਗਨੀ ਵਰਗੀਕਰਨ ਅਪਣਾਇਆ ।

ਮੱਧਕਾਲ (1001 ਤੋਂ 1800 ਤੱਕ)

ਸੰਗੀਤ ਇਤਿਹਾਸ ਵਿਚ ਮੱਧਕਾਲ ਜੋ ਗਿਆਰਵੀ ਸਦੀ ਤੋਂ ਅਠਾਰਵੀ ਸਦੀ ਤੱਕ ਸਵੀਕਾਰ ਕੀਤਾ ਜਾਂਦਾ ਹੈ ਸੰਗੀਤ ਦੇ ਪ੍ਰਚਾਰ ਲਈ ਬੜਾ ਮਹੱਤਵ ਪੂਰਨ ਕਾਲ ਹੈ । ਇਸ ਯੁਗ ਨੂੰ ਮੁਸਲਿਮ ਕਾਲ ਵੀ ਕਿਹਾ ਜਾਂਦਾ ਹੈ, ਕਿਉਂਕਿ ਮੁਸਲਮਾਨ ਬਾਦਸ਼ਾਹਾਂ ਦਾ ਆਗਮਨ ਇਸੇ ਕਾਲ ਵਿਚ ਹੋਇਆ । ਸੁਲਤਾਨ ਮੁਹੰਮਦ ਨੇ 17 ਵਾਰ ਭਾਰਤ ਉਤੇ ਹਮਲੇ ਕੀਤੇ ਪਰ ਹਰ ਵਾਰ ਹਾਰ ਦਾ ਮੂੰਹ ਦੇਖਦਾ ਰਿਹਾ । 17 ਵੇਂ ਹਮਲੇ ਵਿਚ ਉਹ ਕਾਮਯਾਬ ਹੋਇਆ । ਉਸਨੇ ਪ੍ਰਿਥਵੀ ਰਾਜ ਚੌਹਾਨ ਨੂੰ ਬੰਦੀ ਬਣਾ ਲਿਆ । ਪਰ ਉਹ ਮਹਾਨ ਦੇਸ਼ ਭਗਤ

Sri Satguru Jagjit Singh Ji eLibrary NamdhariElibrary@gmail.com

ਚੌਹਾਨ ਦੇ ਤੀਰ ਦੁਆਰਾ ਹੀ ਮਾਰਿਆ ਗਿਆ। ਇਸ ਸਮੇਂ ਭਾਰਤ ਅਨੇਕ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਮੁਸਲਮਾਨ ਬਾਦਸ਼ਾਹਾਂ ਨੇ ਸੰਗੀਤ ਨੂੰ ਮਨੋਰੰਜਨ ਦੇ ਤੌਰ ਤੇ ਅਪਣਾਇਆ।

ਗੀਤ ਗੋਬਿੰਦ ਗ੍ਰੰਥ:- 12ਵੀਂ ਸਦੀ ਵਿਚ ਪ੍ਰਸਿੱਧ ਸੰਗੀਤਕਾਰ ਕਵੀ ਜੈ ਦੇਵ ਨੇ ਗੀਤ ਗੋਬਿੰਦ ਨਾਮਕ ਗ੍ਰੰਥ ਦੀ ਰਚਨਾ ਕੀਤੀ। ਜਿਸ ਵਿਚ ਕ੍ਰਿਸ਼ਨ ਲੀਲਾ ਦਾ ਬੜਾ ਸੁੰਦਰ ਵਰਨਣ ਕੀਤਾ ਮਿਲਦਾ ਹੈ। ਉਸ ਵਿੱਚ ਗੀਤਾ ਦੇ ਸੀਰਸ਼ਕ ਰਾਗ ਅਤੇ ਤਾਲ ਲਿਖੇ ਹਨ ਪਰ ਰਾਗ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਦਾ ਕੋਈ ਪਤਾ ਨਹੀਂ ਚਲਦਾ। ਸਰ ਐਡਵਿਨ ਅਮਨੋਡ (Sir Edwin Arnold) ਨੇ ਇਹਨਾਂ ਗੀਤਾਂ ਦਾ ਅੰਗਰੇਜੀ ਭਾਸ਼ਾ ਵਿਚ The Indian Song of Songs ਨਾਮਕ ਪੁਸਤਕ ਦੁਆਰਾ ਅਨੁਵਾਦ ਕੀਤਾ। ਇਸ ਪੁਸਤਕ ਦੇ ਸਾਰੇ ਗੀਤ ਵਿਭਿੰਨ ਰਾਗਾਂ ਤੇ ਤਾਲਾਂ ਵਿਚ ਨਿਬੱਧ ਹਨ ਅਤੇ ਸ਼ਬਦ ਦੀ ਅਧੁਰਤਾ ਕਰਕੇ ਨਾਚ ਅਤੇ ਅਭਿਨੇ ਲਈ ਅਨੁਕੂਲ ਹੈ। ਇਸ ਸਮੇਂ ਦੀ ਸੰਗੀਤ ਪਰੰਪਰਾ 6 ਰਾਗਾਂ ਅਤੇ 36 ਰਾਗਨੀਆਂ ਤੇ ਅਧਾਰਿਤ ਸੀ।

ਸੰਗੀਤ ਰਤਨਾਕਰ ਗ੍ਰੰਥ :- 13ਵੀਂ ਸ਼ਤਾਬਦੀ ਦੇ ਪੂਰਵਾਰਧ ਵਿਚ ਆਚਾਰੀਆ ਸ਼ਾਰੰਗ ਦੇਵ ਨੇ 'ਸੰਗੀਤ ਰਤਨਾਕਰ' ਨਾਮਕ ਗ੍ਰੰਥ ਦੀ ਰਚਨਾ ਕੀਤੀ। ਕਿਹਾ ਜਾਂਦਾ ਹੈ ਕਿ ਸਾਰੰਗ ਦੇਵ ਦੇ ਪਿਤਾ ਕਸ਼ਮੀਰੀ ਬ੍ਰਾਹਮਣ ਸਨ। ਸ਼ਾਰੰਗਦੇਵ ਦਖੱਣ ਵਿਚ ਦੇਵਗਿਰੀ ਦੇ ਯਾਦਵ ਵੰਸ਼ ਦੇ ਰਾਜਾ ਪਾਸ ਆ ਕੇ ਦਰਬਾਰੀ ਸੰਗੀਤਕਾਰ ਦੇ ਰੂਪ ਵਿਚ ਨਿਯੁਕਤ ਹੋ ਗਏ। ਸ਼ਾਰੰਗਦੇਵ ਨੇ ਉਤੱਰੀ ਅਤੇ ਦੱਖਣੀ ਪਧੱਤੀ ਨੂੰ ਇਕ ਕਰਨ ਦਾ ਯਤਨ ਕੀਤਾ। ਉਸ ਸਮੇਂ ਪ੍ਰਚਲਿਤ 18 ਜਾਤੀਆਂ ਅਤੇ ਉਹਨਾਂ ਦੇ 13 ਲਕਸਣਾਂ ਦਾ ਉਲੇਖ ਕੀਤਾ, 264 ਰਾਗਾਂ ਦਾ ਵਰਨਣ ਕੀਤਾ ਅਤੇ ਉਹਨਾਂ ਨੂੰ ਗ੍ਰਾਮ ਰਾਗ, ਉਪਰਾਗ, ਭਾਸ਼ਾਂਗ ਰਾਗ, ਉਪਾਂਗ ਰਾਗ ਆਦਿ ਦੁਆਰਾ ਵੰਡਿਆ। ਸੰਗੀਤ ਗ੍ਰੰਥ ਦੇ ਸੱਤ ਅਧਿਆਏ ਹਨ- ਸਵਰਅਧਿਆਇ, ਰਾਗਅਧਿਆਇ, ਪ੍ਰੰਬਧਅਧਿਆਇ, ਤਾਲਅਧਿਆਇ, ਵਾਦਅਧਿਆਇ, ਨਿਰਤਅਧਿਆਇ।

ਅਮੀਰ ਖੁਸਰੋ :- ਅਮੀਰ ਖੁਸਰੋ, ਅਲਾਉਦੀਨ ਖਿਲਜੀ ਦੇ ਦਰਬਾਰ ਦੇ ਪ੍ਰਸਿੱਧ ਫ਼ਾਰਸੀ ਕਵੀ ਅਤੇ ਸੰਗੀਤਕਾਰ ਸਨ। ਉਹ ਸੰਗੀਤ ਦਾ ਬਹੁਤ ਪ੍ਰੇਮੀ ਸੀ। ਗਾਇਨ ਦੇ ਖੇਤਰ ਵਿਚ ਅਮੀਰ ਖੁਸਰੋ ਨੇ ਅਨੇਕ ਨਵੀਆਂ ਰਚਨਾਵਾਂ ਰਚੀਆਂ। ਭਾਰਤੀ ਅਤੇ ਫਾਰਸੀ ਸੰਗੀਤ ਦਾ ਸੰਗਮ ਕਰਨ ਵਾਲਾ ਇਹ ਪਹਿਲਾ ਤੁਰਕ ਸੀ। ਦੋਨਾਂ ਦੇਸ਼ਾਂ ਦੇ ਸੰਗੀਤ ਨੂੰ ਮਿਲਾ ਕੇ ਇਹਨਾਂ ਨੇ ਕਈ ਨਵੇਂ-ਨਵੇਂ ਰਾਗਾਂ ਦਾ ਆਵਿਸ਼ਕਾਰ ਕੀਤਾ। ਅਮੀਰ ਖੁਸਰੋ ਨੂੰ ਕਈ ਨਵੇਂ ਰਾਗ, ਤਾਲ ਅਤੇ ਗੀਤ ਪ੍ਰਕਾਰ ਦੇ ਨਾਲ-ਨਾਲ ਨਵੇਂ ਸਾਜਾਂ ਦਾ ਵੀ ਆਵਿਸ਼ਕਾਰਕ ਮੰਨਿਆ ਜਾਂਦਾ ਹੈ। ਅਮੀਰ ਖੁਸਰੋ ਹਿੰਦੂ ਅਤੇ ਮੁਸਲਮਾਨ ਦੋਨਾਂ ਜਾਤੀਆਂ ਨਾਲ ਪ੍ਰੇਮ ਕਰਦਾ ਸੀ। ਇਹਨਾਂ ਨੇ ਫਾਰਸੀ ਅਤੇ ਬ੍ਰਿਜ ਭਾਸ਼ਾ ਦੀ ਮਿਲੀ-ਜੁਲੀ ਕਾਵਿ ਅਤੇ ਪਹੇਲੀਆਂ ਦੀ ਰਚਨਾ ਕੀਤੀ ਅਤੇ ਸਾਹਿਤ ਅਤੇ ਸੰਗੀਤ ਦੇ ਖੇਤਰ ਵਿਚ ਆਪਣਾ ਨਿਵੇਕਲਾ ਸਥਾਨ ਬਣਾਇਆ।

ਅਮੀਰ ਖੁਸਰੋ 13 ਵੀਂ ਸਦੀਂ ਵਿਚ ਅਲਾਉਦੀਨ ਖਿਲਜੀ ਦੇ ਦਰਬਾਰ ਵਿਚ ਰਾਜਮੰਤਰੀ, ਰਾਜ ਗਾਇਕ ਤੇ ਕਵੀ ਸਨ। ਇਹਨਾਂ ਦਾ ਜਨਮ ਪਇਆਲੀ ਨਾਮਕ ਸਥਾਨ ਤੇ 1253 ਈਸਵੀ ਵਿਚ ਹੋਇਆ ਸੀ ਇਹਨਾਂ ਦੇ ਪਿਤਾ ਦਾ ਨਾਮ ਮੁਹੰਮਦ ਸੈਫ਼ਦੀਨ ਸੀ। ਅਮੀਰ ਖੁਸਰੋ ਨੇ ਤਬਲਾ ਅਤੇ ਸਿਤਾਰ ਦਾ ਆਵਿਸ਼ਕਾਰ ਕੀਤਾ। ਤਾਨਪੁਰੇ ਅਤੇ ਵੀਣਾ ਦੇ ਮਿਸ਼ਰਣ ਤੋਂ ਤਿੰਨ ਤਾਰਾਂ ਵਾਲ਼ੇ ਸਿਤਾਰ ਸਾਜ਼ ਦਾ ਵੀ ਨਿਰਮਾਣ ਕੀਤਾ, ਜੋ ਵਿਕਸਤ ਹੋ ਕੇ ਅੱਜ ਸਿਤਾਰ ਦੇ ਨਾਮ ਨਾਲ ਪ੍ਰਚਲਿਤ ਹੈ ਅਤੇ ਨਾਲ ਹੀ ਪਖਾਵਜ ਤਾਲ ਸਾਜ਼ਾਂ ਦੇ ਦੋ ਭਾਗ ਕਰਕੇ, ਸਜੇ ਅਤੇ ਖੱਬੇ ਤਬਲੇ ਦਾ ਆਵਿਸ਼ਕਾਰ ਕੀਤਾ। ਖੁਸਰੋ ਦੇ ਉਪਰੋਕਤ

Sri Satguru Jagjit Singh Ji eLibrary NamdhariElibrary@gmail.com

ਆਵਿਸ਼ਕਾਰਾਂ ਬਾਰੇ ਮਤ ਭੇਦ ਹਨ ।ਖੁਸਰੇ ਖਾਂ ਤੇ ਅਮੀਰ ਖੁਸਰੋ ਇੱਕੋ ਜਿਹਾ ਨਾਂਮ ਹੋਣ ਕਾਰਨ ਸਿਤਾਰ ਦੇ ਆਵਿਸ਼ਕਾਰ ਦਾ ਸਿਹਰਾ ਖੁਸਰੋ ਦੇ ਬਜਾਏ ਅਮੀਰ ਖੁਸਰੋ ਦੇ ਸਿਰ ਬੰਨ ਦਿੱਤਾ ਗਿਆ । ਪ੍ਰੰਤੂ ਵਧੇਰੇ ਪ੍ਰਚਲਿਤ ਮੱਤ ਅਨੁਸਾਰ ਇਹ ਖੁਸਰੋ ਦੇ ਹੀ ਆਵਿਸ਼ਕਾਰ ਮੰਨੇ ਜਾਂਦੇ ਹਨ ।

ਗੀਤਾਂ ਦੇ ਪ੍ਰਕਾਰ :- ਗਜ਼ਲ, ਕੱਵਾਲੀ, ਤਰਾਨਾ, ਖਮਸਾ ।

ਤਾਲਾਂ :- ਝੂਮਰਾ, ਸਵਾਰੀ, ਫਰੋਦਸਤ, ਪਸ਼ਤੋ, ਪਹਿਲਵਾਨ, ਸੂਲਫਾਖਤਾ

ਰਾਗ :- ਯਮਨ, ਸਾਜ਼ੂਗਿਰੀ, ਸਰਪਰਦਾ ਬਿਲਾਵਲ, ਜ਼ਿਲਫ, ਬਿਹਾਗ, ਸਹਾਨਾ, ਪੂਰਵੀ ਆਦਿ ਦਾ ਖੁਸਰੋ ਨੇ ਆਵਿਸ਼ਕਾਰ ਕੀਤਾ ।

ਸਾਜ਼ :- ਤਬਲਾ, ਸਿਤਾਰ ਦਾ ਵੀ ਨਿਰਮਾਣ ਕੀਤਾ ।

ਉਸ ਸਮੇਂ ਵਿਚ ਦੇਵ ਗਿਰੀ ਤੇ ਹਮਲਾ ਕਰਕੇ ਖਿਲਜੀ ਨੇ ਜਿੱਤ ਪ੍ਰਾਪਤ ਕੀਤੀ । ਉਥੋਂ ਰਾਜ ਗਾਇਕ ਪੰਡਿਤ ਗੋਪਾਲ ਨਾਇਕ ਨੂੰ ਹੋਰਨਾਂ ਬੰਦੀਆਂ ਦੇ ਨਾਲ ਦਿੱਲੀ ਲਿਆਂਦਾ ਗਿਆ । ਅਲਾਉਦੀਨ ਖਿਲਜੀ ਦੇ ਦਰਬਾਰ ਵਿਚ ਸੱਤ ਦਿਨ ਗੋਪਾਲ ਦਾ ਗਾਇਨ ਚਲਦਾ ਰਿਹਾ ਅਤੇ ਅਮੀਰ ਖੁਸਰੋ ਸਿੰਘਾਸਨ ਦੇ ਪਿਛੇ ਲੁਕ ਕੇ ਸੁਣਦਾ ਰਿਹਾ । ਅਠਵੇਂ ਦਿਨ ਅਮੀਰ ਖੁਸਰੋ ਨੇ ਸੰਸਕ੍ਰਿਤ ਦੇ ਬੋਲਾਂ ਦੀ ਬਜਾਏ ਅਰਬੀ ਭਾਸ਼ਾ ਵਿਚ ਉਨਾਂ ਦੀ ਨਕਲ 'ਨਾਦਿਰ ਦਾਨੀ, ਤੋਮ ਤਦਾਨੀ' ਆਦਿ ਸ਼ਬਦਾਂ ਵਿਚ ਕਰਕੇ ਸੁਣਾਈ । ਸੰਗੀਤ ਅਤੇ ਗਾਇਨ ਸ਼ੈਲੀ ਭਾਰਤੀ ਪਰ ਭਾਸ਼ਾ ਅਰਬੀ ਹੋਣ ਕਾਰਨ ਸਾਰੇ ਦਰਬਾਰ ਨੂੰ ਇਹ ਇੱਕ ਨਵੀਂ ਗਾਇਨ ਸ਼ੈਲੀ ਪ੍ਰਤੀਤ ਹੋਈ । ਇਸ ਕਲਾ ਬਦਲੇ ਅਮੀਰ ਖੁਸਰੋ ਨੂੰ ਸਰਵਸ੍ਰੇਸਠ ਤੇ ਵਿਜਈ ਘੋਸ਼ਿਤ ਕਰ ਦਿੱਤਾ ਗਿਆ । ਬਾਅਦ ਵਿਚ ਇਸੇ ਨੂੰ 'ਤਰਾਨਾ' ਗਾਇਕੀ ਦਾ ਨਾਮ ਪ੍ਰਾਪਤ ਹੋਇਆ । ਤਰਾਨਾ ਅੱਜ-ਕਲ ਬੜਾ ਪ੍ਰਸਿੱਧ ਹੈ ਅਤੇ ਇਸ ਨੂੰ ਖਿਆਲ ਗਾਇਕ ਆਮ ਤੌਰ ਤੇ ਗਾਉਂਦੇ ਹਨ ।

1324 ਈਸਵੀ ਵਿਚ ਇਹਨਾਂ ਦੇ ਗੁਰੂ ਹਜ਼ਰਤ ਨਿਜ਼ਾਮੁਦੀਨ ਔਲੀਆਂ ਪ੍ਰਲੋਕ ਸਿਧਾਰ ਗਏ । ਅਮੀਰ ਖੁਸਰੋ ਉਨ੍ਹੀਂ ਦਿਨੀਂ ਕਿਤੇ ਬਾਹਰ ਗਏ ਹੋਏ ਸਨ । ਜਦ ਉਹ ਦਿੱਲੀ ਪਰਤੇ ਤਾਂ ਸਿੱਧੇ ਗੁਰੂ ਦੀ ਮਜਾਰ ਉਤੇ ਪੁੱਜੇ । ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ :

ਗੋਰੀ ਸੋਵੇ ਸੇਜ ਪਰ ਸੁਖ ਪਰ ਡਾਰੇ ਕੇਸ ।
ਚਲ ਖੁਸਰੋ ਘਰ ਆਪਣੇ ਸਾਂਝ ਭਈ ਚਹੂੰ ਦੇਸ । ।

ਅੱਜ ਕਲ੍ਹ ਵੀ ਗੁਰੂ ਅਤੇ ਸ਼ਿਸ਼ ਦੋਵਾਂ ਦੀਆਂ ਮਜਾਰਾਂ ਉਤੇ ਦਿੱਲੀ ਵਿਚ ਹਰ ਸਾਲ ਸੰਗੀਤਕ ਮੇਲੇ ਲਗਦੇ ਹਨ, ਸ਼ਰਧਾਂਜਲੀਆਂ ਅਰਪਣ ਕੀਤੀਆਂ ਜਾਂਦੀਆਂ ਹਨ, ਚਾਦਰਾਂ ਚੜਾਈਆਂ ਜਾਂਦੀਆਂ ਹਨ ਅਤੇ ਕੱਵਾਲੀਆਂ ਗਾਈਆਂ ਜਾਂਦੀਆਂ ਹਨ ।

ਸੁਲਤਾਨ ਹੁਸੈਨ ਸ਼ਰਕੀ :- 15ਵੀਂ ਸਦੀ ਵਿਚ ਜੌਨਪੁਰ ਦੇ ਸੁਲਤਾਨ, ਹੁਸੈਨ ਸ਼ਰਕੀ ਦਾ ਸਮਾਂ ਹੈ ਜੋ ਸੰਗੀਤ ਕਲਾ ਦੇ ਬੜੇ ਪ੍ਰੇਮੀ ਸਨ । ਕਿਹਾ ਜਾਂਦਾ ਹੈ ਕਿ ਇਹਨਾਂ ਨੇ ਕਲਾਵੰਤੀ ਖਿਆਲ ਗਾਇਕੀ ਦਾ ਆਵਿਸ਼ਕਾਰ ਕੀਤਾ । ਕਈ ਵਿਦਵਾਨ ਇਹਨਾਂ ਨੂੰ ਇਸ ਖਿਆਲ ਗਾਇਕੀ ਦਾ ਆਵਿਸ਼ਕਾਰਕ ਨਾਂ ਮੰਨ ਕੇ ਪ੍ਰੋਤਸਾਹਕ ਮੰਨਦੇ ਹਨ । ਇਹਨਾਂ ਦੇ ਕਾਲ ਵਿਚ ਖਿਆਲ ਗਾਇਨ ਦਾ ਚੰਗਾ ਪ੍ਰਚਾਰ ਹੋਇਆ । ਇਹਨਾਂ ਨੇ ਕਈ ਨਵੇਂ ਰਾਗਾਂ ਦਾ ਆਵਿਸ਼ਕਾਰ ਕੀਤਾ ਜਿਵੇਂ :- ਜੌਨਪੁਰੀ, ਰਸੂਲੀਤੋੜੀ, ਸ਼ਿਆਮ ਆਦਿ ।

ਰਾਮਾਮਾਤਯ :- ਦੱਖਣ ਭਾਰਤ ਦੇ ਇਸ ਸੰਗੀਤ ਵਿਦਵਾਨ ਨੇ 'ਸੁਰਮੇਲ ਕਲਾ ਨਿਧੀ' ਨਾਮਕ ਇੱਕ ਗ੍ਰੰਥ ਲਿਖਿਆ ਜਿਸ ਵਿਚ ਦੱਖਣੀ ਪੱਧਤੀ ਦੇ ਕਈ ਰਾਗਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਅਕਬਰ ਕਾਲ :- 1556 ਈਸਵੀ ਤੋਂ 1605 ਈਸਵੀ ਤੱਕ ਅਕਬਰ ਨੇ ਭਾਰਤ ਤੇ ਰਾਜ ਕੀਤਾ। ਇਸ ਕਾਲ ਨੂੰ ਉੱਤਰੀ ਸੰਗੀਤ ਦੇ ਇਤਿਹਾਸ ਵਿਚ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਇਸ ਕਾਲ ਵਿਚ ਸੰਗੀਤ ਦੀ ਬੜੀ ਉਨੱਤੀ ਹੋਈ। 'ਆਈਨੇ ਅਕਬਰੀ' ਦੇ ਅਨੁਸਾਰ ਅਕਬਰ ਦੇ ਦਰਬਾਰ ਵਿਚ ਦੇਸ਼ ਵਿਦੇਸ਼ ਦੇ 36 ਸੰਗੀਤਕਾਰ ਮੌਜੂਦ ਸਨ। ਜਿਹਨ੍ਹਾਂ ਵਿਚ ਭਾਰਤੀ ਸੰਗੀਤਕਾਰ ਤਾਨਸੈਨ ਸਰਵਸ਼ਰੇਸਠ ਸੰਨ। ਤਾਨਸੈਨ ਸੁਆਮੀ ਹਰੀਦਾਸ ਦੇ ਸ਼ਾਗਿਰਦ ਸਨ। ਇਹਨਾਂ ਨੇ ਕਈ ਰਾਗਾਂ ਦਾ ਆਵਿਸ਼ਕਾਰ ਕੀਤਾ। ਜਿਵੇਂ ਮੀਆਂ ਕੀ ਮਲਾਰ, ਮੀਆਂ ਕੀ ਤੋੜੀ, ਮੀਆਂ ਕੀ ਸਾਰੰਗ ਆਦਿ ਪ੍ਰਸਿੱਧ ਰਾਗ ਹਨ। ਸੁਆਮੀ ਹਰੀਦਾਸ ਦੇ ਇਕ ਹੋਰ ਸ਼ਿਸ਼ ਬੈਜਨਾਥ ਵੀ ਸਨ ਜੋ ਬੈਜੂ ਬਾਵਰਾ ਦੇ ਨਾਮ ਨਾਲ ਪ੍ਰਸਿੱਧ ਹੋਏ। ਤਾਨਸੈਨ ਅਤੇ ਬੈਜੂ ਦੀ ਇਕ ਵਾਰ ਸੰਗੀਤ ਪ੍ਰਤੀਯੋਗਤਾ ਹੋਈ ਜਿਸ ਵਿਚ ਬੈਜੂ ਸਫਲ ਰਿਹਾ। ਇਹਨਾਂ ਦੋਨਾਂ ਸੰਗੀਤਕਾਰਾਂ ਨੇ ਰਾਗ ਰਾਗਣੀਆਂ ਸਿੱਧ ਕਰ ਲਈਆਂ ਸਨ। ਜਿਨ੍ਹਾਂ ਵਿਚ ਦੈਵੀ ਸ਼ਕਤੀ ਦਾ ਵਾਸਾ ਸੀ। ਮਾਨ ਸਿੰਘ ਤੋਮਰ ਅਕਬਰ ਦੇ ਸਮਕਾਲੀ ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ ਧਰੁਪਦ ਗਾਇਕੀ ਦੇ ਉਘੇ ਜਾਣਕਾਰ ਸਨ। ਇਹਨਾਂ ਨੂੰ ਲੋਕ ਧਰੁਪਦ ਗਾਇਕੀ ਦਾ ਆਵਿਸ਼ਕਾਰਕ ਵੀ ਮੰਨਦੇ ਹਨ। ਇਹਨਾਂ ਦੇ ਦਰਬਾਰ ਵਿਚ ਨਾਇਕ ਬਖਸ਼ੂ ਉਚ ਕੋਟੀ ਦੇ ਗਾਇਕ ਸਨ। ਤਾਨਸੈਨ ਤੋਂ ਬਾਅਦ ਉਹਨਾਂ ਨੂੰ ਹੀ ਉਚ ਪੱਧਰ ਦਾ ਕਲਾਕਾਰ ਮੰਨਿਆ ਜਾਂਦਾ ਸੀ। ਰਾਜਾ ਮਾਨ ਸਿੰਘ ਦੁਆਰਾ 'ਮਾਨਕੋਤੂਹਲ' ਨਾਮਕ ਪੁਸਤਕ ਦੀ ਰਚਨਾ ਵੀ ਕੀਤੀ ਗਈ ਸੀ। ਗਵਾਲੀਅਰ ਭਾਰਤੀ ਸੰਗੀਤ ਦੇ ਪ੍ਰਚਾਰ ਅਤੇ ਉਥਾਨ ਲਈ ਇਕ ਮਹੱਤਵਪੂਰਨ ਸਥਾਨ ਹੈ। ਗਵਾਲੀਅਰ ਘਰਾਣੇ ਸੰਗੀਤ ਦਾ ਪ੍ਰਮੁੱਖ ਸਥਾਨ ਹੈ। ਇਸ ਘਰਾਣੇ ਤੋਂ ਸੰਗੀਤ ਸਿੱਖਿਆ ਪ੍ਰਾਪਤ ਕਰਕੇ ਕਈ ਵਿਸ਼ੇਸ਼ ਗੁਣੀਜਨਾਂ ਨੇ ਨਾਮਣਾ ਖਟਿਆ ਅਤੇ ਕਈ ਹੋਰ ਘਰਾਣੇ ਵਜੂਦ ਵਿਚ ਆਏ। ਬਹੁਤੇ ਘਰਾਣਿਆਂ ਦਾ ਮੂਲ ਸੋਮਾ ਵੀ ਗਵਾਲੀਅਰ ਹੀ ਸੀ। ਆਧੁਨਿਕ ਕਾਲ ਦੇ ਪ੍ਰਮੁੱਖ ਸੰਗੀਤ ਘਰਾਣਿਆਂ ਵਿਚ ਗਵਾਲੀਅਰ ਘਰਾਣਾ ਸਿਰਕੱਢ ਘਰਾਣਾ ਹੈ।

ਭਗਤੀ ਲਹਿਰ :- ਅਕਬਰ ਕਾਲ ਵਿਚ ਭਗਤੀ ਸੰਗੀਤ ਦਾ ਵੀ ਬੜਾ ਪ੍ਰਚਾਰ ਹੋਇਆ। 1400 ਈਸਵੀ ਤੋਂ 1600 ਈਸਵੀ ਦੇ ਦਰਮਿਆਨ ਭਗਤੀ ਲਹਿਰ ਨੇ ਬੜਾ ਜ਼ੋਰ ਪਕੜਿਆ। ਕਬੀਰ, ਮੀਰਾਂ ਬਾਈ, ਸੂਰਦਾਸ, ਅਤੇ ਤੁਲਸੀਦਾਸ ਭਗਤ ਕਵੀ ਪ੍ਰਸਿੱਧ ਹੋਏ। ਇਹਨਾਂ ਨੇ ਆਪਣੀਆਂ ਰਚਨਾਵਾਂ ਸੰਗੀਤ ਅਤੇ ਤਾਲਬੱਧ ਕਰਕੇ ਲਿਖਿਆ ਅਤੇ ਗਾਇਆ, ਜੋ ਦੇਸ਼ ਵਿਦੇਸ਼ਾਂ ਵਿਚ ਪ੍ਰਸਿੱਧ ਹੋਈਆਂ। ਇਹਨਾਂ ਦੀਆਂ ਰਚਨਾਵਾਂ ਨੂੰ ਸਾਧਾਰਨ ਜਨਤਾ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਗਾਉਂਦੀ ਸੀ। ਇਹਨਾਂ ਦੀਆਂ ਰਚਨਾਵਾਂ ਸਦੀਆਂ ਬੀਤ ਜਾਣ ਤੇ ਵੀ ਅੱਜ ਵੀ ਉਨੀਆਂ ਹੀ ਲੋਕ ਪ੍ਰਿਆ ਹਨ। ਤੁਲਸੀ ਦਾਸ ਦੁਆਰਾ ਰਚਿਤ 'ਵਿਨੇ ਪ੍ਰਤਿੱਕਾ' ਦੇ ਭਜਨ ਅਤੇ ਰਮਾਇਣ ਬੜੇ ਹਰਮਨ ਪਿਆਰੇ ਗ੍ਰੰਥ ਹਨ। ਰਾਮਾਇਣ ਦਾ ਪਾਠ ਜਾਂ ਕਥਾ ਲੋਕ ਘਰਾਂ ਵਿਚ ਵੀ ਕਰਦੇ ਹਨ। ਕਈ ਕੀਰਤਨਕਾਰ ਰਾਮਾਇਣ ਦਾ ਪਾਠ ਬੜੇ ਸੁਚੱਜੇ ਢੰਗ ਨਾਲ ਗਾਉਂਦੇ ਹੋਏ ਕਰਦੇ ਹਨ। ਚੋਪਾਇਆ ਨੂੰ ਵੱਖ-ਵੱਖ ਰਾਗਾਂ ਤੇ ਤਾਲਾਂ ਵਿਚ ਗਾਇਆ ਜਾਂਦਾ ਹੈ। ਮੀਰਾਂ, ਕਬੀਰ ਅਤੇ ਸੂਰਦਾਸ ਦੀਆਂ ਰਚਨਾਵਾਂ ਰਾਗਾਂ ਵਿਚ ਗਾਈਆਂ ਜਾਂਦੀਆਂ ਹਨ ਜਿਨਾਂ ਨੂੰ ਭਜਨ ਕਿਹਾ ਜਾਂਦਾ ਹੈ। ਇਹਨਾਂ ਭਗਤ ਕਵੀਆਂ ਦੇ ਨਾਵਾਂ ਨਾਲ ਕਈ ਰਾਗ ਵੀ ਪ੍ਰਚਲਿਤ ਹਨ। ਜਿਵੇਂ ਕਿ :- ਮੀਆ ਕੀ ਮਲਾਰ, ਸੂਰਦਾਸੀ ਮਲਾਰ, ਅਹੀਰ ਭੈਰਵ ਆਦਿ।

ਪੁੰਡਰੀਕ ਵਿਠਲ :- 1509 ਈਸਵੀ ਵਿਚ ਦੱਖਣੀ ਸੰਗੀਤਕਾਰ ਜੋ ਰਾਜਾ ਬਰਹਾਨ ਖਾਂ ਫਾਰੂਖੀ ਦੇ ਦਰਬਾਰੀ ਗਾਇਕ ਸਨ ਉਹਨਾਂ ਨੇ ਚਾਰ ਗ੍ਰੰਥ ਰਚੇ।

Sri Satguru Jagjit Singh Ji eLibrary NamdhariElibrary@gmail.com

1. ਸਦਰਾਗ ਚੰਦਰੋਦਯ 2. ਰਾਗ ਮਾਲਾ 3. ਰਾਗ ਮੰਜਰੀ 4. ਰਾਗ ਨਿਰਣੇਯ
ਇਹ ਚਾਰੇ ਗ੍ਰੰਥ ਬੀਕਾਨੇਰ ਦੀ ਲਾਇਬਰੇਰੀ ਵਿਚ ਹੁਣ ਵੀ ਸੁਰਖਿਅਤ ਹਨ।

ਜਹਾਂਗੀਰ ਕਾਲ :- 17ਵੀਂ ਸਦੀ ਵਿਚ ਜਹਾਂਗੀਰ ਦੀ ਹਕੂਮਤ ਅਰੰਭ ਹੋਈ। ਇਹਨਾਂ ਦੇ ਦਰਬਾਰ ਵਿਚ ਬਿਲਾਸ ਖਾਂ, ਖੁਰਮ ਦਾਦ ਖਾਂ, ਪਰਵੇਜ ਦਾਦ ਮੱਖੂ ਖਾਂ, ਰਮਜਾਨ ਆਦਿ ਪ੍ਰਸਿੱਧ ਸੰਗੀਤਕਾਰ ਸਨ। ਸੋਮ ਨਾਥ ਦੁਆਰਾ ਰਾਗ ਤੱਤਵ ਵਿਬੋਧ ਗ੍ਰੰਥ ਲਿਖਿਆ ਗਿਆ। ਸੋਮਨਾਥ ਨੇ 23 ਮੇਲਾਂ ਦੇ ਆਧਾਰ ਤੇ ਰਾਗਾਂ ਦੀ ਵੰਡ ਕੀਤੀ।

ਪੰਡਿਤ ਦਮੋਦਰ :- 1625 ਈਸਵੀ ਵਿਚ ਪੰਡਿਤ ਦਮੋਦਰ ਨੇ ਇਕ 'ਸੰਗੀਤ ਦਰਪਣ' ਨਾਮਕ ਮਹੱਤਵਪੂਰਨ ਪੁਸਤਕ ਲਿਖੀ। ਜਿਸ ਵਿਚ ਰਾਗ-ਰਾਗਣੀਆਂ ਦੇ ਚਿਤੱਰਾਂ ਦਾ ਵਰਨਣ ਕੀਤਾ ਹੈ। ਇਸ ਗ੍ਰੰਥ ਦਾ ਹਿੰਦੀ, ਫ਼ਾਰਸੀ ਅਤੇ ਗੁਜਰਾਤੀ ਭਾਸ਼ਾਵਾਂ ਵਿਚ ਅਤੇ ਪੰਜਾਬੀ ਵਿਚ ਵੀ ਅਨੁਵਾਦ ਕੀਤਾ ਜਾ ਚੁੱਕਿਆ ਹੈ। ਇਸ ਗ੍ਰੰਥ ਵਿਚ ਰਾਗਾਂ ਦੇ ਸਰੂਪ ਅਤੇ ਧਿਆਨ ਬੜੇ ਸੁੰਦਰ ਢੰਗ ਨਾਲ ਦਰਜ ਹਨ।

ਸ਼ਾਹਜਹਾਂ ਦਾ ਸਮਾਂ :- 1628 ਈਸਵੀ ਵਿਚ ਸ਼ਾਹਜਹਾਂ ਰਾਜ ਗੱਦੀ ਤੇ ਬੈਠਾ। ਇਹ ਵੀ ਆਪਣੇ ਪਿਤਾ ਦੀ ਤਰ੍ਹਾਂ ਸ਼ਿੰਗਾਰ ਰਸ ਪ੍ਰਧਾਨ ਚੀਜ਼ਾਂ ਸੁਨਣ ਦਾ ਸ਼ੌਕੀਨ ਸੀ। ਸੰਗੀਤਕਾਰਾਂ ਨੂੰ ਦਰਬਾਰ ਵਿਚ ਉੱਚਾ ਸਥਾਨ ਪ੍ਰਾਪਤ ਸੀ। ਸ਼ਾਹਜਹਾਂ ਦੇ ਦਰਬਾਰ ਵਿਚ ਦੈਰੰਗ ਖਾਂ, ਜਗਨਨਾਥ, ਲਾਲ ਖ਼ਾਂ, ਰਾਮ ਦਾਸ ਵਰਗੇ ਉਚ ਕੋਟੀ ਦੇ ਸੰਗੀਤਕਾਰ ਬਿਰਾਜਮਾਨ ਸਨ। ਜਗਨਨਾਥ ਨੂੰ ਕਵਿਰਾਜ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ। ਲਾਲ ਖ਼ਾਂ ਨੂੰ 'ਗੁਣ ਸਮੁੰਦਰ' ਦੀ ਉਪਾਧੀ ਪ੍ਰਦਾਨ ਕੀਤੀ ਗਈ ਸੀ। ਲਾਲ ਖਾਂ ਤਾਨਸੈਨ ਦੇ ਪੁਤੱਰ ਬਿਲਾਸ ਖਾਂ ਦਾ ਦਾਮਾਦ ਸੀ। ਦੈਰੰਗ ਖ਼ਾਂ ਅਤੇ ਜਗਨਨਾਥ ਉਸ ਸਮੇਂ ਚਾਂਦੀ ਦੇ ਸਿੱਕਿਆ ਨਾਲ ਤੋਲੇ ਗਏ ਸਨ।

ਸੰਗੀਤ ਪਰਿਜਾਤ ਗ੍ਰੰਥ :- 1650 ਈਸਵੀ ਵਿਚ ਪੰਡਿਤ ਅਹੋਬਲ ਨੇ ਇਸ ਸੰਗੀਤ ਗ੍ਰੰਥ ਦੀ ਰਚਨਾ ਕੀਤੀ। ਇਸ ਪੁਸਤਕ ਵਿਚ ਸਭ ਤੋਂ ਪਹਿਲਾਂ ਵੀਣਾ ਦੀ ਤਾਰ ਦੀ ਲੰਬਾਈ ਤੇ ਸੁਰਾਂ ਦੀ ਸਥਾਪਨਾ ਕਰਨ ਦਾ ਢੰਗ ਵਰਨਣ ਕੀਤਾ ਗਿਆ ਹੈ। ਅਹੋਬਲ ਨੇ 19 ਸੁਰਾਂ ਦੇ ਨਾਮ ਲਿਖੇ ਹਨ ਪਰ ਵਰਤੋਂ ਵਿਚ ਕੇਵਲ 12 ਹੀ ਲਿਆਂਦੇ ਹਨ। ਉਹ ਆਪਣਾ ਸੁਧ ਥਾਟ ਅੱਜਕਲ੍ਹ ਦੇ ਕਾਫੀ ਥਾਟ ਨੂੰ ਮੰਨਦੇ ਸਨ। ਇਸ ਪੁਸਤਕ ਦਾ ਹਿੰਦੀ ਅਤੇ ਫ਼ਾਰਸੀ ਅਤੇ ਪੰਜਾਬੀ ਅਨੁਵਾਦ ਵੀ ਹੋ ਚੁਕਿਆ ਹੈ। ਹਿੰਦੀ ਅਨੁਵਾਦ ਸ੍ਰੀ ਕਾਨਿੰਦ ਅਤੇ ਫ਼ਾਰਸੀ ਅਨੁਵਾਦ ਸ੍ਰੀ ਦੀਨਾ ਨਾਥ ਅਤੇ ਪੰਜਾਬੀ ਅਨੁਵਾਦ ਡਾ. ਦਰਸਨ ਸਿੰਘ ਨਰੂਲਾ ਦੁਆਰਾ ਕੀਤਾ ਗਿਆ। ਵੀਣਾ ਦੀ ਤਾਰ ਦੀ ਲੰਬਾਈ ਦੇ ਆਧਾਰ ਤੇ ਸੁਰਾਂ ਦੀ ਸਥਾਪਨਾ ਕਰਨ ਦਾ ਢੰਗ ਕਿਸੇ ਨਿਯਮਾਂ ਅਨੁਸਾਰ ਨਹੀਂ ਹੈ। ਕਿਸੇ ਸੁਰ ਨੂੰ ਕਿਨ੍ਹਾਂ ਦੋ ਸੁਰਾਂ ਦੇ ਵਿਚਕਾਰ ਤੇ ਕਿਸੇ ਨੇ ਤਿੰਨ ਭਾਗਾਂ ਵਿਚ ਵੰਡਕੇ ਸਥਾਪਨਾ ਕੀਤੀ ਗਈ ਹੈ। ਇਸ ਪੁਸਤਕ ਵਿਚ ਨਵੇਂ ਤਰੀਕੇ ਨਾਲ ਲੰਬਾਈ ਸਥਾਪਿਤ ਕਰਨ ਦਾ ਢੰਗ ਬਿਆਨ ਕੀਤਾ ਹੈ ਜਿਸ ਦਾ ਵਰਨਣ ਪਿਛੇ ਦਿਤਾ ਹੈ।

ਹਿਰਦੇ ਨਾਰਾਇਣ ਦੇਵ :- ਇਹਨਾਂ ਨੇ ਕੁਲ 13 ਮੇਲ ਮੰਨ ਕੇ ਰਾਗਾਂ ਦਾ ਵਰਗੀਕਰਨ ਕੀਤਾ ਹੈ ਅਤੇ ਹਿਰਦੇ ਕੌਤਕ, ਹਿਰਦੇ ਪ੍ਰਕਾਸ਼ ਗ੍ਰੰਥ ਵੀ ਇਨ੍ਹਾਂ ਵਲੋਂ ਲਿਖੇ ਹਨ। ਇਸ ਗ੍ਰੰਥ ਦਾ ਫਾਰਸੀ, ਗੁਜਰਾਤੀ ਅਤੇ ਪੰਜਾਬੀ ਅਨੁਵਾਦ ਵੀ ਹੋ ਚੁੱਕਾ ਹੈ।

ਔਰੰਗਜ਼ੇਬ ਦਾ ਸਮਾਂ :- (1659 ਤੋਂ 1707 ਈਸਵੀ ਤੱਕ) ਇਹ ਪ੍ਰਸਿੱਧ ਹੀ ਹੈ ਕਿ ਔਰੰਗਜ਼ੇਬ ਸੰਗੀਤ, ਕਾਵਿ ਆਦਿ ਦੇ ਵਿਰੁੱਧ ਸੀ। ਉਸਦੇ ਦਰਬਾਰ ਵਿਚ ਕਈ ਸੰਗੀਤਕਾਰ ਸਨ, ਜਿਨ੍ਹਾਂ ਨੂੰ ਦਰਬਾਰ ਵਿਚ

Sri Satguru Jagjit Singh Ji eLibrary NamdhariElibrary@gmail.com

ਹਾਜ਼ਰ ਹੋਣ ਦੀ ਤਨਖਾਹ ਤਾਂ ਮਿਲਦੀ ਸੀ ਪਰ ਗਾਣਾ-ਬਜਾਣਾ ਵਰਜਿਤ ਸੀ । ਇਸ ਦੀ ਪੁੱਤਰੀ ਜੇਬੁਨਿਸਾ ਉੱਚਕੋਟੀ ਦੀ ਕਾਵਿਤ੍ਰੀ ਸੀ । ਇਹ ਯਾਤਰੀ ਟਮਾਂਸੋਰ ਦੇ ਅਨੁਸਾਰ ਇਸ ਕਾਲ ਵਿਚ ਬੜੇ ਬੜੇ ਨਗਰਾਂ ਵਿਚ ਜਿਵੇਂ- ਦਿੱਲੀ, ਆਗਰਾ, ਬਨਾਰਸ, ਲਖਨਊ, ਲਾਹੌਰ ਆਦਿ ਵਿਚ ਗਾਣ ਅਤੇ ਨੱਚਣ ਵਾਲੀਆਂ ਬੜੀਆਂ-ਬੜੀਆਂ ਵਿਸ਼ਾਲ ਹਵੇਲੀਆਂ ਵਿਚ ਰਹਿੰਦੀਆਂ ਸਨ । ਸੰਗੀਤ ਮਨੋਰੰਜਨ ਮਾਤਰ, ਸਸਤਾ ਤੇ ਬਜਾਰੂ ਬਣ ਗਿਆ ਸੀ । ਸ਼ਾਇਦ ਬਾਦਸ਼ਾਹ ਨੂੰ ਇਹਨਾਂ ਕਾਰਨਾਂ ਕਰਕੇ ਸੰਗੀਤ ਤੋਂ ਨਫ਼ਰਤ ਹੋ ਗਈ ਸੀ । ਖੁਸਹਾਲ ਖਾਂ, ਬਿਸਰਾਮ ਖਾਂ, ਰਸਬੈਨ ਖਾਂ, ਹਯਾਤ ਸਰਮਨੈਨ, ਸੁਖੀਸੇਨ ਕਲਾਵੰਤ ਆਦਿ ਕਲਾਕਾਰ ਇਨ੍ਹਾਂ ਦੇ ਦਰਬਾਰ ਵਿਚ ਸੰਗੀਤਕਾਰ ਸਨ ।

ਚੰਗੇ ਸੰਗੀਤਕਾਰ ਇੱਧਰ ਉੱਧਰ ਦੂਜੀਆਂ ਰਿਆਸਤਾਂ ਵਿਚ ਚਲੇ ਗਏ ਤੇ ਸੰਗੀਤ ਸਾਧਨਾ ਕਰਦੇ ਰਹੇ । ਜਿਸ ਨਾਲ ਸੰਗੀਤ ਦਰਬਾਰ ਵਿਚ ਨਾ ਹੋ ਕੇ ਛੋਟੇ-ਛੋਟੇ ਰਾਜਿਆਂ ਦੀ ਸਰਪਰਸਤੀ ਹੇਠ ਚਲਦਾ ਰਿਹਾ । ਫਿਰ ਵੀ ਇਸ ਕਾਲ ਨੂੰ ਸੰਗੀਤ ਲਈ ਮੰਦਭਾਗਾ ਸਮਾਂ ਕਿਹਾ ਗਿਆ ਹੈ ।

ਵਿਅੰਕਟ ਮੁੱਖੀ :- 1660 ਈਸਵੀਂ ਵਿਚ ਦੱਖਣ ਭਾਰਤ ਨਿਵਾਸੀ ਵਿਦਵਾਨ ਪੰਡਿਤ ਵਿਅੰਕਟਮੁਖੀ ਨੇ 'ਚਤੁਰ ਦੰਡੀ ਪ੍ਰਕਾਸ਼ਿਕਾ' ਨਾਮਕ ਗ੍ਰੰਥ ਤਿਆਰ ਕੀਤਾ । ਉਹਨਾਂ ਨੇ ਗਣਿਤ ਦੇ ਆਧਾਰ ਤੇ ਬਾਰਾਂ ਸੁਰਾਂ ਤੋਂ 72 ਮੇਲ ਬਣਾਉਣ ਦੀ ਸ਼ਕਤੀ ਪ੍ਰਚਲਿਤ ਕੀਤੀ । 72 ਮੇਲਾਂ ਵਿਚ ਕੇਵਲ 19 ਮੇਲ ਚੁਣੇ ਜਿਨ੍ਹਾਂ ਨੂੰ ਮੁੱਖ ਮੇਲ ਕਿਹਾ ਜਾਂਦਾ ਹੈ । ਇਹਨਾਂ ਨੇ ਆਪਣੀ ਪੁਸਤਕ ਵਿਚ 55 ਰਾਗਾਂ ਦਾ ਵਰਨਣ ਵੀ ਦਿੱਤਾ ਹੈ ।

ਭਾਵਭੱਟ :- ਭਾਵਭੱਟ ਨੇ ਤਿੰਨ ਪੁਸਤਕਾਂ ਲਿਖੀਆਂ "ਅਨੁਪ੍ਰਾਕਸ, ਸੰਗੀਤ ਅਨੁਪ ਵਿਲਾਸ, ਅਨੂਪ ਸੰਗੀਤ ਰਤਨਾਕਰ" ਜੋ ਬੀਕਾਨੇਰ ਦੀ ਲਾਇਬਰੇਰੀ ਵਿਚ ਉਪਲੱਬਧ ਹਨ । ਇਹਨਾਂ ਨੇ 20 ਮੇਲਾਂ ਦੇ ਆਧਾਰ ਤੇ ਰਾਗ ਵਰਗੀਕਰਨ ਕੀਤਾ । ਇਹਨਾਂ ਦਾ ਸੁਧ ਥਾਟ ਤੁਖਾਰੀ ਸੀ । ਇਹ ਬੀਕਾਨੇਰ ਦੇ ਰਾਜ ਅਨੂਪ ਸਿੰਘ ਦੇ ਦਰਬਾਰ ਵਿਚ ਨਿਯੁਕਤ ਸਨ । ਇਸੇ ਕਰਕੇ ਇਹਨਾਂ ਨੇ ਸਾਰੀਆਂ ਪੁਸਤਕਾਂ ਰਾਜੇ ਦੇ ਨਾਮ ਤੇ ਹੀ ਲਿਖੀਆਂ ਹਨ ।

ਮੁਹੰਮਦ ਸ਼ਾਹ ਰੰਗੀਲਾ :- 1719 ਈਸਵੀ ਤੋਂ 1740 ਈਸਵੀ ਤੱਕ ਮੁਗਲ ਵੰਸ਼ ਦਾ ਅੰਤਿਮ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਆਪਣੇ ਸੰਗੀਤ ਪ੍ਰੇਮ ਕਾਰਨ ਬੜਾ ਪ੍ਰਸਿੱਧ ਹੈ । ਇਹਨਾਂ ਨੇ ਸੰਗੀਤ ਨੂੰ ਬੜਾ ਸਮਰਥਨ ਦਿੱਤਾ । ਇਸ ਦੇ ਦਰਬਾਰ ਵਿਚ ਖਿਆਲ ਗਾਇਨ ਸ਼ੈਲੀ ਨੇ ਬੜੀ ਉਨੱਤੀ ਕੀਤੀ । ਸਦਾਰੰਗ ਅਤੇ ਅਦਾਰੰਗ ਇਸ ਦੇ ਦਰਬਾਰੀ ਸੰਗੀਤਕਾਰ ਸਨ । ਅੱਜ ਵੀ ਇਹਨਾਂ ਦੀਆਂ ਖਿਆਲ ਰਚਨਾਵਾਂ ਖਿਆਲ ਗਾਇਕਾਂ ਵਿਚ ਪ੍ਰਸਿੱਧ ਹਨ । ਇਹਨਾਂ ਦੁਆਰਾ ਹਜ਼ਾਰਾ ਖਿਆਲ ਰਚਨਾਵਾਂ ਕੀਤੀਆਂ ਗਈਆਂ । ਇਹਨਾਂ ਦੀਆਂ ਰਚਨਾਵਾਂ ਵਿਚ ਮੁਹੰਮਦ ਸ਼ਾਹ ਦਾ ਨਾਮ ਵਰਤਿਆ ਗਿਆ ਹੈ । ਮੁਹੰਮਦ ਸ਼ਾਹ ਰੰਗੀਲੇ ਲਈ, 'ਸਦਾਰੰਗੀਲੇ, ਸਦਾਰੰਗ' 'ਅਦਾਰੰਗ' ਆਦਿ ਉਪਨਾਮ ਵਰਤੇ ਗਏ ਹਨ । ਇਹਨਾਂ ਦੀਆਂ ਰਚਨਾਵਾਂ ਦੀ ਭਾਸ਼ਾ -ਪੰਜਾਬੀ, ਬ੍ਰਿਜ, ਅਧਿਕ ਮਾਤਰਾ ਵਿਚ ਵਰਤੀ ਗਈ ਹੈ । ਇਸ ਤੋਂ ਪਤਾ ਚਲਦਾ ਹੈ ਕਿ ਇਹ ਸੰਗੀਤਕਾਰ ਮੂਲ ਰੂਪ ਵਿਚ ਪੰਜਾਬੀ ਸਨ । ਰਚਨਾਵਾਂ ਵਿਚ ਗੁਰੂ, ਦੇਵੀ-ਦੇਵਤਾ, ਵਰਖਾ, ਸੰਗੀਤ ਮਹਿਮਾ ਆਦਿ ਵਿਸ਼ੇ ਪ੍ਰਮੁੱਖ ਹਨ । ਇਸ ਕਾਲ ਵਿਚ ਧਰੁਪਦ ਗਾਇਨ ਆਪਣੀ ਸ਼ਿਖਰ ਤੇ ਸੀ । ਇਹਨਾਂ ਸੰਗੀਤਕਾਰਾਂ ਨੇ ਖਿਆਲ ਰਚਨਾਵਾਂ ਤਿਆਰ ਕਰਕੇ ਆਪਣੇ ਸਾਗਿਰਦਾਂ ਨੂੰ ਸਿਖਾਈਆਂ ਜਿਨ੍ਹਾਂ ਨੇ ਮੁਹੰਮਦ ਸ਼ਾਹ ਦੇ ਸਨਮੁੱਖ ਪ੍ਰਦਰਸ਼ਿਤ ਕੀਤੀਆਂ । ਉਹਨਾਂ ਦਾ ਖਿਆਲ ਗਾਇਨ ਸੁਣ ਕੇ ਬਾਦਸ਼ਾਹ ਬੜਾ ਪ੍ਰਸੰਨ ਹੋਇਆ । ਸਦਾਰੰਗ ਜਿਸਦਾ ਅਸਲੀ ਨਾਮ ਨੇਮੱਤ ਖਾਂ ਸੀ, ਇਕ ਉੱਚ ਕੋਟੀ

Sri Satguru Jagjit Singh Ji eLibrary NamdhariElibrary@gmail.com

ਦਾ ਵੀਣਾ ਵਾਦਕ ਅਤੇ ਧਰੁਪਦ ਸ਼ੈਲੀ ਦਾ ਗਾਇਕ ਸ਼ੀ।

ਇਕ ਦੰਤ ਕਥਾਂ ਦੇ ਅਨੁਸਾਰ ਇੱਕ ਵਾਰ ਬਾਦਸ਼ਾਹ ਮੁਹੰਮਦ ਸ਼ਾਹ ਸਦਾਰੰਗ ਨਾਲ ਨਰਾਜ਼ ਹੋ ਗਿਆ ਅਤੇ ਦਰਬਾਰ ਵਿਚੋਂ ਕੱਢ ਦਿੱਤਾ ਗਿਆ। ਸਦਾਰੰਗ ਨੂੰ ਕੁਝ ਸਮਾਂ ਅਗਿਆਤਵਾਸ ਕੱਟਣਾ ਪਿਆ। ਉਸਨੇ ਇਸ ਸਮੇਂ ਵਿਚ ਖਿਆਲ ਰਚਨਾਵਾਂ ਕੀਤੀਆਂ ਅਤੇ ਉਹਨਾਂ ਰਚਨਾਵਾਂ ਵਿਚ ਬਾਦਸ਼ਾਹ ਦਾ ਨਾਮ ਉਪਨਾਮ ਦੇ ਸਥਾਨ ਤੇ ਵਰਤਿਆ। ਸਦਾਰੰਗ ਨੇ ਆਪਣੇ ਸ਼ਾਗਿਰਦਾ ਨੂੰ ਖਿਆਲ ਰਚਨਾਵਾਂ ਸਿਖਾਈਆਂ। ਸਦਾਰੰਗ ਦੇ ਸ਼ਾਗਿਰਦਾਂ ਦੀ ਚਰਚਾ ਲੋਕਾਂ ਵਿਚ ਹੋਣ ਲੱਗੀ, ਜੋ ਬਾਦਸ਼ਾਹ ਦੇ ਕੰਨਾਂ ਤੱਕ ਵੀ ਪੁਜ ਗਈ। ਬਾਦਸ਼ਾਹ ਸਲਾਮਤ ਆਪਣੇ ਨਾਮ ਦੀਆਂ ਰਚਨਾਵਾਂ ਸੁਣ ਕੇ ਬੜਾ ਪ੍ਰਸੰਨ ਹੋਇਆ। ਉਸਨੂੰ ਪੁਛਣ ਤੇ ਪਤਾ ਲੱਗਾ ਕਿ ਇਹ ਰਚਨਾਵਾਂ ਉਸਦੇ ਦਰਬਾਰੀ ਸੰਗੀਤਕਾਰ ਨੇਮਤ ਖ਼ਾਂ ਦੁਆਰਾ ਕੀਤੀਆਂ ਗਈਆਂ ਹਨ। ਬਾਦਸ਼ਾਹ ਨੇ ਨੇਮਤ ਖ਼ਾਂ ਨੂੰ ਆਦਰ ਨਾਲ ਦਰਬਾਰ ਵਿਚ ਬੁਲਾ ਕੇ ਦੁਬਾਰਾ ਆਪਣਾ ਦਰਬਾਰੀ ਸੰਗੀਤਕਾਰ ਨਿਯੁਕਤ ਕਰ ਲਿਆ ਅਤੇ ਪਹਿਲੇ ਵਾਲੀਆ ਸਹੂਲਤਾਂ ਪ੍ਰਦਾਨ ਕੀਤੀਆ।

ਮੀਆਂ ਸ਼ੋਰੀ :- ਗੁਲਾਮ ਨਬੀ ਸ਼ੋਰੀ ਜਿਨ੍ਹਾਂ ਨੂੰ ਮੀਆਂ ਸ਼ੋਰੀ ਵੀ ਕਿਹਾ ਜਾਂਦਾ ਹੈ ਇਸ ਸਦੀ ਦੇ ਉੱਘੇ ਕਲਾਕਾਰ ਹੋਏ ਹਨ। ਇਹ ਮੂਲ ਰੂਪ ਵਿਚ ਮੁਲਤਾਨ ਨਿਵਾਸੀ ਸਨ ਜੋ ਅੱਜ-ਕਲ੍ਹ ਪਾਕਿਸਤਾਨ ਵਿਚ ਹੈ। ਇਹ ਲੋਕ ਪੰਜਾਬ ਤੋਂ ਲਖਨਊ ਚਲੇ ਗਏ ਸਨ। ਠੁਮਰੀ ਅਤੇ ਟੱਪਾ ਗਾਇਨ ਸ਼ੈਲੀ ਦਾ ਪ੍ਰਚਾਰ ਤੇ ਵਿਕਾਸ ਇਹਨਾਂ ਦੁਆਰਾ ਲਖਨਊ ਦਰਬਾਰ ਵਿਚ ਹੀ ਹੋਇਆ ਸੀ। ਲਖਨਊ ਦੇ ਨਵਾਬ ਵਾਜਿਦ ਅਲੀ ਸ਼ਾਹ ਸੰਗੀਤ ਅਤੇ ਨ੍ਰਿਤ ਦੇ ਬੜੇ ਰਸੀਆਂ ਸਨ, ਉਹਨਾਂ ਦੇ ਜ਼ਮਾਨੇ ਵਿਚ ਸੰਗੀਤ ਨੇ ਬੜੀ ਉਨੱਤੀ ਕੀਤੀ। ਲਖਨਊ ਸੰਗੀਤ ਦਾ ਉਸ ਸਮੇਂ ਗੜ ਬਣ ਗਿਆ ਸੀ।

ਸ੍ਰੀ ਨਿਵਾਸ :- ਪੰਡਿਤ ਸ੍ਰੀ ਨਿਵਾਸ ਦੁਆਰਾ ਇੱਕ ਗ੍ਰੰਥ ਦੀ ਰਚਨਾ ਕੀਤੀ ਗਈ ਜੋ 'ਰਾਗ ਤੱਤਵ ਵਿਬੋਧ' ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਗ੍ਰੰਥਕਾਰ ਵੀ ਆਪਣੇ ਸੁਰਾਂ ਦੀ ਸਥਾਪਨ ਅੰਤਿਮ ਸ਼ਰੁਤੀ ਤੇ ਸਵੀਕਾਰ ਕਰਦੇ ਹੋਏ ਚੌਥੀ, ਸੱਤਵੀਂ, ਨੌਵੀਂ, ਤੇਰ੍ਹਵੀਂ, ਸਤਾਰਵੀਂ, ਬੀਸਵੀ ਅਤੇ ਬਾਇਵੀਂ ਸ਼ਰੁਤੀ ਤੇ ਸਪਤਕ ਦੇ ਸੁਰਾਂ ਦੀ ਸਥਾਪਨਾ ਕਰਦੇ ਸਨ।

ਤਿਆਗ ਰਾਜ :- 1760 ਈਸਵੀ ਵਿਚ ਤਿਆਗ ਰਾਜ ਇੱਕ ਮਹਾਨ ਸੰਗੀਤਕਾਰ ਅਤੇ ਉੱਘੇ ਸੰਤ ਪੁਰਸ਼ ਹੋਏ ਸਨ। ਇਹਨਾਂ ਨੇ ਇਕ ਸਪਤਕ ਦੇ 12 ਸੁਰਾਂ ਤੋਂ 72 ਮੇਲ ਉਤਪੰਨ ਕਰਨ ਦੀ ਗਣਿਤਾਨੁਸਾਰ ਪੱਧਤੀ ਦਾ ਨਿਰਮਾਣ ਕਰਕੇ ਇਕ ਨਵੀਂ ਸੇਧ ਪ੍ਰਦਾਨ ਕੀਤੀ। ਕਰਨਾਟਕ ਦੇ ਇਸ ਮਹਾਨ ਸੰਗੀਤਕਾਰ ਨੇ ਅਨੇਕਾਂ ਕੀਰਤਨ ਤੇ ਕਰਿਤੀਆਂ ਦੀ ਰਚਨਾ ਕੀਤੀ। ਰਾਗ ਤੁਖਾਰੀ ਜੋ ਅੱਜ ਵੀ ਬੜੀ ਸ਼ਰਧਾ ਨਾਲ ਕਰਨਾਟਕ ਸੰਗੀਤਕਾਰਾਂ ਦੁਆਰਾ ਗਾਈਆਂ ਅਤੇ ਵਜਾਈਆਂ ਜਾਂਦੀਆਂ ਹਨ। ਇਹਨਾਂ ਦੀ ਯਾਦ ਵਿਚ ਹਰ ਵਰ੍ਹੇ ਸੰਗੀਤ ਸੰਮੇਲਨ ਵੀ ਹੁੰਦਾ ਹੈ।

ਕਿਤਾਬੇ ਨੌਰਸ :- ਸੁਲਤਾਨ ਇਬਰਾਹੀਮ ਆਦਿਲ ਸ਼ਾਹ ਬੜਾ ਸਮਝਦਾਰ ਅਤੇ ਉਚ ਪੱਧਰ ਦਾ ਕਲਾਕਾਰ ਸੀ। ਇਹ ਬੀਜਾਪੁਰ ਰਿਆਸਤ ਦਾ ਸ਼ਾਸਕ ਸੀ। ਇਹਨਾਂ ਨੇ ਕਿ ਤਾਬੇ ਨੌਰਸ ਨਾਮ ਦੀ ਪੁਸਤਕ ਲਿਖੀ ਸੀ ਅਤੇ ਉਸ ਵਿਚ ਰਾਗਾਂ ਰਾਗਣੀਆਂ ਦੇ ਬੜੇ ਸੁੰਦਰ ਚਿੱਤਰ ਵੀ ਬਣਾਏ ਸਨ। "ਮੋਤੀ ਖਾਂ" ਨਾਮ ਦਾ ਸਾਜ਼ ਇਹਨਾਂ ਦਾ ਪਿਆਰਾ ਸਾਜ਼ ਸੀ। ਇਹ ਇਸ ਸਾਜ਼ ਨਾਲ ਧਰੁਪਦ ਸ਼ੈਲੀ ਵਿਚ ਗਾਇਨ ਕਰਦੇ ਸਨ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਆਧੁਨਿਕ ਕਾਲ

ਆਧੁਨਿਕ ਕਾਲ ਨੂੰ ਅੰਗ੍ਰੇਜ਼ੀ ਸ਼ਾਸਨ ਕਾਲ ਵੀ ਕਿਹਾ ਜਾਂਦਾ ਹੈ। ਮੁਗਲ ਕਾਲ ਵਿਚ ਹੀ ਅੰਗਰੇਜ਼ਾਂ ਦਾ ਭਾਰਤ ਵਿਖੇ ਆਗਮਨ ਹੋ ਚੁੱਕਿਆ ਸੀ। ਉਹ ਇਕ ਵਪਾਰੀ ਦੇ ਰੂਪ ਵਿਚ ਆਏ ਤੇ ਆਪਣੀ-ਕੁਟਲ ਨੀਤੀ ਦੁਆਰਾ ਇਥੋ ਦੇ ਸ਼ਾਸਕ ਬਣ ਗਏ। ਉਹਨਾਂ ਨੂੰ ਭਾਰਤੀ ਸੰਸਕ੍ਰਿਤੀ ਨਾਲ ਕੋਈ ਮੋਹ ਨਹੀਂ ਸੀ। ਬਲਕਿ ਉਹਨਾਂ ਦੀ ਸੰਸਕ੍ਰਿਤੀ ਦਾ ਪ੍ਰਭਾਵ ਹਿੰਦੁਸਤਾਨੀ ਸਭਿਅਤਾ ਤੇ ਬਹੁਤ ਜ਼ਿਆਦਾ ਪਿਆ। ਅੰਗਰੇਜ਼ ਭਾਰਤ ਤੇ ਹਕੂਮਤ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੂੰ ਭਾਰਤੀ ਸਭਿਅਤਾ, ਕਲਚਰ ਨਾਲ ਕੋਈ ਵਾਸਤਾ ਨਹੀਂ ਸੀ। ਉਹਨਾਂ ਦਿਨਾਂ ਵਿਚ ਭਾਰਤ ਅਨੇਕਾਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਭਾਰਤੀ ਰਾਜੇ ਅੰਗਰੇਜ਼ ਸ਼ਾਸਕਾਂ ਨੂੰ ਪ੍ਰਸੰਨ ਕਰਨ ਲਈ ਕਈ ਉਪਰਾਲੇ ਕਰਦੇ। ਉਹਨਾਂ ਦਾ ਯੂਰਪੀਅਨ ਢੰਗ ਦੇ ਭੋਜਨ, ਸੰਗੀਤ, ਬੈਂਡ, ਨ੍ਰਿਤ ਦੁਆਰਾ ਮਨੋਰੰਜਨ ਅਤੇ ਸੁਆਗਤ ਕੀਤਾ ਜਾਂਦਾ। ਜਿਸ ਦਾ ਪ੍ਰਭਾਵ ਸਧਾਰਣ ਜਨਤਾ ਤੇ ਵੀ ਪਿਆ। ਕਈ ਭਾਰਤੀ ਰਾਜਿਆਂ ਨੇ ਆਪਣੀਆਂ ਰਿਆਸਤਾਂ ਵਿਚ ਸੰਗੀਤਕਾਰ ਨਿਯੁਕਤ ਕੀਤੇ ਹੋਏ ਸਨ। ਕਈ ਘਰਾਣੇਦਾਰ ਸੰਗੀਤਕਾਰਾਂ ਨੇ ਆਪਣੀ ਸਾਧਨਾ ਦੇ ਬਲਬੂਤੇ ਉੱਤੇ ਸੰਗੀਤ ਕਲਾ ਨੂੰ ਸੰਭਾਲੀ ਰਖਿਆ। ਕੁਝ ਅੰਗਰੇਜ਼ ਵਿਦਵਾਨਾਂ ਨੇ ਵੀ ਭਾਰਤੀ ਸੰਗੀਤ ਨੂੰ ਸਮਝਣ ਦਾ ਯਤਨ ਕੀਤਾ ਅਤੇ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਦਾ ਪ੍ਰਭਾਵ ਅੰਗਰੇਜ਼ਾਂ ਅਤੇ ਵਿਦਵਾਨ ਵਰਗ ਉੱਤੇ ਭਰਪੂਰ ਢੰਗ ਨਾਲ ਪਿਆ। ਇਸ ਖੇਤਰ ਵਿਚ ਸਰ ਵਿਲੀਅਮ ਜੋਹਨ, ਕੈਪਟਨ ਡੇ ਅਤੇ ਕੈਪਟਨ ਵਿਲਰਡ ਆਦਿ ਦੇ ਨਾਮ ਵਰਣਨਯੋਗ ਹਨ। ਇਸ ਕਾਲ ਵਿਚ ਰਿਆਸਤ ਦੇ ਕਈ ਹਾਕਮਾਂ ਨੇ ਵੀ ਇਸ ਪਾਵਨ ਕਲਾ ਵਿਚ ਬੜੀ ਰੁਚੀ ਲਈ ਅਤੇ ਸੰਗੀਤਕਾਰਾਂ ਨੂੰ ਆਪਣੇ ਦਰਬਾਰਾਂ ਵਿਚ ਸਥਾਨ ਦਿੱਤਾ ਅਤੇ ਲੇਖਨ ਕਾਰਜ ਵਿਚ ਵੀ ਸਹਾਇਤਾ ਪ੍ਰਦਾਨ ਕੀਤੀ। ਪੁਰਾਣੇ ਸਮੇਂ ਵਿਚ ਰਿਆਸਤਾਂ ਦੇ ਹੁਕਮਰਾਨ ਆਪਣੇ ਦਰਬਾਰਾਂ ਵਿਚ ਉਚ ਕੋਟੀ ਦੇ ਕਲਾਕਾਰਾਂ ਨੂੰ ਨਿਯੁਕਤ ਕਰਦੇ ਅਤੇ ਵਿਸ਼ੇਸ਼ ਅਵਸਰਾਂ ਉਤੇ ਸੰਗੀਤ ਮਹਿਫਲਾਂ ਦਾ ਆਯੋਜਨ ਕਰਦੇ ਸਨ। ਰਾਜ ਦਰਬਾਰਾਂ ਵਿਚ ਸੰਗੀਤਕਾਰਾਂ ਦਾ ਬੜਾ ਮਾਣ ਸਤਿਕਾਰ ਕੀਤਾ ਜਾਂਦਾ ਸੀ। ਉਹਨਾਂ ਨੂੰ ਪਦਵੀਆਂ ਉਪਾਧੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਸਨ।

ਸੰਗੀਤਸਾਰ :- ਮਹਾਂਰਾਜਾ ਸਵਾਈ ਪ੍ਰਤਾਪ ਸਿੰਘ (1779-1804) ਨੇ ਜੈਪੁਰ ਵਿਖੇ ਇਕ ਵਿਸ਼ਾਲ ਸੰਗੀਤ ਕਾਨਫਰੰਸ ਦਾ ਆਯੋਜਨ ਕੀਤਾ ਜਿਸ ਵਿਚ ਭਾਰਤ ਦੇ ਨਾਮੀ ਗ੍ਰਾਮੀ ਸੰਗੀਤਕਾਰ ਇਕੱਠੇ ਕੀਤੇ ਗਏ ਅਤੇ ਕਈ ਮੁਸਕਲਾਂ ਮਿਲ ਬੈਠ ਕੇ ਦੂਰ ਕੀਤੀਆਂ ਗਈਆਂ। ਬਿਲਾਵਲ ਨੂੰ ਸੁਧ ਥਾਟ ਨਾਲ ਸਵੀਕਾਰ ਕੀਤਾ ਗਿਆ ਤੇ ਉਹਨਾਂ ਵਿਚਾਰਾਂ ਦੇ ਆਧਾਰ ਤੇ ਸੰਗੀਤਸਾਰ ਪੁਸਤਕ ਤਿਆਰ ਕੀਤੀ ਗਈ।

ਨਗਮਤੇ ਆਸ਼ੁਫ਼ੀ :- 1813 ਈ. ਵਿਚ ਪਟਨਾ ਦੇ ਰਈਸ ਮੁਹੰਮਦ ਰਜਾ ਨੇ 'ਨਗਮਤੇ ਆਸ਼ੁਫ਼ੀ' ਨਾਮਕ ਪੁਸਤਕ ਦੀ ਰਚਨਾ ਕੀਤੀ ਸੀ। ਉਹਨਾਂ ਨੇ ਪ੍ਰਚਲਿਤ ਰਾਗ-ਰਾਗਣੀ ਪੱਧਤੀ ਨੂੰ ਅਵਿਗਿਆਨਕ ਅਤੇ ਕੋਰੀ ਕਲਪਨਾ ਕਹਿ ਕੇ ਨਕਾਰਿਆ ਤੇ ਉਸ ਵਿਚ ਬਦਲਾ ਕਰਕੇ ਆਪਣਾ ਇਕ ਨਵਾਂ ਮਤ ਪ੍ਰਚਾਰਿਤ ਕਰਨ ਦਾ ਬੀੜਾ ਚੁਕਿਆ। ਉਹਨਾਂ ਨੇ ਆਪਣੇ ਮੁਖ ਰਾਗ-ਭੈਰਵ, ਮਾਲਕੌਂਸ, ਹਿੰਡੋਲ, ਸ੍ਰੀ, ਮੇਘ ਅਤੇ ਨਟ ਰਾਗ ਸਵੀਕਾਰ ਕੀਤੇ। ਇਹਨਾਂ ਨੇ ਪਹਿਲੀ ਵਾਰ ਬਿਲਾਵਲ ਥਾਟ ਨੂੰ ਸੁਧ ਥਾਟ ਸਵੀਕਾਰ ਕੀਤਾ।

ਬਹਾਦੁਰ ਸ਼ਾਹ ਜਫਰ (1837-1857):- ਮੁਗਲ ਵੰਸ਼ ਦਾ ਅੰਤਿਮ ਬਾਦਸ਼ਾਹ ਬਹਾਦੁਰ ਸ਼ਾਹ ਜਫ਼ਰ ਸੀ। ਇਸ ਦੇ ਦਰਬਾਰ ਵਿਚ ਗਾਲਿਬ ਜੋਕ ਵਰਗੇ ਉਘੇ ਕਵੀ ਸ਼ਾਇਰ ਵੀ ਮੌਜੂਦ ਸਨ। ਇਹ ਆਪ ਸ਼ਾਇਰੀ ਕਰਦੇ ਸਨ ਤੇ ਅਜ ਵੀ ਇਹਨਾਂ ਦੀਆਂ ਗਜਲਾਂ ਪ੍ਰਸਿੱਧ ਹਨ। ਇਹਨਾਂ ਦੇ ਦਰਬਾਰ ਵਿਚ ਕੁਤਬ ਬਖ਼ਸ਼ੂ ਜਿਹਨਾਂ ਨੂੰ ਤਾਨਰਸ ਖ਼ਾਂ ਦੇ ਨਾਮ ਨਾਲ ਪ੍ਰਸਿੱਧੀ ਪ੍ਰਾਪਤ ਹੋਈ ਦਰਬਾਰੀ ਕਲਾਕਾਰ ਸਨ। ਮੀਆਂ ਅਰਪਨ, ਤਾਨਰਸ ਖ਼ਾਂ ਦੇ ਉਸਤਾਦ ਸਨ।

Sri Satguru Jagjit Singh Ji eLibrary NamdhariElibrary@gmail.com

ਪ੍ਰੋ: ਮੌਲਾ ਬਖਸ਼ :- 1833 ਈ: ਵਿਚ ਇਕ ਵਿਲੱਖਣ ਵਿਅਕਤੀ ਦਾ ਜਨਮ ਹੋਇਆ ਜੋ ਉੱਤਰੀ ਅਤੇ ਦੱਖਣੀ ਦੋਨਾਂ ਪੱਧਤੀਆਂ ਦਾ ਵਿਦਵਾਨ ਸੀ। ਮਹਾਰਾਜ ਬੜੌਦਾ ਸ੍ਰੀ ਮੀਆਂ ਜੀਰਾਵ ਦੀ ਪ੍ਰੇਰਣਾ ਸਦਕਾ ਬੜੌਦਾ ਵਿਖੇ ਕਾਲਿਜ ਆਫ ਇੰਡੀਅਨ ਮਿਊਜਿਕ ਦੀ ਸਥਾਪਨਾ ਕੀਤੀ ਗਈ। ਪ੍ਰੋ: ਮੌਲਾ ਬਖ਼ਸ਼ ਨੇ ਇਕ ਨਵੀਂ ਸੁਰਲਿਪੀ ਵੀ ਤਿਆਰ ਕੀਤੀ, ਜੋ ਅੱਜਕਲ ਵਰਤੋਂ ਵਿਚ ਨਹੀਂ ਹੈ।

ਸੰਗੀਤ ਰਾਗ ਕਲਪਦਰੁਮ :- 1942 ਵਿਚ ਕਿਸ਼ਨਾਂ ਨੰਦ ਵਿਆਸ ਵਿਦਵਾਨੇ ਦੁਆਰਾ ਇਕ ਵਿਸ਼ਾਲ ਗ੍ਰੰਥ ਤਿਆਰ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਧਰੁਪਦ, ਧਮਾਰ, ਖਿਆਲ, ਤਰਾਨਾ ਆਦਿ ਇਕੱਤਰਿਤ ਕਰਕੇ ਲਿਖੇ ਗਏ। ਇਸ ਗ੍ਰੰਥ ਦੀਆਂ ਤਿੰਨ ਜਿਲਦਾਂ ਹਨ। ਇਹਨਾਂ ਬੰਦਸ਼ਾ ਨੂੰ ਸੁਰਲਿਪੀ ਤੋਂ ਬਿਨਾਂ ਹੀ ਲਿਖਿਆ ਜਾਣ ਕਾਰਨ ਬਹੁਤਾ ਲਾਭ ਨਹੀਂ ਉਠਾਇਆ ਜਾ ਸਕਦਾ। ਇਸ ਗ੍ਰੰਥ ਤੋਂ ਪਤਾ ਚਲਦਾ ਹੈ ਕਿ ਭਾਰਤੀ ਸੰਗੀਤ ਦਾ ਖੇਤਰ ਕਿਨਾਂ ਵਿਸ਼ਾਲ ਸੀ। ਜੇਕਰ ਇਹਨਾਂ ਰਚਨਾਵਾਂ ਦੀ ਸੁਰਲਿਪੀ ਲਿਖੀ ਗਈ ਹੁੰਦੀ ਤਾਂ ਉਹ ਇੱਕ ਲਾਜਵਾਬ ਗ੍ਰੰਥ ਹੁੰਦਾ। ਫਿਰ ਵੀ ਇਹ ਇਕ ਵੱਡਮੁਲਾ ਅਤੇ ਸ਼ਲਾਘਾਯੋਗ ਕੰਮ ਸੀ।

ਮਾਦਨੁਲ ਮੌਸੀਕੀ :- ਮੁਹੰਮਦ ਕਰਮ ਇਮਾਮ ਦੁਆਰਾ ਇਹ ਪੁਸਤਕ ਲਿਖੀ ਗਈ ਜਿਸ ਵਿਚ ਕਲਾਕਾਰਾਂ ਦੇ ਛੇ ਵਰਗ ਦਰਸਾਏ ਗਏ ਹਨ ਜਿਵੇਂ ਪੰਡਿਤ, ਗੁਣੀ, ਗੰਧਰਵ, ਗਾਇਕ, ਨਾਇਕ, ਕਲਾਵੰਤ ਆਦਿ। ਇਹਨਾਂ ਨੇ ਇਸ ਗ੍ਰੰਥ ਵਿਚ 12 ਸੁਰਾਂ ਦੇ ਅਰਥਾਤ ਸੁਧ ਅਤੇ ਕੋਮਲ ਸੁਰਾਂ ਦੇ ਨਾਮ ਆਪਣੇ ਹੀ ਤਰੀਕੇ ਨਾਲ ਦਿੱਤੇ ਹਨ।

ਰਾਜਾ ਸੁਰਿੰਦਰ ਮੋਹਨ ਟੈਗੋਰ :- ਬੰਗਾਲ ਦੇ ਰਾਜਾ ਸੁਰਿੰਦਰ ਮੋਹਨ ਟੈਗੋਰ ਬੜੇ ਸੰਗੀਤ ਪ੍ਰੇਮੀ ਵਿਦਵਾਨ ਸਨ। ਇਹਨਾਂ ਨੇ ਪੁਸਤਕਾਂ ਦੁਆਰਾ ਸੰਗੀਤ ਪ੍ਰਚਾਰ ਕੀਤਾ। ਇਕ ਪੁਸਤਕ ਯੂਨੀਵਰਸਲ ਹਿਸਟਰੀ ਆਫ਼ ਮਿਊਜਿਕ ਉਲੇਖ ਯੋਗ ਹੈ। ਇਹਨਾਂ ਇਕ ਸੰਗੀਤ ਵਿਦਿਆਲਿਆ ਵੀ ਕਾਇਮ ਕੀਤਾ, ਜਿੱਥੇ ਸੰਗੀਤ ਸਿਖਿਆ ਦਾ ਚੰਗਾ ਪ੍ਰਬੰਧ ਸੀ। 1914 ਈਸਵੀ ਵਿਚ ਇਹਨਾਂ ਦਾ ਦਿਹਾਂਤ ਹੋ ਗਿਆ ਜੋ ਕਿ ਸੰਗੀਤ ਜਗਤ ਵਿਚ ਨਾ ਪੁਰਾ ਹੋਣ ਵਾਲਾ ਘਾਟਾ ਸੀ।

ਰਾਗਾਂਗ ਪੱਧਤੀ :- ਸੋਮੇਸ਼ਵਰ ਖਰੇ ਨਾਮਕ ਵਿਦਵਾਨ ਨੇ 1889 ਈਸਵੀ ਵਿਚ ਜਨਮ ਲਿਆ। ਇਹਨਾਂ ਨੇ ਰਾਗਾਂ ਰਾਗਣੀ ਅਤੇ ਥਾਟ ਰਾਗ ਪੱਧਤੀ ਦੀ ਜਗ੍ਹਾ ਰਾਗਾਗ ਪੱਧਤੀ ਦਾ ਨਿਰਮਾਣ ਕੀਤਾ। ਇਸ ਪੱਧਤੀ ਵਿਚ ਮੁੱਖ 30 ਰਾਗਾਂ ਦੇ ਆਧਾਰ ਤੇ ਰਾਗ-ਅੰਗ ਕਾਇਮ ਕੀਤੇ ਜਿਵੇਂ ਦੁਰਗਾ, ਕੇਦਾਰ, ਭੈਰਵ, ਦੇਸ, ਤੋੜੀ, ਕਾਨ੍ਹੜਾ, ਮਲ੍ਹਾਰ ਆਦਿ ਅੰਗ। ਇਹ ਪੱਧਤੀ ਅੱਜ ਵੀ ਪ੍ਰਚਾਰ ਵਿਚ ਹੈ।

ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਤੇ :- ਮਹਾਂਰਾਸ਼ਟਰ ਵਿਚ ਬਾਲਾਕੇਸ਼ਵਰ ਨਾਮਕ ਸਥਾਂਨ ਤੇ ਇਕ ਮਹਾਨ ਸੰਗੀਤ ਉਦਾਰਕ ਦਾ ਜਨਮ 10 ਅਗਸਤ 1860 ਈਸਵੀ ਨੂੰ ਹੋਇਆ। 1883 ਈਸਵੀ ਵਿਚ ਬੀ.ਏ ਅਤੇ 1890 ਈਸਵੀ ਵਿਚ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ। ਕਰਾਚੀ ਵਿਖੇ ਵਕਾਲਤ ਅਰੰਭ ਕੀਤੀ ਪਰ ਇਹਨਾਂ ਦਾ ਮਨ ਉਸ ਕਿੱਤੇ ਵਿਚ ਨਾ ਲਗਿਆ। ਉਨਾਂ ਦਿਨਾਂ ਵਿਚ ਜੋ ਸੰਗੀਤ ਅਤੇ ਸੰਗੀਤਕਾਰਾਂ ਦੀ ਅਵਸਥਾ ਵੇਖਕੇ ਇਹਨਾਂ ਨੇ ਸੰਗੀਤ ਪ੍ਰਤੀ ਸੇਵਾ ਕਰਨ ਦਾ ਸੰਕਲਪ ਲਿਆ ਅਤੇ 1904 ਈਸਵੀਂ ਤੋਂ ਭਾਰਤ ਭਰਮਨ ਆਰੰਭਿਆ। ਅਨੇਕਾਂ ਨਗਰਾਂ ਵਿਚ ਗਏ। ਅਨੇਕਾਂ ਗੁਣੀਜਨਾਂ ਪਾਸੋਂ ਰਾਗਾਂ ਦੀਆਂ ਬੰਦਸ਼ਾਂ ਪ੍ਰਾਪਤ ਕੀਤੀਆਂ। ਸੰਗੀਤ ਸ਼ਾਸ਼ਤਰਾਂ ਦਾ ਅਧਿਐਨ ਕੀਤਾ। ਇਕ ਨਵੀ ਸੁਰਲਿਪੀ ਦਾ ਆਵਿਸ਼ਕਾਰ ਕਰਕੇ ਸਾਰੀਆਂ ਬੰਦਸ਼ਾਂ ਨੂੰ ਸੁਰਲਿਪੀ ਬੱਧ ਕੀਤਾ ਅਤੇ ਕਈ ਭਾਗਾਂ ਵਿਚ ਪੁਸਤਕਾਂ ਤਿਆਰ ਕੀਤੀਆਂ। ਸ਼ਾਸ਼ਤਰ ਸੰਬੰਧੀ ਵੀ ਗ੍ਰੰਥ ਲਿਖੇ।

Sri Satguru Jagjit Singh Ji eLibrary NamdhariElibrary@gmail.com

ਥਾਟ ਰਾਗ ਪੱਧਤੀ ਦਾ ਨਿਰਮਾਣ :- ਪੰਡਿਤ ਜੀ ਨੂੰ ਪ੍ਰਚਲਿਤ ਰਾਗ ਰਾਗਣੀ ਪੱਧਤੀ ਇਕ ਕਲਪਨਾ ਹੀ ਪ੍ਰਤੀਤ ਹੋਈ। ਇਹਨਾ ਨੇ ਦੱਖਣ ਦੇ ਵਿਦਵਾਨ ਵਿਅੰਕਟ ਮੁੱਖੀ ਦੁਆਰਾ ਗਣਿਤ ਦੇ ਆਧਾਰਿਤ 72 ਥਾਟਾਂ ਦਾ ਨਿਯਮ ਸਵੀਕਾਰ ਕੀਤਾ ਅਤੇ ਉਸੇ ਤਰੀਕੇ ਨਾਲ ਉੱਤਰੀ ਸੰਗੀਤ ਸ਼ੈਲੀ ਵਿਚ ਪ੍ਰਚਲਿਤ 12 ਸੁਰਾਂ ਤੋਂ 32 ਥਾਟਾਂ ਦਾ ਨਿਰਮਾਣ ਕੀਤਾ। ਇਨਾਂ 32 ਥਾਟਾਂ ਤੋਂ ਆਪ ਜੀ ਨੇ ਕੇਵਲ ਦਸ ਮੁੱਖ ਥਾਟ ਚੁਣੇ ਅਤੇ ਸਾਰੇ ਰਾਗਾਂ ਦਾ ਵਰਗੀਕਰਣ ਇਹਨਾਂ ਥਾਂਟਾਂ ਦੇ ਅਧਾਰ ਤੇ ਕੀਤਾ। ਕਈ ਰਾਗ ਅਜਿਹੇ ਵੀ ਹਨ ਜੋ ਇਹਨਾ ਦਸ ਥਾਟਾ ਵਿਚ ਨਹੀਂ ਸਮਾਉਂਦੇ।

ਸੰਗੀਤ ਕਾਨਫ਼ਰੰਸਾਂ :- ਭਾਤਖੰਡੇ ਜੀ ਨੇ ਚਾਰ ਵੱਖ-ਵੱਖ ਥਾਵਾਂ ਉਤੇ ਸੰਗੀਤ ਕਾਨਫ਼ਰੰਸਾਂ ਕਰਵਾਈਆਂ ਜਿਸ ਵਿਚ ਰਾਜ ਘਰਾਣਿਆ ਨੇ ਵੀ ਸਹਿਯੋਗ ਦਿੱਤਾ। ਅਨੇਕਾਂ ਗੁਣੀ-ਜਨਾਂ ਇਹਨਾਂ ਵਿਚ ਸ਼ਾਮਿਲ ਹੋਏ ਅਤੇ ਵਿਚਾਰ ਵਟਾਂਦਰਾ ਕਰਕੇ ਕਈ ਫੈਸਲੇ ਕੀਤੇ ਗਏ। ਬੜੋਦਾ, ਲਖਨਊ, ਗਵਾਲੀਅਰ ਆਦਿ ਸਥਾਂਨਾਂ ਉਤੇ ਸੰਗੀਤ ਵਿਦਿਆਲੇ ਸਥਾਪਿਤ ਕੀਤੇ ਗਏ। ਲਖਨਊ ਵਿਚ ਮੈਰਿਸ ਮਿਊਜਿਕ ਕਾਲਿਜ ਜਿਸ ਨੂੰ ਹੁਣ ਭਾਤਖੰਡੇ ਯੂਨੀਵਰਸਿਟੀ ਆਫ਼ ਮਿਊਜਿਕ ਕਿਹਾ ਜਾਂਦਾ ਹੈ, ਸਭ ਤੋਂ ਪ੍ਰਮੁੱਖ ਹੈ। ਪੰਡਿਤ ਜੀ ਦੁਆਰਾ ਤਿਆਰ ਕੀਤੀ ਗਈ ਸੁਰਲਿੱਪੀ ਅੱਜ ਸਾਰੇ ਭਾਰਤ ਵਿਚ ਪ੍ਰਚਲਿਤ ਹੈ। ਇਹਨਾਂ ਨੇ ਰਾਗਾਂ ਦੇ ਲਕਛਣ ਗੀਤਾਂ ਦੀਆ ਰਚਨਾਂਵਾਂ ਵੀ 'ਚਤੁਰ' ਉਪਨਾਂਮ ਨਾਲ ਕੀਤੀਆਂ। ਇਹਨਾਂ ਦੀ ਸੰਗੀਤ ਜਗਤ ਨੂੰ ਇਹ ਇੱਕ ਵੱਡੀ ਦੇਣ ਹੈ ਜੋ ਹਮੇਸ਼ਾ ਯਾਦ ਕੀਤੀ ਜਾਵੇਗੀ।

ਉਸਤਾਦ ਫ਼ੈਯਾਜ਼ ਖਾਂ :- ਸੰਗੀਤ ਵਿਚ ਆਗਰਾ ਘਰਾਣੇ ਦਾ ਨਾਮ ਲੈਂਦੇ ਹੀ ਆਫਤਾਬ-ਏ- ਮੋਸੀਕੀ ਉਸਤਾਦ ਫੈਯਾਜ਼ ਖ਼ਾਂ ਦਾ ਨਾ ਉਤਰ ਆਉਂਦਾ ਹੈ। ਉਸਤਾਦ ਫੈਯਾਜ਼ ਖ਼ਾਂ ਵੀਹਵੀ ਸਦੀਂ ਦੇ ਇਕ ਉਘੇ ਗਾਇਕ ਹੋਏ ਹਨ। ਖ਼ਾਂ ਸਾਹਿਬ ਹਰ ਪ੍ਰਕਾਰ ਦੀ ਗਾਇਕੀ ਗਾਨ ਵਿਚ ਮਾਹਰ ਸਨ। ਧਰੁਪਦ, ਧਮਾਰ, ਖਿਆਲ, ਠੁਮਰੀ, ਤਰਾਨਾਂ, ਦਾਦਰਾ, ਆਦਿ ਪ੍ਰਚਲਿਤ ਗਾਇਨ ਸ਼ੈਲੀਆਂ ਤੋਂ ਲੈਕੇ ਟੱਪਾ, ਦਾਦਰਾ ਇਕੋ ਜਿਹੀ ਨਿਪੁੰਨਤਾ ਨਾਲ ਗਾਉਂਦੇ ਸਨ। ਆਗਰਾ ਘਰਾਣਾਂ ਦੀ ਗਾਇਕੀ ਇਹਨਾਂ ਨਾਲ ਬੇਹੱਦ ਪ੍ਰਸਿੱਧ ਹੋਈ। ਇਹਨਾਂ ਪਾਸੋਂ ਕਈ ਸ਼ਾਗਿਰਦਾਂ ਨੇ ਸੰਗੀਤ ਸਿੱਖਿਆ ਪ੍ਰਾਪਤ ਕੀਤੀ ਜਿੰਨਾਂ ਵਿਚੋਂ ਦਲੀਪ ਚੰਦਰ ਬੇਦੀ, ਪ੍ਰੋ. ਸੋਹਣ ਸਿੰਘ, ਦੀਪਾਲੀ, ਨਾਗ, ਸ੍ਰੀ ਕਰਿਸ਼ਨ ਰਤਨਜਨਕਰ, ਲਤਾਫਤ ਹੁਸੈਨ ਖ਼ਾਨ, ਖਾਦਿਮ ਹਸੈਨ ਖਾਂ, ਅਜਮਤ ਹੁਸੈਨ ਖਾਂ, ਆਸ਼ਕ ਅਲੀ, ਕੇ.ਐਲ.ਸਹਿਗਲ, ਮਲਕਾ ਜਾਨ ਆਦਿ। ਉਸਤਾਦ ਫੈਯਾਜ਼ ਖ਼ਾਂ ਨੇ ਪ੍ਰੇਮ ਪਿਆਰ ਦੇ ਉਪ ਨਾਂਮ ਨਾਲ ਅਨੇਕਾਂ ਰਚਨਾਵਾਂ ਕੀਤੀਆਂ। ਆਗਰਾ ਘਰਾਣੇ ਦੀਆਂ ਅਨੇਕਾਂ ਬੰਦਸ਼ਾਂ ਭਾਤਖੰਡੇ ਜੀ ਨੇ ਆਪਣੀਆ ਪੁਸਤਕਾ ਵਿਚ ਵੀ ਸ਼ਾਮਿਲ ਕੀਤੀਆਂ। ਭਾਂਤਖੰਡੇ ਇਹਨਾਂ ਤੋਂ ਬੜੇ ਪ੍ਰਭਾਵਿਤ ਸਨ। ਇਹਨਾਂ ਨੂੰ ਆਫ਼ ਤਾਂਬੇ-ਮੌਸੀਕੀ ਦੀ ਉਪਾਧੀ ਪ੍ਰਾਪ ਦਿੱਤੀ। ਆਖਿਰ 5 ਨਵੰਬਰ 1950 ਨੂੰ ਬੜੋਦਾ ਵਿਖੇ ਇਹਨਾਂ ਦਾ ਦੇਹਾਂਤ ਹੋ ਗਿਆ, ਆਪ ਨੇ ਧਮਾਰ ਅਤੇ ਅਲਾਪ ਦੀ ਕਠਿਨ ਅਤੇ ਉੱਤਮ ਸੈਲੀ ਨੂੰ ਬੜੀ ਲੋਕ ਪ੍ਰਿਆ ਬਣਾਇਆ।

ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ :- 18 ਅਗਸਤ 1872 ਈਸਵੀ ਨੂੰ ਇਹਨਾਂ ਦਾ ਜਨਮ ਕਰੁੰਦਵਾੜ ਵਿਖੇ ਹੋਇਆ। 12 ਵਰਿਆਂ ਦੀ ਉਮਰ ਵਿਚ ਦੀਵਾਲੀ ਦੇ ਅਵਸਰ ਉਤੇ ਪਟਾਖੇ ਚਲਾਉਂਦਿਆਂ ਇਕ ਚਿੰਗਾਰੀ ਇਹਨਾਂ ਦੀ ਅੱਖ ਵਿਚ ਪੈ ਗਈ, ਜਿਸ ਨਾਲ ਇਹਨਾਂ ਦੀ ਜੋਤੀ ਹਮੇਸ਼ਾ ਲਈ ਘੱਟ ਗਈ। ਪੜਾਈ ਬੰਦ ਹੋ ਗਈ ਅਤੇ ਉਸਦੇ ਸਥਾਨ ਤੇ ਸੰਗੀਤ ਵਿਦਿਆ ਦੀ ਤਾਲੀਮ ਆਰੰਭ ਹੋ ਗਈ। ਪ੍ਰੋ: ਬਾਲ ਕਰਿਸ਼ਨ ਇਚਲਕਰੰਜੀਕਰ ਪਾਸੋ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਕਈ ਕਈ ਘੰਟੇ ਸੰਗੀਤ ਅਭਿਆਸ ਵਿਚ ਗੁਜ਼ਰਦੇ ਸਨ। ਇਨ੍ਹਾਂ ਦਿਨਾਂ ਵਿਚ ਸੰਗੀਤ ਨੂੰ ਕੋਈ ਚੰਗੀ ਨਜ਼ਰ ਨਾਲ ਵੇਖਿਆ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ ਜਾਂਦਾਂ। ਪਲੁਸਕਰ ਜੀ ਨੇ ਇਸ ਦਾ ਕਾਰਨ ਲੱਭ ਹੀ ਲਿਆ ਅਤੇ ਸੰਤਾਂ ਦੀ ਬਾਣੀ ਨੂੰ ਰਾਗ ਬੱਧ ਕੀਤਾ ਅਤੇ ਅਸ਼ਲੀਲ ਗੀਤਾਂ ਦਾ ਤਿਆਗ ਕਰ ਦਿੱਤਾ। ਮਈ 1901 ਨੂੰ ਇਹਨਾਂ ਨੇ ਲਾਹੌਰ ਵਿਖੇ ਸੰਗੀਤ ਮਹਾਂਵਿਦਿਆਲਿਆ ਦੀ ਸਥਾਪਨਾਂ ਕੀਤੀ ਤੇ ਅਨੇਕਾਂ ਵਿਦਿਆਰਥੀਆਂ ਨੇ ਉਹਨਾਂ ਪਾਸੋ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਦੇ ਅਨੇਕਾਂ ਚੇਲੇ ਸਨ ਜਿੰਨ੍ਹਾਂ ਵਿਚੋਂ ਉਕਾਂਰ ਨਾਥ ਠਾਕੁਰ, ਵਿਨਾਇਕ ਰਾਵ ਪਟਵਰਧਨ, ਨਾਰਾਇਨ ਰਾਵ ਵਿਆਸ, ਬੀ.ਆਰ ਦੇਵਧਰ ਆਦਿ ਦੇ ਨਾਂਮ ਉਲੇਖ ਯੋਗ ਹਨ। ਲਾਹੌਰ ਤੋਂ ਬਾਅਦ 1908 ਈਸਵੀ ਵਿਚ ਬੰਬਈ ਵਿਖੇ ਗੰਧਰਵ ਮਹਾਂਵਿਦਿਆਲਿਆ ਦੀ ਸ਼ਾਖ ਸਥਾਪਿਤ ਕੀਤੀ।

ਆਪ ਜੀ ਦੀ ਲਾਹੌਰ ਤੋਂ ਮਿੰਟਗੁਮਰੀ ਜਾਂਦੇ ਹੋਏ ਗੱਡੀ ਵਿਚ ਇਕ ਅੰਗਰੇਜ਼ ਸੰਗੀਤਕਾਰ ਨਾਲ ਭੇਂਟ ਹੋਈ ਜਿਸ ਦੀ ਪ੍ਰੇਰਣਾਂ ਦੁਆਰਾ ਆਪ ਜੀ ਨੇ ਇੱਕ ਸੁਰ ਲਿਪੀ ਬਣਾਈ। ਇਸ ਲਿਖਤ ਨੂੰ ਤਿੰਨ ਸ਼ਤਰਾਂ ਵਿਚ ਲਿਖਿਆ ਜਾਂਦਾਂ ਸੀ। ਇਹਨਾਂ ਲਾਇਨਾਂ ਦਾ ਮੰਦਰ, ਮਧ ਅਤੇ ਤਾਰ ਸਪਤਕਾਂ ਲਈ ਪ੍ਰਯੋਗ ਕੀਤਾ ਜਾਂਦਾ ਸੀ ਪਰ ਅੱਜ ਕਲ ਉਨ੍ਹਾਂ ਵਿਚ ਕਾਫੀ ਅੰਤਰ ਆ ਚੁਕਿਆ ਹੈ। ਇਸ ਨੋਟੇਸ਼ਨ ਨੂੰ ਵਿਸ਼ਨੂੰ ਦਿਗੰਬਰ ਸੁਰਲਿਪੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹਨਾਂ ਨੇ 50 ਪੁਸਤਕਾਂ ਵੀ ਲਿਖੀਆਂ ਤੇ ਆਪਣਾ ਸਾਰਾ ਜੀਵਨ ਸੰਗੀਤ ਪ੍ਰਚਾਰ ਵਿਚ ਲਗਾ ਦਿੱਤਾ। ਅੰਤਿਮ ਦਿਨਾਂ ਵਿਚ ਪੁਲਸਕਰ ਜੀ ਨਾਸਿਕ ਚਲੇ ਗਏ ਤੇ ਇਕ ਆਸ਼ਰਮ ਵਿਚ 'ਰਘੂ ਪਤੀ ਰਾਘਵ ਰਾਜਾ ਰਾਮ' ਧੁਨ ਦਾ ਗਾਇਨ ਕਰਦੇ ਹੋਏ 21 ਅਗਸਤ 1931 ਈਸਵੀ ਨੂੰ ਇਸ ਪੰਚ ਭੌਤਿਕ ਸ਼ਰੀਰ ਦਾ ਤਿਆਗ ਕਰਕੇ ਪ੍ਰਲੋਕ ਸਿਧਾਰ ਗਏ।
ਇਹਨਾਂ ਦੀਆਂ ਲਿਖੀਆਂ ਕੁਝ ਪੁਸਤਕਾਂ ਇਸ ਪ੍ਰਕਾਰ ਹਨ :-

1) ਸੰਗੀਤ ਬਾਲ ਪ੍ਰਕਾਸ਼
2) ਸੰਗੀਤ ਬਾਲਬੋਧ
3) ਮਹਿਲਾ ਸੰਗੀਤ
4) ਭਗਤ ਪ੍ਰੇਮ ਲਹਿਰੀ
5) ਮਿਰਦੰਗ ਅਤੇ ਤਬਲੇ ਦੀ ਪੁਸਤਕ
6) ਸੰਗੀਤ ਤਤਵ ਦਾਰਸ਼ਨ ਆਦਿ।

ਸੰਗੀਤ ਘਰਾਣੇ :- ਭਾਰਤੀ ਸੰਗੀਤ ਵਿਚ ਘਰਾਣਿਆਂ ਦਾ ਬੜਾ ਮਹੱਤਵ ਮੰਨਿਆ ਗਿਆ ਹੈ। ਘਰਾਣੇ ਸਾਡੀ ਪ੍ਰੰਪਰਾਗਤ ਸੰਗੀਤ ਸਿਖਿਆ ਦੇ ਪ੍ਰਤੀਕ ਹਨ। ਆਧੁਨਿਕ ਕਾਲ ਵਿਚ ਸੰਗੀਤ ਦੇ ਕਈ ਘਰਾਣੇ ਆਪਣੀ-ਆਪਣੀ ਵਿਲੱਖਣਤਾ ਲਈ ਪ੍ਰਸਿੱਧ ਹੋਏ। ਸਭ ਤੋਂ ਪੁਰਾਣਾਂ ਘਰਾਣਾਂ ਗਵਾਲੀਅਰ ਕਿਹਾ ਜਾ ਸਕਦਾ ਹੈ। ਕਈ ਕਲਾਕਾਰ ਗਵਾਲੀਅਰ ਤੋਂ ਸੰਗੀਤ ਸਿੱਖਿਆ ਪ੍ਰਾਪਤ ਕਰਕੇ ਆਪਣੇ ਪ੍ਰਾਤਾਂ ਵਿਚ ਚਲੇ ਗਏ ਤੇ ਉਹਨਾਂ ਦੀ ਪ੍ਰਸਿੱਧੀ ਉਹਨਾਂ ਦੇ ਘਰਾਣੇ ਸੰਬਧਿਤ ਸਥਾਨਾਂ ਨਾਲ ਹੋ ਗਈ। ਜਿਸ ਨਾਲ ਕਈ ਨਵੇਂ ਘਰਾਣੇ ਉਭਰਦੇ ਤੇ ਵਿਕਾਸ ਕਰਦੇ ਅਤੇ ਸਮੇਂ ਦੀ ਰਫਤਾਰ ਵਿਚ ਵਿਲੀਨ ਹੁੰਦੇ ਗਏ। ਕੁਝ ਘਰਾਣੇ ਇਸ ਪ੍ਰਕਾਰ ਹਨ :-

1. ਗਵਾਲੀਅਰ ਘਰਾਣਾ
2. ਆਗਰਾ ਘਾਰਾਣਾ (ਰੰਗੀਲਾ ਘਰਾਣਾ)
3. ਕਿਰਾਨਾ ਘਰਾਣਾ
4. ਪਟਿਆਲਾ ਘਰਾਣਾ
5. ਦਿੱਲੀ ਘਰਾਣਾ
6. ਜੈਪੁਰ ਘਰਾਣਾ (ਸੇਨੀਆ ਘਰਾਣਾ)

ਕਈ ਹੋਰ ਘਰਾਣੇ ਜਿਵੇਂ, ਅਤਰੋਲੀ, ਭਿੰਡੀਬਾਜਾਰ, ਅਲਾਦਿਆ ਖਾਂ, ਸਹਾਰਨਪੁਰ, ਰਾਮਪੁਰ, ਖੁਰਜਾ, ਸਹਿਸਵਾਨ, ਸ਼ਾਮ ਚੌਰਾਸੀ, ਤਲਵੰਡੀ, ਕਸੂਰ ਘਰਾਣਾ ਆਦਿ। ਇੰਦੌਰ ਘਰਾਣਾ, ਉਸਤਾਦ ਅਮੀਰ ਖ਼ਾਂ ਦੇ ਕਾਰਨ ਹੋਂਦ ਵਿਚ ਆਇਆ। ਹੁਣ ਇਸ ਘਰਾਣੇ ਦੇ ਕਈ ਸ਼ਾਗਿਰਦ ਹਨ।

ਸਵਾਤੀ ਘਰਾਣਾ ਪੰਡਿਤ ਜਸ ਰਾਜ ਦੇ ਕਾਰਨ ਪ੍ਰਸਿੱਧ ਹੋਇਆ। ਅੱਜ-ਕਲ ਇਹਨਾਂ ਦੇ ਕਈ ਸ਼ਾਗਿਰਦ ਇਸ ਘਰਾਣੇ ਦਾ ਝੰਡਾ ਉੱਚਾ ਕਰ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਗਾਇਨ ਦੀ ਤਰ੍ਹਾਂ ਵਾਦਨ ਦੇ ਵੀ ਘਰਾਣੇ ਹਨ ਜਿਵੇ ਸਿਤਾਰ, ਸਰੋਦ, ਤਬਲਾ, ਪਖਾਵਜ ਦੇ ਵੀ ਘਰਾਣੇ ਹਨ ਜਿਵੇਂ ਗੌਰੀ ਪੁਰ, ਮੇਹਰ ਘਰਾਣਾਂ ਜੋ ਰਾਮਪੁਰ (ਵਜੀਰ ਖਾਂ) ਦੀ ਸ਼ਾਖਸੀ ਸੀ । ਗਵਾਲੀਅਰ ਦੇ ਹਾਫਿਜ਼ ਅਲੀ ਦਾ ਸਰੋਦ ਦਾ ਘਰਾਣਾ ਜਿਸ ਨੂੰ ਅਮਜਦ ਅਲੀ ਖਾਂ ਨੇ ਸੰਸਾਰ ਪ੍ਰਸਿਧ ਕੀਤਾ । ਉਹਨਾਂ ਘਰਾਣੇਦਾਰ ਸੰਗੀਤਕਾਰਾਂ ਨੇ ਸੰਗੀਤ ਕਲਾ ਦਾ ਅਭਿਆਸ ਕਰਾਕੇ ਇਸ ਕਲਾ ਨੂੰ ਜਨਤਾ ਤੱਕ ਪਹੁੰਚਾਇਆ ਅਤੇ ਆਪਣੇ ਸ਼ਾਗਿਰਦਾਂ ਨੂੰ ਸਿੱਖਿਆ ਵੀ ਦਿੱਤੀ । ਇਹ ਲੋਕ ਸੰਗੀਤ ਦੀ ਸਿੱਖਿਆ ਹੀ ਦਿੰਦੇ ਹਨ । ਜੋ ਮੰਚ ਪ੍ਰਦਰਸ਼ਨ ਲਈ ਜ਼ਰੂਰੀ ਹੈ । ਸਕੂਲਾਂ, ਕਾਲਜਾਂ ਦੀ ਸਿੱਖਿਆ ਉਸ ਦੀ ਬਰਾਂਚ ਹੀ ਹੈ ਪਰ ਇਕ ਨਿਵੇਕਲਾ ਸਥਾਂਨ ਰਖਦੀ ਹੈ । ਕਿਉਂਕਿ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਸ਼ਸ਼ਤਰ, ਲਿਖਨ ਪੜਨ ਦੇ ਨਾਲ ਨੀਅਮਤ ਕੋਰਸ ਤਿਆਰ ਕਰਨਾ ਹੁੰਦਾ ਹੈ । ਉਹ ਇਸ ਨੂੰ ਇਕ ਵਿਸ਼ੇ ਤੇ ਰੂਪ ਵਿਚ ਪੜਦਾ ਹੈ ਅਤੇ ਘਰਾਣਾ ਦਾ ਸ਼ਾਗਿਰਦ ਇਸ ਨੂੰ ਮੰਚ ਪ੍ਰਦਰਸ਼ਨ ਲਈ ਅਤੇ ਇਕ ਵਿਸ਼ੇਸ਼ ਸ਼ੈਲੀ ਦਾ ਅਭਿਆਸ ਕਰਦਾ ਹੈ ।

ਅੱਜ 1947 ਤੋਂ ਬਾਅਦ ਜਦ ਭਾਰਤ ਆਜ਼ਾਦ ਹੋਇਆ ਤਾਂ ਸਰਕਾਰ ਨੇ ਆਪਣੀ ਸੰਸਕ੍ਰਿਤੀ ਨੂੰ ਪੁਨਰ ਜੀਵਤ ਕਰਨ ਦੇ ਕਈ ਉਪਰਾਲੇ ਕੀਤੇ । ਰੇਡਿਓ ਤੋਂ ਭਾਰਤੀ ਸੰਗੀਤ ਦਾ ਪ੍ਰਸਾਰਣ ਦੁਆਰਾ ਸੰਗੀਤਕਾਰਾਂ ਨੂੰ ਪ੍ਰੋਤਸਾਹਨ ਪ੍ਰਾਪਤ ਹੋਣ ਲੱਗਾ, ਕਾਲਜਾਂ, ਸਕੂਲਾਂ ਵਿਚ ਠੀਕ ਵਿਸ਼ੇ ਦੇ ਰੂਪ ਵਿਚ ਇਸ ਨੂੰ ਮਾਨਤਾ ਦਿੱਤੀ ਗਈ ਜਿਸ ਨਾਲ ਕਈ ਸੰਗੀਤ ਅਧਿਆਪਕਾਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ । ਕਈ ਸੰਗੀਤ ਸੰਸਥਾਵਾਂ ਨੇ ਪ੍ਰੀਖਿਆਵਾਂ ਲਈ ਕੋਰਸ ਤਿਆਰ ਕੀਤੇ ਜੋ ਅਧਿਆਪਕ, ਪ੍ਰਾਧਿਆਪਕ ਦੀ ਨਿਯੁਕਤੀ ਲਈ ਮਨਜੂਰ ਕੀਤੇ ਗਏ ਜਿਵੇਂ: ਪ੍ਰਯਾਗ ਸੰਗੀਤ ਸਮਿਤੀ ਇਲਾਹਾਬਾਦ, ਮੈਰਿਸ ਮਿਉਜਿਕ ਕਾਲਜ ਲਖਨਊ, ਗੰਧਰਵ ਮਹਾਂਵਿਦਿਆਲਾ, ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਆਦਿ ।

ਅੱਜ ਦਾ ਯੁੱਗ ਸੰਗੀਤ ਦਾ ਸੁਨਹਿਰੀ ਯੁੱਗ ਹੈ । ਜਿਨਾਂ ਅੱਜ ਇਸ ਕਲਾਂ ਨੂੰ ਮਾਣ ਪ੍ਰਾਪਤ ਹੈ ਇਸ ਤੋਂ ਪਹਿਲਾਂ ਸ਼ਾਇਦ ਹੀ ਪ੍ਰਾਪਤ ਹੋਇਆ ਹੋਵੇਗਾ । ਉਸ ਜ਼ਮਾਨੇ ਵਿਚ ਕਲਾਕਾਰ ਉੱਚ ਕੋਟੀ ਦੇ ਸਨ ਅਤੇ ਪ੍ਰਚਾਰ ਸਾਧਨ ਬੜੇ ਸੀਮਿਤ ਸਨ । ਕਈ ਆਪਣੇ ਆਪ ਨੂੰ ਉੱਚ ਘਰਾਣੇ ਦੇ ਵਿਅਕਤੀ ਸਮਝਦੇ ਸਨ ਅਤੇ ਸੰਗੀਤ ਦਾ ਰਸਪਾਨ ਤਾਂ ਕਰਦੇ ਸਨ ਪਰ ਸੰਗੀਤਕਾਰ ਨੂੰ ਆਦਰ ਦੀ ਭਾਵਨਾਂ ਨਾਲ ਨਹੀਂ ਸਨ ਵੇਖਦੇ । ਪਰ ਅੱਜ ਹਾਲਾਤ ਉਲਟ ਹੋ ਚੁੱਕੇ ਹਨ । ਪ੍ਰਚਾਰ ਸਾਧਨ ਏਨੇ ਵੱਧ ਗਏ ਹਨ ਜਿਵੇਂ ਰੇਡਿਓ, ਟੀ.ਵੀ, ਕਿਤਾਬਾਂ, ਰਸਾਲੇ, ਅਖ਼ਬਾਰਾਂ, ਫੋਟੋ ਗ੍ਰਾਫੀ, ਕੈਸਟ, ਟੀ.ਵੀ. ਆਡੀਓ ਵੀਡੀਓ ਆਦਿ । ਅੱਜ ਸਮਾਜ ਵਿਚ ਸੰਗੀਤ ਨੂੰ ਉੱਚਾ ਦਰਜਾ ਪ੍ਰਾਪਤ ਹੈ । ਉੱਚ ਘਰਾਣੇ ਦੇ ਲੋਕ ਆਪਣੇ ਬੱਚਿਆਂ ਨੂੰ ਸੰਗੀਤ ਸਿਖਾਉਣਾਂ ਆਪਣੀ ਸ਼ਾਨ ਸਮਝਦੇ ਹਨ । ਕਈ ਤਾਂ ਸੰਗੀਤਕਾਰ ਜਾਂ ਸੰਗੀਤ ਅਧਿਆਪਕ ਦਾ ਕਿੱਤਾ ਅਪਣਾਉਣ ਦੇ ਚਾਹਵਾਨ ਹਨ ਅਤੇ ਕਈ ਇਸ ਵਿਚ ਸ਼ਾਮਲ ਹੋ ਚੁੱਕੇ ਹਨ ਕਿਉਂਕਿ ਉਹਨਾਂ ਨੂੰ ਭਾਂਵੇ ਸੰਗੀਤ ਦੇ ਸੰਸਕਾਰ ਪ੍ਰਾਪਤ ਨਹੀਂ ਹੋਏ ਪਰ ਦੇਖਾ ਦੇਖੀ ਸੰਗੀਤ ਵਿਸ਼ਾ ਲੈ ਕੇ ਡਿਗਰੀ ਪ੍ਰਾਪਤ ਕਰਕੇ ਨੌਕਰੀ ਕਰਦੇ ਹਨ ।

ਫਿਲਮ ਖੇਤਰ ਵਿਚ ਵੀ ਅਜਿਹਾ ਹੀ ਹੋ ਰਿਹਾ ਹੈ । ਆਪਣੇ ਲੜਕੇ ਨੂੰ ਫਿਲਮਾਂ ਵਿਚ ਕੰਮ ਕਰਨ ਦੀ ਮਨਾਹੀ ਅਤੇ ਪਤਾ ਚਲ ਜਾਣ ਤੇ ਪੜਤਾੜਨਾਂ ਕਰਨ ਵਾਲੇ ਅੱਜ ਬੜੇ ਮਾਣ ਨਾਲ ਆਪਣੇ ਬੱਚਿਆਂ (ਲੜਕਾ-ਲੜਕੀ) ਨੂੰ ਇਸ ਖੇਤਰ ਵਿਚ ਭੇਜਣ ਦੇ ਇੱਛੁਕ ਹਨ । ਸਫਲਤਾ ਮਿਲਨ ਤੇ ਪ੍ਰਸਿੱਧੀ, ਧਨ, ਯਸ਼, ਸਭ ਕੁਝ ਮਿਲਦਾ ਹੈ ।

ਸੰਗੀਤ ਪ੍ਰਕਾਸ਼ਨ ਸਮੱਗਰੀ :- ਆਧੁਨਿਕ ਯੁਗ ਹਰ ਖੇਤਰ ਵਿਚ ਉੱਨਤੀ ਦੀਆਂ ਸਿਖਰਾਂ ਨੂੰ ਛੋਹ ਰਿਹਾ ਹੈ । ਪੜਾਈ ਲਿਖਾਈ ਦੇ ਸਾਧਨ ਬਹੁਤ ਵੱਧ ਗਏ ਹਨ । ਹਰ ਵਿਅਕਤੀ ਆਪਣੇ ਬੱਚਿਆਂ ਨੂੰ ਵੱਧ ਤੋਂ

Sri Satguru Jagjit Singh Ji eLibrary NamdhariElibrary@gmail.com

ਵੱਧ ਅਤੇ ਉੱਚੀ ਤੋਂ ਉੱਚੀ ਪੜਾਈ ਕਰਵਾਉਣ ਲਈ ਤਿਆਰ ਹੈ। ਪੁਸਤਕਾਂ ਦੀ ਛਪਾਈ ਦੇ ਸਾਧਨ ਵਧੇਰੇ ਪ੍ਰਫੁਲਿਤ ਹੋ ਰਹੇ ਹਨ। ਜਿੱਥੇ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਉਥੇ ਸੰਗੀਤ ਦੀਆਂ ਪੁਸਤਕਾਂ ਵੱਡੀ ਗਿਣਤੀ ਵਿਚ ਛਪ ਚੁੱਕੀਆਂ ਹਨ। ਸਿੱਖਿਆ ਵਿਦਿਆਲੇ ਅਤੇ ਸਿੱਖਿਆ ਸੰਸਥਾਵਾਂ, ਯੂਨੀਵਰਸਿਟੀਆਂ ਵਿਚ ਵੀ ਇਸ ਵਿਸ਼ੇ ਵਿਚ ਰੁਚੀ ਲੈ ਰਹੀਆਂ ਹਨ। ਹਰੇਕ ਸ਼੍ਰੇਣੀ ਦੇ ਅਨੁਸਾਰ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਜਾ ਰਹੀਆਂ ਹਨ। ਦੈਨਿਕ ਅਖਬਾਰਾਂ, ਰਸਾਲੇ, ਮੈਗਜ਼ੀਨ ਆਦਿ ਕਈ ਵਾਰ ਸੰਗੀਤ ਜਾਂ ਸੰਗੀਤਕਾਰਾਂ ਦੇ ਸੰਬੰਧ ਵਿਚ ਜਾਣਕਾਰੀ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਸੰਗੀਤ ਕਲਾ ਵਿਹਾਰ ਮਿਰਜ਼, ਮੈਗਜ਼ੀਨ, ਕੀਰਤਨ ਅਤੇ ਸੰਗੀਤ ਹਾਥਰਸ ਵਰਗੇ ਮਾਸਿਕ ਪੱਤਰ ਸੰਗੀਤ ਸੰਬਧੀ ਗਿਆਨ ਵਰਧਕ ਅਤੇ ਮਨੋਰੰਜਕ ਜਾਣਕਾਰੀ ਕਈ ਵਰਿਆਂ ਤੋਂ ਸੰਗੀਤ ਵਿਦਿਆਰਥੀਆਂ ਨੂੰ ਪ੍ਰਦਾਨ ਕਰ ਰਹੇ ਹਨ। ਸੰਗੀਤ ਜੀਵੀ ਉਸਤਾਦ ਆਪਣੇ ਨਿਕਟ ਸਬੰਧੀ ਨੂੰ ਵਿਦਿਆ ਪ੍ਰਦਾਨ ਕਰਦੇ ਸਨ ਆਪ ਜਨਤਾ ਸੰਗੀਤ ਤੋਂ ਵਾਂਝੀ ਰਹਿੰਦੀ ਸੀ। ਇਸ ਦੇ ਕਈ ਕਾਰਨ ਸਨ। ਕਈ ਲੋਕ ਸੰਗੀਤ ਸੁਨਣਾਂ ਤਾਂ ਪਸੰਦ ਕਰਦੇ ਸਨ ਪਰ ਖੁਦ ਸਿਖਣਾ ਜਾਂ ਆਪਣੇ ਬੱਚਿਆਂ ਨੂੰ ਸਿਖਾਉਣਾ ਪਸੰਦ ਨਹੀਂ ਸਨ ਕਰਦੇ। ਜੱਦ ਕੋਈ ਸਿਖੇਗਾ ਹੀ ਨਹੀਂ ਤਾਂ ਉਸਤਾਦ ਲੋਕ ਕਿਸ ਨੂੰ ਸਿਖਾਉਂਦੇ। ਇਹ ਵਿੱਦਿਆ ਉਹਨਾਂ ਦੀ ਵਿਰਾਸਤ ਬਣਕੇ ਰਹਿ ਗਈ ਸੀ। ਜੋ ਉਹਨਾਂ ਦੀ ਸੇਵਾ ਕਰਦਾ ਸੰਗੀਤ ਵਿਦਿਆ ਪ੍ਰਾਪਤ ਕਰਦਾ। ਕਈ ਗੁਣੀਜਨ ਜਿਹੜੇ ਰਜਵਾੜਿਆਂ ਨਾਲ ਜੁੜੇ ਹੋਏ ਸਨ, ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਉਹਨਾਂ ਪਾਸੋ ਸਿੱਖਣਾ ਹੋਰ ਵੀ ਔਖਾ ਕੰਮ ਸੀ। ਜੇ ਕਰ ਧਿਆਨ ਨਾਲ ਸੋਚਿਆ ਜਾਵੇ ਤਾਂ ਉਹਨਾਂ ਦਾ ਮੁੱਖ ਕੰਮ ਗਾਣਾਂ ਬਜਾਉਨਾਂ ਹੀ ਸੀ ਨਾਂ ਕੇ ਬੱਚਿਆਂ ਨੂੰ ਸਿਖਾ ਕੇ ਉਦਰ ਪੂਰਤੀ ਕਰਨਾਂ ਸੀ। ਸੰਗੀਤ ਇੱਕ ਕ੍ਰਿਆਤਮਕ ਕਲਾ ਹੈ। ਸੰਗੀਤ ਦਾ ਮਨੋਰੰਜਨ ਕਰਨਾਂ ਬੜਾ ਕਠਿਨ ਅਤੇ ਸੰਗੀਤ ਵਿਚ ਘੋਰ ਸਾਧਨਾਂ ਦਾ ਕਾਰਜ ਵੀ ਮੇਹਨਤ ਮੰਗਦਾ ਹੈ।

ਅੱਜ ਦੇ ਯੁੱਗ ਵਿਚ ਸੰਗੀਤ ਇੱਕ ਵਿਸ਼ੇ ਦੇ ਰੂਪ ਵਿਚ ਵਿਕਸਿਤ ਹੋ ਚੁੱਕਿਆ ਹੈ। ਇਸ ਲਈ ਵੱਖ-ਵੱਖ ਸੰਸਥਾਵਾਂ ਨੇ ਆਪਣੇ ਕੋਰਸ ਨਿਰਧਾਰਿਤ ਕੀਤੇ ਹੋਏ ਹਨ। ਉਹਨਾਂ ਦੇ ਕੋਰਸ ਅਨੁਸਾਰ ਹੀ ਪ੍ਰੀਖਿਆਵਾਂ ਹੁੰਦੀਆਂ ਹਨ। ਜਿਸ ਕਾਰਨ ਪ੍ਰਕਾਸ਼ਨ ਸਮੱਗਰੀ ਵੱਧ ਚੁੱਕੀ ਹੈ। ਸਿਲੇਬਸ ਅਨੁਸਾਰ ਪੁਸਤਕਾਂ ਦੀ ਛਪਾਈ, ਜਨਰਲ ਅਧਿਐਨ ਦੀਆਂ ਪੁਸਤਕਾਂ, ਲਾਇਬਰੇਰੀ ਪੁਸਤਕਾਂ, ਆਦਿ ਕਾਫੀ ਮਾਤ੍ਰਾ ਵਿਚ ਛਪ ਚੁਕੀਆਂ ਹਨ ਅਤੇ ਕਈ ਪ੍ਰਕਾਸ਼ਨ ਅਧੀਨ ਵੀ ਹਨ। ਅੰਗਰੇਜ਼ੀ, ਹਿੰਦੀ, ਬੰਗਲਾ, ਮਰਾਠੀ, ਪੰਜਾਬੀ ਆਦਿ ਭਾਸ਼ਾ ਵਿਚ ਸੰਗੀਤ ਦੀਆਂ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ। ਕੁਝ ਕਿਤਾਬਾਂ ਦੀ ਜਾਣਕਾਰੀ ਇਸ ਪ੍ਰਕਾਰ ਹੈ :-

ਸੰਗੀਤਾਜ਼ਲੀ 6 ਭਾਗ	ਪੰ: ਉਕਾਂਰ ਨਾਥ ਠਾਕੁਰ
ਕ੍ਰਮਿਕ ਪੁਸਤਕ ਮਾਲਿਕਾ 6 ਭਾਗ	ਵਿਸ਼ਨੂ ਨਾਰਾਇਣ ਭਾਂਤਖੰਡੇ
ਮੁਸਲਮਾਂਨ ਔਰ ਭਾਰਤੀਯ ਸੰਗੀਤ ਕਾ ਇਤਿਹਾਸ	ਅਚਾਰਿਆ ਬ੍ਰਹਸਪਤੀ
ਭਰਤ ਕਾ ਸੰਗੀਤ ਸਿਧਾਂਤ	,, ,, ,,
ਸੰਗੀਤ ਚਿੰਤਾਮਣੀ	,, ,, ,,
ਹਮਾਰਾ ਆਧੁਨਿਕ ਸੰਗੀਤ	ਸ਼ਰਚੰਦਰ ਸ੍ਰੀਧਰ ਪਰਾਂਜਪੇ
ਹਮਾਰੇ ਸੰਗੀਤ ਰਤਨ	ਲਕਸ਼ਮੀ ਨਰਾਇਣ ਗਰਗ

Sri Satguru Jagjit Singh Ji eLibrary NamdhariElibrary@gmail.com

ਭਾਰਤੀਯ ਸੰਗੀਤ ਕਾ ਇਤਿਹਾਸ	ਉਮੇਸ਼ ਜੋਸ਼ੀ
ਹਿੰਦੋਸਤਾਨੀ ਸੰਗੀਤ ਦੇ ਰਤਨ	ਸੁਸੀਲ ਕੁਮਾਰ ਚੌਬੇ
ਭਾਰਤੀਯ ਸੰਗੀਤ ਦੀ ਉਤਪਤੀ ਏਵਮ ਵਿਕਾਸ	ਡਾ. ਜੋਗਿੰਦਰ ਸਿੰਘ ਬਾਵਰਾ
ਸੰਗੀਤ ਸ਼ਾਸਤਰ ਵਿਗਿਆਨ	ਪੰਨਾ ਲਾਲ ਮਦਾਨ
ਭਾਰਤੀਯ ਸੰਗੀਤ ਮੇ ਤਾਲ ਔਰ ਰੂਪ ਵਿਧਾਨ	ਡਾ. ਸੁਭਦਰਾਂ
ਭਾਰਤੀਯ ਸੰਗੀਤ ਦਾ ਇਤਿਹਾਸ	ਡਾ. ਜੋਗਿੰਦਰ ਸਿੰਘ ਬਾਵਰਾ

ਸੰਗੀਤ ਸਿੱਖਿਆ ਦੇ ਅਮਰ ਸਾਧਕ

ਸੰਗੀਤ ਦਾ ਵਿਕਾਸ ਸੰਗੀਤ ਸਾਧਕਾਂ ਤੇ ਨਿਰਭਰ ਕਰਦਾ ਹੈ। ਸੰਸਾਰ ਵਿਚ ਹਰ ਕਲਾ ਦਾ ਵਿਕਾਸ, ਪ੍ਰਚਾਰ ਦਾ ਮੁੱਖ ਸਾਧਨ ਉਸ ਕਲਾ ਤੇ ਸਾਧਕ ਹੁੰਦੇ ਹਨ। ਅਧਿਆਪਕ ਜੇਕਰ ਉਤਮ ਸ਼੍ਰੇਣੀ ਦਾ ਹੈ ਤਾਂ ਉਸਦੇ ਵਿਦਿਆਰਥੀ ਵੀ ਲਗਨ ਅਤੇ ਮਿਹਨਤ ਨਾਲ ਕਲਾ ਦੀ ਸਾਧਨਾਂ ਕਰਨਗੇ, ਜਿਸ ਦੇ ਫਲਸਰੂਪ ਕਲਾ ਦੀ ਉਨੱਤੀ, ਵਿਕਾਸ ਤੇ ਪ੍ਰਚਾਰ ਹੋਵੇਗਾ। ਸੰਗੀਤ ਕਲਾ ਦੇ ਖੇਤਰ ਵਿਚ ਅਜਿਹਾ ਮਹਾਨ ਸੰਗੀਤ ਸਾਧਕ , ਤਪੱਸਵੀ ਅਧਿਆਪਕਾਂ ਦੀ ਘਾਟ ਨਹੀਂ ਜਿਹਨਾਂ ਨੇ ਆਪਣਾ ਤਨ, ਮਨ, ਧਨ ਅਰਪਣ ਕਰਕੇ ਇਸ ਕਲਾ ਦੀ ਸੇਵਾ ਕੀਤੀ। ਪੁਸਤਕਾਂ ਦੀ ਘਾਟ ਕਾਰਨ ਅੱਜ ਅਸੀਂ ਅਨੇਕਾ ਸੰਗੀਤਕਾਰਾਂ ਬਾਰੇ ਕੁਝ ਵੀ ਨਹੀਂ ਜਾਣਦੇ, ਕਈਆਂ ਬਾਰੇ ਥੋੜਾ ਜਾਣਦੇ ਹਾਂ। ਪ੍ਰਾਚੀਨ ਕਾਲ ਦੇ ਅਨੇਕਾਂ ਸੰਗੀਤ ਸਾਧਕਾਂ ਦੇ ਨਾਮ ਤਾਂ ਪੜਦੇ ਹਾਂ ਪਰ ਉਹਨਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਮੱਧ ਕਾਲ ਦੇ ਲੋਚਨ, ਪੁੰਡਰੀਕ ਵਿਠਲ, ਔਹਬਲ, ਰਾਮਾਮਾਤਿਅ, ਸ੍ਰੀ ਨਿਵਾਸ, ਨਾਇਕ ਗੋਪਾਲ, ਬੈਜੁਨਾਥ, ਮਾਂਨ ਸਿੰਘ ਤੋਮਰ, ਦਿਵਾਕਰ, ਸੁਧਾਕਰ, ਆਦਿ ਦੀ ਸੰਗੀਤ ਸੇਵਾ ਵਰਣਨ ਯੋਗ ਹੈ ਪਰ ਇਤਿਹਾਸ ਅਧੂਰਾ ਹੀ ਪ੍ਰਾਪਤ ਹੁੰਦਾ ਹੈ। ਆਧੁਨਿਕ ਕਾਲ ਵਿਚ ਵੀ ਮਹਾਨ ਆਤਮਾਵਾਂ ਨੇ ਸੰਗੀਤ ਸਾਧਨਾਂ ਬੜੀਆਂ ਕਠਿਨਾਈਆਂ ਝਲਦੇ ਹੋਏ ਕੀਤੀ ਤੇ ਸੰਗੀਤ ਵਿਦਿਆ ਪ੍ਰਾਪਤ ਕੀਤੀ ਅਤੇ ਖੁੱਲੇ ਮਨ ਨਾਲ ਉਸ ਗਿਆਨ ਨੂੰ ਫੈਲਾਇਆ। ਉਸਤਾਦ ਅਲਾਉਦੀਨ ਖਾਂ, ਪੰਡਿਤ ਵਿਸ਼ਨੂੰ ਦਿਗੰਬਰ, ਪੰਡਤ ਰਵੀ ਸੰਕਰ, ਸ੍ਰੀ ਐਸ.ਐਨ ਰਤਨਜਨਕਰ, ਪ੍ਰੋ. ਮੌਲਾ ਬਖ਼ਸ਼ ਆਦਿ ਨੇ ਸੰਗੀਤ ਸਿੱਖਿਆ ਪ੍ਰਦਾਨ ਕਰਕੇ ਇਸ ਕਲਾ ਦੇ ਵਿਕਾਸ ਵਿਚ ਹਿੱਸਾ ਪਾਇਆ। ਕਿਸੇ ਨੇ ਨਵੇ ਸਾਜ, ਕਿਸੇ ਨੇ ਨਵੇ ਰਾਗ, ਕਿਸੇ ਨੇ ਸੰਗੀਤ ਸ਼ਾਸ਼ਤਰ, ਕਿਸੇ ਨੇ ਸ਼ਾਗਿਰਦਾਂ ਨੂੰ ਸਿੱਖਿਆ ਪ੍ਰਦਾਨ ਕਰਕੇ ਤੇ ਕਿਸੇ ਨੇ ਮਹਿਫਲਾਂ ਵਿਚ ਸੰਗੀਤ ਕਲਾ ਦਾ ਪ੍ਰਦਰਸ਼ਨ ਕਰਕੇ ਆਪਣਾ ਯੋਗ ਦਾਨ ਦਿੱਤਾ। ਉਹਨਾਂ ਮਹਾਨ ਸੰਗੀਤ ਸਾਧਕਾਂ ਬਾਰੇ ਜਾਣਨਾਂ ਬੜਾ ਜਰੂਰੀ ਹੈ। ਇੱਥੇ ਕੁਝ ਸੁਪ੍ਰਸਿੱਧ ਸੰਗੀਤਕਾਰਾਂ ਦੀ ਜੀਵਨੀ, ਕਲਾ ਖੇਤਰ ਵਿਚ ਯੋਗਦਾਨ ਸਬੰਧੀ ਝਲਕੀਆਂ ਵਰਣਨ ਕੀਤੀਆਂ ਜਾ ਰਹੀਆਂ ਹਨ। ਜਿੰਨਾਂ ਤੋਂ ਪ੍ਰੇਰਣਾਂ ਪ੍ਰਾਪਤ ਕਰਕੇ ਆਉਣ ਵਾਲੀ ਪੀੜੀ ਇਸ ਕਲਾ ਦੇ ਵਿਕਾਸ ਵਿਚ ਆਪਣਾ ਹੱਥ ਵਟਾਵੇਗੀ।

ਉਸਤਾਦ ਅਲਾਉਦੀਨ ਖਾਂ :- ਸੰਗੀਤ ਜਗਤ ਦੀ ਮਹਾਨ ਵਿਭੂਤੀ ਜਿਸ ਨੂੰ ਬਾਬਾ-ਏ-ਸੰਗੀਤ ਵੀ ਕਿਹਾ ਜਾਂਦਾ ਹੈ। ਆਪਣੇ ਜੀਵਨ ਵਿਚ ਕਈ ਮਹਾਂਨ ਸੰਗੀਤ ਰਤਨ ਤਿਆਰ ਕਰਕੇ ਸੰਗੀਤ ਜਗਤ ਨੂੰ ਪ੍ਰਦਾਨ ਕੀਤੇ। ਪੰਡਿਤ ਰਵੀ ਸ਼ੰਕਰ, ਅਲੀ ਅਕਬਰ ਖ਼ਾਂ, ਅਨਪੂਰਣਾਂ, ਪੰਨਾ ਲਾਲ ਘੋਸ਼ ਵਰਗੇ ਸੁਪ੍ਰਸਿਧ ਸੰਗੀਤਕਾਰ ਉਹਨਾਂ ਦਾ ਸ਼ਾਗਿਰਦ ਅਖਵਾਉਣ ਵਿਚ ਆਪਣਾ ਗੌਰਵ ਸਮਝਦੇ ਹਨ। ਉਹਨਾਂ ਦੇ ਜਨਮ ਬਾਰੇ ਵੱਖ ਵੱਖ ਧਾਰਨਾਵਾਂ ਹਨ, 1862/1866/1870 ਈ: ਵਿਚ ਸ਼ਿਵਪੁਰਾ ਜ਼ਿਲ੍ਹਾ ਤਿਪੁਰਾ ਵਿਖੇ ਸ੍ਰੀ ਸਾਧੂ

Sri Satguru Jagjit Singh Ji eLibrary NamdhariElibrary@gmail.com

ਖਾਂ ਦੇ ਘਰ ਜਨਮ ਹੋਇਆ। ਸਾਧੂ ਖਾਂ ਨੇ ਉਸਤਾਦ ਕਾਸਿਮ ਅਲੀ ਪਾਸੋਂ ਸਿਤਾਰ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਅਲਾਉਦੀਨ ਖਾਂ ਨੂੰ ਬਚਪਨ ਤੋਂ ਸੰਗੀਤ ਵਿਚ ਡੂੰਗੀ ਰੁਚੀ ਸੀ। ਉਹਨਾਂ ਨੇ ਕਈ ਉਸਤਾਦਾਂ ਪਾਸੋਂ ਵੱਖ-ਵੱਖ ਸਾਜ਼ਾਂ ਦੀ ਸਿੱਖਿਆ ਪ੍ਰਾਪਤ ਕੀਤੀ। ਆਪਣੇ ਪਿਤਾ ਤੋਂ ਬਾਅਦ ਕਾਸਿਮ ਅਲੀ ਤੋਂ ਸਿਤਾਰ, ਨੰਦ ਬਾਬੂ ਪਾਸੋਂ ਪਖਾਵਜ, ਸੁਆਮੀ ਵਿਵੇਕਾਨੰਦ ਦੇ ਭਾਈ ਹਾਬੂਦਤ ਪਾਸੋਂ ਬੇਲਾ, ਮਾਸਟਰ ਲੋਬੀ ਪਾਸੋਂ ਅੰਗਰੇਜ਼ੀ ਬੈਂਡ, ਰਾਮਪੁਰ ਦੇ ਉਸਤਾਦ ਵਜ਼ੀਰ ਖਾਂ ਪਾਸੋਂ ਸਰੋਦ ਸਾਜ਼ ਦੀ ਉਚ ਸਿੱਖਿਆ ਪ੍ਰਾਪਤ ਕੀਤੀ। ਸਰੋਦ ਵਾਦਨ ਦੀ ਸਿੱਖਿਆ ਪਹਿਲਾਂ ਅਹਿਮਦ ਅਲੀ ਪਾਸੋਂ ਪ੍ਰਾਪਤ ਕਰਨੀ ਆਰੰਭ ਕੀਤੀ ਪਰ ਉਸਤਾਦ ਨੇ ਕੋਈ ਵਿਸ਼ੇਸ਼ ਰੁਚੀ ਨਾ ਲਈ। ਰਾਮਪੁਰ ਦੇ ਉਸਤਾਦ ਵਜ਼ੀਰ ਖਾਂ ਪਾਸੋਂ ਸਰੋਦ, ਰਬਾਬ, ਧਰੁਪਦ, ਹੋਰੀ, ਸੁਰ ਸਿੰਗਾਰ ਆਦਿ ਦੀ ਸਿੱਖਿਆ ਪ੍ਰਾਪਤ ਕਰਕੇ ਵਿੱਦਿਆ ਰੂਪੀ ਖ਼ਜ਼ਾਨੇ ਨੂੰ ਭਰਪੂਰ ਕੀਤਾ।

ਉਹਨ੍ਹਾਂ ਦਾ ਬਾਲਪਨ ਕੱਲਕਤੇ ਵਿਚ ਬੜੀਆਂ ਕਠਿਨਾਈਆਂ ਭਰਪੂਰ ਬਤੀਤ ਹੋਇਆ। ਸਵੇਰੇ ਸਿੱਖਿਆ ਪ੍ਰਾਪਤ ਕਰਦੇ ਰਾਤ ਨੂੰ ਨਾਟਕਾਂ ਵਿਚ ਬੈਂਡ ਜਾਂ ਕੋਈ ਸਾਜ਼ ਵਜਾਉਂਦੇ, ਭੋਜਨ ਵੀ ਕਈ ਵਾਰ ਇਕੋ ਸਮੇਂ ਹੀ ਮਿਲਦਾ। ਰਹਿਣ ਦਾ ਕੋਈ ਠਿਕਾਣਾ ਨਹੀ ਸੀ। ਕਦੀ ਭੂਖੇ ਰਹਿ ਕੇ, ਕਦੀ ਕਿਸੇ ਦੇ ਘਰ ਨੌਕਰ ਬਣਕੇ, ਕਦੀ ਕਿਸੇ ਮਸਜਿਦ ਵਿਚ ਰਹਿ ਕੇ ਆਪਣੀ ਜਿੰਦਗੀ ਦੇ ਮੁੱਢਲੇ ਦਿਨ ਗੁਜਾਰਦੇ ਰਹੇ। ਜਿੰਦਗੀ ਤੋਂ ਤੰਗ ਆ ਕੇ ਆਤਮ-ਹੱਤਿਆ ਕਰਨ ਦਾ ਵਿਚਾਰ ਵੀ ਬਣਾਇਆ ਪਰ ਫਿਰ ਕਿਧਰੇ ਕੋਈ ਆਸ਼ਾ ਦੀ ਕਿਰਨ ਵਿਖਾਈ ਦਿੰਦੀ ਤਾਂ ਉਸਦੇ ਸਹਾਰੇ ਵਿਚਾਰ ਬਦਲ ਜਾਂਦਾ। 1911 ਵਿਚ ਕੱਲਕਤਾ ਦੀ ਇੱਕ ਸੰਗੀਤ ਕਾਨਫ਼ਰੰਸ ਵਿਚ ਉਹਨਾਂ ਦਾ ਪ੍ਰੋਗਰਾਮ ਬੜਾ ਸਫਲ ਰਿਹਾ ਜਿਸ ਤੋਂ ਪ੍ਰਭਾਵਿਤ ਹੋ ਕੇ ਮਹਾਰਾਜ ਮੇਹਰ ਨੇ ਇਹਨਾਂ ਨੂੰ ਆਪਣੇ ਦਰਬਾਰ ਵਿਚ ਸੰਗੀਤ ਦੀ ਸੇਵਾ ਲਈ ਨਿਯੁਕਤ ਕਰ ਲਿਆ।

ਸੁਪ੍ਰਸਿਧ ਨ੍ਰਿਤਕਾਰ ਪੰ: ਉਦੇਸ਼ੰਕਰ ਦੀ ਮੰਡਲੀ ਨਾਲ ਉਹਨਾਂ ਨੂੰ ਵਿਦੇਸ਼ਾਂ ਵਿਚ ਜਾਨ ਦਾ ਅਵਸਰ ਮਿਲਿਆ। ਇਸੇ ਯਾਤਰਾ ਵਿਚ ਰਵੀ ਸ਼ੰਕਰ ਵਰਗਾ ਤੀਖਣ ਬੁਧੀ ਵਾਲਾ ਨੌਜਵਾਨ ਸ਼ਗਿਰਦ ਮਿਲਿਆ। ਜਿਸ ਨੇ ਆਪਣੇ ਗੁਰੂ ਦਾ ਨਾਮ ਰੌਸ਼ਨ ਕੀਤਾ। ਬਾਬਾ ਨੇ ਪੰਨਾ ਲਾਲ ਘੋਸ਼ ਬਾਂਸੁਰੀ ਵਾਦਕ, ਅਲੀ ਅਕਬਰ ਖ਼ਾਂ ਸਰੋਦ ਵਾਦਕ, ਸੰਗੀਤ ਜਗਤ ਨੂੰ ਪ੍ਰਦਾਨ ਕੀਤੇ। ਭਾਰਤ ਸਰਕਾਰ ਨੇ ਇਹਨਾਂ ਦੀਆਂ ਸੰਗੀਤ ਸਫਲਤਾਵਾਂ ਨੂੰ ਵੇਖਦੇ ਹੋਏ ਇਹਨਾਂ ਨੂੰ ਪਦਮ ਭੂਸ਼ਣ ਦੀ ਉਪਾਧੀ ਨਾਲ ਸਮਨਮਾਨਿਆ। ਇੰਦਰਾ ਸੰਗੀਤ ਵਿਸ਼ਵ ਵਿਦਿਆਲਿਆ ਨੇ ਡਾਕਟਰੇਟ ਦੀ ਉਪਾਧੀ ਪ੍ਰਦਾਨ ਕੀਤੀ। ਸ਼ਹਿਰ ਵਿਚ ਰਹਿਣ ਕਾਰਨ ਇਹਨਾਂ ਨੂੰ ਸ਼ਹਿਰ ਵਾਲੇ ਕਿਹਾ ਜਾਂਦਾ ਸੀ। ਇਹਨਾਂ ਦੇ ਘਰਾਣੇ ਦਾ ਨਾਮ ਵੀ ਸ਼ਹਿਰ ਘਰਾਣਾ ਹੀ ਪ੍ਰਸਿੱਧ ਹੋ ਗਿਆ।

ਉਕਾਂਰ ਨਾਥ ਠਾਕੁਰ :- ਪੰਡਤ ਵਿਸ਼ਨੂੰ ਦਿਗੰਬਰ ਪੁਲਸਕਰ ਦੇ ਪ੍ਰਮੁੱਖ ਸ਼ਿਸ਼ਾਂ ਵਿਚ ਸਿਰ ਕੱਢ ਨਾਮ ਉਕਾਂਰ ਨਾਥ ਠਾਕੁਰ ਦਾ ਹੈ। ਬੜੌਦਾ ਰਿਆਸਤ ਦੇ ਜਹਾਜ ਨਾਮਕ ਸਥਾਂਨ ਤੇ 24 ਜੂਨ 1897 ਈ: ਨੂੰ ਪੰਡਿਤ ਗੌਰੀ ਸੰਕਰ ਦੇ ਘਰ ਇਹਨਾਂ ਦਾ ਜਨਮ ਹੋਇਆ। ਇੰਹਨਾਂ ਦੇ ਪਿਤਾ ਅਤੇ ਦਾਦਾ ਸੈਨਿਕ ਸਨ। ਪਿਤਾ ਨੇ ਘਰੇਲੂ ਝਗੜਿਆਂ ਤੋਂ ਤੰਗ ਆ ਕੇ ਸਨਿਆਸ ਲੈ ਲਿਆ ਤੇ ਨਰਬਦਾ ਦੇ ਕਿਨਾਰੇ ਭਗਤੀ ਕਰਨ ਲਗੇ। ਉਕਾਂਰ ਨਾਥ ਹਾਲੇ ਚਾਰ ਵਰਿਆਂ ਦਾ ਸੀ ਕਿ ਮਾਂ ਲੋਕਾਂ ਦੇ ਘਰਾਂ ਵਿਚ ਸੇਵਾ ਕਰਕੇ ਬੱਚਿਆਂ ਨੂੰ ਪਾਲਣ ਲਗੀ। ਉਕਾਂਰ ਨਾਥ ਵੀ ਆਪਣੇ ਪਿਤਾ ਦੀ ਸੇਵਾ ਕਰਦਾ ਅਤੇ ਉਹਨਾਂ ਦੇ ਸੰਗੀਤ ਦਾ ਆਨੰਦ ਮਾਨਦਾ। 14 ਸਾਲ ਦੀ ਉਮਰ ਵਿਚ ਉਕਾਂਰ ਨਾਥ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਠਾਕੁਰ ਉਕਾਂਰ ਨਾਥ ਬੜੇ ਸੋਹਣੇ ਅਤੇ ਸੰਗੀਤਵਾਨ ਬਾਲਕ ਸਨ। ਇੱਕ ਮਿਲ ਮਾਲਿਕ ਨੇ ਇਹਨਾਂ ਨੂੰ ਅਪਣਾਂ ਗੋਦ ਲਿਆ ਤੇ ਪੁੱਤਰ ਬਣਾਉਣ ਦੀ ਇੱਛਾ ਪ੍ਰਗਟ ਕੀਤੀ ਪਰ ਪਿਤਾ ਨੇ ਕਿਹਾ ਇਹ ਧੰਨਵਾਨ ਦਾ ਪੁੱਤਰ ਨਹੀਂ ਬਲਕਿ ਸਰਸਵਤੀ ਪੁੱਤਰ ਬਣੇਗਾ। ਸੰਗੀਤ ਦੀ ਸਿੱਖਿਆ ਲਈ ਇਹਨਾਂ ਨੂੰ ਪੰਡਿਤ ਵਿਸ਼ਨੂੰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦਿਗੰਬਰ ਪੁਲਸਕਰ ਪਾਸ ਭੇਜ ਦਿੱਤਾ ਗਿਆ। ਆਪਣੀ ਮਿਹਨਤ ਤੇ ਲਗਨ ਕਾਰਣ ਥੋੜ੍ਹੇ ਸਾਲਾਂ ਵਿਚ ਹੀ ਉਹ ਚੰਗੇ ਗਾਇਕ ਬਣ ਗਏ। ਕਈ ਸਥਾਨਾਂ ਤੇ ਨੌਕਰੀ ਦੇ ਬੁਲਾਵੇ ਮਿਲਣ ਲੱਗੇ। ਇਕ ਨਾਟਕ ਕੰਪਨੀ ਨੇ 400 ਰੁਪਏ ਮਹੀਨੇ ਦੀ ਤਨਖਾਹ ਤੇ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ। ਇਹਨਾਂ ਦੇ ਵੱਡੇ ਭਾਈ ਤਾਂ ਮੰਨ ਗਏ ਪਰ ਓਂਕਾਰ ਨਾਥ ਦੀ ਸਲਾਹ ਹਾਲੇ ਹੋਰ ਵਿਦਿਆ ਪ੍ਰਾਪਤ ਕਰਨ ਦੀ ਸੀ। ਆਪਣੇ ਗੁਰੂ ਦੀ ਸਹਾਇਤਾ ਨਾਲ ਇਸ ਨੌਕਰੀ ਤੋਂ ਛੁਟਕਾਰਾ ਹਾਸਿਲ ਕੀਤਾ।

1916 ਵਿਚ ਇਹਨਾਂ ਨੂੰ ਗੰਧਰਵ ਮਹਾਂ ਵਿਦਿਆਲਿਆ ਲਾਹੌਰ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ ਗਿਆ। 1923, 1926, 1927, 1930 ਵਿਚ ਆਪ ਨੂੰ ਨੇਪਾਲ ਜਾਣ ਦੇ ਸੱਦੇ ਮਿਲੇ। 1933 ਵਿਚ ਆਪ ਰੋਮ, ਇਟਲੀ, ਜਰਮਨੀ, ਬੈਲਜੀਅਮ, ਫਰਾਂਸ, ਸਵਿਟਜਰਲੈਡ, ਹਾਲੈਡ ਆਦਿ ਦੇਸ਼ਾਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਖ਼ੂਬ ਨਾਮਨਾਂ ਖੱਟਿਆ। ਇਟਲੀ ਦਾ ਹੁਕਮਰਾਨ ਮੁਸੋਲਨੀ ਆਪਦੇ ਗਾਇਨ ਤੋਂ ਬੜਾ ਪ੍ਰਭਾਵਿਤ ਹੋਇਆ। 1941 ਵਿਚ ਆਪ ਜੀ ਨੇ ਪੁਸਤਕ ਸੰਗੀਤਾਂਜਲੀ ਦਾ ਪਹਿਲਾ ਭਾਗ ਲਿਖਿਆ ਤੇ ਬਾਅਦ ਵਿਚ ਇਸ ਦੇ ਪੰਜ ਭਾਗ ਹੋਰ ਲਿਖੇ। ਆਪ ਨੇ 'ਪ੍ਰਣਵ ਭਾਰਤੀ' ਨਾਮਕ ਗ੍ਰੰਥ ਦੀ ਰਚਨਾ ਕੀਤੀ। 1955 ਵਿਚ ਆਪ ਜੀ ਨੂੰ 'ਪਦਮਸ਼੍ਰੀ' ਦੀ ਉਪਾਧੀ ਨਾਲ ਭਾਰਤ ਸਰਕਾਰ ਨੇ ਸਨਮਾਨਿਤ ਕੀਤਾ। 1950 ਤੋਂ ਕਾਂਸ਼ੀ ਵਿਸ਼ਵ ਵਿਦਿਆਲਿਆ ਵਿਚ ਮੁਖੀ ਸੰਗੀਤ ਵਿਭਾਗ ਦੇ ਰੂਪ ਵਿਚ ਨਿਯੁਕਤ ਹੋਏ।

ਪੰਡਿਤ ਜੀ ਦੀ ਗਾਇਕੀ ਬੜੀ ਵਿਗਿਆਨਕ ਤੇ ਭਾਵ ਵਿਭੋਰ ਕਰਨ ਵਾਲੀ ਸੀ। ਗਵਾਲੀਅਰ ਦੇ ਉਸਤਾਦ ਰਹਿਮਤ ਖਾਂ ਦੀ ਗਾਇਕੀ ਦਾ ਇਹਨਾਂ ਤੇ ਵਿਸ਼ੇਸ਼ ਪ੍ਰਭਾਵ ਸੀ। ਇਹਨਾਂ ਦੇ ਅਲਾਪ, ਬੋਲਅਲਾਪ, ਤਾਨਾਂ, ਬੋਲਤਾਨਾਂ, ਸੁਣਨ ਵਾਲਿਆਂ ਨੂੰ ਬੜੀਆਂ ਪ੍ਰਭਾਵਿਤ ਕਰਦੀਆਂ ਸਨ। ਹਰੇਕ ਸੁਰ ਉਹਨਾਂ ਦੇ ਹਿਰਦੇ ਵਿਚੋਂ ਨਿਕਲਦਾ, ਆਵਾਜ਼ ਬੜੀ ਮਧੁਰ ਤੇ ਜ਼ੋਰਦਾਰ ਸੀ। ਆਪ ਜੀ ਨੂੰ ਸੰਗੀਤ ਪ੍ਰਭਾਕਰ, ਸੰਗੀਤ ਮਾਰਤੰਡ, ਸੰਗੀਤ ਸਮਰਾਟ, ਸੰਗੀਤ ਮਹਾਂਮਹੋਦਆ ਆਦਿ ਉਪਾਧੀਆਂ ਨਾਲ ਵਿਭੰਨ ਸੰਸਥਾਵਾਂ ਦੁਆਰਾ ਸਨਮਾਨਿਤ ਕੀਤਾ ਗਿਆ। ਆਪ ਗਾਇਕ ਹੋਣ ਦੇ ਨਾਲ-ਨਾਲ ਸ਼ਾਸ਼ਤਰੀਕਾਰ ਅਤੇ ਵਕਤਾ ਵੀ ਸਨ। ਪੰਡਤ ਜੀ ਯੋਗ ਅਭਿਆਸ ਅਤੇ ਸ਼ੁਧ ਖਾਨਪਾਨ ਤੇ ਜ਼ੋਰ ਦਿੰਦੇ ਸਨ ਉਹਨਾਂ ਦਾ ਵਿਸ਼ਵਾਸ਼ ਸੀ ਕਿ ਤਾਮਸਿਕ ਭੋਜਨ ਉਸ ਪ੍ਰਕਾਰ ਦੇ ਹੀ ਭਾਵ ਉਤਪੰਨ ਕਰਦਾ ਹੈ। ਉਹਨਾਂ ਨੇ ਸੰਗੀਤ ਦਾ ਪ੍ਰਭਾਵ ਪੌਦਿਆਂ ਤੇ ਪਸ਼ੂ ਪੰਛੀਆਂ ਤੇ ਪ੍ਰਯੋਗ ਦੁਆਰਾ ਵੇਖਿਆ ਸੀ। ਆਪ ਜੀ ਇਕ ਉਚ ਕੋਟੀ ਦੇ ਗਾਇਕ ਤੇ ਪ੍ਰਥਮ ਸ਼੍ਰੇਣੀ ਦੇ ਅਧਿਆਪਕ ਵੀ ਸਨ। ਆਪ ਨੇ ਅਨੇਕਾਂ ਸ਼ਾਗਿਰਦਾਂ ਨੂੰ ਵਿੱਦਿਆ ਪ੍ਰਦਾਨ ਕੀਤੀ ਜਿਨ੍ਹਾਂ ਵਿਚ ਦੀਕਸ਼ਤ ਜੀ ਅਤੇ ਪ੍ਰੋ. ਸੂਰਜ ਪ੍ਰਕਾਸ਼ ਦਾ ਨਾਮ ਖਾਸ ਵਰਨਣਯੋਗ ਹੈ। 1968 ਈ: ਆਪ ਨੂੰ ਅਧਰੰਗ ਦੇ ਰੋਗ ਨੇ ਆ ਘੇਰਿਆ, ਜਿਸ ਨਾਲ ਆਪ ਜੀ ਦੀ ਜੀਵਨ ਯਾਤਰਾ ਸਮਾਪਤ ਹੋਈ।

ਅਬਦੁਲ ਕਰੀਮ ਖਾਂ :- ਅਬਦੁਲ ਕਰੀਮ ਖ਼ਾਂ ਕਿਰਾਨਾਂ ਘਰਾਣੇ ਦੇ ਪ੍ਰਸਿੱਧ ਗਾਇਕ ਸਨ। ਉਹ ਮੇਰਠ ਜ਼ਿਲੇ ਦੇ ਕਿਰਾਨਾਂ ਨਾਮਕ ਸਥਾਨ ਦੇ ਨਿਵਾਸੀ ਸਨ। ਇਹਨਾਂ ਦੇ ਘਰਾਣੇ ਦੇ ਕਈ ਪੂਰਵਜ਼ ਗਾਇਕ ਅਤੇ ਸਾਰੰਗੀ ਵਾਦਕ ਹੋਏ ਹਨ। ਇਹਨਾਂ ਨੇ ਸੰਗੀਤ ਦੀ ਸਿੱਖਿਆ ਆਪਣੇ ਪਿਤਾ ਕਾਲੇ ਖ਼ਾਂ ਅਤੇ ਚਾਚਾ ਅਬਦੁੱਲਾਂ ਖਾਂ ਪਾਸੋਂ ਪ੍ਰਾਪਤ ਕੀਤੀ। ਛੇ ਵਰਿਆਂ ਦੀ ਉਮਰ ਵਿਚ ਪਹਿਲੀ ਵਾਰ ਕਿਸੇ ਮਹਿਫ਼ਲ ਵਿਚ ਗਾਇਨ ਪੇਸ਼ ਕੀਤਾ। 15 ਸਾਲਾਂ ਦੀ ਉਮਰ ਤੱਕ ਕਾਫ਼ੀ ਉੱਨਤੀ ਕਰ ਲਈ ਤੇ ਬੜੌਦਾ ਨਰੇਸ਼ ਦੇ ਦਰਬਾਰ ਵਿਚ ਸੰਗੀਤਕਾਰ ਨਿਯੁਕਤ ਹੋ ਗਏ। 1902 ਵਿਚ ਉਹ ਪਹਿਲੀ ਵਾਰ ਬੰਬਈ ਆਏ ਤੇ ਆਪਣੀ ਮਧੁਰ

Sri Satguru Jagjit Singh Ji eLibrary NamdhariElibrary@gmail.com

ਤੇ ਸੁਰੀਲੀ ਆਵਾਜ਼ ਅਤੇ ਦਿਲਕਸ਼ ਗਾਇਕੀ ਦੁਆਰਾ ਜਨਤਾ ਦਾ ਮਨ ਮੋਹ ਲਿਆ। 1913 ਵਿਚ ਆਪਣੇ ਪੂਨਾਂ ਵਿਖੇ ਆਰਿਆ ਸੰਗੀਤ ਵਿਦਿਆਲਿਆ ਦੀ ਸਥਾਪਨਾਂ ਕੀਤੀ। ਜਲਸਿਆਂ ਦੁਆਰਾ, ਜੋ ਧਨ ਪ੍ਰਾਪਤ ਹੁੰਦਾ ਉਹ ਗਰੀਬ ਵਿਦਿਆਰਥੀਆਂ ਤੇ ਖ਼ਰਚ ਕਰ ਦਿੰਦੇ। 1920 ਵਿਚ ਪੂਨਾ ਤੋਂ ਆਪ ਮਿਰਜ਼ ਚਲੇ ਗਏ ਤੇ ਉਥੇ ਸੰਗੀਤ ਸੇਵਾ ਕਰਦੇ ਰਹੇ। ਆਪ ਖੁਲੇ ਦਿਲ ਨਾਲ ਵਿਦਿਆ ਦਾਨ ਕਰਦੇ ਪਰ ਇਕ ਵਿਦਿਆਰਥੀ ਨੂੰ ਸੱਤ ਸਾਲ ਦਾ ਬਾਂਡ ਭਰਨਾ ਜ਼ਰੂਰੀ ਹੁੰਦਾ ਸੀ।

ਖ਼ਾਂ ਸਾਹਿਬ ਦੀ ਗਾਇਕੀ ਮੀਂਡ ਅਤੇ ਕਣ ਯੁਕਤ ਸੀ। ਜਿਹੜੀ ਸ੍ਰੋਤੇ ਦੇ ਮਨ ਨੂੰ ਟੁੰਬਦੀ ਸੀ। ਆਪ ਜੀ ਸਰਲ, ਸ਼ਾਂਤ ਅਤੇ ਫ਼ਕੀਰੀ ਸੁਭਾਅ ਦੇ ਕਲਾਕਾਰ ਸਨ। ਆਪ ਜੀ ਗੋਬਰਹਾਰੀ ਬਾਣੀ ਦੇ ਗਾਇਕ ਸਨ। ਇਕ-ਇਕ ਸੁਰ ਦੀ ਬੜਤ ਕਰਦੇ ਹੋਏ ਰਾਗ ਦਾ ਵਿਸਤਾਰ ਕਰਨਾ ਆਪ ਜੀ ਦੀ ਵਿਸੇਸ਼ਤਾ ਸੀ। ਕਿਰਾਨਾਂ ਘਰਾਣੇ ਨੂੰ ਭਾਰਤ ਵਿਚ ਪ੍ਰਸਿੱਧ ਕਰਨ ਦਾ ਸਿਹਰਾ ਆਪ ਜੀ ਦੇ ਸਿਰ ਹੈ। ਉਹਨਾਂ ਨੇ ਅਨੇਕਾਂ ਸ਼ਿਸ਼ ਤਿਆਰ ਕੀਤੇ। ਜਿਨਾਂ ਵਿਚੋਂ ਹੀਰਾ ਬਾਈ ਬਤੇਦਕਰ, ਸਰਸਵਤੀ ਰਾਣੇ, ਸੁਰੇਸ ਬਾਬੂ ਮਾਨੇ ਸਵਾਈ ਗੰਧਰਵ, ਰੌਸ਼ਨ ਆਰਾ ਬੇਗਮ ਦੇ ਨਾਂਮ ਵਰਨਣ ਯੋਗ ਹਨ। ਬਤੇਦਾ ਦਰਬਾਰ ਵਿਚ ਨੌਕਰੀ ਕਰਦਿਆਂ ਉਥੇ ਦੀ ਗਾਇਕਾ ਹੀਰਾ ਬਾਈ ਮਾਨੇ ਦੀ ਪੁੱਤਰੀ ਤਾਰਾ ਬਾਈ ਬਚਪਨ ਤੋਂ ਹੀ ਖਾਂ ਸਾਹਿਬ ਤੋਂ ਤਾਲੀਮ ਪ੍ਰਾਪਤ ਕਰ ਰਹੀ ਸੀ। ਉਸੇ ਤਾਰਾ ਬਾਈ ਨਾਲ ਖਾਂ ਸਾਹਿਬ ਦੀ ਸ਼ਾਦੀ ਹੋ ਗਈ ਅਤੇ ਆਪਣੇ ਘਰ ਪੰਜ ਬੱਚੇ ਹੋਏ। ਕਰਿਸ਼ਨਾ ਰਾਵ, ਸੁਰੇਸ ਬਾਬੂ ਮਾਨੇ, ਹੀਰਾ ਬਾਈ ਬਤੇਦਕਰ, ਸੁਰਸਵਤੀ ਰਾਣੇ ਅਤੇ ਕਮਲਾ ਬਾਈ ਬਤੇਦਕਰ ਜਿੰਨਾ ਨੇ ਸੰਗੀਤ ਖੇਤਰ ਵਿਚ ਚੰਗਾ ਨਾਮ ਕਮਾਇਆ। ਖਾਂ ਸਾਹਿਬ ਫਕੀਰੀ ਤਬੀਅਤ ਦੇ ਵਿਅਕਤੀ ਸਨ। ਇਕ ਵਾਰ ਉਹ ਮਿਰਜ ਵਿਚ ਖੁਆਜਾ ਮਿਸ਼ਨ ਮਿਰਾ ਦੀ ਦਰਗਾਹ ਤੇ ਦਰਸ਼ਨ ਕਰਨ ਲਈ ਗਏ। ਉਥੇ ਉਹਨਾਂ ਨੂੰ ਪਲੇਗ ਹੋ ਗਿਆ। ਮਰਜ ਦਿਨ ਪ੍ਰਤੀ ਦਿਨ ਵਧਦਾ ਗਿਆ। ਇੱਕ ਫਕੀਰ ਨੇ ਸਲਾਹ ਦਿੱਤੀ "ਖਵਾਜ ਮਿਸਨਾ ਮਿਰਾ ਦੀ ਦਰਗਾਹ ਤੇ ਹਾਜਰੀ ਭਰੋ"। ਖ਼ਾਂ ਸਾਹਿਬ ਉਸੇ ਹਾਲਤ ਵਿਚ ਦਰਗਾਹ ਤੇ ਗਏ ਤੇ ਦੋ ਦਿਨਾ ਬਾਅਦ ਬਿਲਕੁਲ ਠੀਕ ਹੋ ਗਏ। ਉਸ ਤੋਂ ਬਾਅਦ ਉਹ ਹਰ ਸਾਲ ਹਾਜ਼ਰੀ ਭਰਦੇ ਅਤੇ ਪੁੰਨ-ਦਾਨ ਕਰਦੇ।

ਇਕ ਵਾਰ ਉਹਨਾਂ ਨੇ ਗਵਾਲੀਅਰ ਦੇ ਰਹਿਮਤ ਖਾ ਦਾ ਗਾਇਨ ਬਤੇਦਾ ਵਿਚ ਸੁਣਿਆ। ਭਾਵਨਾਂਵਾ ਨੂੰ ਟੰਬਣ ਵਾਲਾ ਸੁਰੀਲਾ ਗਾਇਨ ਸੁਣ ਕੇ ਖਾਂ ਸਾਹਿਬ ਨੇ ਉਹਨਾਂ ਨੂੰ ਆਪਣਾ ਆਦਰਸ਼ ਮੰਨ ਲਿਆ ਅਤੇ ਉਸ ਪ੍ਰਕਾਰ ਦੀ ਗਾਇਕੀ ਗਾਇਨ ਕਰਨ ਦਾ ਅਭਿਆਸ ਆਰੰਭ ਕਰ ਦਿਤਾ। ਖਾਂ ਸਾਹਿਬ ਨੂੰ ਰਾਗ ਲਲਿਤ, ਤੋੜੀ, ਮੀਆਂ ਮਲਹਾਰ, ਮੁਲਤਾਨੀ, ਜੌਨਪੁਰੀ, ਪਟਦੀਪ, ਭੀਮਪਲਾਸੀ, ਦਰਬਾਰੀ, ਬਸੰਤ, ਭੁਪਾਲੀ, ਬਿਹਾਗ, ਮਾਲਕੌਂਸ, ਬਾਗੇਸ਼ਵਰੀ ਆਦਿ ਰਾਗ ਬਹੁਤ ਪ੍ਰਿਅ ਸਨ। ਖ਼ਿਆਲ ਤੋਂ ਇਲਾਵਾ ਉਹ ਠੁਮਰੀ ਗਾਇਨ ਵਿਚ ਵੀ ਨਿਪੁਨ ਸਨ। ਉਹਨਾਂ ਦੀਆਂ ਠੁਮਰੀਆਂ "ਪਿਆ ਬਿਨ ਨਾਹੀ ਆਵਤ ਚੈਨ" "ਜਮੁਨਾਂ ਕੇ ਤੀਰ" ਬੜੀਆਂ ਪ੍ਰਸਿੱਧ ਹਨ। ਖਾਂ ਸਾਹਿਬ ਨੇ ਕਲਾ ਦੇ ਵਿਕਾਸ ਵਿਚ ਹੀ ਨਹੀਂ ਬਲਕਿ ਇਸ ਦੇ ਪ੍ਰਚਾਰ ਵਿਚ ਵੀ ਭਰਪੂਰ ਯੋਗਦਾਨ ਪਾਇਆ ਜਿਸ ਨੂੰ ਯਾਦ ਰਖਣਾ ਆਉਣ ਵਾਲੀ ਪੀੜੀ ਦਾ ਫਰਜ਼ ਹੈ।

ਵਿਸ਼ਨੂੰ ਦਿਗੰਬਰ ਪਲੁਸਕਰ :- ਪੰਡਿਤ ਜੀ ਦਾ ਜਨਮ 1872 ਈ: ਨੂੰ ਮਹਾਰਾਸ਼ਟਰ ਦੇ ਕਰੰਦਵਾੜ ਰਾਜ ਵਿਚ ਹੋਇਆ। ਉਹਨਾਂ ਦੇ ਪਿਤਾ ਸ੍ਰੀ ਦਿਗੰਬਰ ਬੂਵਾ ਇਕ ਕੀਰਤਨਕਾਰ ਸਨ। ਇਹ ਹੀ ਇਹਨਾਂ ਦਾ ਪ੍ਰੰਪਰਾਗਤ ਕਿੱਤਾ ਸੀ। ਪਿਤਾ ਦੀ ਇੱਛਾ ਸੀ ਕਿ ਉਹ ਬਾਲਕ ਨੂੰ ਉਚ ਸਿੱਖਿਆ ਦਿਵਾ ਕੇ ਰਾਜ ਪਦਵੀ ਤੇ

Sri Satguru Jagjit Singh Ji eLibrary NamdhariElibrary@gmail.com

ਨਿਯੁਕਤ ਕਰਵਾਉਂਦੇ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 12 ਵਰ੍ਹਿਆਂ ਦੀ ਉਮਰ ਵਿਚ ਦੀਵਾਲੀ ਦੇ ਅਵਸਰ ਤੇ ਪਟਾਖੇ ਚਲਾਉਂਦੇ ਹੋਏ ਇਕ ਚਿੰਗਿਆਰੀ ਇਹਨਾਂ ਦੀਆਂ ਅੱਖਾਂ ਨੂੰ ਹਮੇਸ਼ਾਂ ਲਈ ਕਮਜ਼ੋਰ ਕਰ ਗਈ। ਮਜ਼ਬੂਰਨ ਪੜਾਈ ਛੱਡਣੀ ਪਈ ਅਤੇ ਸੰਗੀਤ ਸਿੱਖਿਆ ਲਈ ਪ੍ਰਸਿੱਧ ਰਾਜ ਗਾਇਕ ਸ਼੍ਰੀ ਬਾਲ ਕ੍ਰਿਸ਼ਨ ਬੂਆ ਪਾਸ ਭੇਜ ਦਿੱਤਾ ਗਿਆ। ਲਗਾਤਾਰ ਦਸ ਵਰੇ ਗੁਰੂ ਦੀ ਸੇਵਾ ਕਰਦੇ ਹੋਏ ਸੰਗੀਤ ਵਿੱਦਿਆ ਪ੍ਰਾਪਤ ਕੀਤੀ ਤੇ ਇੱਕ ਉਚ ਕੋਟੀ ਦੇ ਸੰਗੀਤਕਾਰ ਦੇ ਰੂਪ ਵਿਚ ਭਰਮਣ ਲਈ ਨਿਕਲ ਪਏ। ਆਪ ਸਤਾਰਾ, ਬੜੌਦਾ, ਗਿਰਨਾਰ, ਗਵਾਲੀਅਰ ਹੁੰਦੇ ਹੋਏ ਮਥੁਰਾ ਪਹੁੰਚੇ। ਕੁਝ ਸਮਾਂ ਉਥੇ ਬਿਤਾਉਣ ਤੋਂ ਬਾਅਦ 1898 ਵਿਚ ਜਲੰਧਰ ਆਏ। ਉਹਨਾਂ ਹਰਵਲਭ ਸੰਗੀਤ ਸੰਮੇਲਨ ਵਿਚ ਪਹਿਲੀ ਵਾਰ ਭਾਗ ਲਿਆ। ਇੱਥੇ ਆਪ ਜੀ ਨੂੰ ਬੜੀ ਪ੍ਰਸਿੱਧੀ ਪ੍ਰਾਪਤ ਹੋਈ। 1901 ਈ: ਨੂੰ ਲਾਹੌਰ ਵਿਖੇ ਗੰਧਰਵ ਮਹਾਂ ਵਿਦਿਆਲਿਆ ਦੀ ਸਥਾਪਨਾਂ ਕੀਤੀ। ਪੰਡਿਤ ਜੀ ਨੇ ਰਾਮਾਇਣ ਅਤੇ ਹੋਰ ਭਗਤੀ ਭਾਵ ਵਾਲੀਆਂ ਰਚਨਾਵਾਂ ਨੂੰ ਸੁਰਬੱਧ ਕੀਤਾ ਅਤੇ ਅਸ਼ਲੀਲ ਰਚਨਾਵਾਂ ਦਾ ਤਿਆਗ ਕਰ ਦਿੱਤਾ। ਆਪਨੇ ਸੰਗੀਤ ਨਾਲ ਸਬੰਧਤ ਪੰਜਾਬ ਦੇ ਸਨਮਾਨਿਤ, ਉੱਚ ਵਰਗ ਦੇ ਲੋਕਾਂ ਦੇ ਘਰ ਜਾਣਾ ਅਰੰਭ ਕੀਤਾ। ਮਿੰਟਗੁਮਰੀ, ਰਾਵਲਪਿੰਡੀ, ਲਾਇਲਪੁਰ ਆਦਿ ਨਗਰਾਂ ਵਿਚ ਸੰਮੇਲਨ ਕਰਵਾਏ। ਵਿੱਦਿਆਲਿਆ ਵਿਚ ਸਿੱਖਿਆਰਥੀਆਂ ਦੀ ਸੰਖਿਆ ਦਿਨਾਂ ਵਿਚ ਹੀ ਵੱਧ ਗਈ। 1908 ਵਿਚ ਬੰਬਈ ਵਿਚ ਇਕ ਬਰਾਂਚ ਖੋਲੀ ਗਈ। ਪੰਡਿਤ ਜੀ ਰਾਜਵਾੜਿਆਂ ਪਾਸ ਜਾ ਕੇ ਧਨ ਇੱਕਠਾ ਕਰਦੇ, ਜੋ ਵਿਦਿਆਰਥੀਆਂ ਦੇ ਖਾਣ-ਪੀਣ, ਰਹਿਣ ਸਹਿਣ ਤੇ ਖਰਚ ਕੀਤਾ ਜਾਂਦਾ। ਪੰਡਿਤ ਜੀ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਉਹਨਾਂ ਨੇ ਇਕ ਸੁਰਲਿਪੀ ਦਾ ਨਿਰਮਾਣ ਵੀ ਕੀਤਾ। ਜਿਸ ਨੂੰ ਵਿਸ਼ਨੂੰ ਦਿਗੰਬਰ ਸੁਰਲਿਪੀ ਕਿਹਾ ਜਾਂਦਾ ਹੈ। ਪੰਡਿਤ ਜੀ ਇਕ ਯੋਗ ਸੰਗੀਤ ਸਿਖਸ਼ਕ ਸਨ। ਕਠੋਰ ਨਿਯਮਾਂ ਦਾ ਪਾਲਣ ਕਰਦੇ। ਇਹਨਾਂ ਨੇ ਅਨੇਕਾਂ ਉਚ ਕੋਟੀ ਦੇ ਸੰਗੀਤਕਾਰ ਸੰਗੀਤ ਖੇਤਰ ਨੂੰ ਦਿੱਤੇ। ਉਕਾਂਰ ਨਾਥ ਠਾਕੁਰ, ਵਿਨਾਇਕ ਰਾਵ ਪਟਵਰਧਨ, ਨਾਰਾਇਣ ਰਾਵ ਵਿਆਸ, ਸ਼ੰਕਰ ਰਾਵ ਵਿਆਸ, ਬੀ.ਆਰ.ਦੇਵਧਰ, ਦੁਰਗਾਦਤ, ਸ੍ਰੀ ਬੋਡਸ, ਬਰਮਾਨੰਦ, ਵਾਮਨ ਰਾਵ, ਦੇਵੀ ਚੰਦ ਆਦਿ ਅਣਗਿਣਤ ਉਚ ਪੱਧਰ ਦੇ ਸੰਗੀਤ ਅਧਿਆਪਕ, ਗਾਇਕ, ਵਾਦਕ ਇਸ ਖੇਤਰ ਨੂੰ ਪ੍ਰਦਾਨ ਕੀਤੇ। ਪੰਡਿਤ ਜੀ ਦਾ ਬਚਪਨ, ਜਵਾਨੀ ਤੇ ਬੁਢਾਪਾ ਸੰਗੀਤ ਦਾ ਪ੍ਰਚਾਰ ਤੇ ਵਿਕਾਸ ਕਰਦੇ ਹੋਏ ਬਤੀਤ ਹੋਇਆ। ਪੰਡਿਤ ਜੀ ਨੇ 1923 ਵਿਚ ਨਾਸਿਕ ਵਿਚ ਰਾਮ ਨਾਮ ਆਧਾਰ ਆਸ਼ਰਮ ਦੀ ਸਥਾਪਨਾਂ ਕੀਤੀ। ਸਾਧੂ ਵੇਸ ਧਾਰਨ ਕਰਕੇ, ਇਕ ਤਾਰਾ ਅਤੇ ਖੜਤਾਲਾ ਵਜਾਉਂਦੇ ਹੋਏ ਰਾਮ ਧੁਨ ਗਾਨ ਵਿਚ ਮਗਨ ਰਹਿਣ ਲਗੇ। ਉਹਨਾਂ ਦੀਆਂ 12 ਸੰਤਾਨਾਂ ਵਿਚੋਂ ਕੇਵਲ ਇੱਕ ਹੀ ਜੀਵਤ ਬਚੀ। ਉਹ ਬਾਲਕ ਦਤਾ ਤੀਰਥ ਦੇ ਨਾਮ ਨਾਲ ਸੁਪ੍ਰਸਿੱਧ ਗਾਇਕ ਹੋਇਆ ਪਰ 35 ਵਰ੍ਹਿਆਂ ਦੀ ਉਮਰ ਵਿਚ ਉਹ ਵੀ ਸਵਰਗ ਸੁਧਾਰ ਗਿਆ। ਸੰਗੀਤ ਸਿੱਖਿਆ ਦੇ ਖੇਤਰ ਵਿਚ ਪੰਡਿਤ ਜੀ ਦਾ ਯੋਗਦਾਨ ਬੇਮਿਸਾਲ ਹੈ। 21 ਅਗਸਤ 1931 ਈ: ਨੂੰ ਪੰਡਿਤ ਜੀ ਦੀ ਜੀਵਨ ਯਾਤਰਾ ਸੰਪੁਰਣ ਹੋਈ ਜੋ ਕਿ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ :- ਮਹਾਰਾਸ਼ਟਰ ਦੇ ਬਾਲਾਕੇਸ਼ਵਰ ਨਾਂ ਦੇ ਸਥਾਨ ਤੇ 10 ਅਗਸਤ 1832 ਈ: ਨੂੰ ਵਿਸ਼ਨੂੰ ਨਰਾਇਣ ਭਾਤਖੰਡੇ ਦਾ ਜਨਮ ਹੋਇਆ। ਇਹਨਾਂ ਦੇ ਮਾਤਾ ਪਿਤਾ ਬੜੇ ਸੰਗੀਤ ਪ੍ਰੇਮੀ ਸਨ। ਇਹਨਾਂ ਨੇ 1983 ਵਿਚ ਬੀ.ਏ ਅਤੇ 1890 ਵਿਚ ਐਲ.ਐਲ.ਬੀ. ਦੀ ਪ੍ਰੀਖਿਆ ਪਾਸ ਕੀਤੀ ਤੇ ਕਰਾਚੀ ਵਿਖੇ ਵਕਾਲਤ ਆਰੰਭ ਕੀਤੀ। ਵਿਸ਼ਨੂੰ ਨੇ ਸੇਠ ਵੱਲਭਦਾਸ ਪਾਸੋ ਸਿਤਾਰ, ਰਾਵ ਜੀ ਬੁਵਾ ਪਾਸੋਂ ਗਾਇਣ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੂੰ ਬਾਂਸੁਰੀ ਵਾਦਨ ਦਾ ਵੀ ਸ਼ੋਕ ਸੀ। ਵਕਾਲਤ ਕਰਦੇ ਹੋਏ ਪੰਡਿਤ ਜੀ ਨੇ ਵੇਖਿਆ ਕਿ ਲੋਕ ਰਾਗ ਦੇ ਸੁਰ, ਨਾਮ, ਆਦਿ ਆਪਣੀ ਮਰਜ਼ੀ ਮੁਤਾਬਿਕ ਰਖ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਰਾਗਾਂ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਦਾ ਕੋਈ ਆਧਾਰ ਨਹੀਂ ਸੀ। ਕ੍ਰਿਆਤਮਕ ਅਤੇ ਸ਼ਾਸ਼ਤਰ ਵਿਚ ਬੜਾ ਅੰਤਰ ਹੋ ਰਿਹਾ ਸੀ। ਰਾਗਾਂ ਦੇ ਸ਼ੁਧ ਸਰੂਪਾਂ ਦਾ ਪਤਾ ਨਹੀਂ ਲਗ ਰਿਹਾ ਸੀ। ਇਸ ਦਸ਼ਾ ਨੇ ਉਹਨਾ ਨੂੰ ਬੜਾ ਬੇਚੈਨ ਕੀਤਾ। ਉਹਨਾਂ ਨੇ ਵਕਾਲਤ ਦਾ ਤਿਆਗ ਕਰਕੇ ਦੇਸ਼ ਦੇ ਮਹਾਨ ਸੰਗੀਤ ਉਤਸਾਦਾਂ ਨੂੰ ਮਿਲਣਾ ਅਰੰਭ ਕੀਤਾ। 1904 ਵਿਚ ਭਾਰਤ ਭਰਮਨ ਕਰਦਿਆਂ ਦੱਖਣ ਅਤੇ ਉੱਤਰ ਦੇ ਗੁਣੀ ਜਨਾਂ ਨੂੰ ਮਿਲੇ ਅਤੇ ਰਾਜਵਾੜਿਆਂ ਦੇ ਸੰਗੀਤਕਾਰਾਂ ਤੋਂ ਬੰਦਸ਼ਾ ਦਾ ਸੰਗ੍ਰਹਿ ਪ੍ਰਾਪਤ ਕੀਤਾ ਲਗਪਗ 200 ਰਾਗਾਂ ਦੀਆ 1500 ਰਚਨਾਵਾਂ ਸੁਰਲਿਪੀ ਵਿਚ ਪ੍ਰਕਾਸ਼ਿਤ ਕਰਵਾਈਆਂ।

ਵਿਅੰਕਟ ਮੁਖੀ ਦੇ ਗਣਿਤਾਨੁਸਾਰ 72 ਥਾਟਾਂ ਦੀ ਵਿਧੀ ਦੇ ਅਨੁਸਾਰ ਉਤੱਰੀ ਸੰਗੀਤ ਦੇ 72 ਥਾਟ ਕਾਇਮ ਕੀਤੇ। ਉਹਨਾਂ ਵਿਚੋ 10 ਮੁੱਖ ਥਾਟ ਮਨ ਕੇ ਸਾਰੇ ਰਾਗਾਂ ਦੀ ਵੰਡ ਕੀਤੀ। ਪੰਡਿਤ ਜੀ ਨੇ ਇਕ ਸਰਲ ਸੁਰਲਿਪੀ ਤਿਆਰ ਕੀਤੀ। ਜਿਸ ਨੂੰ ਭਾਤਖੰਡੇ ਸੁਰਲਿਪੀ ਕਿਹਾ ਜਾਂਦਾ ਹੈ। ਉਹਨਾਂ ਨੇ 6 ਭਾਗਾਂ ਵਿਚ ਕ੍ਰਾਮਿਕ ਪੁਸਤਕ ਮਾਲਿਕਾ, ਹਿੰਦੋਸਤਾਨੀ ਸੰਗੀਤ ਪੱਧਤੀ 4 ਭਾਗ, ਅਭਿਨਵ ਰਾਗ ਮੰਜਰੀ, ਲਖਸ਼ ਸੰਗੀਤ, ਆਦਿ ਗਰੰਥਾਂ ਦਾ ਨਿਰਮਾਣ ਕੀਤਾ। ਇਹਨਾਂ ਨੂੰ ਭਰਾਂਤੀਆਂ ਭਾਂਤੀਆਂ ਦੂਰੇ ਕਰਨ ਲਈ ਸੰਗੀਤ ਕਾਨਫਰੰਸਾਂ ਕਰਵਾਈਆਂ ਅਤੇ ਸੰਗੀਤ ਦੇ ਉਥਾਨ ਲਈ ਸੰਗੀਤ ਵਿਦਿਆਲਿਆ ਦੀ ਸਥਾਪਨਾ ਕੀਤੀ। ਮੈਰਿਸ ਮਿਊਜ਼ਿਕ ਕਾਲਜ ਲਖਨਊ, ਮਾਧਵ ਸੰਗੀਤ ਵਿਦਿਆਲਿਆ ਗਵਾਲੀਅਰ, ਭਾਰਤੀ ਸੰਗੀਤ ਵਿਦਿਆਲਿਆ ਬੜੌਦਾ, ਆਦਿ ਸੰਗੀਤ ਕਾਨਫਰੰਸ ਕਰਨ ਤੋਂ ਬਾਅਦ ਕਾਲਜ ਖੋਲੇ ਜਿੰਨਾਂ ਵਿਚ ਉਚ ਸ਼ੇਣੀ ਦੇ ਉਸਤਾਦਾਂ ਨੂੰ ਅਧਿਆਪਕ ਨਿਯੁਕਤ ਕੀਤਾ। ਚਤੁਰ ਪੰਡਿਤ ਦੇ ਉਪ ਨਾਮ ਨਾਲ ਲਕਸਨ ਗੀਤਾਂ ਦੀਆਂ ਰਚਨਾਵਾਂ ਤਿਆਰ ਕੀਤੀਆਂ। ਸੰਗੀਤ ਦੀ ਸੇਵਾ ਕਰਦੇ ਹੋਏ 19 ਸਤੰਬਰ 1936 ਵਿਚ ਇਸ ਮਹਾਨ ਸੰਗੀਤਕਾਰ ਦਾ ਦੇਹਾਂਤ ਹੋ ਗਿਆ।

ਸ੍ਰੀ ਕ੍ਰਿਸ਼ਣ ਨਾਰਾਇਣ ਗਤਨਜਨਕਰ :- ਆਪ ਦਾ ਜਨਮ 31 ਦਸੰਬਰ 1899 ਈ: ਨੂੰ ਬੰਬਈ ਵਿਖੇ ਮਧ ਵਰਗ ਦੇ ਮਹਾਰਾਸ਼ਟਰ ਦੇ ਇਕ ਸੰਗੀਤ ਪ੍ਰੇਮੀ ਪਰਿਵਾਰ ਦੇ ਘਰ ਹੋਇਆ। ਇਹਨਾਂ ਦੇ ਪਿਤਾ ਸ੍ਰੀ ਨਾਰਾਇਣ ਗੋਵਿੰਦ ਨੂੰ ਸਿਤਾਰ ਵਜਾਉਣ ਦਾ ਸ਼ੌਕ ਸੀ। ਪਿਤਾ ਤੋ ਪ੍ਰੇਰਣਾਂ ਪਾ ਕੇ ਬਾਲਕ ਵਿਚ ਵੀ ਸੰਗੀਤ ਪ੍ਰਤੀ ਰੁਚੀ ਉਤਪੰਨ ਹੋ ਗਈ। ਬੱਚੇ ਦੀ ਰੁਚੀ ਨੂੰ ਵੇਖਦੇ ਹੋਏ ਪਿਤਾ ਨੇ ਪਟਿਆਲਾ ਘਰਾਣੇ ਦੇ ਕਾਲੇ ਖ਼ਾਂ ਦੇ ਸ਼ਾਗਿਰਦ ਕਰਿਸ਼ਨਾਂ ਨਦ ਭਟ ਪਾਸੋ ਗਾਇਨ ਦੀ ਸਿੱਖਿਆ ਪ੍ਰਾਪਤ ਕਰਨ ਲਈ ਬਾਲਕ ਨੂੰ ਉਹਨਾਂ ਦਾ ਸ਼ਾਗਿਰਦ ਬਣਵਾ ਦਿੱਤਾ। ਫਿਰ ਅਨੰਤ ਮਨੋਹਰ ਜੋਸ਼ੀ ਪਾਸੋ ਵੀ ਸਿੱਖਿਆ ਗ੍ਰਹਿਣ ਕਰਨ ਲੱਗੇ। ਸਕੂਲੀ ਪੜਾਈ ਦੇ ਨਾਲ ਨਾਲ ਸੰਗੀਤ ਦਾ ਅਭਿਆਸ ਵੀ ਜਾਰੀ ਰਖਿਆ। ਇਕ ਦਿਨ ਪੰਡਿਤ ਭਾਤਖੰਡੇ ਨਾਲ ਮੁਲਾਕਾਤ ਹੋਈ। ਇਹਨਾਂ ਦਾ ਗਾਇਨ ਸੁਣਕੇ ਉਹ ਬੜੇ ਪ੍ਰਭਾਵਿਤ ਹੋਏ ਤੇ ਭਵਿੱਖਵਾਣੀ ਕੀਤੀ ਕਿ ਇਹ ਬਾਲਕ ਇਕ ਦਿਨ ਉਚ ਕੋਟੀ ਦਾ ਸੰਗੀਤਕਾਰ ਬਣੇਗਾ। ਜੋ ਇਨ ਬਿਨ ਸੱਚ ਸਿੱਧ ਹੋਈ। ਭਾਤਖੰਡੇ ਨੇ ਆਪਣੀ ਵਿਦਿਆ ਦੇ ਭੰਡਾਰ ਦਾ ਦੁਆਰ ਇਹਨਾਂ ਲਈ ਖੋਲ ਦਿੱਤਾ। ਭਾਤਖੰਡੇ ਨੇ ਸੰਗੀਤ ਦੀਆਂ ਬਾਰੀਕੀਆਂ ਦਾ ਗਿਆਨ ਪ੍ਰਾਪਤ ਕਰਨ ਲਈ ਇਹਨਾਂ ਨੂੰ ਉਸਤਾਦ ਫੈਆਜ਼ ਖ਼ਾਂ ਸਾਹਿਬ ਪਾਸ ਭੇਜ ਦਿੱਤਾ। ਪੰਜ ਵਰ੍ਹੇ ਖ਼ਾਂ ਸਾਹਿਬ ਤੋਂ ਆਗਰਾ ਘਰਾਣਾ ਦੀ ਤਾਲੀਮ ਪ੍ਰਾਪਤ ਕੀਤੀ। ਬਾਅਦ ਵਿਚ ਮੈਰਿਸ ਮਿਊਜ਼ਿਕ ਕਾਲਜ ਲਖਨਾਊ ਦੇ ਪ੍ਰਿੰਸੀਪਲ ਨਿਯੁਕਤ ਕੀਤੇ ਗਏ। ਉਥੇ ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਵਿਦਿਆ ਪ੍ਰਦਾਨ ਕੀਤੀ। ਇੰਦਰਾ ਕਲਾ ਸੰਗੀਤ ਵਿਸ਼ਵ ਵਿਦਿਆਲਿਆ ਖੈਰਾ ਗੜ (ਮੱਧ ਪ੍ਰਦੇਸ਼) ਦੇ ਉਪ ਕੁਲਪਤੀ ਸਥਾਪਿਤ ਕੀਤੇ ਗਏ। ਰਾਸ਼ਟਰਪਤੀ ਰਾਜੇਂਦਿਰ ਪ੍ਰਸ਼ਾਦ ਦੁਆਰਾ ਇਹਨਾਂ ਨੂੰ ਪਦਮ ਭੂਸ਼ਣ ਦੀ ਉਪਾਧੀ ਨਾਲ ਵਿਭੂਸ਼ਿਤ ਕੀਤਾ ਗਿਆ। ਇਹਨਾਂ ਨੇ ਕਈ ਪ੍ਰਤਿਕਾਵਾਂ ਵਿਚ ਲੇਖ ਲਿਖੇ। ਕਈ

Sri Satguru Jagjit Singh Ji eLibrary NamdhariElibrary@gmail.com

ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਜਿਨ੍ਹਾਂ ਵਿਚੋਂ ਅਭਿਨਵ ਰਾਗ ਮੰਜੂਰੀ 4 ਭਾਗ, ਤਾਂਨ ਸੰਗ੍ਰਹਿ ਪੁਸਤਕਾਂ ਆਦਿ ਵਰਣਨਯੋਗ ਹਨ।

ਪੰਡਿਤ ਰਵੀ ਸ਼ੰਕਰ :- ਇਹਨਾਂ ਦਾ ਜਨਮ ਅਪ੍ਰੈਲ 1920 ਨੂੰ ਬਨਾਰਸ ਦੇ ਪੰ: ਸ਼ਾਮਾਂ ਸ਼ੰਕਰ ਦੇ ਘਰ ਹੋਇਆ। ਆਪਣੇ ਵੱਡੇ ਭਾਈ ਸ੍ਰੀ ਉਦੇ ਸ਼ੰਕਰ ਦੀ ਨ੍ਰਿਤ ਟੋਲੀ ਵਿਚ ਦੇਸ਼ ਵਿਦੇਸ਼ ਦੀ ਯਾਤਰਾ ਕਰਦੇ ਹੋਏ ਉਸਤਾਦ ਅਲਾਉਦੀਨ ਖ਼ਾਂ ਸਾਹਿਬ ਦੀ ਸਨੇਹ ਮਈ ਨਜ਼ਰ ਪ੍ਰਾਪਤ ਹੋਈ। ਉਸਤਾਦ ਦੀ ਤਾਲੀਮ ਤੇ ਸ਼ਾਗਿਰਦ ਦੀ ਮਿਹਨਤ ਸੱਤ ਸਾਲਾਂ ਬਾਅਦ ਅਜਿਹਾ ਰੰਗ ਲਿਆਈ ਕਿ ਰਵੀ ਸ਼ੰਕਰ ਦੀ ਮਹਿਮਾਂ ਸਾਰੇ ਸੰਸਾਰ ਭਰ ਵਿਚ ਸੂਰਜ ਦੀ ਤਰਾਂ ਫੈਲ ਗਈ। ਕੋਈ ਅਜਿਹਾ ਵਿਅਕਤੀ ਨਹੀ ਜੋ ਰਵੀ ਸ਼ੰਕਰ ਦੇ ਨਾਮ ਤੋਂ ਜਾਣੂ ਨਾ ਹੋਵੇ। ਸਿਤਾਰ ਅਤੇ ਰਵੀ ਸੰਕਰ ਇੱਕ ਦੂਜੇ ਦੇ ਪੂਰਕ ਬਣ ਗਏ। ਅਲਾਉਦੀਨ ਖ਼ਾਂ ਨੇ ਆਪਣੀ ਪੁੱਤਰੀ ਅਨਪੂਰਣਾਂ ਦੀ ਸ਼ਾਦੀ ਰਵੀ ਜੀ ਨਾਲ ਕਰ ਦਿੱਤੀ ਪਰ ਉਹ ਜੀਵਨ ਦੇ ਕੁਝ ਸਾਲਾਂ ਬਾਅਦ ਟੁੱਟ ਗਈ। ਪੰਡਿਤ ਜੀ ਦੇ ਸਿਤਾਰ ਵਾਦਨ ਵਿਚ 'ਸੁਰਬਹਾਰ' ਦੀ ਸ਼ੈਲੀ ਝਲਕਦੀ ਹੈ। ਪੰਡਿਤ ਜੀ ਨੂੰ ਰਾਗਾਂ ਅਤੇ ਤਾਲਾਂ ਉਤੇ ਪੂਰਣ ਅਧਿਕਾਰ ਪ੍ਰਾਪਤ ਹੈ। ਉਹ ਆਪਣਾ ਵਾਦਨ, ਜਿਸ ਤਰਾਂ ਕਿ ਪ੍ਰਚਲਿਤ ਹੈ, ਕੇਵਲ ਤਿੰਨ ਤਾਲ ਵਿਚ ਨਹੀ ਕਰਦੇ ਬਲਕਿ ਅਲੱਗ-ਅਲੱਗ ਤਾਲਾਂ ਦਾ ਪ੍ਰਯੋਗ ਕਰਦੇ ਹੋਏ ਪੂਰੀ ਸਫ਼ਲਤਾ ਨਾਲ ਕਰਦੇ ਹਨ। ਇਹਨਾਂ ਦੀ ਦੇਖਾ ਦੇਖੀ ਅੱਜ ਕਈ ਕਲਾਕਾਰ ਅਜਿਹਾ ਕਰਨ ਲਗ ਪਏ ਹਨ। ਪੱਛਮੀਂ ਦੇਸ਼ਾਂ ਵਿਚ ਪੰਡਿਤ ਜੀ ਨੇ ਭਾਰਤੀ ਸੰਗੀਤ ਦਾ ਬੜਾ ਪ੍ਰਚਾਰ ਕੀਤਾ ਹੈ। ਇਹਨਾਂ ਨੇ ਹਜ਼ਾਰਾਂ ਲੋਕਾਂ ਨੂੰ ਸਿੱਖਿਆ ਪ੍ਰਦਾਨ ਕਰਕੇ ਭਾਰਤੀ ਸੰਗੀਤ ਨੂੰ ਰੋਸ਼ਨ ਕੀਤਾ। ਆਪ ਜੀ ਨੂੰ ਸੰਗੀਤ ਵਿਭੂਸ਼ਨ, ਤੋਂ ਇਲਾਵਾ ਅਨੇਕਾਂ ਉਪਾਧੀਆਂ ਪ੍ਰਦਾਨ ਕਰਕੇ ਸੰਸਥਾਵਾਂ ਨੇ ਅਪਣਾ ਗੌਰਵ ਵਧਾਇਆ। 7 ਅਪ੍ਰੈਲ 1990 ਨੂੰ "ਸਪਿਰਟ ਆਫ ਫਰੀਡਮ" ਉਹਨਾਂ ਦੇ 70 ਵੇਂ ਜਨਮ ਦਿਨ ਤੇ ਪ੍ਰਦਾਨ ਕੀਤਾ ਗਿਆ। 1994 ਵਿਚ ਕਨੇਡਾ ਦੀ ਵਿਕਟੋਰੀਆ ਯੂਨੀਵਰਸਿਟੀ ਵਲੋਂ ਡਾਕਟਰ ਆਫ਼ ਮਿਊਜ਼ਿਕ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। 'ਅਨੁਰਾਧਾ' ਨਾਮ ਦੀ ਫਿਲਮ ਅਤੇ ਕਈ ਹੋਰ ਚਲ ਚਿੱਤਰਾਂ ਵਿਚ ਸੰਗੀਤ ਨਿਰਦੇਸ਼ਨ ਵੀ ਕੀਤਾ। 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ' ਦੀ ਧੁਨ ਆਪ ਦੁਆਰਾ ਰਚਿਤ ਬੜੀ ਪ੍ਰਸਿੱਧ ਹੋਈ। ਜਿੱਥੇ ਆਪ ਜੀ ਨੇ ਦੇਸ਼ ਵਿਦੇਸ਼ ਵਿਚ ਆਪਣੇ ਸੰਗੀਤ ਪ੍ਰੋਗਰਾਮ ਪੇਸ਼ ਕੀਤੇ ਉਥੇ ਹੀ ਆਪਣੇ ਸ਼ਾਗਿਰਦਾਂ ਨੂੰ ਤਾਲੀਮ ਦੇ ਕੇ ਭਾਰਤੀ ਸੰਗੀਤ ਦਾ ਪ੍ਰਚਾਰ ਵੀ ਕੀਤਾ। ਸਿਤਾਰ ਦੀ ਲੋਕ ਪ੍ਰਿਯਤਾ ਭਾਰਤ ਵਿਚ ਹੀ ਨਹੀਂ ਬਲਕਿ ਸੰਸਾਰ ਵਿਚ ਵਧਾਉਣ ਦਾ ਸਿਹਰਾ ਆਪ ਜੀ ਦੇ ਸਿਰ ਹੀ ਹੈ। ਉਮਾਂ ਸ਼ੰਕਰ, ਸਤੀਸ਼ ਕੁਮਾਰ, ਜਮਾਲੁਦੀਨ ਭਾਰਤੀ, ਸਰਵਜੀਤ ਕੌਰ ਆਦਿ ਅਨੇਕਾਂ ਸ਼ਾਗ਼ਿਰਦ ਆਪ ਜੀ ਦੇ ਨਾਮ ਲੇਵਾ ਹਨ। ਲੇਖਕ ਨੂੰ ਵੀ ਆਪ ਜੀ ਦੇ ਸ਼ਿਸ਼ ਜਮਾਲੂਦੀਨ ਭਾਰਤੀ ਪਾਸੋਂ ਸਿਤਾਰ ਸਿੱਖਿਆ ਪ੍ਰਾਪਤ ਕਰਨ ਦਾ ਮਾਨ ਪ੍ਰਾਪਤ ਹੈ।

ਅਲੀ ਅਕਬਰ ਖ਼ਾਂ : ਮੇਹਰ ਘਰਾਣੇ ਦੇ ਉਸਤਾਦ ਅਲਾਉਦੀਨ ਖ਼ਾਂ 'ਬਾਬਾ-ਏ-ਸੰਗੀਤ' ਦੇ ਸੁਯੋਗ ਸਪੁੱਤਰ ਦਾ ਜਨਮ 1922 ਵਿਚ ਹੋਇਆ। ਪਿਤਾ ਬੜੇ ਕਠੋਰ ਅਧਿਆਪਕ ਪਰ ਦਿਲ ਦੇ ਬੜੇ ਨਰਮ ਸਨ। ਆਪ ਨਿਯਮ-ਬੱਧ ਰਿਆਜ਼ ਕਰਵਾਉਂਦੇ ਪਰ ਬਾਲਕ ਤੰਗ ਆ ਕੇ 12 ਵਰਿਆਂ ਦੀ ਉਮਰ ਵਿਚ ਘਰ ਤੋਂ ਚਲਾ ਗਿਆ। ਕਠੋਰ ਰਿਆਜ਼ ਦੇ ਫਲ ਸਦਕਾ ਉਹ ਜੈਪੁਰ ਰੇਡਿਓ ਤੇ ਪ੍ਰੋਗਰਾਮ ਦੇਣ ਦੇ ਯੋਗ ਹੋ ਗਿਆ। ਜਦੋ ਪਿਤਾ ਨੂੰ ਪਤਾ ਲਗਾ ਤਾਂ ਉਹ ਆਪਣੇ ਪੁੱਤਰ ਨੂੰ ਵਾਪਸ ਘਰ ਲੈ ਆਏ। ਅਲੀ ਅਕਬਰ ਨੇ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ। ਅਲੀ ਅਕਬਰ ਤੋਂ ਬਿਨਾਂ ਸਰੋਦ ਦੀ ਕਲਪਨਾ ਵੀ ਨਹੀਂ ਕੀਤੀ ਜਾ

Sri Satguru Jagjit Singh Ji eLibrary NamdhariElibrary@gmail.com

ਸਕਦੀ। ਦੇਸ਼ ਵਿਦੇਸ਼ ਵਿਚ ਪ੍ਰੋਗਰਾਮ ਹੋਣ ਲੱਗੇ। ਰਵੀ ਸ਼ੰਕਰ ਅਤੇ ਅਲੀ ਅਕਬਰ ਦੀ ਯੁਗਲਬੰਦੀ ਬੜੀ ਸਫ਼ਲ ਰਹੀ। ਆਪ ਜੀ ਨੇ ਅਨੇਕਾਂ ਸ਼ਾਗਿਰਦਾਂ ਨੂੰ ਤਾਲੀਮ ਦਿੱਤੀ, ਜਿੰਨਾਂ ਵਿਚ ਸ੍ਰੀ ਮਤੀ ਸ਼ਰਲਾ ਰਾਣੀ, ਬੀ.ਬੀ.ਕੋਬਰਾ, ਸ਼ਿਸ਼ਰ ਕੰਨਾਧਰ ਚੌਧਰੀ, ਸੁਪ੍ਰਭਾਤ ਪਾਲ, ਦਲੀਪ ਬਸੂ, ਜ਼ਰੀਨ ਦਾਰੂ ਵਾਲਾ ਆਦਿ ਬੜੇ ਪ੍ਰਸਿੱਧ ਨਾਮ ਹਨ। ਭਾਰਤ ਸਰਕਾਰ ਨੇ ਪਦਮ ਭੁਸ਼ਨ ਦੀ ਉਪਾਧੀ ਦੇ ਕੇ ਸਨਮਾਨਿਆ। ਬਹੁਤ ਵਰਿਆਂ ਤੋਂ ਉਹ ਅਮਰੀਕਾ ਵਿਖੇ ਅਲੀ ਅਕਬਰ ਕਾਲਜ ਆਫ਼ ਮਿਊਜ਼ਿਕ ਚਲਾ ਰਹੇ ਹਨ, ਜਿਥੇ ਅਨੇਕਾਂ ਸੰਗੀਤਪ੍ਰੇਮੀ ਸੰਗੀਤ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸੰਗੀਤ ਕਲਾ ਅਤੇ ਸੰਗੀਤ ਸਿੱਖਿਆ ਦੇ ਖੇਤਰ ਵਿਚ ਇਹਨਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਲਾਲ ਮਣੀ ਮਿਸ਼ਰ :- ਬਹੁਪੱਖੀ ਪ੍ਰਤਿਭਾ ਦੇ ਧਨੀ ਡਾ. ਲਾਲ ਮਣੀ ਮਿਸ਼ਰ ਵਿਚਿੱਤਰ ਵੀਣਾ ਦੇ ਸ੍ਰੇਸਠ ਕਲਾਕਾਰ ਸਨ। ਇਕ ਅਜਿਹੇ ਕਲਾਕਾਰ, ਜਿਸਨੇ ਸਧਾਰਣ ਪਰਿਵਾਰ ਵਿਚ ਜਨਮ ਲੈ ਕੇ, ਪਰਿਵਾਰਿਕ ਸਮਸਿਆਵਾਂ ਨਾਲ ਜੂਝਦੇ ਹੋਏ ਆਪਣੀ ਮਿਹਨਤ ਤੇ ਬਲ ਸਦਕਾ ਸਾਰੇ ਸੰਸਾਰ ਵਿਚ ਭਾਰਤੀ ਸੰਗੀਤ ਦੀ ਰਹਿਨੁਮਾਈ ਕੀਤੀ। 11 ਅਗਸਤ 1942 ਨੂੰ ਕਾਨਪੁਰ ਦੇ ਬ੍ਰਾਹਮਣ ਪਰਿਵਾਰ ਵਿਚ ਜਨਮੇ ਲਾਲ ਮਣੀ ਮਿਸ਼ਰ 10 ਸਾਲਾਂ ਦੀ ਉਮਰ ਵਿਚ ਹੀ ਮੰਚ ਤੇ ਜਾ ਪੁੱਜੇ ਤੇ ਸ੍ਰੋਤਿਆਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਲੱਗੇ। ਕਲਕੱਤਾ ਵਿਖੇ ਸੁਆਮੀ ਪ੍ਰਮੋਦਾਨੰਦ ਪਾਸੋ ਧਰੁਪਦ-ਧਮਾਰ ਦੀ ਤਾਲੀਮ ਪ੍ਰਾਪਤ ਕੀਤੀ। 15 ਸਾਲ ਦੀ ਉਮਰ ਵਿਚ ਪਿਤਾ ਦਾ ਸਹਾਰਾ ਨਾ ਰਿਹਾ ਤੇ ਬਾਲਕ ਮੁੜ ਕਾਨਪੁਰ ਆ ਗਿਆ। ਸਿਤਾਰ, ਤਬਲਾ, ਜਲਤਰੰਗ ਆਦਿ ਸਾਜ਼ਾਂ ਦਾ ਅਭਿਆਸ ਕਰਨ ਲੱਗਾ। ਉਸਤਾਦ ਅਬਦੁਲ ਅਜੀਜ਼ ਖ਼ਾਂ ਪਾਸੋ ਵੀਨਾਂ ਦੀ ਸਿੱਖਿਆ ਪ੍ਰਾਪਤ ਕਰਕੇ ਭਾਰਤ ਦਾ ਇੱਕ ਸਫਲ ਵੀਨਾਂ ਵਾਦਕ ਸਿੱਧ ਹੋਇਆ। ਪੰਡਿਤ ਉਦੇ ਸ਼ੰਕਰ ਦੀ ਨ੍ਰਿਤ ਟੋਲੀ ਦਾ ਸੰਗੀਤ ਨਿਰਦੇਸ਼ਨ ਅਲਾਉਦੀਨ ਖ਼ਾਂ ਕਰਦੇ ਸਨ। ਉਹਨਾਂ ਦੇ ਬਾਅਦ ਲਾਲ ਮਣੀ ਮਿਸ਼ਰ ਇਸ ਕੰਮ ਨੂੰ ਨੇਪਰੇ ਚਾੜਨ ਲੱਗੇ। 1950 ਤੋਂ 1955 ਤੱਕ ਕਈ ਦੇਸ਼ਾਂ ਦਾ ਭਰਮਣ ਕਰਨ ਦਾ ਮੌਕਾ ਮਿਲਿਆ। ਗੰਧਰਵ ਮਹਾਂਵਿਦਿਆਲਿਆ ਦੇ ਰਜਿਸਟਰਾਰ ਦੀ ਪਦਵੀ ਸੰਭਾਲੀ। ਇਕ ਸਾਲ ਬਾਅਦ ਉਕਾਂਰ ਨਾਥ ਠਾਕੁਰ ਨੇ ਆਪ ਜੀ ਤੋਂ ਪ੍ਰਭਾਵਿਤ ਹੋ ਕੇ ਕਾਸ਼ੀ ਹਿੰਦੂ ਵਿਸ਼ਵ ਵਿਦਿਆਲਿਆ ਸੰਗੀਤ ਵਿਭਾਗ ਵਿਚ ਰੀਡਰ ਪਦ ਸਵੀਕਾਰ ਕਰਨ ਲਈ ਕਿਹਾ। 1958 ਵਿਚ ਆਪ ਨੇ ਇਹ ਪਦ ਸੰਭਾਲਿਆ ਅਤੇ ਵਿਦਿਆਰਥੀਆਂ ਨੂੰ ਸੰਗੀਤ ਦੀ ਉਚੀ ਸਿੱਖਿਆ ਪ੍ਰਦਾਨ ਕਰਦੇ ਰਹੇ। ਡਾ. ਮਣੀ ਨੇ ਸਰੁਤੀ ਵੀਣਾ ਦਾ ਅਵਿਸਕਾਰ ਕੀਤਾ ਅਤੇ ਭਾਰਤੀ ਸੰਗੀਤ ਵੀਣਾ ਦੇ ਨਾਮ ਨਾਲ ਪੁਸਤਕ ਵੀ ਪ੍ਰਕਾਸ਼ਿਤ ਕਰਵਾਈ। ਇਸ ਤੋਂ ਛੁਟ ਸੰਗੀਤ ਸਰਿਤਾ, ਤੰਤਰੀਨਾਦ, ਤਬਲਾ ਵਿਗਿਆਨ, ਸਰੁਤੀ ਵੀਣਾ, ਭ਼ਾਰਤੀ ਸੰਗੀਤ ਸਾਜ, ਤ੍ਰੋਤੀਨਾਦ, ਬਾਲ ਸੰਗੀਤ, ਆਦਿ ਪੁਸਤਕਾਂ ਲਿਖੀਆਂ ਅਤੇ ਛੇ ਨਵੇਂ ਰਾਗਾਂ ਦੀ ਖੋਜ ਕੀਤੀ। ਅਮਰੀਕਾ ਦੀ ਯੂਨੀਵਰਸਿਟੀ ਵਿਚ ਵਿਜਟਿੰਗ ਪ੍ਰੋਫੈਸਰ ਦੇ ਰੂਪ ਵਿਚ ਕਈ ਵਾਰ ਬੁਲਾਏ ਗਏ। 17 ਜੁਲਾਈ 1919 ਈ. ਨੂੰ ਸੰਗੀਤ ਦਾ ਇਹ ਸਿਤਾਰਾ ਅਲੋਪ ਹੋ ਗਿਆ।

ਉਸਤਾਦ ਫੈਆਜ਼ ਖ਼ਾਂ :- ਆਗਰਾ ਘਰਾਣਾ ਦੇ ਵਿਖਿਆਤ ਗਾਇਕ ਉਸਤਾਦ ਫ਼ੈਆਜ਼ ਖ਼ਾਂ ਤੋਂ ਬਿਨਾਂ ਸੰਗੀਤ ਇਤਿਹਾਸ ਅਧੂਰਾ ਹੈ। ਆਪ ਦਾ ਜਨਮ 1886 ਵਿੱਚ ਆਗਰਾ ਦੇ ਨੇੜੇ ਸਿਕੰਦਰਾ ਵਿਖੇ ਸ੍ਰੀ ਸਫ਼ਦਰ ਹੁਸੈਨ ਦੇ ਘਰ ਹੋਇਆ। ਜਨਮ ਤੋ ਚਾਰ ਮਹੀਨੇ ਪਹਿਲਾਂ ਹੀ ਪਿਤਾ ਦੀ ਮੌਤ ਹੋ ਜਾਣ ਕਾਰਨ ਆਪ ਜੀ ਦੇ ਨਾਨਾ ਗੁਲਾਮ ਅਬਾਸ ਖ਼ਾਂ ਨੇ ਹੀ ਇਹਨਾਂ ਦਾ ਪਾਲਨ ਪੋਸ਼ਣ ਤੇ ਸੰਗੀਤ ਸਿੱਖਿਆ ਦਿੱਤੀ। 25 ਵਰ੍ਹੇ ਸੰਗੀਤ ਦੀ ਹਰ ਸ਼ੈਲੀ ਦੀ ਸਿੱਖਿਆ ਆਪਣੇ ਨਾਨਾ ਤੋਂ ਪ੍ਰਾਪਤ ਕੀਤੀ। ਫ਼ੈਆਜ ਖ਼ਾਂ ਨੂੰ ਸੰਗੀਤ

Sri Satguru Jagjit Singh Ji eLibrary NamdhariElibrary@gmail.com

ਸਿਖਿਆਂ ਵਿਰਾਸਤ ਵਿਚ ਮਿਲੀ। ਅਲਾਪ ਅਤੇ ਧਰੁਪਦ ਦੀ ਸਿੱਖਿਆ ਆਪਣੇ ਨਾਨਾ ਜੀ ਕੋਲੋਂ ਅਤੇ ਧਮਾਰ ਦੀ ਸਿੱਖਿਆ ਕਲਨ ਖਾਂ ਕੋਲੋਂ ਪ੍ਰਾਪਤ ਕੀਤੀ। ਧਰੁੱਪਦ, ਧਮਾਰ, ਖਿਆਲ, ਤਰਾਨਾਂ, ਠੁਮਰੀ, ਦਾਦਰਾ, ਗਜ਼ਲ ਗਾਇਨ ਵਿਚ ਪ੍ਰਵੀਨਤਾ ਪ੍ਰਾਪਤ ਕਰਨ ਤੋਂ ਬਾਅਦ ਸਾਰੇ ਭਾਰਤ ਵਿਚ ਆਪਣੇ ਨਾਮ ਦਾ ਸਿੱਕਾ ਚਲਾਇਆ। ਆਪ ਧਰੁਪਦ ਅਤੇ ਧਮਾਰ ਸ਼ੈਲੀ ਖਿਆਲ ਸੈਲੀ ਦੀ ਵਿਸ਼ੇਸ਼ਤਾ ਰਖਦੇ ਸਨ। ਗਾਇਨ ਸਮੇਂ ਖ਼ਾਂ ਸਾਹਿਬ ਪਹਿਲਾਂ ਨੋਮ ਤੋਮ ਦਾ ਅਲਾਪ ਕਰਦੇ ਸਨ ਬਾਅਦ ਵਿਚ ਤਾਲਬੱਧ ਗਾਇਨ ਆਰੰਭ ਕਰਦੇ। ਉਹ ਹਰ ਪ੍ਰਕਾਰ ਦੀ ਸ਼ੈਲੀ ਵਿਚ ਕਮਾਲ ਰਖਦੇ ਸਨ। ਉਸਤਾਦ ਫੈਯਾਜ ਖਾਂ ਲਈ ਰਾਗ ਇਕ ਜਿਉਦਾ ਜਾਗਦਾ ਵਿਅਕਤਿਤਵ ਸੀ। ਉਹ ਹਰ ਵਾਰ ਰਾਗ ਨੂੰ ਇੰਨੀ ਕੁਸਲਤਾ ਨਾਲ ਪੇਸ਼ ਕਰਦੇ ਸਨ ਕਿ ਉਸ ਵਿਚ ਨਵੇਂ ਜੀਵਨ ਦਾ ਪ੍ਰਵੇਸ ਹੋ ਗਿਆ ਜਾਪਦਾ ਸੀ। ਮੀਂਡ, ਮੁਰਕੀ, ਗਮਕ, ਤਾਨ, ਸਿਧੀਆਂ ਸਰਲ ਤਾਨਾਂ ਉਨ੍ਹਾਂ ਦੇ ਗਾਇਨ ਦਾ ਵਿਸ਼ੇਸ਼ ਗੁਣ ਸੀ। ਉਹਨਾਂ ਦੀ ਸੰਗੀਤ ਕਲਾ ਨੂੰ ਪਛਾਣਦੇ ਹੋਏ ਉਹਨਾਂ ਨੂੰ 1935 ਵਿਚ ਬੜੋਦਾ ਦਰਬਾਰ ਵਿਚ 'ਗਿਆਨ ਰਤਨ' ਦੀ ਉਪਾਧੀ ਪ੍ਰਾਪਤ ਹੋਈ। ਬੜੌਦਾ ਦੇ ਰਾਜ ਗਾਇਕ ਵਜੋਂ ਉਹਨਾਂ ਨੂੰ ਬੜੀਆਂ ਸਹੂਲਤਾਂ ਪ੍ਰਾਪਤ ਸਨ। 1911 ਵਿਚ ਮੈਸੂਰ ਦਰਬਾਰ ਵਿਚ ਇਕ ਮੁਕਾਬਲਾ ਹੋਇਆ ਜਿਸ ਵਿਚ ਆਪ ਜੀ ਨੂੰ ਆਫਤਾਬ-ਏ ਮੋਸੀਕੀ ਦਾ ਖਿਤਾਬ ਪ੍ਰਾਪਤ ਹੋਇਆ। ਆਪ ਜੀ ਦਾ ਜਾਹੋ ਜਲਾਲ ਇਨਾਂ ਸੀ ਕਿ ਇਕ ਵਾਰ ਆਪ ਇੰਦੋਰ ਦਰਬਾਰ ਵਿਚ ਆਪਣੀ ਕਲਾ ਪੇਸ਼ ਕਰਨ ਲਈ ਗਏ। ਜਦੋ ਆਪ ਦਰਬਾਰ ਵਿਚ ਦਾਖਲ ਹੋਏ ਤਾਂ ਸਾਰੇ ਰਾਜਾ ਮਹਾਂਰਾਜਾ, ਨਵਾਬ ਆਦਿ ਆਪ ਜੀ ਦੇ ਸਨਮਾਨ ਵਿਚ ਖੜੇ ਹੋ ਗਏ। ਇੰਦੋਰ ਦੇ ਮਹਾਰਾਜ ਆਪ ਜੀ ਦਾ ਗਾਇਨ ਸੁਣ ਕੇ ਮੰਤਰ ਮੁਗਧ ਹੋ ਗਏ ਤੇ ਆਪਣੇ ਗਲੇ ਵਿਚ ਮੋਤੀਆਂ ਦੀ ਮਾਲਾ ਉਤਾਰ ਕੇ ਖ਼ਾਂ ਸਾਹਿਬ ਦੇ ਗਲ ਵਿਚ ਪਾ ਦਿੱਤੀ। ਅੱਜ ਵੀ ਬੜੌਦਾ ਵਿਚ ਇਕ ਸੜਕ ਦਾ ਨਾਮ ਫੈਆਜ਼ ਖ਼ਾਂ ਰੋਡ ਹੈ। ਭਾਤਖੰਡੇ ਨੇ ਆਪ ਜੀ ਤੋ ਬੜੀਆਂ ਰਚਨਾਂਵਾਂ ਪ੍ਰਾਪਤ ਕੀਤੀਆਂ। ਜਦੋਂ ਬੜੌਦੇ ਵਿਚ ਕਾਨਫਰੰਸ ਤੋਂ ਬਾਅਦ ਉਥੇ ਸਕੂਲ ਖੋਲਿਆ ਗਿਆ ਤਾਂ ਖ਼ਾਂ ਸਾਹਿਬ ਨੂੰ ਵੀ ਸਿੱਖਿਆ ਦੇਣ ਲਈ ਰੱਖਿਆ ਗਿਆ ਪਰ ਥੋੜੇ ਦਿਨਾਂ ਬਾਅਦ ਖ਼ਾਂ ਸਾਹਿਬ ਨੇ ਇਸ ਕੰਮ ਤੋਂ ਮਹਾਰਾਜਾ ਨੂੰ ਕਹਿ ਕੇ ਛੁਟਕਾਰਾ ਪਾ ਲਿਆ। ਖ਼ਾਂ ਸਾਹਿਬ ਅਨਾੜੀ ਬੱਚਿਆਂ ਨੂੰ ਸਿੱਖਿਆ ਨਾ ਦੇ ਕੇ ਉਚੇਰੀ ਸਿੱਖਿਆ ਪ੍ਰਦਾਨ ਕਰਨਾ ਚਾਹੁੰਦੇ ਸਨ। ਆਪ ਜੀ ਦੇ ਸ਼ਾਗਿਰਦਾਂ ਵਿਚੋਂ ਨਿਸਾਰ ਹੁਸੈਨ ਖ਼ਾਂ, ਅਜ਼ਮਤ ਹੁਸੈਨ ਖ਼ਾਂ, ਅਤਾ ਹੁਸੈਨ, ਦਲੀਪ ਚੰਦਰ ਬੇਦੀ, ਸ੍ਰੀ ਕਰਿਸ਼ਨ ਨਾਰਾਇਣ ਰਤਨ ਜਨਕਰ, ਦੀਪਾਲੀ ਨਾਗ, ਸੋਹਣ ਸਿੰਘ ਆਦਿ ਉਚ ਕੋਟੀ ਦੇ ਕਲਾਕਾਰ ਤਿਆਰ ਕਰਕੇ ਸੰਗੀਤ ਖੇਤਰ ਵਿਚ ਪੂਰਣ ਯੋਗਦਾਨ ਪਾਇਆ। ਆਗਰਾ ਘਰਾਣਾਂ ਦਾ ਇਹ ਲਾਜਵਾਬ ਗਾਇਕ 5 ਨਵੰਬਰ 1950 ਨੂੰ ਸੰਸਾਰ ਤੋਂ ਹਮੇਸ਼ਾਂ ਲਈ ਵਿਦਾ ਹੋ ਗਿਆ। ਇਸ ਯੁਗ ਵਿੱਚ ਉਸਤਾਦ ਫੈਯਾਜ਼ ਖਾਂ ਹੀ ਇਕ ਅਜਿਹੇ ਬੇਜੋੜ ਗਾਇਕ ਸਨ, ਜਿਹਨਾਂ ਨੇ ਅਲਾਪ ਅਤੇ ਧਮਾਰ ਦੀ ਕਠਿਨ ਅਤੇ ਉੱਤਮ ਸ਼ੈਲੀ ਨੂੰ ਸੰਗੀਤ ਦੇ ਖੇਤਰ ਵਿਚ ਲੋਕ ਪ੍ਰਿਯ ਅਤੇ ਰੋਚਕ ਬਣਾਇਆ। ਖਿਆਲ ਗਾਇਕ ਹੁੰਦੇ ਹੋਏ ਵੀ ਧਰੁਪਦ ਪੱਧਤੀ ਦਾ ਇਨ੍ਹਾਂ ਪ੍ਰਚਾਰ ਕੀਤਾ। ਅਜਿਹਾ ਚੋਮੁਖੇ ਗਾਇਕ ਦੇਸ਼ ਨੂੰ ਸਦੀਆਂ ਵਿਚ ਨਸੀਬ ਹੁੰਦੇ ਹਨ। ਲੇਖਕ ਨੂੰ ਵੀ ਸੰਗੀਤਕਾਰ ਸੋਹਣ ਸਿੰਘ ਦਾ ਸ਼ਾਗਿਰਦ ਹੋਣ ਦਾ ਮਾਨ ਪ੍ਰਾਪਤ ਹੈ। ਸੋਹਣ ਸਿੰਘ ਨੇ ਬੜੌਦਾ ਵਿਖੇ ਤਾਲੀਮ ਪ੍ਰਾਪਤ ਕੀਤੀ ਤੇ ਜਲੰਧਰ ਆਕਾਸ਼ਵਾਣੀ ਤੇ ਨਿਯੁਕਤ ਹੋ ਗਏ। ਉਸਤਾਦ ਸ਼ਾਗਿਰਦ ਦੇ ਗਾਣੇ ਵਿਚ ਬੜੀ ਸਮਾਨਤਾ ਪਾਈ ਜਾਂਦੀ ਸੀ।

Sri Satguru Jagjit Singh Ji eLibrary NamdhariElibrary@gmail.com

ਉਸਤਾਦ ਅਲੀ ਬਖਸ਼ ਅਤੇ ਉਸਤਾਦ ਫਤਿਹ ਅਲੀ

ਉਸਤਾਦ ਅਲੀ ਬਖਸ਼ ਅਤੇ ਉਸਤਾਦ ਫਤਿਹ ਅਲੀ ਪੰਜਾਬ ਦੇ ਦੋ ਅਜਿਹੇ ਉੱਚ ਕੋਟੀ ਦੇ ਪ੍ਰਸਿੱਧ ਗਾਇਕ ਹੋਏ ਹਨ, ਜਿੰਨਾਂ ਦੀ ਚਰਚਾ ਵੱਖਰੀ-ਵੱਖਰੀ ਨਹੀਂ ਕੀਤੀ ਜਾ ਸਕਦੀ। ਇਹਨਾਂ ਦੀ ਗਾਇਕੀ ਸੰਯੁਕਤ ਰੂਪ ਵਿਚ ਪਨਪੀ ਇਸ ਲਈ ਇਹਨਾਂ ਦੀ ਚਰਚਾ ਵੀ ਸੰਯੁਕਤ ਰੂਪ ਵਿਚ ਹੀ ਕੀਤੀ ਜਾਂਦੀ ਹੈ। ਇਹਨਾਂ ਦੀਆਂ ਜਨਮ ਮਿਤੀਆਂ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਅਨੁਮਾਨ ਹੈ ਕਿ ਇਹਨਾਂ ਦੇ ਜਨਮ 1835 ਦੇ ਨੇੜੇ ਤੇੜੇ ਹੋਏ ਸਨ। ਇਹ ਦੋਵੇਂ ਉਸਤਾਦ ਪੰਜਾਬ ਦੇ ਹੀ ਨਹੀਂ ਬਲਕਿ ਸਾਰੇ ਭਾਰਤ ਲਈ ਹੀ ਗੌਰਵ ਸਨ। ਇਹ ਭਾਰਤੀ ਸੰਗੀਤ ਦੇ ਲਾਸਾਨੀ ਗਾਇਕ ਸਨ। ਕਿਹਾ ਜਾਦਾ ਹੈ ਕਿ ਜਦੋਂ ਇਹ ਮਹਿਫ਼ਲ ਵਿਚ ਗਾਉਂਦੇ ਤਾਂ ਇਹਨਾਂ ਦੇ ਬਾਅਦ ਤਾਨਪੂਰੇ ਮੂਧੇ ਮਾਰ ਦਿੱਤੇ ਜਾਂਦੇ ਜਿਸ ਦਾ ਅਰਥ ਇਹ ਹੁੰਦਾ ਸੀ ਕਿ ਇਹਨਾਂ ਤੋ ਬਾਅਦ ਕਿਸੇ ਹੋਰ ਵਿਚ ਗਾਨ ਦਾ ਸਾਹਸ ਨਹੀਂ। ਇਹ ਇਕ ਪ੍ਰਕਾਰ ਦੀ ਚੁਣੌਤੀ ਹੀ ਹੁੰਦੀ ਸੀ।

ਰਿਆਸਤ ਪਟਿਆਲਾ ਦੀ ਨੀਂਹ ਬਾਬਾ ਆਲਾ ਸਿੰਘ ਨੇ 1764 ਈ: ਅਰਥਾਤ 232 ਵਰੇ ਪਹਿਲਾਂ ਰੱਖੀ ਸੀ। ਇਹਨਾਂ ਦਾ ਜਨਮ 1695 ਈਸਵੀ ਵਿਚ ਹੋਇਆ ਅਤੇ 1765 ਈਸਵੀ ਵਿਚ ਦੇਹਾਂਤ ਹੋਇਆ। ਇਹਨਾਂ ਤੋਂ ਬਾਅਦ ਪਟਿਆਲਾ ਦੀ ਗੱਦੀ ਉਤੇ ਕਈ ਰਾਜੇ ਬੈਠੇ। 1809 ਈਸਵੀ ਵਿਚ ਇਹ ਰਿਆਸਤ ਅੰਗਰੇਜ਼ੀ ਸ਼ਾਸ਼ਨ ਦੇ ਆਧੀਨ ਹੋ ਗਈ। 1857 ਈਸਵੀ ਵਿਚ ਮਹਾਰਾਜਾ ਨਰਿੰਦਰ ਸਿੰਘ ਨੇ ਅੰਗਰੇਜ਼ਾ ਦੀ ਬੜੀ ਸਹਾਇਤਾ ਕੀਤੀ ਸੀ। ਜਿਸ ਤੋਂ ਪ੍ਰਸੰਨ ਹੋਕੇ ਉਸ ਵੇਲੇ ਦੀ ਹਕੂਮਤ ਨੇ ਇਹਨਾਂ ਨੂੰ ਉਪਾਧੀਆਂ ਪ੍ਰਦਾਨ ਕੀਤੀ, ਮਹਾਰਾਜਾ ਧਿਰਜ ਰਾਜੇਸ਼ਵਰ, ਸ੍ਰੀ ਮਹਾਰਾਜ-ਏ-ਰਾਜਗਾਨ ਨਰਿੰਦਰ ਸਿੰਘ, ਮਹਿੰਦਰ ਬਹਾਦੁਰ। ਇਸੇ ਕਾਲ ਵਿਚ ਪਟਿਆਲਾ ਸੰਗੀਤ ਘਰਾਣੇ ਦਾ ਜਨਮ ਹੋਇਆ।

ਦਿੱਤੇ ਖ਼ਾਂ ਇਕ ਪੰਜਾਬੀ ਗਾਇਕ ਇਹਨਾਂ ਦੇ ਦਰਬਾਰ ਵਿਚ ਆਇਆ ਕਰਦਾ ਸੀ। ਇਸ ਦਾ ਪੁੱਤਰ ਕਾਲੂ ਮੀਆਂ ਸਾਰੰਗੀ ਵਜਾਉਂਦਾ ਸੀ। ਉਹ ਵੀ ਪਟਿਆਲਾ ਦਰਬਾਰ ਵਿਚ ਸਾਰੰਗੀ ਵਾਦਕ ਦੇ ਰੂਪ ਵਿਚ ਸੇਵਾ ਕਰਨ ਲੱਗਾ। ਉਸ ਸਮੇਂ ਪਟਿਆਲਾ ਦਰਬਾਰ ਵਿਚ ਉਚਕੋਟੀ ਦੇ ਸੰਗੀਤਕਾਰ ਬੁਲਾਏ ਜਾਇਆ ਕਰਦੇ ਸਨ। ਇਕ ਵਾਰੀ ਜੈਪੁਰ ਦੇ ਉਸਤਾਦ ਬਹਿਰਾਮ ਖ਼ਾਂ ਦਾ ਆਗਮਨ ਹੋਇਆ। ਮੀਆਂ ਕਾਲੂ ਉਹਨਾਂ ਦੀ ਕਲਾ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਉਹਨਾਂ ਨਾਲ ਹੀ ਜੈਪੁਰ ਚਲਾ ਗਿਆ। ਜੈਪੁਰ ਵਿਚ ਮੀਆਂ ਕਾਲੂ ਨੂੰ ਦਿੱਲੀ ਦੇ ਉਸਤਾਦ ਕੁਤੁਬ ਬਖ਼ਸ਼ 'ਤਾਨਰਸ ਖਾਂ' ਦਾ ਗਾਇਨ ਸੁਨਣ ਦਾ ਮੌਕਾ ਮਿਲਿਆ। ਮੀਆਂ ਕਾਲੂ ਉਹਨਾਂ ਦੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦਾ ਸ਼ਾਗਿਰਦ ਬਣ ਗਿਆ ਤੇ ਉਸਤਾਦ ਦੇ ਨਾਲ ਹੀ ਦਿੱਲੀ ਚਲਾ ਗਿਆ। ਕੁਝ ਸਮੇਂ ਬਾਅਦ ਮੀਆਂ ਕਾਲੂ ਰਿਆਸਤ ਪ੍ਰਤਾਪ ਗੜ ਵਿਚ ਚਲਾ ਗਿਆ। ਮੀਆਂ ਕਾਲੂ ਦਾ ਪੁੱਤਰ ਅਲੀ ਬਖ਼ਸ਼ ਅਤੇ ਉਸਦਾ ਮਿੱਤਰ ਫਤਿਹ ਅਲੀ ਜਵਾਨ ਅਵਸਥਾ ਵਿਚ ਪਹਿਲੀ ਵਾਰ ਮਿਲੇ। ਮੀਆਂ ਕਾਲੂ ਨੇ ਇਹਨਾਂ ਨੂੰ ਤਾਲੀਮ ਦੇਣੀ ਅਰੰਭ ਕੀਤੀ। ਇੱਕ ਵਾਰ ਮੀਆਂ ਕਾਲੂ ਆਪਣੇ ਬੱਚਿਆਂ ਸਮੇਤ ਜੈਪੁਰ ਆਏ। ਇਥੇ ਅਲੀਬਖਸ਼ ਅਤੇ ਫਤਿਹ ਅਲੀ ਦਾ ਇਕ ਮਹਿਫ਼ਲ ਵਿਚ ਗਾਇਨ ਹੋਇਆ। ਤਾਨਰਸ ਖਾਂ ਨੂੰ ਵੀ ਬੁਲਾਇਆ ਗਿਆ। ਮੌਕਾ ਪਾ ਕੇ ਮੀਆਂ ਕਾਲੂ ਨੇ ਆਪਣੇ ਪੁੱਤਰਾਂ ਨੂੰ ਤਾਨਰਸ ਖ਼ਾਂ ਦਾ ਸ਼ਾਗਿਰਦ ਬਣਵਾ ਦਿੱਤਾ। ਉਸ ਸਮੇਂ ਦੀ ਪ੍ਰੰਪਰਾ ਦੇ ਅਨੁਸਾਰ ਕੋਈ ਵੀ ਗਾਇਕ, ਵਾਦਕ ਬਿਨਾਂ ਕਿਸੇ ਘਰਾਣੇਦਾਰ ਦਾ ਸ਼ਾਗਿਰਦ ਬਣੇ ਮਹਿਫ਼ਲਾਂ ਵਿਚ ਨਹੀਂ ਸੀ ਗਾ ਸਕਦਾ, ਅਤੇ ਨਾ ਹੀ ਉਸ ਨੂੰ ਮਾਣ ਜਾਂ ਪ੍ਰਤਿਸ਼ਠਾ ਪ੍ਰਾਪਤ ਹੁੰਦੀ ਸੀ। ਹੁਣ ਅਲੀ ਬਖਸ਼ ਅਤੇ ਫਤਿਹ

Sri Satguru Jagjit Singh Ji eLibrary NamdhariElibrary@gmail.com

ਅਲੀ ਦਿੱਲੀ ਘਰਾਣੇ ਦੇ ਸ਼ਾਗਿਰਦ ਬਣ ਗਏ ਸਨ। ਇਸ ਲਈ ਇਹਨਾਂ ਨੂੰ ਮਹਿਫਲਾ ਵਿਚ ਗਾਉਣ ਦੀ ਆਗਿਆ ਪ੍ਰਾਪਤ ਹੋ ਗਈ ਸੀ। ਇਹ ਦੋਵੇ ਇੱਕਠੇ ਗਾਇਆ ਕਰਦੇ ਸਨ। ਇਹਨਾਂ ਦਾ ਨਾਮ ਅਲੀਆ ਫੱਤੂ ਪ੍ਰਸਿੱਧ ਹੋ ਗਿਆ। ਇਹਨਾ ਨੇ ਆਪਣੇ ਦਾਦਾ ਦਿੱਤੇ ਖਾਂ, ਪਿਤਾ ਕਾਲੂ ਖਾ, ਗੋਖੀ ਭਾਈ, ਤਾਨਰਸ ਖਾਂ, ਹਦੂ-ਹਸੂ ਖਾਂ, ਮਬਾਰਿਕ ਅਲੀ ਖਾ, ਅਤੇ ਬਹਾਦੁਰ ਹੁਸੈਨ ਖਾਂ ਵਰਗੇ ਉਘੇ ਉਸਤਾਦਾ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਵੱਖ-ਵੱਖ ਸੰਗੀਤ ਘਰਾਣਿਆ ਦੀ ਤਾਲੀਮ ਇਕ ਸਥਾਨ ਤੇ ਗੁਲਦਸਤੇ ਦੇ ਰੂਪ ਵਿਚ ਤਿਆਰ ਹੋ ਕੇ ਪਟਿਆਲਾ ਘਰਾਨਾ ਦੇ ਨਾਮ ਨਾਲ ਪ੍ਰਸਿੱਧ ਹੋਈ।

ਉਸਤਾਦ ਅਲੀ ਬਖਸ਼ ਤੇ ਉਸਤਾਦ ਫਤਿਹ ਅਲੀ ਦਾ ਬਹੁਤਾ ਜੀਵਨ ਟੋਂਕ ਰਿਆਸਤ ਵਿਚ ਹੀ ਗੁਜਰਿਆ। ਉੱਥੇ ਦੇ ਹਾਕਮ ਨਵਾਬ ਇਬਰਾਹੀਮ ਅਲੀ ਖਾ ਸੰਗੀਤ ਦੇ ਬੜੇ ਕਦਰਦਾਨ ਸਨ। ਇਸੇ ਦਰਬਾਰ ਵਿਚੋਂ ਇਹਨਾਂ ਨੂੰ ਇਕ ਮੋਕੇ ਤੇ ਕਰਨੈਲ ਤੇ ਜਰਨੈਲ ਦੀਆਂ ਉਪਾਧੀਆਂ ਪ੍ਰਦਾਨ ਕੀਤੀਆਂ ਗਈਆਂ ਸਨ। ਇਹਨਾਂ ਦੀਆਂ ਤਾਨਾ ਬਤੀਆ ਤਿਆਰ ਸਨ ਅਤੇ ਬੜੀ ਤਿਆਰੀ ਨਾਲ ਗਾਉਂਦੇ ਸਨ। ਇਸ ਲਈ ਇਹਨਾ ਨੂੰ ਤਾਨ ਕਪਤਾਨ ਵੀ ਕਿਹਾ ਜਾਂਦਾ ਹੈ। ਇਹਨਾ ਨੇ ਅਨੇਕਾ ਸੰਗੀਤ ਪ੍ਰੇਮੀਆਂ ਨੂੰ ਸੰਗੀਤ ਸਿਖਿਆ ਪ੍ਰਦਾਨ ਕੀਤੀ ਜਿਸਦੇ ਸਦਕੇ ਪਟਿਆਲਾ ਘਰਾਣੇ ਦੀ ਸ਼ਿਸ ਪ੍ਰੰਪਰਾ ਬੜੀ ਵੱਧੀ ਤੇ ਫੁੱਲੀ। ਪਟਿਆਲੇ ਘਰਾਣੇ ਦੇ ਆਸ਼ਿਕ ਅਲੀ ਖਾ, ਅਖਤਰ ਹੁਸੈਨ ਖਾ, ਅਮਾਨਤ ਅਲੀ-ਫਤਿਹ ਅਲੀ, ਬੜੇ ਗੁਲਾਮ ਅਲੀ ਖਾ, ਮੁਨਵਰਅਲੀ ਖਾ, ਗੁਲਾਮ ਮੁਹੰਮਦ ਖਾਂ, ਅੱਲਾਦੀਆ ਮੇਹਰਬਾਨ, ਮੀਆਂ ਜਾਨ ਖਾਂ, ਬਰਕਤ ਅਲੀ ਖਾਂ, ਮੁਹੰਮਦ ਹੁਸੈਨ ਖਾ, ਸਰਆਹੰਗ (ਕਾਬੁਲ ਵਾਲੇ) ਆਦਿ ਅਨੇਕ ਪ੍ਰਸਿੱਧ ਗਾਇਕ ਹੋਏ। ਅਲੀਆ-ਫਤੂ (ਜਰਨੈਲ-ਕਰਨੈਲ) ਤਾਨ ਕਪਤਾਨ ਆਦਿ ਨਾਵਾ ਨਾਲ ਪ੍ਰਸਿੱਧ ਕਲਾਕਾਰਾ ਨੇ ਜਿੱਥੇ ਸੰਗੀਤ ਸਾਧਨਾ ਕੀਤੀ। ਸੰਗੀਤ ਦੇ ਵਿਕਾਸ ਵਿਚ ਹਿੱਸਾ ਪਾਇਆ ਉਥੇ ਇਸ ਦੇ ਪ੍ਰਚਾਰ ਲਈ ਸ਼ਾਗਿਰਦਾ ਨੂੰ ਤਾਲੀਮ ਵੀ ਦਿੱਤੀ।

ਆਪਣੀ ਉਮਰ ਦੇ ਆਖਰੀ ਪੜਾਅ ਵਿਚ ਇਹ ਦੋਵੇਂ ਵੱਖ ਹੋ ਗਏ ਸਨ। ਅਲੀਬਖਸ਼ ਪਟਿਆਲਾ ਅਤੇ ਫਤਿਹ ਅਲੀ ਜੰਮੂ ਕਸ਼ਮੀਰ ਚਲੇ ਗਏ ਸਨ। ਇੱਕ ਵਾਰ ਚਾਚਣਾਂ ਸ਼ਰੀਫ ਦੇ ਖੁਆਜਾ ਗੁਲਾਮ ਫਰੀਦ ਦੀ ਦਰਗਾਹ ਤੇ ਦੋਨਾ ਦਾ ਮੇਲ ਹੋ ਗਿਆ। ਖੁਆਜਾ ਜੀ ਦੇ ਹੁਕਮ ਅਨੁਸਾਰ ਦੋਨਾ ਨੇ ਇੱਕਠੇ ਗਾਇਆ ਅਤੇ ਬੇਸ਼ੁਮਾਰ ਇਨਾਮ ਪ੍ਰਾਪਤ ਕੀਤਾ। ਇਸ ਘਟਨਾਂ ਨੇ ਦੋਹਾਂ ਨੂੰ ਫਿਰ ਇੱਕਠੇ ਕਰ ਦਿੱਤਾ। ਫਤਿਹ ਅਲੀ ਖਾਂ 1918 ਈਸਵੀਂ ਵਿਚ ਅਤੇ ਅਲੀ ਬਖਸ਼ 1928 ਵਿਚ ਖੁਦਾ ਨੂੰ ਪਿਆਰੇ ਹੋਏ।

www.archive.org/details/namdhari

Sri Satguru Jagjit Singh Ji eLibrary NamdhariElibrary@gmail.com

ਅਧਿਆਇ - 2

ਸੰਗੀਤ ਸਿੱਖਿਆ ਲਈ ਸਹਾਇਕ ਸਮੱਗਰੀ

ਆਧੁਨਿਕ ਸਿੱਖਿਆ ਪ੍ਰਣਾਲੀ ਵਿਚ ਸੰਗੀਤ ਇਕ ਮਹੱਤਵਪੂਰਣ ਸਥਾਨ ਰੱਖਦਾ ਹੈ। ਹੋਰ ਸਾਰੇ ਵਿਸ਼ਿਆ ਨਾਲੋ ਸੰਗੀਤ ਅਧਿਕ ਰੰਚਕ, ਮਨੋਰੰਜਕ, ਆਕਰਸ਼ਕ ਅਤੇ ਲੋਕ ਪ੍ਰਿਆ ਵਿਸ਼ਾ ਹੈ। ਇਹ ਹਰ ਇਕ ਵਿਅਕਤੀ ਦੇ ਮਨ ਨੂੰ ਅਕਰਸ਼ਿਤ ਕਰਦਾ ਹੈ। ਸੰਗੀਤ ਕੇਵਲ ਮਨੁੱਖ ਉਤੇ ਹੀ ਨਹੀ ਬਲਕਿ ਹੋਰ ਜੀਵ-ਜੰਤੂ ਅਤੇ ਬਨਸਪਤੀ ਉਤੇ ਵੀ ਪ੍ਰਭਾਵ ਪਾਉਂਦਾ ਹੈ। ਆਧੁਨਿਕ ਸਿੱਖਿਆ ਪ੍ਰਣਾਲੀ ਅਤੇ ਪ੍ਰਾਚੀਨ ਸੰਗੀਤ ਸਿੱਖਿਆ ਵਿਧੀ ਵਿਚ ਕਾਫੀ ਵੱਡਾ ਅੰਤਰ ਆ ਚੁਕਿਆ ਹੈ। ਪ੍ਰਚੀਨ ਕਾਲ ਵਿਚ ਸੰਗੀਤ ਸਿੱਖਿਆਰਥੀ ਵਰ੍ਹੇ ਬੱਧੀ ਆਪਣੇ ਗੁਰੂ ਦੇ ਪਾਸ ਰਹਿ ਕੇ ਉਸ ਪਾਸੋਂ ਰਾਗ ਦਾ ਗਿਆਨ ਪ੍ਰਾਪਤ ਕਰਦਾ ਸੀ। ਉਸ ਦਾ ਲਕਸ਼ ਸੰਗੀਤ ਸਾਧਨਾ ਕਰਕੇ ਉੱਚ ਕੋਟੀ ਦਾ ਸੰਗੀਤਕਾਰ ਬਣਨਾ ਹੁੰਦਾ ਸੀ। ਉਚ ਸ਼੍ਰੇਣੀ ਦੇ ਸੰਗੀਤਕਾਰਾ ਨੂੰ ਰਾਜ ਦਰਬਾਰ ਵਿਚ ਬੜਾ ਮਾਨ ਸਨਮਾਨ ਅਤੇ ਵਿਸੇ ਪਦ ਪ੍ਰਾਪਤ ਹੁੰਦਾ ਸੀ। ਕਈ ਸਿਖਿਆਰਥੀ ਸੰਗੀਤ ਦੀ ਸਾਧਨਾ ਪ੍ਰਭੂ ਭਗਤੀ ਲਈ ਕਰਦੇ, ਕਈ ਆਪਣੀ ਆਤਮਕ ਸੰਤੁਸਟੀ ਲਈ ਕਰਦੇ ਸਨ। ਭਾਂਵੇ ਉਹਨਾ ਦੇ ਮੰਤਵ ਅਲੱਗ-ਅਲੱਗ ਹੁੰਦੇ ਸਨ ਪਰ ਸਿੱਖਣ ਵਿਧੀ ਇਕੋ ਸੀ। ਉਹ ਵਰ੍ਹਿਆਂ ਲਈ ਆਪਣੇ ਸੰਗੀਤ ਗੁਰੂ ਦੀ ਸੇਵਾ ਕਰਕੇ ਗਿਆਨ ਪ੍ਰਾਪਤ ਕਰਦੇ ਅਤੇ ਪ੍ਰਵੀਣ ਹੋਣ ਉਪਰੰਤ ਗੁਰੂ ਆਗਿਆ ਪ੍ਰਾਪਤ ਕਰਕੇ ਕਿਸੇ ਦਰਬਾਰ ਜਾ ਮਹਿਫਲ ਵਿਚ ਕਲਾ ਦੀ ਪ੍ਰਦਰਸਨੀ ਕਰਦੇ ਸਨ। ਇਸ ਵਿਧੀ ਨੂੰ ਗੁਰੂ ਸ਼ਿਸ਼ ਪ੍ਰੰਪਰਾ ਕਿਹਾ ਜਾਂਦਾ ਸੀ। ਅੱਜ ਕਲ੍ਹ ਦੂਜਿਆਂ ਵਿਸ਼ਿਆਂ ਦੀ ਤਰ੍ਹਾਂ ਸੰਗੀਤ ਨੂੰ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਇਆ ਅਤੇ ਸਿਖਲਾਇਆ ਜਾਂਦਾ ਹੈ ਪਰ ਫਿਰ ਵੀ ਭਾਰਤ ਵਿਚ ਗੁਰੂ ਸ਼ਿਸ਼ ਪੱਧਤੀ ਨੂੰ ਹੀ ਸੰਗੀਤ ਸਿਖਿਆ ਲਈ ਅਧਿਕ ਮਾਣ ਪ੍ਰਾਪਤ ਹੈ ਬੇਸ਼ਕ ਕੋਈ ਸਕੂਲ, ਕਾਲਜ ਜਾ ਯੂਨੀਵਰਸਿਟੀ ਵਿਚੋਂ ਸਿੱਖਿਆ ਪ੍ਰਾਪਤ ਕਰਕੇ, ਉਚ ਪ੍ਰਮਾਣ ਪੱਤਰ ਪ੍ਰਾਪਤ ਕਰ ਲਵੇ, ਪਰ ਇਕ ਸਫਲ ਸੰਗੀਤਕਾਰ ਬਨਣ ਲਈ ਉਸ ਨੂੰ ਪ੍ਰਾਚੀਨ ਪੱਧਤੀ ਅਪਣਾਉਣੀ ਹੀ ਪੈਦੀ ਹੈ। ਪ੍ਰਮਾਣ ਪੱਤਰ ਉਸਨੂੰ ਸੰਗੀਤ ਅਧਿਆਪਕ ਬਣਾ ਸਕਦਾ ਹੈ, ਕਲਾਕਾਰ ਨਹੀਂ।ਸੰਗੀਤ ਸਿੱਖਿਆ ਪ੍ਰਦਾਨ ਕਰਨਾ ਵੀ ਇਕ ਕਲਾ ਹੈ। ਸੰਗੀਤ ਅਧਿਆਪਕ ਨੂੰ ਭਾਂਤ-ਭਾਂਤ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਨੀ ਹੁੰਦੀ ਹੈ। ਇਸ ਲਈ ਉਸ ਨੂੰ ਵਿਦਿਆਰਥੀ ਦੀ ਗ੍ਰਹਿਣ ਸਕਤੀ ਨੂੰ ਧਿਆਨ ਵਿੱਚ ਰਖਣਾ ਚਾਹੀਦਾ ਹੈ। ਅਧਿਆਪਕ ਨੂੰ ਸਿੱਖਿਆ ਵਿਧੀਆਂ ਅਤੇ ਸਹਾਇਕ ਸਮਗਰੀਆਂ ਦਾ ਗਿਆਨ ਹੋਣਾ ਬੜਾ ਜਰੂਰੀ ਹੈ। ਹੋਰਨਾਂ ਵਿਸ਼ਿਆਂ ਨਾਲੋਂ ਸੰਗੀਤ ਸਿੱਖਿਆ ਲਈ ਸਹਾਇਕ ਸਮੱਗਰੀਆਂ ਵੀ ਵੱਖ ਹੁੰਦੀਆਂ ਹਨ। ਸਿੱਖਿਆ ਦੇਣ ਲਈ ਸੂਝਵਾਨ ਅਧਿਆਪਕਾਂ ਦੀ ਲੋੜ ਹੁੰਦੀ ਹੈ ਭਾਂਵੇ ਉਹਨਾਂ ਦਾ ਕ੍ਰਿਆਤਮਿਕ ਪੱਖ ਕਮਜੋਰ ਹੀ ਹੋਵੇ। ਜੇਕਰ ਕੋਈ ਵਿਅਕਤੀ ਕ੍ਰਿਆਤਮਿਕ ਅਤੇ ਸ਼ਾਸਤਰ ਦਾ ਪੂਰਨ ਗਿਆਤਾ ਹੋਵੇ ਤਾ ਉਹ ਉਚ ਕੋਟੀ ਦਾ ਸੰਗੀਤ ਅਧਿਆਪਕ ਮੰਨਿਆ ਜਾਵੇਗਾ। ਵਿਦਿਆਰਥੀਆਂ ਨੂੰ ਆਪਣਾ ਪਾਠ ਰੰਚਕਤਾ ਨਾਲ ਪੜ੍ਹਾਉਣ ਲਈ ਜੇਕਰ ਕੋਈ ਸਹਾਇਕ ਸਮੱਗਰੀ ਦੀ ਸਹਾਇਤਾ ਲੈ ਲਈ ਜਾਵੇ ਤਾਂ ਪਾਠ ਹੋਰ ਵੀ ਮਨੋਰੰਜਕ ਬਣ ਜਾਂਦਾ ਹੈ ਅਤੇ ਵਿਦਿਆਰਥੀ ਬੜੇ ਗੌਰ ਨਾਲ ਸਿੱਖਦਾ ਹੈ। ਮਾਨਵ ਦੋ ਇੰਦਰੀਆਂ ਰਾਹੀਂ ਸਿੱਖਦਾ ਹੈ। (1) (ਕੰਨ), ਸਰਵਣੇਂਦ੍ਰਿਆ ਤੋਂ (2) (ਅੱਖਾਂ)

Sri Satguru Jagjit Singh Ji eLibrary NamdhariElibrary@gmail.com

ਨੇਤਰਇੰਦਰੀ ਸੰਗੀਤ ਦਾ ਸਬੰਧ ਵਧੇਰੇ ਕਰਕੇ ਕੰਨਾਂ ਨਾਲ ਹੈ। ਇਸ ਕਰਕੇ ਕਈ ਨੇਤਰ ਹੀ ਨਵੀਂ ਸੰਗੀਤ ਸਿੱਖਿਆ ਦਾ ਕਿੱਤਾ ਕਰਦੇ ਹਨ। ਜੇਕਰ ਵਿਦਿਆਰਥੀ ਨੇਤਰ ਅਤੇ ਕੰਨਾ ਦੋਵਾ ਇੰਦਰੀਆਂ ਨਾਲ ਗਿਆਨ ਪ੍ਰਾਪਤ ਕਰਦਾ ਹੈ ਤਾਂ ਉਹ ਵਧੇਰੇ ਅਤੇ ਚੰਗੇਰਾ ਗਿਆਨ ਪ੍ਰਾਪਤ ਕਰ ਸਕਦਾ ਹੈ। ਕਈ ਚੀਜਾਂ ਦੇਖਣ ਨਾਲ ਅਤੇ ਕਈ ਗੱਲਾ ਸੁਨਣ ਨਾਲ ਸਿਖੀਆਂ ਜਾਂਦੀਆ ਹਨ। ਛੇਵੀਂ ਜਮਾਤ ਦਾ ਵਿਦਿਆਰਥੀ ਅਬੋਧ ਹੁੰਦਾ ਹੈ ਜੇਕਰ ਉਸ ਨੂੰ ਉਦਾਹਰਣ ਦੁਆਰਾ ਕੋਈ ਪਾਠ ਸਿਖਾਇਆ ਜਾਵੇ ਤਾਂ ਉਹ ਪਾਠ ਉਸਦੇ ਦਿਮਾਗ ਵਿਚ ਹਮੇਸ਼ਾ ਲਈ ਘਰ ਕਰ ਲੈਂਦਾ ਹੈ। ਇਸ ਕਰਕੇ ਸੰਗੀਤ ਸਿੱਖਿਆ ਲਈ ਸਹਾਇਕ ਸਾਮਗ੍ਰੀ ਦਾ ਪ੍ਰਯੋਗ ਬੜਾ ਲਾਭਕਾਰੀ ਹੁੰਦਾ ਹੈ।

ਸੰਗੀਤ ਸਿੱਖਿਆ ਲਈ ਸਹਾਇਕ ਸਮੱਗਰੀਆਂ ਵੇਖਣ-ਸੁਨਣ ਸਮੱਗਰੀਆਂ ਅਨੁਸਾਰ ਇਹਨਾਂ ਦਾ ਪ੍ਰਯੋਗ ਕਰਨਾ ਲਾਹੇਵੰਦ ਹੋਵੇਗਾ। ਕ੍ਰਿਆਤਮਕ ਸੰਗੀਤ ਅਤੇ ਸੰਗੀਤ ਸ਼ਾਸਤਰ ਸਿੱਖਿਆ ਲਈ ਵੱਖ-ਵੱਖ ਸਹਾਇਕ ਸਮੱਗਰੀ ਪ੍ਰਯੋਗ ਕੀਤੀ ਜਾਣੀ ਚਾਹੀਦੀ ਹੈ।

1. ਚਿੱਤਰ (Picture)
2. ਮਾਨ ਚਿੱਤਰ (Map)
3. ਗ੍ਰਾਫ (Graph)
4. ਚਾਰਟ (Chart)
5. ਮਾਡਲ (Model)
6. ਸ਼ਾਮਪੱਟ (Black-Board)
7. ਪੁਸਤਕ (Book)
8. ਕਹਾਣੀ (Story)
9. ਸੰਗੀਤ ਸਬੰਧੀ ਫਿਲਮ (Documentary Film)
10. ਚਲ ਚਿੱਤਰ (Film)
11. ਰੇਡੀਉ (Radio)
12. ਟੈਲੀਵਿਜ਼ਨ (Tele-vision)
13. ਗ੍ਰਾਮੋਫੋਨ (Gramophone))
14. ਟੇਪ ਰਿਕਾਰਡ ਕੈਸਟ (Tape Recorder Cassett)
15. ਸੰਗੀਤ ਸਾਜ (Musical Instrument)
16. ਵੀ.ਸੀ ਆਰ (V.C.R.)
17. ਮੰਚਪ੍ਰਦਰਸ਼ਨ (Stage-Performance)


1. ਚਿੱਤਰ :- ਸੰਗੀਤ ਸ਼ਾਸਤਰ ਪੜ੍ਹਾਉਣ ਲਈ ਚਿੱਤਰ ਬੜੇ ਲਾਭਕਾਰੀ ਸਿੱਧ ਹੁੰਦੇ ਹਨ। ਸੰਗੀਤਕਾਰ, ਸੰਗੀਤ ਸਾਜ ਆਦਿ ਦਾ ਚਿੱਤਰ ਸਾਮ੍ਹਣੇ ਰਖਕੇ ਪੜਾਉਣ ਨਾਲ ਵਿਦਿਆਰਥੀਆਂ ਨੂੰ ਬੜੀ ਪ੍ਰੇਰਣਾ ਮਿਲਦੀ ਹੈ। ਕਈ ਵਾਰ ਜੋ ਗੱਲ ਸਮਝਾਈ ਨਹੀਂ ਜਾ ਸਕਦੀ ਚਿੱਤਰ ਵਿਖਾ ਕੇ ਸਪਸ਼ਟ ਕੀਤੀ ਜਾ ਸਕਦੀ ਹੈ। ਸਾਜ ਨੂੰ ਪਕੜਣ ਦਾ ਸਹੀ ਜਾਂ ਗਲਤ ਢੰਗ, ਉਚ ਕੋਟੀ ਦੇ ਸੰਗੀਤਕਾਰ ਦਾ ਚਿੱਤਰ ਆਦਿ ਪਾਠ ਨੂੰ ਸਫਲ ਬਣਾਉਣ ਵਿਚ ਸਹਾਇਕ ਹੁੰਦੇ ਹਨ।

2. ਮਾਨ ਚਿੱਤਰ :- ਮਾਨ ਚਿੱਤਰ ਦੀ ਸਹਾਇਤਾ ਨਾਲ ਅਸੀਂ ਵਿਦਿਆਰਥੀ ਨੂੰ ਸੰਬਧਿਤ ਸੰਗੀਤਕਾਰ ਦੇ ਸਥਾਨ ਵਿਸ਼ੇਸ਼ ਦਾ ਗਿਆਨ ਕਰਵਾ ਸਕਦੇ ਹਾਂ। ਮਾਨ ਚਿੱਤਰ ਪ੍ਰਮਾਣਿਤ ਹੋਣੇ ਚਾਹੀਦੇ ਹਨ ਅਤੇ ਉਹੀ ਅੰਸ਼ ਦਿਖਾਉਣੇ ਚਾਹੀਦੇ ਹਨ ਜਿਹਨਾਂ ਦਾ ਪਾਠ ਨਾਲ ਸਬੰਧ ਹੋਵੇ। ਜਿਵੇਂ : ਸੁਆਮੀ ਹਰੀ ਦਾਸ ਜੀ ਜਾਂ ਤਾਨਸੈਨ ਦੀ ਜੀਵਨੀ ਪੜਾਉਣ ਵੇਲੇ ਅਕਬਰ ਦੀ ਰਾਜਧਾਨੀ ਰਾਜਮਹੱਲ ਜਾਂ ਬਿੰਦ੍ਰਾਬਨ ਦਾ ਮਾਨ ਚਿੱਤਰ ਵਰਤਿਆ ਜਾ ਸਕਦਾ ਹੈ।

3. ਗ੍ਰਾਫ :- ਗ੍ਰਾਫ ਦੀ ਸਹਾਇਤਾ ਨਾਲ ਕਠਿਨ ਪਾਠ ਨੂੰ ਸਰਲ ਬਣਾਇਆ ਜਾ ਸਕਦਾ ਹੈ। ਮਿਸਾਲ ਵਜੋਂ ਕਿਸੇ ਰਾਗ ਦੀ ਆਰੋਹ-ਅਵਰੋਹ ਜਾਂ ਵਰਜਿਤ ਸੁਰ ਸਮਝਾਉਣ ਸਮੇਂ ਗ੍ਰਾਫ ਦੁਆਰਾ ਸਪਸ਼ਟ ਅਤੇ ਸਰਲਤਾ ਪੂਰਵਕ ਸਮਝਾਇਆ ਜਾ ਸਕਦਾ ਹੈ। ਗ੍ਰਾਫ ਦਾ ਪੇਪਰ ਸੁੰਦਰ ਹੋਣਾ ਚਾਹੀਦਾ ਹੈ। ਪੈਨਸਿਲ

Sri Satguru Jagjit Singh Ji eLibrary NamdhariElibrary@gmail.com

ਅਤੇ ਪੈਮਾਨੇ ਦੀ ਸਹਾਇਤਾ ਨਾਲ ਰਾਗ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਦਾ ਉਤਰਨਾ ਚੜਨਾ ਵਿਖਾਇਆ ਜਾ ਸਕਦਾ ਹੈ। ਰਾਗ ਭੁਪਾਲੀ ਦੀ ਆਰੋਹੀ-ਅਵਰੋਹੀ ਦਾ ਗ੍ਰਾਫ :-



ਗ੍ਰਾਫ਼ ਦੁਆਰਾ ਪਕੜ, ਵਾਦੀ, ਸੰਵਾਦੀ ਸੁਰ ਵੀ ਸਮਝਾਏ ਜਾ ਸਕਦੇ ਹਨ।

4. ਚਾਰਟ :- ਸੰਗੀਤ ਸਿੱਖਿਆ ਵਿਚ ਚਾਰਟ ਬੜੀ ਮਹੱਤਵਪੂਰਣ ਸਹਾਇਕ ਸਮੱਗਰੀ ਹੈ। ਚਾਰਟ ਦੀ ਸਹਾਇਤਾ ਨਾਲ ਪਾਠ ਪੜ੍ਹਾਇਆ ਜਾਣਾ ਬੜਾ ਲਾਭਕਾਰੀ ਹੁੰਦਾ ਹੈ। ਸ਼ਾਸਤਰ ਅਤੇ ਪ੍ਰੈਕਟੀਕਲ ਦੋਵੇਂ ਪ੍ਰਕਾਰ ਦੇ ਪਾਠਾ ਲਈ ਚਾਰਟ ਬਣਾ ਲੈਣੇ ਚਾਹੀਦੇ ਹਨ। ਖਿਆਲ ਜਾਂ ਗੱਤ ਜੋ ਵੀ ਸਿਖਾਉਣਾ ਹੈ ਉਸਦੀ ਸਥਾਈ ਚਾਰਟ ਤੇ ਤਿਆਰ ਕਰੋ ਅਤੇ ਅੰਤਰਾ ਸਿਖਾਉਂਣ ਸਮੇਂ ਉਸਦੀ ਸੁਰਲਿੱਪੀ ਦਾ ਚਾਰਟ ਅਲੱਗ ਤਿਆਰ ਕਰੋ। ਰਾਗ ਵਿਚ ਪ੍ਰਯੋਗ ਹੋਣ ਵਾਲੇ ਅਤੇ ਵਰਜਿਤ ਸੁਰ, ਆਦਿ ਚਾਰਟ ਵਿਚ ਦਰਸਾਓ।

ਉਤਰਾਗ, ਪੂਰਵਰਾਗ, ਸੁਰ ਸਥਾਨ (ਸਪਤਕ) ਰਾਗ ਜਾਤੀ, ਰਾਗ ਦਾ ਸਮਾਂ ਚੱਕਰ ਆਦਿ ਸਭ ਚਾਰਟ ਦੁਆਰਾ ਚੰਗੀ ਤਰ੍ਹਾਂ ਸਮਝਾਏ ਜਾ ਸਕਦੇ ਹਨ। ਉਦਾਹਰਣ ਲਈ :-

ਸੁਰ ਸਥਾਨ ਸਮਝਾਉਣ ਲਈ ਚਾਰਟ


ਨਾਦ
|
ਸ਼ਰੁਤੀ
|
ਸੁਰ
|
ਸਪਤਕ

ਮੰਦਰ ਸੁਰ ਸਥਾਨ ਮਦੰਰ (ਸਪਤਕ)	ਮਧ ਸੁਰ ਸਥਾਨ ਮਧ (ਸਪਤਕ)	ਤਾਰ ਸੁਰ ਸਥਾਨ ਤਾਰ (ਸਪਤਕ)
ਸ਼ ਰੇ ਗ਼ ਮ ਪ ਧ ਨੀ (ਸੁਰ ਦੇ ਹੇਠ ਬਿੰਦੀ ਦਾ ਨਿਸ਼ਾਨ)	ਸ ਰੇ ਗ ਮ ਪ ਧ ਨੀ ਸ (ਕੋਈ ਨਿਸ਼ਾਨ ਨਹੀਂ)	ਸਂ ਰੇਂ ਗਂ ਮਂ ਪਂ ਧਂ ਨੀਂ (ਸੁਰ ਦੇ ਉਪਰਬਿੰਦੀ ਦਾ ਨਿਸ਼ਾਨ)

Sri Satguru Jagjit Singh Ji eLibrary NamdhariElibrary@gmail.com

ਉਦਾਹਰਣ ਨੰ: 2

ਰਾਗ ਦੀ ਜਾਤੀ ਸਮਝਾਉਣ ਲਈ ਚਾਰਟ



ਸਪੂਰਣ ਜਾਤੀ - ਜਿਸ ਰਾਗ ਵਿਚ ਸੱਤ ਸੁਰਾਂ ਦੀ ਵਰਤੋਂ ਕੀਤੀ ਜਾਵੇ ।

0	0	0	0	0	0	0
ਸ	ਰੇ	ਗ	ਮ	ਪ	ਧਾ	ਨੀ

ਛਾੜਵ ਜਾਤੀ - ਜਿਸ ਰਾਗ ਵਿਚ ਛੇ ਸੁਰਾ ਦਾ ਪ੍ਰਯੋਗ ਕੀਤਾ ਜਾਵੇ ।


×	×	×	×	×	×	×
ਸ	‥	ਗ	ਮ	ਪ	ਧਾ	ਨੀ

ਔੜਵ ਜਾਤੀ - ਜਿਸ ਰਾਗ ਵਿਚ ਪੰਜ ਸੁਰਾ ਦਾ ਹੀ ਪ੍ਰਯੋਗ ਕੀਤਾ ਜਾਵੇ ।

*	*	-	*	*	-	*
ਸ	ਰੇ	‥	ਮ	ਪ	‥	ਨੀ

Sri Satguru Jagjit Singh Ji eLibrary NamdhariElibrary@gmail.com

ਉਦਾਹਰਣ :- ਰਾਗ ਸਮੇਂ ਸਿਧਾਂਤ ਸਬੰਧੀ ਚਾਰਟ



ਸਪਸ਼ਟੀਕਰਨ :-

1. ਦਿਨ ਅਤੇ ਰਾਤ 24 ਘੰਟੇ ਦੇ ਹੁੰਦੇ ਹਨ।
2. ਦਿਨ ਦੇ 12 ਵਜੇ ਤੋਂ ਰਾਤ ਦੇ 12 ਵਜੇ ਤੱਕ ਦੇ ਸਮੇਂ ਨੂੰ ਪੂਰਵਾਗ ਅਤੇ 12 ਵਜੇ ਰਾਤ ਤੋਂ 12 ਵਜੇ ਦੁਪਿਹਰ ਦੇ ਸਮੇਂ ਨੂੰ ਉਤਰਾਗ ਕਿਹਾ ਜਾਦਾ ਹੈ।
3. ਤੜਕੇ 4 ਵਜੇ ਤੋਂ 7 ਵਜੇ ਤਕ ਰੇ, ਧ, ਕੋਮਲ ਵਾਲੇ ਰਾਗ ਜਿਨਾਂ ਵਿਚ ਭੈਰਵ, ਪੂਰਵੀ, ਮਾਰਵਾ ਆਦਿ ਥਾਟਾਂ ਦੇ ਰਾਗ ਗਾਏ-ਵਜਾਏ ਜਾਂਦੇ ਹਨ। ਜਿਵੇਂ ਭੈਰਵ, ਕਾਲਿੰਗੜਾ, ਜੋਗੀਆਂ, ਗੁਣਕਲੀ, ਅਤੇ ਭੈਰਵ ਦੇ ਪ੍ਰਕਾਰ। ਇਸ ਸਮੇਂ ਨੂੰ ਪ੍ਰਾਤਕਾਲੀਨ ਸੰਧੀ ਪ੍ਰਕਾਸ਼ ਕਿਹਾ ਜਾਦਾ ਹੈ।
4. ਸਵੇਰੇ 7 ਵਜੇ ਤੋਂ 12 ਵਜੇ ਦੁਪਿਹਰ ਦੇ ਸਮੇਂ ਦੌਰਾਨ ਰੇ,ਧ ਸੁਧ ਵਾਲੇ ਰਾਗ ਜਿਨਾਂ ਵਿਚ ਬਿਲਾਵਲ, ਕਲਿਆਣ, ਖਮਾਜ ਆਦਿ ਥਾਟਾਂ ਤੋਂ ਉਤਪੰਨ ਰਾਗ ਗਾਏ-ਵਜਾਏ ਜਾਂਦੇ ਹਨ। ਜਿਵੇਂ :- ਅਲ੍ਹੀਯਾ ਬਿਲਾਵਲ, ਦੇਵਗਿਰੀ ਬਿਲਾਵਲ, ਦੇਸਕਾਰ ਆਦਿ।

Sri Satguru Jagjit Singh Ji eLibrary NamdhariElibrary@gmail.com

5. 12 ਵਜੇ ਤੋਂ 4 ਵਜੇ ਸ਼ਾਮ ਦੇ ਮੱਧ ਸਮੇਂ ਵਿਚ ਗ, ਨੀ ਕੋਮਲ ਸੁਰਾਂ ਵਾਲੇ ਭੈਰਵੀ, ਤੋੜੀ ਆਸਾਵਰੀ, ਕਾਫੀ, ਥਾਟਾ ਦੇ ਰਾਗ ਗਾਏ-ਬਜਾਏ ਜਾਂਦੇ ਹਨ ਜਿਵੇਂ ਤੋੜੀ, ਦੇਸੀ, ਜੌਨਪੁਰੀ, ਮੁਲਤਾਨੀ, ਭੀਮਪਲਾਸੀ, ਧਾਨੀ, ਸਾਰੰਗ ਆਦਿ
6. ਸ਼ਾਮ ਚਾਰ ਵਜੇ ਫਿਰ ਇਸੇ ਕਰਮ ਨੂੰ ਦੁਹਰਾਇਆ ਜਾਂਦਾ ਹੈ। ਥਾਟ ਬੇਸ਼ਕ ਉਹੀ ਰਹਿੰਦੇ ਹਨ ਪਰ ਰਾਗ ਬਦਲ ਜਾਂਦੇ ਹਨ।

ਚਾਰਟ ਤਿਆਰ ਕਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰਖਿਆ ਜਾਵੇ :-

1. ਚਾਰਟ ਪੂਰੇ ਆਕਾਰ ਦੇ ਚਾਰਟ ਪੇਪਰ ਤੇ ਤਿਆਰ ਕੀਤਾ ਜਾਵੇ।
2. ਚਾਰਟ ਸਪਸ਼ਟ, ਸਾਫ਼, ਸਰਲ, ਮੋਟੇ ਅੱਖਰਾਂ ਵਿਚ ਲਿਖੇ।
3. ਚਾਰਟ ਪੜ੍ਹਾਏ ਜਾਣ ਵਾਲੇ ਪਾਠ ਦੇ ਅਨਕੂਲ ਅਤੇ ਪੂਰੇ ਪਾਠ ਦੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਹੋਵੇ।
4. ਚਾਰਟ ਵਿਚ ਬਹੁਤੇ ਰੰਗਾਂ ਦਾ ਪ੍ਰਯੋਗ ਨਾ ਕੀਤਾ ਜਾਵੇ।
5. ਚਾਰਟ ਬੱਚਿਆਂ ਦੇ ਮਾਨਸਿਕ ਸਤਰ ਦੇ ਅਨੁਸਾਰ ਹੋਵੇ ਅਤੇ ਉਦੇਸ਼ ਦੀ ਪੂਰਤੀ ਕਰਨ ਵਾਲਾ ਹੋਵੇ।
6. ਚਾਰਟ ਪਾਠ ਨੂੰ ਰੋਚਕ ਬਣਾਉਣ ਵਾਲਾ ਅਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਵਾਲਾ ਹੋਣਾ ਚਾਹੀਦਾ ਹੈ।

5. ਮਾਡਲ (Model) :- ਸੰਗੀਤ ਸਿਖਿਆ ਵਿਚ ਮਾਡਲ ਦਾ ਪ੍ਰਯੋਗ ਬਹੁਤ ਘਟ ਹੁੰਦਾ ਹੈ ਕਿਉਂਕਿ ਸਾਜ਼ ਹੀ ਇਸ ਦੇ ਪ੍ਰਮੁੱਖ ਮਾਡਲ ਹੁੰਦੇ ਹਨ ਪਰ ਸਾਰੇ ਸਾਜ਼ ਖਰੀਦਣਾ ਕਿਸੇ ਸਿਖਸ਼ਣ ਸਥਾਨ ਦੇ ਵਸ ਦਾ ਰੋਗ ਨਹੀਂ। ਸਾਜਾਂ ਦੀ ਗਿਣਤੀ ਏਨੀਂ ਅਧਿਕ ਹੈ ਕਿ ਸਾਰੇ ਸਾਜ, ਖਰੀਦਣਾ ਉਹਨਾਂ ਦੀ ਸਾਂਭ ਸੰਭਾਲ ਕਰਨਾ ਕਠਿਨ ਹੀ ਨਹੀ ਬਲਕਿ ਅਸੰਭਵ ਹੈ। ਕਈ ਕਾਲਜਾਂ ਵਿਚ ਸਿਤਾਰ, ਤਾਨਪੁਰਾ, ਹਾਰਮੋਨੀਅਮ, ਤਬਲਾ ਆਦਿ ਜ਼ਰੂਰੀ ਸਾਜਾਂ ਨਾਲ ਕੁਝ ਹੋਰ ਵੀ ਸਾਜ਼ ਹੁੰਦੇ ਹਨ। ਸਾਜਾਂ ਦਾ ਵਿਸ਼ਾ ਪੜ੍ਹਾਉਣ ਵੇਲੇ ਸਾਜ਼ ਨੂੰ ਸਾਹਮਣੇ ਰਖਦੇ ਹੋਏ ਚਾਰਟ ਤੇ ਉਸਦੇ ਅੰਗਾਂ ਦਾ ਵਰਨਣ ਕਰਨ ਵਾਲਾ ਮਾਡਲ ਤਿਆਰ ਕਰਕੇ ਵਧੇਰੇ ਅਤੇ ਸਪਸ਼ਟ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ। ਸਮੇਂ ਸਿਧਾਂਤ ਸਮਝਾਉਂਣ ਵੇਲੇ ਘੜੀ ਦਾ ਸਹਾਰਾ ਲਿਆ ਜਾ ਸਕਦਾ ਹੈ। ਆਰੋਹ, ਅਵਰੋਹ, ਵਰਜਿਤ ਸੁਰਾਂ ਲਈ ਲਕੜੀ ਜਾਂ ਗੱਤੇ ਦਾ ਮਾਡਲ ਤਿਆਰ ਕੀਤਾ ਜਾ ਸਕਦਾ ਹੈ।

6. ਸ਼ਾਮਪਟ (Black-Board) :- ਬਲੈਕ ਬੋਰਡ ਦਾ ਪ੍ਰਯੋਗ ਸਭ ਨਾਲੋਂ ਵਧੇਰੇ ਲਾਭਕਾਰੀ ਸਹਾਇਕ ਸਮੱਗਰੀ ਹੈ। ਪਾਠ ਦੀਆਂ ਵਿਸ਼ੇਸ਼ ਗੱਲਾਂ ਨੂੰ ਸਾਮਪਟ ਤੇ ਲਿਖਕੇ ਸਮਝਾਉਂਣ ਨਾਲ ਵਿਦਿਆਰਥੀ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਕਈ ਵਾਰੀ ਵਿਦਿਆਰਥੀ ਕਿਸੇ ਸੰਗਿਆ ਨੂੰ ਠੀਕ ਨਾ ਸੁਣ ਕੇ ਹੋਰ ਕੁਝ ਹੀ ਸਮਝ ਬੈਠਦਾ ਹੈ। ਰਾਗ ਦੀ ਜਾਣਕਾਰੀ, ਸੁਰਲਿਪੀ ਵਿਸ਼ੇਸ਼ ਰੂਪ ਵਿਚ ਸ਼ਾਮਪਟ ਤੇ ਲਿਖਕੇ ਸਮਝਾਈ ਜਾਣੀ ਚਾਹੀਦੀ ਹੈ। ਸ਼ਾਮਪਟ ਦਾ ਪ੍ਰਯੋਗ ਨੂੰ ਹਰ ਹਾਲਤ ਵਿਚ ਅਤੇ ਹਰੇਕ ਅਧਿਆਪਕ ਨੂੰ ਕਰਨਾ ਚਾਹੀਦਾ ਹੈ। ਅਧਿਆਪਕ ਨੂੰ ਇਕੋਵਾਰ ਬੋਰਡ ਤੇ ਲਿਖਣਾ ਪੈਂਦਾ ਹੈ ਤੇ ਦੂਜੇ ਪਾਸੇ ਸਾਰੇ ਦੇ ਸਾਰੇ ਵਿਦਿਆਰਥੀ ਸਮਝਣ ਵਿਚ ਸਫਲ ਹੋ ਜਾਂਦੇ ਹਨ। ਜਿਵੇਂ ਕਿਸੇ ਤਾਲ ਦੀ ਦੁਗਣ ਜਾਂ ਤਿਗੁਣ ਸਮਝਾਉਣੀ ਹੈ ਤਾਂ ਅਧਿਆਪਕ ਨੂੰ ਸ਼ਾਮਪਟ ਤੇ ਤਾਲ ਦੇ ਮਾਤਰਾ, ਵਿਭਾਗ, ਦੁਗਣ, ਤਿਗੁਣ ਲਿਖਕੇ ਦਿਖਾਉਣੀ

Sri Satguru Jagjit Singh Ji eLibrary NamdhariElibrary@gmail.com

ਚਾਹੀਦੀ ਹੈ। ਜਿਸ ਨਾਲ ਵਿਦਿਆਰਥੀਆਂ ਨੂੰ ਠੀਕ-ਠੀਕ ਬੋਲ ਅਤੇ ਤਾਲ ਲਿੱਪੀ ਦਾ ਗਿਆਨ ਹੋ ਜਾਵੇਗਾ। ਕਈ ਅਧਿਆਪਕ ਵਿਦਿਆਰਥੀਆਂ ਨੂੰ ਕਾਪੀਆ ਤੇ ਹੀ ਲਿਖਵਾ ਦਿੰਦੇ ਹਨ ਜਿਸ ਨਾਲ ਵਿਦਿਆਰਥੀ ਆਮ ਤੌਰ ਤੇ ਗਲਤੀਆਂ ਕਰ ਦਿੰਦੇ ਹਨ। ਅਧਿਆਪਕ ਦੀ ਅਣਗਹਿਲੀ ਵਿਦਿਆਰਥੀ ਦਾ ਕਿੰਨਾਂ ਕੁ ਨੁਕਸਾਨ ਕਰਦੀ ਹੈ ਇਸ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਵਿਸੇਸ਼ ਧਿਆਨ ਦੇਣਯੋਗ ਅਤੇ ਜਰੂਰੀ ਹਦਾਇਤਾਂ :-

1. ਸ਼ਾਮਪਟ ਦਾ ਸਾਈਜ ਵੱਡਾ ਹੋਣਾ ਚਾਹੀਦਾ ਹੈ।
2. ਸ਼ਾਮਪਟ ਦਾ ਰੰਗ ਤੇ ਬਨਾਵਟ ਸੁੰਦਰ ਹੋਣੀ ਚਾਹੀਦਾ ਹੈ।
3. ਸ਼ਾਮਪਟ ਤੇ ਲਿਖਾਈ ਸਾਫ, ਸਪਸ਼ਟ , ਸੁੰਦਰ ਹੋਣੀ ਚਾਹੀਦੀ ਹੈ, ਜੋ ਵਿਦਿਆਰਥੀ ਆਸਾਨੀ ਨਾਲ ਪੜ ਅਤੇ ਸਮਝ ਸਕਣ।
4. ਸ਼ਾਮਪਟ ਤੇ ਕੇਵਲ ਆਵਸ਼ਕ ਸਮੱਗਰੀ ਹੀ ਦਰਸਾਈ ਜਾਵੇ।
5. ਸ਼ਾਮਪਟ ਦੀ ਸਮੱਗਰੀ ਸੰਖੇਪ ਅਤੇ ਗਿਆਨ ਵਰਧਕ ਹੋਵੇ।
6. ਸ਼ਾਮਪਟ ਦਾ ਰੰਗ ਕਾਲਾ, ਸਫੈਦ ਚਾਕ ਅਤੇ ਝਾੜਣ ਦੀ ਵਰਤੋਂ ਕਰੋ।
7. ਵਿਦਿਆਰਥੀਆਂ ਪਾਸੋਂ ਵੀ ਸ਼ਾਮਪਟ ਦੀ ਵਰਤੋਂ ਕਰਵਾਉਣੀ ਚਾਹੀਦੀ ਹੈ। ਕਈ ਵਿਦਿਆਰਥੀਆਂ ਦਾ ਕੱਦ ਛੋਟਾ ਹੁੰਦਾ ਹੈ, ਉਹਨਾਂ ਲਈ ਸਟੈਂਡ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਫੋਲਡਿੰਗ ਬਲੈਕ ਬੋਰਡ ਵੀ ਵਰਤਿਆ ਜਾ ਸਕਦਾ ਹੈ।

7. ਪੁਸਤਕ (Book) :- ਪੁਸਤਕ ਤਾਂ ਸਿੱਖਿਆ ਦਾ ਮੁੱਖ ਅੰਗ ਹੈ। ਪੁਸਤਕ ਦੀ ਸਮੱਗਰੀ ਨੂੰ ਪੜਨ, ਪੜਾਉਣ, ਸਮਝਣ ਅਤੇ ਸਮਝਾਉਣ ਲਈ ਹੀ ਤਾਂ ਸਾਰੇ ਪ੍ਰਬੰਧ ਕੀਤੇ ਜਾਂਦੇ ਹਨ। ਪੁਸਤਕ ਵਿਚ ਲਿਖੀਆਂ ਵਿਸ਼ੇ ਸਬੰਧੀ ਗੱਲਾਂ ਅਧਿਆਪਕ ਤੋਂ ਬਿਨਾਂ ਸਮਝੀਆਂ ਨਹੀਂ ਜਾ ਸਕਦੀਆਂ। ਉਹਨਾਂ ਗੱਲਾਂ ਨੂੰ ਚੰਗੀ ਤਰਾਂ ਵਿਦਿਆਰਥੀ ਦੇ ਦਿਮਾਗ ਵਿਚ ਬਿਠਾਉਣ ਲਈ ਹੋਰ ਸਹਾਇਕ ਸਮੱਗਰੀਆਂ ਦਾ ਸਹਾਰਾ ਲਿਆ ਜਾਂਦਾ ਹੈ।

8. ਸੁਨਣ-ਵੇਖਣ ਸਾਮਗਰੀ (Audio-Visal Aids) :-

"Good Instruction is the foundation of any educational programme. Audio-Visual Training Aids are a Competent part of that foundation." F.W. Noel

ਵੇਖਣ-ਸੁਨਣ ਸਹਾਇਕ ਸਮੱਗਰੀ ਦਾ ਪ੍ਰਯੋਗ ਕਿਸੇ ਵਿਸ਼ੇ ਨੂੰ ਚੰਗੀ ਤਰਾਂ ਸਮਝਣ, ਜਿਗਿਆਸਾ ਉਤਪੰਨ ਕਰਨ ਲਈ, ਉਤਸੁਕਤਾ ਵਧਾਉਣ ਲਈ, ਵਿਚਾਰਸ਼ੀਲ ਬਣਾਉਣ ਲਈ, ਵਿਚਾਰਧਾਰਾ ਦੀ ਉੱਨਤੀ ਲਈ, ਸੁਰੀਲੇ, ਬੇਸੁਰੇ, ਬੇਤਾਲ ਦੀ ਪਹਿਚਾਨ ਵਾਸਤੇ, ਬੌਧਿਕ, ਸਾਂਸਕ੍ਰਿਤਕ ਵਿਕਾਸ ਲਈ ਕੀਤਾ ਜਾਂਦਾ ਹੈ। ਇਹਨਾਂ ਉਪਕਰਨਾਂ ਦੀ ਸਹਾਇਤਾ ਦੁਆਰਾ ਵਿਦਿਆਰਥੀ ਦੀ ਪਾਠ ਵਿਚ ਰੁਚੀ ਲੈਣ ਦੀ ਦਿਲਚਸਪੀ ਵੱਧਦੀ ਹੈ। ਉਸਦਾ ਗਿਆਨ ਟਿਕਾਉ ਹੁੰਦਾ ਹੈ। ਪਾਠ ਪੜ੍ਹਾਉਣ ਲਗਿਆਂ ਵਿਦਿਆਰਥੀ ਚੰਗਾ ਸਮਝ ਸਕਦਾ ਹੈ। ਪ੍ਰਾਚੀਨ ਤੇ ਆਧੁਨਿਕ ਸੰਗੀਤ ਦੀ ਜਾਣਕਾਰੀ, ਗਾਇਨ ਵਾਦਨ ਸ਼ੈਲੀਆਂ ਦਾ ਗਿਆਨ, ਦੂਰ ਦੂਰ ਦੇ ਸੰਗੀਤਕਾਰਾਂ ਦੀ ਕਲਾ, ਸੁਨਣ ਨੂੰ ਪ੍ਰਾਪਤ ਹੁੰਦੀ ਹੈ। ਵੱਧ ਤੋਂ ਵੱਧ ਸਾਜ਼ਾਂ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਸੰਗੀਤ ਦੀ ਸੰਪੂਰਨ ਜਾਣਕਾਰੀ ਗਾਇਨ, ਵਾਦਨ ਅਤੇ ਨ੍ਰਿਤ ਆਦਿ ਤਿੰਨੇ ਕਲਾਵਾਂ ਬਾਰੇ ਸੋਝੀ ਇਹਨਾਂ ਦੁਆਰਾ ਹੀ ਹੁੰਦੀ ਹੈ। ਸੰਗੀਤ ਇਕ ਮਨੋਰੰਜਕ ਵਿਸ਼ਾ ਹੈ ਜੋ ਦੇਖਣ ਅਤੇ

Sri Satguru Jagjit Singh Ji eLibrary NamdhariElibrary@gmail.com

ਸੁਨਣ ਨਾਲ ਵਧੇਰੇ ਸਬੰਧ ਰੱਖਦਾ ਹੈ ਸਹਾਇਕ ਸਮੱਗਰੀ ਪ੍ਰਯੋਗ ਕਰਨ ਵੇਲੇ ਨਿਮਨ ਗੱਲਾ ਵੱਲ ਧਿਆਨ ਜਰੂਰੀ ਦਿਉ :-

1 ਅਧਿਆਪਕ ਦਾ ਨਿਪੁਨ ਹੋਣਾ :- ਸਹਾਇਕ ਸਮੱਗਰੀ ਦਾ ਪ੍ਰਯੋਗ ਅਨਾੜੀ ਅਧਿਆਪਕ ਦੁਆਰਾ ਪ੍ਰਭਾਵਹੀਨ ਬਣਾ ਦਿੰਦਾ ਹੈ।

2 ਸਹਾਇਕ ਸਮੱਗਰੀ ਪ੍ਰਭਾਵਸ਼ਾਲੀ ਅਤੇ ਪਾਠ ਨਾਲ ਸਬੰਧ ਰੱਖਦੀ ਹੋਵੇ ਨਹੀ ਤਾ ਉਹ ਕੇਵਲ ਸਮਾਂ ਬਿਤਾਉ ਬਲਕਿ ਸਮਾਂ ਗਵਾਓ ਸਿਧ ਹੋਵੇਗੀ।

3 ਵੇਖਣ ਸੁਨਣ ਵਾਲੀ ਸਹਾਇਕ ਸਮੱਗਰੀ ਦਾ ਪ੍ਰਯੋਗ ਕੇਵਲ ਸਾਧਨ ਰੂਪ ਹੀ ਹੋਣੀ ਚਾਹੀਦੀ ਹੈ, ਉਸ ਨੂੰ ਮਨੋਰੰਜਨ ਦਾ ਸਾਧਨ ਬਣਾ ਕੇ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ।

4 ਬੇਕਾਰ ਜਾ ਬੇਲੋੜੀ ਸਹਾਇਕ ਸਮੱਗਰੀ ਦੀ ਵਰਤੋਂ ਨਾ ਕੀਤੀ ਜਾਵੇ।

9. **ਸੰਗੀਤ ਸੰਬੰਧੀ ਫਿਲਮ** (Documantery Film) :- ਚਲ ਚਿੱਤਰ ਸੰਗੀਤ ਸਿੱਖਿਆ ਲਈ ਮੁੱਖ ਭੂਮਿਕਾ ਨਿਭਾ ਸਕਦੇ ਹਨ। ਇਸ ਸਾਧਨ ਦੁਆਰਾ ਵਿਦਿਆਰਥੀ ਵੇਖਦਾ ਵੀ ਹੈ ਅਤੇ ਸੁਣਦਾ ਵੀ ਹੈ। ਫਿਲਮਾ ਦੁਆਰਾ ਉਚ ਕੋਟੀ ਦੇ ਸੰਗੀਤਕਾਰਾ ਦੇ ਗਾਇਨ, ਵਾਦਨ, ਨ੍ਰਿਤ ਦਿਖਾ ਕੇ ਉਹਨਾ ਦੀਆ ਸ਼ੈਲੀਆਂ ਬਾਰੇ ਗਿਆਨ ਦਿੱਤਾ ਜਾ ਸਕਦਾ ਹੈ। ਸਾਜ ਨੂੰ ਸਹੀ ਢੰਗ ਨਾਲ ਪਕੜਨਾ, ਮਿਜਰਾਬ, ਜਵਾ, ਆਦਿ ਦਾ ਪ੍ਰਯੋਗ, ਹਸਤਚਾਲਨ, ਮੀਡ, ਸੂਤ, ਗਮਕ, ਆਦਿ ਕ੍ਰਿਆਵਾਂ, ਤਬਲਾ ਸੰਗਤ, ਯੁਗਲਬੰਦੀ, ਵੇਸਭੂਸ਼ਾ, ਤਾਨਪੁਰਾ ਛੇੜਨ ਦਾ ਢੰਗ, ਵੱਖ-ਵੱਖ ਗਾਇਨ ਸ਼ੈਲੀਆਂ ਬਾਰੇ ਗਿਆਨ, ਵੱਖ-ਵੱਖ ਡਾਸ ਸਟਾਇਲ, ਕਥੱਕ, ਮਣੀਪੁਰੀ, ਕੁਚੀਪੁੜੀ, ਭਰਤ ਨਾਟਯਮ, ਕਥਾਕਲੀ, ਲੋਕ ਨ੍ਰਿਤ ਆਦਿ ਜਿੰਨ੍ਹਾ ਨੂੰ ਦੇਖ ਕੇ ਸਮਝਿਆ ਜਾ ਸਕਦਾ ਹੈ ਉਹਨਾਂ ਨੂੰ ਕਿਤਾਬ ਪੜ੍ਹ ਕੇ ਨਹੀਂ ਵੱਖ-ਵੱਖ ਸਾਜਾਂ ਦਾ ਵਿਸਤਾਰ ਪੂਰਵਕ ਵਰਣਨ, ਉਹਨਾਂ ਦੀ ਸੂਖਮ ਅਤੇ ਮਹੱਤਵਪੂਰਣ ਵਾਦਨ ਸ਼ੈਲੀ ਬਾਰੇ ਗਿਆਨ ਆਦਿ ਫਿਲਮ ਦੁਆਰਾ ਸਹਿਜ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

10. **ਚਲਚਿੱਤਰ** (Films) :- ਆਧੁਨਿਕ ਕਾਲ ਵਿਚ ਚਲਚਿੱਤਰ ਦੀ ਬੜੀ ਪ੍ਰਧਾਨਤਾ ਹੋ ਗਈ ਹੈ। ਆਮ ਤੌਰ ਤੇ ਅੱਜਕਲ ਕੇਵਲ ਮਨੋਰੰਜਨ ਹੇਤੁ ਹੀ ਫਿਲਮਾ ਬਣਾਈਆ ਜਾ ਰਹੀਆ ਹਨ ਪਰ ਕੁਝ ਵਰੇ ਪਹਿਲਾਂ ਦੀਆਂ ਫਿਲਮਾਂ ਵਿਚ ਕਲਾ ਅਤੇ ਇਤਿਹਾਸ ਦਾ ਗਿਆਨ ਵੀ ਪ੍ਰਾਪਤ ਹੁੰਦਾ ਹੈ। ਸੰਗੀਤਕਾਰਾ ਨਾਲ ਸਬੰਧ ਰੱਖਦੀਆਂ ਕਈ ਫਿਲਮਾ ਬਣਾਈਆ ਜਾ ਚੁੱਕੀਆਂ ਹਨ। ਤਾਨਸੈਨ, ਬੈਜੂਬਾਵਰਾ, ਬਸੰਤਬਹਾਰ, ਝਨਕ-ਝਨਕ ਪਾਇਲ ਬਾਜੇ, ਰਾਣੀ ਰੂਪਮਤੀ, ਆਦਿ ਕੁਝ ਅਜਿਹੀਆ ਫਿਲਮਾਂ ਹਨ ਜਿਨ੍ਹਾ ਵਿਚ ਇਤਿਹਾਸ ਅਤੇ ਸੰਗੀਤ ਦਾ ਮਿਸ਼ਰਤ ਗਿਆਨ ਪ੍ਰਾਪਤ ਹੁੰਦਾ ਹੈ। ਕਈ ਫਿਲਮੀ ਦੇ ਗੀਤ ਰਾਗਾਂ ਦੇ ਆਧਾਰਿਤ ਹੁੰਦੇ ਹਨ ਅਤੇ ਕਈ ਫਿਲਮਾਂ ਵਿਚ ਪੂਰਣ ਰਾਗ ਅਤੇ ਖਿਆਲ, ਠੁਮਰੀ, ਦਾਦਰਾ, ਗਜ਼ਲ, ਕੱਵਾਲੀ, ਧਰੁਪਦ, ਭਜਨ ਆਦਿ ਗਾਇਨ ਸ਼ੈਲੀਆਂ ਸੁਣਕੇ ਸਮਝਣ ਦਾ ਅਵਸਰ ਵੀ ਮਿਲਦਾ ਹੈ।

11. **ਰੇਡੀਓ** (Radio) :- ਸੰਗੀਤ ਸਿੱਖਿਆ ਦਾ ਪ੍ਰਮੁੱਖ ਸਾਧਨ ਰੇਡੀਓ ਹੈ। ਇਸ ਮਾਧਿਅਮ ਦੁਆਰਾ ਸੰਗੀਤ ਸਬੰਧੀ ਪਾਠ ਵੀ ਸਿਖਾਏ ਜਾਂਦੇ ਹਨ। ਉਚ ਕੋਟੀ ਦੇ ਸੰਗੀਤਕਾਰ ਅਜਿਹਾ ਪ੍ਰੋਗਰਾਮ ਤਿਆਰ ਕਰਦੇ ਹਨ। ਰਾਗਾਂ ਦੀ ਜਾਣਕਾਰੀ, ਉਹਨਾ ਦੇ ਸਰੂਪ, ਰਾਗਾਂ ਦੀਆ ਬੰਦਸਾਂ, ਵੱਖ-ਵੱਖ ਸਾਜਾਂ ਤੇ ਉੱਚ ਕੋਟੀ ਦੇ ਸੰਗੀਤਕਾਰਾਂ ਦੁਆਰਾ ਵਜਾਏ ਗਏ ਰਾਗ ਸੁਣਾਏ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

12. **ਟੈਲੀਵਿਜ਼ਨ** - ਅੱਜ ਭਾਰਤ ਵਿਚ ਟੀ.ਵੀ. ਦਾ ਪ੍ਰਯੋਗ ਆਮ ਹੋ ਗਿਆ ਹੈ ਪਰ ਸੰਗੀਤ ਸਬੰਧੀ ਗਿਆਨ ਘੱਟ ਹੀ ਕੀਤਾ ਜਾ ਸਕਦਾ ਹੈ। ਫਿਰ ਵੀ ਕਦੀਂ ਕਦੀਂ ਨ੍ਰਿਤ, ਅਤੇ ਸੰਗੀਤ ਸੁਣਿਆ ਜਾ ਸਕਦਾ ਹੈ। ਰੇਡਿਓ ਤੋਂ ਕੇਵਲ ਸੁਣਨ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ ਪਰ ਟੀ.ਵੀ. ਤੋਂ ਦ੍ਰਿਸ਼ ਸਮੱਗਰੀ ਵੀ ਪ੍ਰਾਪਤ ਹੁੰਦੀ ਹੈ। ਪ੍ਰਸਿਧ ਸੰਗੀਤਕਾਰਾ ਦੇ ਸੰਗੀਤ ਦੇ ਨਾਲ- ਨਾਲ ਉਹਨਾਂ ਦੀ ਸੂਰਤ ਵੀ ਵੇਖਣ ਨੂੰ ਮਿਲਦੀ ਹੈ।

13. **ਗ੍ਰਾਮੋਫੋਨ** :- ਗ੍ਰਾਮੋਫੋਨ ਦੁਆਰਾ ਇਕੋ ਰਿਕਾਰਡ ਨੂੰ ਬਾਰ-ਬਾਰ ਬਜਾਕੇ ਸੁਣਿਆ ਜਾ ਸਕਦਾ ਹੈ। ਇਕੋ ਹੀ ਰਿਕਾਰਡ ਨੂੰ ਵਾਰ-ਵਾਰ ਸੁਣਨ ਨਾਲ ਕਿਸੀ ਵੀ ਗਾਇਨ ਦਾ ਅਸਲੀ ਰੂਪ ਸ੍ਰੋਤੇ ਦੇ ਮਸਤਿਕ ਵਿਚ ਬੈਠ ਜਾਦਾ ਹੈ। ਉਸ ਵਿਚ ਸਮਝਣ ਦੀ ਸਕਤੀ ਦਾ ਵਿਕਾਸ ਹੁੰਦਾ ਹੈ। ਵਿਭੰਨ ਗਾਇਕਾ ਦੀ ਗਾਇਕੀ ਦਾ ਤੁਲਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ। ਉਹਨਾ ਦੀ ਗਾਇਕੀ ਦੀ ਵਿਸੇਸਤਾ ਦਾ ਗਿਆਨ ਹੁੰਦਾ ਹੈ।

14. **ਟੇਪ ਰਿਕਾਰਡ** (Tape-Recorder) :- ਕੁਝ ਸਾਲਾਂ ਤੋਂ ਗ੍ਰਾਮੋਫੋਨ ਦਾ ਸਥਾਨ ਟੇਪ ਰਿਕਾਰਡਰ ਨੇ ਲੈ ਲਿਆ ਹੈ। ਅੱਜ ਕਲ ਕੈਸਟਾ ਬੜੀ ਸੰਖਿਆ ਵਿਚ ਤਿਆਰ ਕੀਤੀਆ ਜਾ ਰਹੀਆ ਹਨ। ਕੈਸਟ ਵਿਚ ਗ੍ਰਾਮੋਫੋਨ ਰਿਕਾਰਡ ਦੀ ਤਰਾ ਤਿੰਨ ਮਿੰਟ, ਦਸ ਮਿੰਟ ਜਾ ਵੀਹ ਮਿੰਟ ਦੀ ਪਾਬੰਧੀ ਨਹੀਂ। ਟੇਪ ਰਿਕਾਰਡ ਤੇ ਆਪਣੀ ਇੱਛਾ ਅਨੁਸਾਰ ਕੈਸਟ ਤਿਆਰ ਕੀਤੀ ਜਾ ਸਕਦੀ ਹੈ। ਜਿਸ ਵਿਸੇ ਦੀ ਜਾਣਕਾਰੀ ਬੱਚਿਆਂ ਨੂੰ ਪ੍ਰਦਾਨ ਕਰਨ ਦੀ ਜਰੂਰਤ ਹੋਵੇ ਉਸ ਵਿਸੇ ਦੀ ਜਾਣਕਾਰੀ ਟੇਪ ਕਰਕੇ ਬਾਰ-ਬਾਰ ਸੁਣੀ-ਸੁਣਾਈ ਜਾ ਸਕਦੀ ਹੈ ਅਤੇ ਉਸਦੀ ਜਾਣਕਾਰੀ ਬੱਚਿਆਂ ਲਈ ਸਦੀਵੀ ਵੀ ਬਣ ਜਾਦੀ ਹੈ।

15. **ਸੰਗੀਤਕ ਸਾਜ਼** :- ਸਹਾਇਕ ਸਮੱਗਰੀ ਦਾ ਪ੍ਰਯੋਗ ਕੇਵਲ ਵਿਦਿਆਰਥੀ ਦੀ ਬੌਧਿਕ ਵਿਕਾਸ ਵਿਚ ਵਾਧਾ ਕਰਨ ਲਈ ਕੀਤਾ ਜਾਦਾ ਹੈ। ਸੰਗੀਤ ਸਾਜ਼ ਹੀ ਆਪਣੇ ਆਪ ਵਿਚ ਇਕ ਸੰਪੂਰਣ ਸਮੱਗਰੀ ਹੈ। ਸਾਜ਼ ਨੂੰ ਵਜਾਉਣ ਸਿਖਾਉਣ ਲਈ ਹੀ ਦੂਜੇ ਸਾਧਨਾਂ ਦਾ ਸਹਾਰਾ ਲਿਆ ਜਾਦਾ ਹੈ ਦਰ ਅਸਲ ਮੁੱਖ ਸਾਧਨ ਤਾਂ ਸਾਜ਼ ਹੀ ਹੈ। ਸਾਜ਼ ਦੇ ਅਭਿਆਸ ਤੋਂ ਬਿਨਾਂ ਦੂਜੀਆਂ ਸਹਾਇਕ ਸਮੱਗਰੀਆਂ ਬੇਕਾਰ ਹੋ ਜਾਂਦੀਆਂ ਹਨ। ਸੰਗੀਤ ਵਿਭਾਗ ਵਿਚ ਵਿਦਿਆਰਥੀਆ ਲਈ ਸਾਜਾਂ ਦਾ ਹੋਣਾ, ਉਹਨਾਂ ਦੀ ਨਿਤ ਪ੍ਰਤੀ ਵਰਤੋਂ, ਸਾਂਭ ਸੰਭਾਲ ਤੇ ਅਭਿਆਸ ਜਰੂਰੀ ਹੈ। ਕਿਸੇ ਸਾਜ਼ ਦਾ ਚਿੱਤਰ ਦਿਖਾਉਣ ਨਾਲੋਂ ਚੰਗਾ ਹੈ ਕਿ ਅਸਲੀ ਸਾਜ਼ ਹੀ ਦਿਖਾਇਆ ਜਾਵੇ। ਜਿਵੇਂ ਗਜ਼ ਵਾਲੇ ਸਾਜ਼ ਬਾਰੇ ਜਾਣਕਾਰੀ ਪ੍ਰਦਾਨ ਕਰਨ ਵੇਲੇ ਕੋਈ ਗਜ਼ ਨਾਲ ਵਜਾਇਆ ਜਾਣ ਵਾਲਾ ਸਾਜ਼ ਹੀ ਵਿਦਿਆਰਥੀਆਂ ਨੂੰ ਦਿਖਾ ਦਿੱਤਾ ਜਾਵੇ।

16. **ਵੀ.ਸੀ.ਆਰ.** (V.C.R.) :- ਇਹ ਇਕ ਅਜਿਹਾ ਆਧੁਨਿਕ ਯੰਤਰ ਹੈ ਜਿਸ ਦੁਆਰਾ ਰਿਕਾਰਡਿੰਗ ਕੀਤੀ ਜਾ ਸਕਦੀ ਹੈ ਅਤੇ ਉਸ ਫਿਲਮ ਦੀ ਵੀ.ਸੀ.ਆਰ. ਕੈਸਟ ਲਗਾ ਕੇ ਟੀ.ਵੀ. ਤੇ ਦੇਖਿਆ ਜਾ ਸਕਦਾ ਹੈ। ਕਿਸੇ ਵੀ ਸੰਗੀਤਕਾਰ ਦਾ ਮੰਚ ਪ੍ਰਦਰਸਨ, ਉਸਦਾ ਟੀ.ਵੀ. ਪ੍ਰੋਗਰਾਮ ਉਸ ਨਾਲ ਸੰਗੀਤ ਸਬੰਧੀ ਗਲ ਬਾਤ, ਇੰਟਰਵਿਊ, ਰਿਕਾਰਡ ਕਰਕੇ ਫਿਲਮਾਂਕਣ ਕਰਕੇ ਵੀ.ਸੀ. ਆਰ. ਤੇ ਦੇਖਿਆ, ਸੁਣਿਆ ਜਾ ਸਕਦਾ ਹੈ। ਇਸ ਦੁਆਰਾ ਗਿਆਨ ਪ੍ਰਾਪਤ ਕਰਨ ਵਿਚ ਬੜੀ ਸਹਾਇਤਾ ਮਿਲ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

17. ਕੈਸਟ (Cassett) :- ਕਈ ਵਰੇ ਪਹਿਲਾਂ ਆਪਣੀ ਆਵਾਜ਼ ਨੂੰ ਸੁਨਣ ਲਈ ਰਿਕਾਰਡ ਕੰਪਨੀਆ ਪਾਸੋਂ ਰਿਕਾਰਡ ਕਰਵਾਉਂਣਾ ਕੇਵਲ ਉਚ ਕੋਟੀ ਦੇ ਸੰਗੀਤਕਾਰਾਂ, ਫਿਲਮ ਬੈਕ ਸਿੰਗਰ ਆਦਿ ਤੱਕ ਹੀ ਸੁਲਭ ਸੀ । ਕੰਪਨੀਆਂ ਕਾਲੇ ਰੰਗ ਦੀ ਡਿਸਕ ਤਿਆਰ ਕਰਦੀਆਂ ਸਨ ਜੋ ਤਿੰਨ ਮਿੰਟ, ਦੱਸ ਮਿੰਟ, ਵੀਹ ਮਿੰਟ ਅਵਧੀ ਦੀਆ ਹੁੰਦੀਆਂ ਸਨ । ਪਰ ਅੱਜ ਵਿਗਿਆਨ ਦੁਆਰਾ ਨਵੀਨ ਪ੍ਰਯੋਗ ਕੀਤੇ ਜਾ ਰਹੇ ਹਨ । ਕੈਸਟ ਮਾਰਕੀਟ ਵਿਚ ਆਮ ਮਿਲਦੀਆ ਹਨ । ਟੇਪ ਰਿਕਾਰਡ ਜਾ ਟੂ-ਇੰਨ-ਵੱਨ (Two-in-One) ਦੁਆਰਾ ਕਿਸੇ ਪ੍ਰੋਗਰਾਮ, ਕਿਸੇ ਜਾਣਕਾਰੀ ਭਰਪੂਰ ਵਿਸ਼ੇ ਨੂੰ ਕਿਸੇ ਨਾਲ ਇੰਟਰਵਿਊ ਦੀ ਕੈਸਟ ਤੇ ਆਪਣੇ ਘਰ ਜਾਂ ਸੰਗੀਤ ਰੂਮ ਵਿਚ ਕੈਸਟ ਰਿਕਾਰਡ ਕਰਕੇ ਵਿਦਿਆਰਥੀਆਂ ਨੂੰ ਸੁਣਾਈ ਜਾ ਸਕਦੀ ਹੈ । ਵਿਦਿਆਰਥੀਆਂ ਨੂੰ ਸੁਰੀਲੇ , ਅਤੇ ਬੇਸੁਰੇ ਦਾ ਆਰੰਭ ਵਿਚ ਪਤਾ ਨਹੀਂ ਚਲਦਾ । ਵਿਦਿਆਰਥੀਆਂ ਨੂੰ ਗਾਇਨ-ਵਾਦਨ ਨੂੰ ਰਿਕਾਰਡ ਕਰਕੇ ਉਸੇ ਵਕਤ ਉਹਨਾਂ ਨੂੰ ਉਹਨਾਂ ਦੀਆਂ ਗਲਤੀਆਂ ਸਮਝਾਈਆਂ ਜਾ ਸਕਦੀਆਂ ਹਨ ।

18. ਮੰਚ ਪ੍ਰਦਰਸ਼ਨ (Stage Performance) :- ਸੰਗੀਤਕਾਰ ਦੀ ਕਲਾ ਸਾਧਨਾ ਦਾ ਸਭ ਤੋਂ ਵੱਡਾ ਤੇ ਮੁੱਖ ਉਦੇਸ ਹੈ ਮੰਚ ਪ੍ਰਦਰਸ਼ਨ । ਮੰਚ ਪ੍ਰਦਰਸ਼ਨ ਦੁਆਰਾ ਵਿਦਿਆਰਥੀ ਪ੍ਰੇਰਣਾ ਪ੍ਰਾਪਤ ਕਰਦਾ ਹੈ । ਕਲਾਕਾਰ ਦੇ ਗੁਣ ਅਤੇ ਅਵਗੁਣ ਦੇਖਦਾ ਹੈ । ਸੰਗੀਤਕਾਰ ਦਾ ਮੰਚ ਤੇ ਬੈਠਣਾਂ, ਉਸਦੇ ਹਾਵ-ਭਾਵ ਮੁੱਖ-ਆਕਰਿਤੀ, ਸਾਜ਼ ਦੀ ਸਹੀ ਪਕੜ, ਰਾਗ ਦਾ ਅਲਾਪ, ਰਾਗ ਦਾ ਸੁਰ ਵਿਸਥਾਰ ਬੰਦਿਸ, ਪੇਸ਼ਕਾਰੀ ਰਾਗ ਦਾ ਸਰੂਪ, ਤਬਲਾ ਵਾਦਕ ਦਾ ਕਮਾਲ, ਦੋਨਾਂ ਦਾ ਆਪਸੀ ਤਾਲਮੇਲ, ਵਿਸੇਸ ਗੱਲਾਂ ਨੂੰ ਵੇਖ, ਸੁਣ ਕੇ ਜੋ ਗਿਆਨ ਤੇ ਆਨੰਦ ਪ੍ਰਾਪਤ ਹੁੰਦਾ ਹੈ ਉਹ ਕਿਸੇ ਹੋਰ ਮਾਧਿਅਮਾਂ ਰਾਹੀਂ ਨਹੀਂ ਹੋ ਸਕਦਾ । ਮਹੀਨੇ ਵਿਚ ਇਕ ਵਾਰ ਸੰਗੀਤ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਆਪਣਾ, ਵਿਦਿਆਰਥੀਆਂ ਦਾ, ਕਿਸੇ ਬਾਹਰੀ ਸੰਗੀਤਕਾਰ ਦੇ ਸਾਹਮਣੇ, ਮੰਚ ਪ੍ਰਦਰਸ਼ਨ ਦਾ ਪ੍ਰਬੰਧ ਕਰੇ । ਵਿਦਿਆਰਥੀ ਆਪਣੇ ਅਧਿਆਪਕ ਪਾਸੋਂ ਪ੍ਰੇਰਣਾ ਪ੍ਰਾਪਤ ਕਰਦੇ ਹਨ । ਉਹਨਾਂ ਨੂੰ ਉਸ ਪਾਸੋਂ ਜੋ ਹਰ ਰੋਜ਼ ਸਿਖਾਇਆ ਜਾਦਾ ਹੈ । ਉਸਦਾ ਅਭਿਆਸ ਕਰਨ ਦੀ ਪ੍ਰੇਰਨਾ ਮਿਲਦੀ ਹੈ । ਵਿਦਿਆਰਥੀਆਂ ਦਾ ਇਸ ਵਿਚ ਯੋਗਦਾਨ ਵੀ ਹੋਣਾ ਚਾਹੀਦਾ ਤਾਂ ਕਿ ਉਹਨਾਂ ਦਾ ਹੌਸਲਾ ਵਧੇ ਅਤੇ ਝਿਝਕ ਦੂਰ ਹੋਵੇ, ਸਟੇਜ ਡਰ (Stage fear) ਮਨ ਵਿਚੋਂ ਨਿਕਲ ਜਾਵੇ । ਵਿਦਿਆਰਥੀ ਦੀ ਪ੍ਰਤੀਭਾ ਪ੍ਰਗਟ ਹੁੰਦੀ ਹੈ । ਉਹ ਇਸ ਵਿਚ ਆਪਣਾ ਸਨਮਾਨ ਵੀ ਮੰਗਦਾ ਹੈ । ਉਸਦੀ ਮੇਹਨਤ ਦਾ ਗਾਇਕੀ ਨਾਲ ਸਿੱਟਾ ਸਭ ਦੇ ਸਾਹਮਣੇ ਆਉਂਦਾ ਹੈ ।

19. ਕਹਾਣੀ ਕਥਨ (Stage-Telling) :- ਬੱਚਿਆਂ ਨੂੰ ਕਹਾਣੀਆਂ ਸੁਨਣ ਵਿਚ ਬੜਾ ਆਨੰਦ ਆਉਂਦਾ ਹੈ । ਬਚਪਨ ਵਿਚ ਬੱਚੇ ਆਪਣੀ ਦਾਦੀ ਮਾਂ ਪਾਸੋਂ ਸੋਣ ਤੋਂ ਪਹਿਲਾਂ ਕਹਾਣੀ ਜ਼ਰੂਰ ਸੁਣਿਆ ਕਰਦੇ ਸਨ । ਸਿਆਣੇ ਬਜ਼ੁਰਗ ਆਪਣੇ ਬੱਚਿਆਂ ਨੂੰ ਧਾਰਮਿਕ ਗੁਰੂਆਂ, ਬਹਾਦਰ ਵੀਰਾਂ, ਦੇਸ਼ ਤੋਂ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੀਆਂ ਗਾਥਾਵਾਂ ਸੁਣਾਉਂਦੇ ਸਨ । ਜਿਸ ਦੇ ਫਲ ਸਰੂਪ ਬੱਚੇ ਨੂੰ ਗੱਲਾਂ, ਗੱਲਾਂ ਵਿਚ ਆਪਣੇ ਇਤਿਹਾਸ, ਆਪਣੀ ਪ੍ਰੰਪਰਾ, ਆਪਣੀ ਸਭਿਆਤਾ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ । ਕਹਾਣੀ ਦੁਆਰਾ ਪੜਾਇਆ ਗਿਆ ਪਾਠ ਵਧੇਰੇ ਰੋਚਕ ਅਤੇ ਚਿਰ ਸਥਾਈ ਹੁੰਦਾ ਹੈ । ਸੰਗੀਤ ਅਧਿਆਪਕ ਨੂੰ ਆਪਣੇ ਸੰਗੀਤਕਾਰਾਂ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਕਹਾਣੀ ਕਥਨ ਵਿਧੀ ਦਾ ਸਹਾਰਾ ਲੈਣਾ ਚਾਹੀਦਾ ਹੈ । ਬੱਚੇ ਇਸ ਵਿਧੀ ਨਾਲ ਜਲਦੀ ਸਿਖਦੇ ਹਨ । ਕਹਾਣੀ ਦੇ ਅਨੁਸਾਰ ਹੀ

Sri Satguru Jagjit Singh Ji eLibrary NamdhariElibrary@gmail.com

ਜੇਕਰ ਚਿੱਤਰ ਤਿਆਰ ਕਰਕੇ ਪ੍ਰਯੋਗ ਕੀਤਾ ਜਾਵੇ ਤਾ ਬੱਚਿਆਂ ਨੂੰ ਸੁਨਣ ਦੇ ਨਾਲ-ਨਾਲ ਵੇਖਣ ਸਮੱਗਰੀ ਵੀ ਮਿਲ ਜਾਦੀ ਹੈ। ਇਹ ਸਹਾਇਕ ਸਮੱਗਰੀ ਬੜੀ ਲਾਹੇਵੰਦ ਸਿੱਧ ਹੁੰਦੀ ਹੈ।

ਸੰਗੀਤ ਵਿਸ਼ੇ ਸਬੰਧੀ ਪ੍ਰਵਿਧਿਆ :- ਸਹਾਇਕ ਸਮੱਗਰੀ ਦੇ ਨਾਲ-ਨਾਲ ਪ੍ਰਵਿਧਿਆ ਵੀ ਆਪਣਾ ਇੱਕ ਮਹੱਤਵ ਪੂਰਣ ਸਥਾਨ ਰਖਦੀਆਂ ਹਨ। ਕਈ ਵਾਰ ਸਹਾਇਕ ਸਮੱਗਰੀ ਅਸਫਲ ਵੀ ਹੋ ਸਕਦੀ ਹੈ। ਪਰ ਪ੍ਰਵਿਧੀਆ ਆਪਣੇ ਉਦੇਸ਼ ਵਿਚ ਸਫਲ ਹੋ ਜਾਦੀਆਂ ਹਨ। ਸਹਾਇਕ ਸਮੱਗਰੀ ਇਕ ਖਰਚੀਲਾ ਸਾਧਨ ਹੈ ਜਦੋਂ ਕਿ ਪ੍ਰਵਿਧੀ ਤੇ ਕੋਈ ਖਰਚ ਨਹੀਂ ਹੁੰਦਾ ਬਸ ਕੇਵਲ ਅਧਿਆਪਕ ਨੂੰ ਪ੍ਰਯੋਗ ਕਰਨ ਦੀ ਜਾਂਚ ਹੀ ਹੋਣੀ ਚਾਹੀਦੀ ਹੈ। ਸਹਾਇਕ ਸਮੱਗਰੀ ਦਾ ਉਲੇਖ ਕਰਦੇ ਹੋਏ, ਰੇਡੀਉ, ਟੀ.ਵੀ., ਕੈਸਟ, ਵੀ.ਸੀ.ਆਰ., ਟੇਪ ਰਿਕਾਰਡਰ ਆਦਿ ਸਭ ਸਮੱਗਰੀਆਂ ਭਾਰੀ ਕੀਮਤ ਖਰਚ ਕੇ ਪ੍ਰਯੋਗ ਕੀਤੀਆਂ ਜਾ ਸਕਦੀਆਂ ਹਨ ਪਰ ਹੇਠ ਲਿਖੀਆ ਪ੍ਰਵਿਧੀਆ ਉਤੇ ਕਿਸੇ ਪ੍ਰਕਾਰ ਦਾ ਕੋਈ ਖਰਚ ਨਹੀਂ ਕਰਨਾ ਪੈਂਦਾ, ਪਰੰਤੂ ਪ੍ਰਯੋਗ ਕਰਨ ਵਾਲੇ ਦੀ ਸੂਝ ਬੂਝ ਸਦਕਾ ਬੜੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਪ੍ਰਵਿਧੀ ਦਾ ਪ੍ਰਯੋਗ ਲੋੜ ਅਨੁਸਾਰ ਹੀ ਕਰਨਾ ਚਾਹੀਦਾ ਹੈ। ਬੇਲੋੜੀ ਪ੍ਰਵਿਧੀ ਕੋਈ ਚੰਗਾ ਸਿਟਾ ਕੱਢਣ ਵਿਚ ਅਸਫਲ ਹੀ ਰਹਿੰਦੀ ਹੈ। ਸੰਗੀਤ ਵਿਚ ਨਿਮਨਲਿਖਤ ਪ੍ਰਵਿਧੀਆਂ ਦਾ ਪ੍ਰਯੋਗ ਸੰਭਵ ਹੈ :-

1. ਕਹਾਣੀ ਕਥਨ ਪ੍ਰਵਿਧੀ (Story Telling Technique)
2. ਪ੍ਰਸ਼ਨ ਵਿਧੀ (Questioning Technique)
3. ਕਾਰਜ ਸਮਰਪਣ ਵਿਧੀ (Assignment Technique)
4. ਪ੍ਰੀਖਿਆ ਪ੍ਰਵਿਧੀ (Examination Technique)
5. ਸ਼ਰਵਣ, ਸੁਨਣ ਪ੍ਰੀਖਿਆ ਵਿਧੀ (Audio-Visual Examin Technique)

1. ਕਹਾਣੀ ਕਥਨ ਪ੍ਰਵਿਧੀ (Story Telling Technique) :- ਬੱਚਿਆਂ ਨੂੰ ਜੁਬਾਨੀ ਸੁਨਣ ਦਾ ਬੜਾ ਸ਼ੌਕ ਹੁੰਦਾ ਹੈ। ਜੇ ਕੋਈ ਕਹਾਣੀ ਸੁਆਦਲੀ ਹੋਵੇ ਤਾਂ ਬਚੇ ਬੜੇ ਮਜੇ ਨਾਲ ਸੁਣਦੇ ਹਨ ਅਤੇ ਲੈਸਨ ਵਿਚ ਬੜੀ ਰੁਚੀ ਲੈਦੇ ਹਨ ਤੇ ਯਾਦ ਵੀ ਰਖਦੇ ਹਨ। ਸੰਗੀਤ ਵਿਚ ਇਸ ਦਾ ਪ੍ਰਯੋਗ ਕੇਵਲ ਕਲਾਕਾਰਾ ਦੀਆਂ ਜੀਵਨੀਆਂ ਜਾ ਵਿਸੇਸ ਘਟਨਾਵਾਂ ਹੀ ਸੁਣਾਈਆਂ ਜਾ ਸਕਦੀਆਂ ਹਨ। ਅਧਿਆਪਕ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰਖਣਾ ਚਾਹੀਦਾ ਹੈ। 1. ਘਟਨਾ ਸੱਚੀ ਹੋਵੇ 2. ਕਿਤਾਬਾਂ ਤੋਂ ਪੜਕੇ ਨਾਂ ਸੁਣਾਈ ਜਾਵੇ ਬਲਕੇ ਜ਼ੁਬਾਨੀ ਸੁਣਾਈ ਜਾਵੇ 3. ਵਿਦਿਆਰਥੀਆਂ ਦੀ ਬੌਧਿਕ ਅਵਸਥਾਂ ਨੂੰ ਮੁੱਖ ਰਖਕੇ ਉਸਦੀ ਭਾਸ਼ਾ ਹੋਵੇ ਤਾ ਕਿ ਵਿਦਿਆਰਥੀ ਉਸਦਾ ਪੂਰਣ ਆਨੰਦ ਲੈ ਸਕਣ 4. ਕਹਾਣੀ ਸੁਣਾਉਣ ਵੇਲੇ ਮੁੱਖ ਉਦੇਸ਼ ਨੂੰ ਸਾਹਮਣੇ ਰੱਖਿਆ ਜਾਵੇ 5. ਕਹਾਣੀ ਪੀਰੀਅਡ ਦੇ ਵਿਚ ਖਤਮ ਹੋ ਜਾਣੀ ਚਾਹੀਦੀ ਹੈ। ਇਸ ਕਰਕੇ ਕਹਾਣੀ ਨੂੰ ਫ਼ਜੂਲ ਲੰਬਾ ਨਾ ਕੀਤਾ ਜਾਵੇ।

2. ਪ੍ਰਸ਼ਨ ਵਿਧੀ (Questioning Technique) :- ਸੰਗੀਤ ਸ਼ਾਸਤਰ ਦੀ ਸਿੱਖਿਆ ਲਈ ਪ੍ਰਸ਼ਨ ਵਿਧੀ ਬੜੀ ਮਹੱਤਵ ਅਤੇ ਪ੍ਰਭਾਵਸ਼ਾਲੀ ਵਿਧੀ ਹੈ। ਇਸ ਮਾਧਿਅਮ ਦੁਆਰਾ ਅਧਿਆਪਕ ਅਤੇ ਵਿਦਿਆਰਥੀ ਦਾ ਸਿੱਧਾ ਸੰਪਰਕ ਸਥਾਪਿਤ ਹੁੰਦਾ ਹੈ। ਅਧਿਆਪਕ ਇਸ ਵਿਧੀ ਦੁਆਰਾ ਸਿਖਿਆਰਥੀਆਂ ਨੂੰ ਅੱਗੇ ਸਿੱਖਣ ਲਈ ਪ੍ਰੇਰਿਤ ਕਰਦਾ ਹੈ। ਉਹਨਾਂ ਦੇ ਪੂਰਣ ਗਿਆਨ ਦਾ ਨਿਰੀਖਣ ਕਰਦਾ ਹੈ ਅਤੇ ਨਵੀਨ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੰਦਾ ਹੈ। ਇਸ ਵਿਧੀ ਦੁਆਰਾ ਵਿਦਿਆਰਥੀਆਂ ਦੀ ਜੁਬਾਨੀ ਪ੍ਰੀਖਿਆ ਵੀ ਹੋ ਜਾਂਦੀ ਹੈ। ਉਹਨਾਂ ਦੀ ਸੂਝ ਸ਼ਕਤੀ ਅਤੇ ਬੌਧਿਕਤਾ ਦਾ ਪਤਾ ਲਗ ਜਾਂਦਾ ਹੈ। ਨਵੀਨ

Sri Satguru Jagjit Singh Ji eLibrary NamdhariElibrary@gmail.com

ਗਿਆਨ ਦੀ ਪੁਨਾਵਰਿਤੀ (ਦੁਹਰਾਈ) ਸਮੇਂ ਵੀ ਇਹ ਵਿਧੀ ਬੜੀ ਜਰੂਰੀ ਹੈ। ਵਿਦਿਆਰਥੀ ਨੂੰ ਇਕਾਗਰ ਚਿੱਤ ਬਣਾਉਣ ਵਾਲੀ ਇਹ ਵਿਧੀ ਬੜੀ ਸਰਲ ਅਤੇ ਉਪਯੋਗੀ ਹੈ। ਇਹਨਾ ਪ੍ਰਸਨਾ ਨੂੰ ਵਿਚਾਰਾਤਮਕ ਜਾਂ ਸਿੱਖਿਆਤਮਕ ਕਿਹਾ ਜਾ ਸਕਦਾ ਹੈ। ਪ੍ਰਸਨ ਪੂਰੀ ਤਰਾ ਪਾਠ ਨਾਲ ਸਬੰਧਿਤ ਅਤੇ ਸਿੱਧੇ ਤੇ ਸਰਲ ਹੋਣੇ ਚਾਹੀਦੇ ਹਨ ਜਿਵੇਂ :-

1. ਰਾਗ ਜੈ-ਜੈਵੰਤੀ ਕਿਸ ਥਾਟ ਦਾ ਰਾਗ ਹੈ ?
2. ਆਸਾਵਰੀ ਥਾਟ ਵਿਚ ਕਿਹੜੇ-ਕਿਹੜੇ ਸੁਰ ਕੋਮਲ ਪ੍ਰਯੋਗ ਹੁੰਦੇ ਹਨ ?
3. ਰਾਗ ਭੂਪਾਲੀ ਵਿਚ ਕਿਹੜਾ-ਕਿਹੜਾ ਸੁਰ ਵਰਜਿਤ ਹੈ ?
4. ਰਾਗ ਬਿੰਦ੍ਰਾਬਨੀ ਸਾਰੰਗ ਦੀ ਜਾਤੀ ਦੱਸੋ ?
5. ਭੈਰਵੀ ਅਤੇ ਮਾਲਕੋਸ ਦੇ ਸੁਰਾ ਵਿਚ ਕੀ ਅੰਤਰ ਹੈ ?
6. ਜੇਕਰ ਕਿਸੇ ਰਾਗ ਦੀ ਆਰੋਹੀ ਵਿਚ ਰੇ,ਧ ਅਤੇ ਅਵਰੋਹੀ ਵਿਚ ਰੇ ਵੰਰਜਿਤ ਹੋਵੇ ਤਾ ਕਿਸ ਜਾਤੀ ਦਾ ਰਾਗ ਹੋਵੇਗਾ ?
7. ਸੰਧਿਆ ਕਾਲ ਸਮੇਂ ਗਾਏ ਬਜਾਏ ਜਾਣ ਵਾਲੇ ਰਾਗਾ ਨੂੰ ਕੀ ਕਹਿੰਦੇ ਹਨ ?

ਪ੍ਰਸਨ ਵਿਧੀ ਅਪਣਾਉਣ ਵੇਲੇ ਨਿਮਨ ਲਿਖਤ ਨਿਯਮਾ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਪ੍ਰਸਨ ਬਹੁਤਾ ਲੰਬਾ ਨਾ ਹੋਵੇ।
2. ਜਿੱਥੇ ਤਕ ਹੋ ਸਕੇ ਪ੍ਰਸਨ ਦੀ ਪੁਨਾਵਰਿਤੀ ਨਾ ਹੋਵੇ।
3. ਵਿਦਿਆਰਥੀ ਨੂੰ ਥੋੜਾ ਸਮਾਂ ਸੋਚਣ ਲਈ ਦਿਉ।
4. ਪ੍ਰਸਨ ਦਾ ਉੱਤਰ ਵੱਖ-ਵੱਖ ਵਿਦਿਆਰਥੀਆ ਤੋਂ ਪੁਛਣਾ ਚਾਹੀਦਾ ਹੈ। ਕਮਜੋਰ ਵਿਦਿਆਰਥੀ ਨੂੰ ਵੀ ਚੰਗੀ ਤਰ੍ਹਾ ਸਮਝਾਉਣ ਦੀ ਕੋਸਿਸ ਕਰਨੀ।
5. ਹਾਂ ਤੋਂਬਾ ਨਾਂ ਉੱਤਰ ਵਾਲੇ ਪ੍ਰਸਨ ਵੀ ਪੁੱਛਣੇ ਚਾਹੀਦੇ ਹਨ ਜਿੰਨਾ ਨੂੰ Objective Type ਕਿਹਾ ਜਾਂਦਾ ਹੈ। ਜਿਵੇਂ ਕਿ ਮਾਲਕੋਸ ਵਿਚ ਮਧਿਅਮ ਤੀਵਰ ਪ੍ਰਯੋਗ ਹੁੰਦਾ ਹੈ? ਹਾਂ/ਨਾ।
6. ਕੀ ਬਾਰੋਸਵਰੀ ਵਿਚ ਨਿਸਾਦ ਕੋਮਲ ਲਗਦਾ ਹੈ ? ਹਾ/ਨਾ
7. ਕੀ ਬ੍ਰਿਦਾਬਨੀ ਸਾਰੰਗ ਦੀ ਜਾਤੀ ਸਾੜਵ-ਔੜਵ ਹੈ ? ਹਾ/ਨਾ

3. ਕਾਰਜ ਸਮਰਪਣ ਵਿਧੀ (Assignment Technique) :- ਕਈ ਸਿੱਖਿਆ ਸਾਸਤਰੀ ਇਸ ਵਿਧੀ ਦੀ ਅਲੋਚਨਾ ਵੀ ਕਰਦੇ ਹਨ। ਕਈ ਸਕੂਲਾ ਵਿਚ ਘਰੇਲੂ ਕੰਮ ਨਾ ਦੇਣਾ ਆਪਣੀ ਵਿਸੇਸਤਾ ਦਰਸਾ ਕੇ ਲੋਕਾਂ ਨੂੰ ਆਕ੍ਰਸਿਤ ਵੀ ਕੀਤਾ ਜਾਦਾ ਹੈ। ਸੰਗੀਤ ਵਿਸੇ ਵਿਚ ਵਿਸੇਸ ਕਰਕੇ ਕ੍ਰਿਆਤਮਕ ਪੱਖ ਲਈ ਇਹ ਵਿਧੀ ਬੜੀ ਜਰੂਰੀ ਹੈ। ਸਾਸਤਰ ਪੱਖ ਤਾ ਕਲਾਸ ਵਿਚ ਹੋ ਸਕਦਾ ਹੈ ਪਰ ਕ੍ਰਿਆਤਮਕ ਪੱਖ ਵਿਚ ਪ੍ਰਵੀਨਤਾ ਅਭਿਆਸ ਬਿਨਾ ਨਹੀ ਹੋ ਸਕਦੀ ਜਿਸ ਲਈ ਘਰ ਜਾ ਕੇ ਵਿਦਿਆਰਥੀ ਨੂੰ ਕੰਮ ਕਰਨਾ ਹੀ ਪੈਦਾ ਹੈ। ਚੰਗਾ ਕੰਮ ਕਰਨ ਵਾਲੇ ਵਿਦਿਆਰਥੀ ਨੂੰ ਹੋਰ ਉਤਸਾਹਿਤ ਕਰਨਾ ਚਾਹੀਦਾ ਹੈ ਅਤੇ ਕਮਜੋਰ ਨੂੰ ਵਿਸੇਸ ਤੌਰ ਤੇ ਉਤਸਾਹਿਤ ਕਰਨ ਦੀ ਜਰੂਰਤ ਮਹਿਸੂਸ ਕਰਨੀ ਚਾਹੀਦੀ ਹੈ।

4. ਪ੍ਰੀਖਿਆ ਵਿਧੀ (Examination Technique) :- ਪ੍ਰੀਖਿਆ ਵਿਧੀ ਸੰਗੀਤ ਵਿਚ ਹੀ ਨਹੀਂ ਸਗੋ ਹਰ ਪ੍ਰਕਾਰ ਦੇ ਵਿਸੇ ਵਿਚ ਮਹੱਤਵ ਰੱਖਦੀ ਹੈ। ਇਸ ਵਿਧੀ ਦੁਆਰਾ ਵਿਦਿਆਰਥੀ ਦੀ ਵਿਸੇ ਸਬੰਧੀ ਗਿਆਨ ਦੀ ਪਰਖ ਹੋ ਜਾਦੀ ਹੈ। ਪ੍ਰਸਨ ਜੁਬਾਨੀ ਅਤੇ ਲਿਖਿਤ ਦੋ ਪ੍ਰਕਾਰ ਦੇ ਹੁੰਦੇ ਹਨ। ਕ੍ਰਿਆਤਮਕ

Sri Satguru Jagjit Singh Ji eLibrary NamdhariElibrary@gmail.com

ਪੱਖ ਵਿਚ ਜ਼ੁਬਾਨੀ ਪ੍ਰਸ਼ਨਾਵਲੀ ਅਧਿਕ ਹੁੰਦੀ ਹੈ ਅਤੇ ਸਾਸਤਰ ਪੱਖ ਵਿਚ ਲਿਖਤ ਹੀ ਹੁੰਦੀ ਹੈ । ਲਿਖਿਤ ਪ੍ਰਣਾਲੀ ਵਿਚ ਅਧਿਆਪਕ ਦੁਆਰਾ ਪੜਾਏ ਗਏ ਕੋਰਸ ਵਿਚੋਂ ਉਹ ਨੰ. ਦਸ ਪ੍ਰਸ਼ਨਾ ਦਾ ਇਕ ਪਰਚਾ ਤਿਆਰ ਕਰਦਾ ਹੈ ਜਿਸ ਵਿਚ ਪ੍ਰੀਖਿਆਰਥੀ ਨੂੰ ਪੰਜ ਜਾਂ ਛੇ ਪ੍ਰਸ਼ਨਾਂ ਦੇ ਜਿਹੜੇ ਉਸਨੂੰ ਚੰਗੇ ਲੱਗਣ ਜਾਂ ਆਉਂਦੇ ਹੋਣ ਦੇ ਉੱਤਰ ਲਿਖਤੀ ਰੂਪ ਵਿਚ ਦੇਣੇ ਹੁੰਦੇ ਹਨ ਕਈ ਵਿਦਿਆਰਥੀ ਵਾਧੂ ਪ੍ਰਸ਼ਨ ਵੀ ਹੱਲ ਕਰ ਜਾਂਦੇ ਹਨ ਜਿਸ ਦਾ ਉਸ ਨੂੰ ਕੋਈ ਵਿਸੇਸ ਲਾਭ ਨਹੀ ਹੁੰਦਾ । ਪਰਚੇ ਨੂੰ ਪੜ ਕੇ ਪ੍ਰੀਖਿਅਕ (ਅਧਿਆਪਕ) ਉਸਦੇ ਗੁਣਾ ਅਨੁਸਾਰ ਅੰਕ ਲਗਾਉਂਦਾ ਹੈ । ਇਸ ਵਿਧੀ ਵਿਚ ਧਿਆਨ ਦੇਣ ਵਾਲੀਆ ਕੁਝ ਗੱਲਾਂ -

1. ਪ੍ਰਸ਼ਨ ਸਪਸ਼ਟ ਹੋਵੇ ਅਤੇ ਔਖੇ ਘੱਟੇ ਵਿਚ ਉਸਦਾ ਵਰਣਨ ਕੀਤਾ ਜਾ ਸਕੇ ।
2. ਪ੍ਰਸ਼ਨ ਸਿਲੇਬਸ ਵਿਚੋਂ ਹੀ ਹੋਣਾ ਚਾਹੀਦਾ ਹੈ ।
3. ਸੰਗੀਤ ਇਤਿਹਾਸ ਨਾਲ ਸਬੰਧਤ ਪ੍ਰਸ਼ਨ ਇਸ ਢੰਗ ਨਾਲ ਪੁਛੇ ਜਾਣ ਕਿ ਪ੍ਰੀਖਿਆਰਥੀ ਨਿਰਧਾਰਿਤ ਸਮੇਂ ਵਿਚ ਉਸਦਾ ਉੱਤਰ ਲਿਖ ਸਕੇ ।
4. ਜੇਕਰ ਛੋਟੇ ਪ੍ਰਸ਼ਨ ਪੁੱਛਣੇ ਹਨ ਤਾਂ ਉਹਨਾਂ ਦੀ ਸੰਖਿਆ ਅਧਿਕ ਹੋਵੇ ਜਾਂ ਉਸਦੇ ਅੰਕ ਘੱਟ ਹੋਣ ।
5. ਪ੍ਰਸ਼ਨ ਪੱਤਰ ਸਾਰੇ ਸਿਲੇਬਸ ਨੂੰ ਕਵਰ ਕਰਨ ਵਾਲਾ ਹੋਣਾ ਚਾਹੀਦਾ ਹੈ ।
6. ਪੁੱਛੇ ਗਏ ਪ੍ਰਸ਼ਨਾਂ ਦੀ ਸੰਖਿਆ ਨਾਲੋਂ ਡੇਢ ਗੁਣਾਂ ਪ੍ਰਸ਼ਨ ਹੋਣੇ ਚਾਹੀਦੇ ਹਨ ਤਾਂ ਕਿ ਪ੍ਰੀਖਿਆਰਥੀ ਉਹਨਾਂ ਵਿਚ ਆਪਣੀ ਮਰਜ਼ੀ ਦੇ ਪ੍ਰਸ਼ਨ ਚੁਣ ਸਕੇ । ਜੇਕਰ ਤੁਸੀਂ ਪੰਜ ਪ੍ਰਸ਼ਨ ਦੇ ਉੱਤਰ ਚਾਹੁੰਦੇ ਹੋ ਤਾਂ ਸਤ ਜਾ ਅੱਠ ਪ੍ਰਸ਼ਨਾਂ ਦਾ ਪਰਚਾ ਹੋਵੇ ਅਤੇ ਜੇ ਤੁਸੀਂ ਸੱਤ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਮੰਗ ਕਰਦੇ ਹੋ ਤਾ ਨੌ ਜਾਂ ਦਸ ਪ੍ਰਸ਼ਨਾਂ ਵਾਲਾ ਪਰਚਾ ਤਿਆਰ ਕੀਤਾ ਜਾਵੇ ।

5 **ਸਰਵਣ-ਸੁਨਣ ਪ੍ਰੀਖਿਆ ਵਿਧੀ** (Audio-Visual Examination Technique) ਇਹ ਵਿਧੀ ਬੜੀ ਉਪਯੋਗੀ ਹੈ ਪਰ ਇਸ ਵਿਧੀ ਵੱਲ ਧਿਆਨ ਘੱਟ ਹੀ ਦਿੱਤਾ ਜਾਦਾ ਹੈ । ਇਸ ਵਿਧੀ ਵਿਚ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਉਸ ਸਥਾਨ ਤੇ ਲੈ ਜਾਂਦਾ ਹੈ ਜਿਥੇ ਉਹਨਾਂ ਨੂੰ ਸੰਗੀਤਕ ਵਾਤਾਵਰਣ ਉਪਲੱਬਧ ਹੋਵੇ । ਜਿਵੇਂ ਕੋਈ ਸੈਮੀਨਾਰ, ਸੰਗੀਤ ਸੋਸਟੀ, ਕਾਨਫਰੰਸ, ਸੰਗੀਤਕ ਸਮਾਗਮ ਹੋ ਰਿਹਾ ਹੋਵੇ । ਜਿੱਥੇ ਉੱਚ ਕੋਟੀ ਦੇ ਕਲਾਕਾਰ ਰਾਗ ਗਾ ਜਾਂ ਵਜਾ ਰਹੇ ਹੋਣ । ਵਿਦਿਆਰਥੀਆਂ ਨੂੰ ਉਹਨਾਂ ਦੇ ਸਿਲੇਬਸ ਦਾ ਰਾਗ ਸੁਨਣ ਲਈ ਅਵਸਰ ਪ੍ਰਾਪਤ ਹੁੰਦਾ ਹੈ ਜਿਸ ਨਾਲ ਵਿਦਿਆਰਥੀ ਦੀ ਬੌਧਿਕਤਾ ਵਿਚ ਅਸੀਮ ਵਾਧਾ ਹੁੰਦਾ ਹੈ । ਵਿਦਿਆਰਥੀਆਂ ਨੂੰ ਟੇਪ ਕੀਤੇ ਹੋਏ ਰਾਗ ਸੁਣਾ ਕੇ ਉਹਨਾਂ ਤੋਂ ਉਸ ਤੇ ਆਧਾਰਿਤ ਪ੍ਰਸ਼ਨ ਪੁੱਛੇ ਜਾਣ । ਜਿਵੇਂ ਇਸ ਰਾਗ ਦਾ ਨਾਮ ਦਸੋ । ਤਾਲ ਦਾ ਨਾ ਅਤੇ ਉਸ ਦੀਆਂ ਮਾਤਰਾ ਦਸੋ । ਕਿਸ ਸ਼ੈਲੀ ਦਾ ਗਾਇਨ ਹੈ ਧੱਰੁਪਦ, ਧਮਾਰ, ਖਿਆਲ (ਬੜਾ ਖਿਆਲ, ਛੋਟਾ ਖਿਆਲ) ਠੁਮਰੀ, ਗਜ਼ਲ ਆਦਿ । ਇਹ ਅਵਾਜ ਕਿਸ ਸਾਜ਼ ਦੀ ਪ੍ਰੰਪਰਾ ਹੈ ਉਸਦੇ ਯੋਗਦਾਨ ਬਾਰੇ ਪੁਛਿਆ ਜਾ ਸਕਦਾ ਹੈ । ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਦਾ ਮਾਰਗ ਦਰਸ਼ਕ ਬਣਨ ਲਈ ਆਪ ਵੀ ਸੰਗੀਤ ਬਾਰੇ ਵਧੇਰੇ ਗ੍ਰੰਥ ਵੀ ਪੜ੍ਹੇ ਤੇ ਰਿਆਜ ਵੀ ਕਰੇ ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 3

ਕੰਠ ਸਾਧਨਾਂ

ਆਵਾਜ਼ ਖੁਦਾ ਦੀ ਬਖਸ਼ਿਸ਼ ਹੈ। ਕੁਦਰਤ ਵਲੋਂ ਮਨੁੱਖ ਨੂੰ ਸਭ ਤੋਂ ਖੂਬਸੂਰਤ ਤੇ ਵਡਮੁੱਲਾ ਉਪਹਾਰ ਪ੍ਰਾਪਤ ਹੋਇਆ ਹੈ। ਵੇਖਣ ਵਿਚ ਆਇਆ ਹੈ ਕਿ ਕਈ ਵਿਅਕਤੀਆਂ ਨੂੰ ਬੜੀ ਸੁਰੀਲੀ ਆਵਾਜ਼ ਪ੍ਰਾਪਤ ਹੁੰਦੀ ਹੈ ਅਤੇ ਬਿਨਾਂ ਕੁਝ ਸਿੱਖੇ ਅਤੇ ਅਭਿਆਸ ਦੇ ਬੜਾ ਮਧੁਰ ਗਾਉਂਦੇ ਹਨ ਪਰ ਕਈਆਂ ਨੂੰ ਮੇਹਨਤ ਕਰਕੇ ਅਵਾਜ਼ ਬਣਾਉਂਣੀ ਪੈਂਦੀ ਹੈ। ਆਵਾਜ਼ ਕੁਦਰਤੀ ਹੋਵੇ ਤੇ ਭਾਵੇਂ ਖੁਦ ਮਿਹਨਤ ਨਾਲ ਕਮਾਈ ਹੋਵੇ। ਅਭਿਆਸ ਦੋਨਾਂ ਹਾਲਤਾਂ ਵਿਚ ਕਰਨਾ ਹੀ ਪੈਂਦਾ ਹੈ। ਸੁਰ, ਰਾਗ, ਤਾਲ, ਗੀਤ (ਰਚਨਾ) ਦਾ ਰਿਆਜ਼ ਕਰਨਾ ਸੰਗੀਤ ਗਾਇਨ ਵਿਚ ਜਰੂਰੀ ਹੈ। ਸੁਰ ਸਾਧਨਾਂ ਕਰਨ ਤੋਂ ਬਿਨਾ ਸੰਗੀਤ ਦਾ ਪੂਰਨ ਗਿਆਨ ਹੀ ਨਹੀਂ ਹੁੰਦਾ। ਆਵਾਜ਼ ਮਧੁਰ ਪ੍ਰਾਪਤ ਹੋ ਗਈ, ਗੀਤ ਗਾ ਲਿਆ ਇਸ ਨਾਲ ਕੋਈ ਸੰਗੀਤਕਾਰ ਨਹੀਂ ਬਣ ਜਾਂਦਾ। ਜਿੰਨਾ ਦਾ ਕੰਠ ਸੁਰੀਲਾ ਹੁੰਦਾ ਹੈ ਉਹਨਾਂ ਨੂੰ ਘੱਟ ਅਤੇ ਜਿਨ੍ਹਾ ਦਾ ਕੰਠ ਸੁਰੀਲਾ ਨਾ ਹੋਣ ਦੀ ਸੂਰਤ ਵਿਚ ਅਭਿਆਸ ਵੀ ਉਹਨਾਂ ਨੂੰ ਵਧੇਰੇ ਕਰਨ ਦੀ ਲੋੜ ਹੁੰਦੀ ਹੈ। ਸਭ ਕੁਝ ਸਿੱਖਣ ਤੋਂ ਬਾਅਦ ਵੀ ਜੇ ਕਲਾ ਦਾ ਅਭਿਆਸ ਨਾ ਕੀਤਾ ਜਾਵੇ ਤਾਂ ਉਹ ਕਲਾ ਵਿਅਰਥ ਹੋ ਜਾਂਦੀ ਹੈ। ਵਿਦਵਾਨਾਂ ਦਾ ਕਥਨ ਹੈ 'ਬਿਖ ਵਿੱਦਿਆ ਅਭਿਆਸ ਬਿਨੇ' ਅਭਿਆਸ ਕਰਨ ਦਾ ਢੰਗ ਆਪਣੇ ਗੁਰੂ ਪਾਸੋਂ ਅਤੇ ਉਸਦੀ ਦੇਖ ਰੇਖ ਵਿਚ ਕਰਨਾ ਚਾਹੀਦਾ ਹੈ। ਗੁਣੀ ਸੰਗੀਤਕਾਰ ਪਾਸੋਂ ਸੰਗੀਤ ਸਿੱਖਣਾ ਲਾਹੇਵਧ ਹੈ। ਅਧੂਰੇ ਗੁਰੂ ਨੂੰ ਤਾਂ ਆਪ ਨੂੰ ਵੀ ਪਤਾ ਨਹੀਂ ਹੁੰਦਾ ਕਿ ਅਭਿਆਸ ਕਿਸ ਤਰਾਂ ਕਰਨਾ ਚਾਹੀਦਾ ਹੈ। ਅਭਿਆਸ ਕਰਨ ਦੇ ਕੁਝ ਨਿਯਮ ਨਿਮਨਲਿਖਤ ਹਨ :-


ਸੁਰ ਅਭਿਆਸ ਅੰਮ੍ਰਿਤ ਵੇਲੇ (ਸੂਰਜ ਨਿਕਲਣ ਤੋਂ ਪਹਿਲਾਂ) ਕਰਨਾ ਚਾਹੀਦਾ ਹੈ। ਆਪਣੇ ਸਾਮ੍ਹਣੇ ਇਕ ਵੱਡਾ ਸ਼ੀਸ਼ਾ ਰਖੋ। ਸ਼ੀਸ਼ੇ ਵਿਚ ਆਪਣੇ ਆਪ ਨੂੰ ਪ੍ਰਸੰਨਚਿਤ ਮੁਸਕਰਾਉਂਦੇ ਹੋਏ ਵੇਖੋ। ਆਪਣੇ ਅੰਗਾ ਨੂੰ ਵੇਖੋ ਅਤੇ ਤਰੁਟੀਆਂ ਦੂਰ ਕਰਨ ਦਾ ਯਤਨ ਕਰੋ। ਮੂੰਹ ਦੇ ਹਾਵ-ਭਾਵ, ਬਾਹਾਂ ਦਾ ਹਿਲੱਣਾ, ਸਿਰ ਦਾ ਜ਼ਿਆਦਾ ਹਿਲੱਣਾ, ਛਾਤੀ ਝੁਕਾ ਕੇ ਰਖਣਾਂ ਆਦਿ ਔਗਣਾਂ ਤੋਂ ਬਚੋ, ਬਾਅਦ ਵਿਚ ਆਦਤ ਬਦਲਣਾਂ ਕਠਿਨ ਹੋ ਜਾਂਦਾ ਹੈ। ਆਮ ਲੋਕ ਮੂੰਹ ਤੇ ਤਾਰੀਫ ਕਰਦੇ ਹਨ ਪਰ ਪਿੱਠ ਪਿੱਛੇ ਬੁਰਾਈ। ਜੇਕਰ ਕੋਈ ਤੁਹਾਡਾ ਹਿਤੈਸ਼ੀ ਤੁਹਾਡੇ ਅਵਗੁਣ ਤੁਹਾਨੂੰ ਦਸ ਦੇਵੇ ਤਾਂ ਉਸਦਾ ਬੁਰਾ ਨਹੀਂ ਮਨਾਉਂਣਾ ਚਾਹੀਦਾ। ਆਰੰਭ ਵਿਚ ਹਰ ਕੋਈ ਆਪਣੇ ਆਪ ਨੂੰ ਸੁਰੀਲਾ ਤੇ ਵਧੀਆਂ ਸਮਝਦਾ ਹੈ ਪਰ ਜਿਵੇਂ ਕਲਾ ਦੀ ਗਹਿਰਾਈ ਵਲ ਕੱਦਮ ਵੱਧਦੇ ਹਨ ਚੰਗਾ ਮਨੁੱਖ ਆਪਣੀਆਂ ਉਣਤਾਈਆਂ ਮਹਿਸੂਸ ਕਰਨ ਲੱਗ ਪੈਂਦਾ ਹੈ। ਇਹ ਲਛਣ ਉਸ ਦੀ ਉੱਨਤੀ ਦਾ ਪ੍ਰਤੀਕ ਹੈ।

ਸਵੇਰੇ ਉਠ ਕੇ ਸੁਰ ਸਾਧਨਾਂ ਕਰਨ ਦੇ ਨਾਲ ਸੁਰ ਸੁਰੀਲਾ ਬਣਦਾ ਹੈ। ਸੁਰ ਦਾ ਮੂਲ ਆਧਾਰ ਹੈ ਨਾਦ। ਨਾਦ ਦੀ ਉਤਪਤੀ ਨ+ਦ ਅਰਥਾਤ ਨਕਾਰ+ਦਕਾਰ ਦੇ ਮਿਲਾਪ ਤੋਂ ਹੁੰਦੀ ਹੈ। ਨਕਾਰ ਦਾ ਅਰਥ ਹੈ (ਪ੍ਰਾਣ=Breath) ਅਤੇ ਦਕਾਰ=ਅਗਨਿ, ਸ਼ਕਤੀ (Power, Energy) ਜਦੋਂ ਪ੍ਰਾਣ ਅਤੇ

Sri Satguru Jagjit Singh Ji eLibrary NamdhariElibrary@gmail.com

ਸ਼ਕਤੀ ਦਾ ਮਿਲਾਪ ਹੁੰਦਾ ਹੈ ਤਾਂ ਧੁਨੀ ਜਾਂ ਆਵਾਜ ਉਤਪੰਨ ਹੁੰਦੀ ਹੈ। ਨਾਦ ਤੋਂ ਧੁਨੀ, ਧੁਨੀ ਤੋਂ ਸ਼ਰੁਤੀ, ਸ਼ਰੁਤੀ ਤੋਂ ਸੁਰ, ਸੁਰ ਤੋਂ ਸਪਤਕ, ਸਪਤਕ ਤੋਂ ਥਾਟ ਅਤੇ ਥਾਟ ਤੋਂ ਰਾਗ ਦੀ ਉਤਪਤੀ ਹੁੰਦੀ ਹੈ। ਨਾਦ ਦੋ ਪ੍ਰਕਾਰ ਦਾ ਹੁੰਦਾ ਹੈ। ਆਹਤ ਨਾਦ ਅਤੇ ਅਨਾਹਤ ਨਾਦ।

ਆਹਤ ਨਾਦ :- ਕੋਈ ਵੀ ਦੋ ਚੀਜਾਂ ਜਦੋਂ ਆਪਸ ਵਿਚ ਟਕਰਾਉਂਦੀਆਂ ਹਨ ਤਾਂ ਆਹਤ ਨਾਦ ਉਤਪੰਨ ਹੁੰਦਾ ਹੈ। ਟਕਰਾਉਣ ਨਾਲ, ਰਗੜ ਨਾਲ ਜਾਂ ਹਵਾ ਵਿਚੋਂ ਕਿਸੇ ਵਸਤੂ ਨੂੰ ਲਹਿਰਾਉਣ ਨਾਲ ਨਾਦ ਉਤਪੰਨ ਹੋ ਜਾਂਦਾ ਹੈ। ਕਈ ਅਵਾਜ਼ਾਂ ਮਧੁਰ ਹੁੰਦੀਆਂ ਹਨ ਅਤੇ ਕਈ ਕੰਨਾਂ ਨੂੰ ਬੁਰੀਆਂ ਲੱਗਦੀਆਂ ਹਨ। ਜਿਹੜੀ ਆਵਾਜ਼ ਪ੍ਰਾਣੀ ਦੇ ਚਿੱਤ ਨੂੰ ਪ੍ਰਸੰਨ ਕਰੇ ਉਹ ਹੀ ਸੰਗੀਤ ਉਪਯੋਗੀ ਨਾਦ ਹੈ। ਜਿਹੜਾ ਤੁਹਾਡੇ ਕੰਨਾਂ ਨੂੰ ਮਧੁਰ ਨਾ ਪ੍ਰਤੀਤ ਹੋਵੇ ਉਹ ਸੰਗੀਤ ਨਾ ਉਪਯੋਗੀ ਨਾਦ ਕੇਵਲ ਸ਼ੋਰ ਹੈ। ਸਾਜ਼ ਜਦੋਂ ਕਿਸੇ ਵਿਸ਼ੇ ਢੰਗ ਨਾਲ ਸੁਰ ਕੀਤਾ ਜਾਂਦਾ ਹੈ ਤਾਂ ਉਸ ਵਿਚ ਨਿਯਮਤ ਅੰਦੋਲਨ, ਉਤਪੰਨ ਹੁੰਦੇ ਹਨ।



ਇਸੇ ਕਾਰਨ ਉਸਦੀ ਆਵਾਜ਼ ਕਰਨਾ ਪ੍ਰਿਆ ਹੁੰਦੀ ਹੈ ਜਦੋਂ ਕਿ ਉਹ ਸਾਜ਼ ਬੇਸੁਰਿਆਂ ਤਾਰਾਂ ਹੋਣ ਕਾਰਨ ਵਜਾਉਣ ਤੇ ਬੜਾ ਬੁਰਾ ਲਗਦਾ ਹੈ। ਸੁਨਣ ਵਿਚ ਬੇਸੁਰਾ, ਸ਼ੋਰ ਪ੍ਰਤੀਤ ਹੁੰਦਾ ਹੈ।

ਸੁਰ ਸਾਧਨਾਂ ਤੋਂ ਭਾਵ ਹੈ ਆਪਣੇ ਕੰਨ ਨੂੰ ਸੁਰ ਦੋਸ਼ ਤੋਂ ਮੁਕਤ ਕਰਨਾ। ਆਵਾਜ਼ ਅੰਦੋਲਨਾਂ ਤੋਂ ਉਤਪੰਨ ਹੁੰਦੀ ਹੈ ਅਤੇ ਅੰਦੋਲਨ ਕੰਪਨ ਤੋਂ ਪੈਦਾ ਹੁੰਦੇ ਹਨ।

ਪੰਡਿਤ ਸਾਰੰਗ ਦੇਵ ਦੇ ਕਥਨ ਅਨੁਸਾਰ :- ਜਦ ਆਤਮਾ ਨੂੰ ਬੋਲਣ ਦੀ ਇੱਛਾ ਹੁੰਦੀ ਹੈ ਤਾਂ ਉਹ ਮਨ ਨੂੰ ਪ੍ਰੇਰਿਤ ਕਰਦੀ ਹੈ। ਮਨ ਸ਼ਰੀਰਕ ਅਗਨੀ ਨੂੰ ਸੰਕੇਤ ਦਿੰਦਾ ਹੈ ਅਤੇ ਅਗਨੀ ਪ੍ਰਾਣ ਨੂੰ ਸਪਰਸ਼ ਕਰਦੀ ਹੈ। ਪ੍ਰਾਣ, ਹਿਰਦੇ, ਕੰਠ, ਮੁੱਖ ਅਤੇ ਮਸਤਿਕ ਆਦਿ ਸਥਾਨਾਂ ਦੀਆਂ ਤੰਤਰੀਆਂ ਨੂੰ ਸਪਰਸ਼ ਕਰਦਾ ਹੈ। ਸੁਰ ਤੰਤਰੀਆਂ ਕੰਪਨ ਕਰਦੀਆਂ ਹਨ ਜਿਸ ਨਾਲ ਆਵਾਜ਼ ਉਤਪੰਨ ਹੁੰਦੀ ਹੈ। ਸੁਰ ਤੰਤਰੀਆਂ ਦੇ ਕੰਪਨ ਨਾਲ ਆਵਾਜ਼ ਤਾਂ ਜਰੂਰ ਪੈਦਾ ਹੁੰਦੀ ਹੈ ਪਰੰਤੂ ਆਵਾਜ਼ ਵਿਚ ਕੰਪਨ ਅਤੇ ਅੰਦੋਲਨ

Sri Satguru Jagjit Singh Ji eLibrary NamdhariElibrary@gmail.com

ਲੋੜੀਂਦੀ ਮਾਤਰਾ ਵਿਚ ਹਨ ਜਾਂ ਨਹੀਂ ਇਹ ਸਮਝਣ ਲਈ ਨਿਰੰਤਰ ਸੁਰ ਸਾਧਨਾਂ ਕਰਨੀ ਪੈਂਦੀ ਹੈ ਤਾ ਕਿ ਲੋੜੀਂਦੀ ਮਾਤਰਾ ਵਿਚ ਅੰਦੋਲਨ ਹੋਣ। ਜਿਵੇਂ-ਜਿਵੇਂ ਅਭਿਆਸ ਹੁੰਦਾ ਜਾਏਗਾ ਅੰਦੋਲਨ ਲੋੜੀਂਦੀ ਮਾਤਰਾ ਵਿਚ ਉਤਪੰਨ ਹੋਣ ਲੱਗ ਪੈਣਗੇ ਜਿਸ ਦੇ ਨਾਲ ਕੰਨ ਦਾ ਬੇਸੁਰਾਪਨ ਦੂਰ ਹੋ ਜਾਵੇਗਾ। ਜਿਸ ਤਰ੍ਹਾ ਦੁੱਧ ਵਿਚੋਂ ਹੀ ਦਹੀਂ, ਲਸੀ, ਘਿਉ, ਮੱਖਣ, ਪ੍ਰਾਪਤ ਹੁੰਦੇ ਹਨ। ਜੇਕਰ ਘਿਉ ਵਿਚ ਲੱਸੀ ਜਾਂ ਦਹੀਂ ਦੀ ਥੋੜੀ ਜਿੰਨੀ ਮਾਤਰਾ ਦਿਖਾਈ ਦੇਣ ਤੇ ਉਸ ਦੀ ਸ਼ੁਧਤਾਈ ਵਿਚ ਰੁਕਾਵਟ ਬਣ ਜਾਂਦੀ ਹੈ ਇਸੇ ਤਰ੍ਹਾ ਅੰਦੋਲਨਾਂ ਤੋਂ ਹੀ ਆਵਾਜ ਉਤਪੰਨ ਹੁੰਦੀ ਹੈ ਪਰ ਅੰਦੋਲਨਾ ਦੀ ਕਮੀ-ਪੇਸ਼ੀ ਦੇ ਕਾਰਨ ਸੁਰੀਲਾ ਜਾਂ ਬੇਸੁਰਾ ਦੀ ਪਦਵੀ ਵੀ ਮਿਲ ਜਾਂਦੀ ਹੈ। ਇਸ ਅਵਗੁਣ ਨੂੰ ਦੂਰ ਕਰਨ ਲਈ ਨਿਰੰਤਰ ਸੁਰ ਸਾਧਨਾ ਕਰਨ ਦੀ ਲੋੜ ਹੈ। ਸਾਧਨਾਂ ਹੀ ਸਾਧਕ ਦੀ ਪੂੰਜੀ ਹੈ ਇਸ ਤੋਂ ਬਿਨਾਂ ਉਹ ਕੰਗਾਲ ਹੈ। ਇਸ ਤਰ੍ਹਾ ਕਿਸੇ ਬਰਤਨ ਨੂੰ ਰੋਜ਼ ਮਾਜਦੇ ਰਹੀਏ ਤਾ ਉਹ ਸਾਫ਼ ਚਮਕਦਾਰ ਬਣਿਆ ਰਹਿੰਦਾ ਹੈ, ਨਹੀਂ ਤਾ ਉਹ ਮੈਲਾ ਲੱਗਦਾ ਹੈ। ਅਸੀਂ ਆਪਣੇ ਸਰੀਰ ਦੇ ਅੰਗਾ ਦੀ ਸਫਾਈ ਦਾ ਧਿਆਨ ਨਾ ਦੇਈਏ ਤਾ ਉਹ ਕਿਸ ਤਰਾਂ ਦੇ ਲੱਗਦੇ ਹਨ ? ਵਾਲ, ਅੱਖਾ, ਦੰਦ, ਮੂੰਹ, ਹੱਥ, ਪੈਰ ਆਦਿ ਰੋਜ਼ ਸਾਫ਼ ਕਰਨ ਨਾਲ ਹੀ ਸੋਹਣੇ ਲਗਦੇ ਹਨ। ਇਸਤਰੀ, ਪੁਰਸ਼, ਯੁਵਕ, ਯੁਵਤੀ, ਬੱਚਾ, ਜਰਾ ਵੀ ਚੰਗੇ ਨਹੀ ਲਗਦੇ ਜੇਕਰ ਉਹ ਆਪਣੇ ਆਪ ਨੂੰ ਸਾਫ਼ ਨਾ ਰੱਖਣ ਘਰ ਦੀ ਹਰ ਰੋਜ ਸਫਾਈ, ਰਸੋਈ, ਡਰਾਇੰਗ ਕਮਰੇ ਸਫਾਈ ਨਾ ਕਰਨ ਤੇ ਕੀ ਹਾਲ ਹੁੰਦਾ ਹੈ ਸਭ ਜਾਣਦੇ ਹਨ ਤੇ ਇਹ ਵਸਤੂਆਂ ਬਾਹਰੀ ਸਫਾਈ ਨਾਲ ਸਬੰਧਤ ਹਨ ਅਤੇ ਸੁਰ ਸਾਧਨ ਕੰਠ, ਮਸਤਿਕ, ਦੀ ਅੰਦਰੂਨੀ ਸਫਾਈ ਨਾਲ ਤਾਲੁਕ ਰਖਦੀ ਹੈ।

ਸੁਰ ਸਾਧਨਾ ਮੰਦਰ ਖਰਜ ਦੀ ਸਾਧਨਾ ਤੋਂ ਆਰੰਭ ਕਰਨੀ ਚਾਹੀਦੀ ਹੈ। ਸ਼ੜਜ ਸੁਰ ਦਾ ਘੱਟ ਤੋਂ ਘੱਟ ਵੀਹ ਵਾਰ ਉਚਾਰਣ ਪੂਰੇ ਸਾਹ ਨਾਲ ਕਰੋ। ਇਸੇ ਤਰ੍ਹਾ ਮੰਦਰ ਸਪਤਕ ਦੇ ਸੁਰਾ ਤੋਂ ਆਰੋਹ-ਅਵਰੋਹ ਰੂਪ ਵਿਚ ਪੂਰੇ ਸਾਹ ਵਿਚ ਲਗਾਉ। ਆਵਾਜ਼ ਵਿਚ ਕੰਪਣ, ਬੇਸੁਰਾਪਣ ਆਦਿ ਸਭ ਹੌਲੀ-ਹੌਲੀ ਠੀਕ ਹੋ ਜਾਂਦੇ ਹਨ। ਸਾਧਕ ਨੂੰ ਆਪਣੀ ਪਰਖ ਖੁਦ ਕਰਨੀ ਚਾਹੀਦੀ ਹੈ। ਅਲੰਕਾਰਾਂ ਦਾ ਨਿਰੰਤਰ ਅਭਿਆਸ ਕਰਨਾ ਚਾਹੀਦਾ ਹੈ ਜਿਸ ਨਾਲ ਕੰਠ ਤਿਆਰ ਹੋ ਜਾਂਦਾ ਹੈ। ਇਕ ਗਾਇਕ ਲਈ ਜ਼ਰੂਰੀ ਹੈ ਕਿ ਉਹ ਜੀਵਨ ਭਰ ਸੁਰ ਸਾਧਨਾ ਕਰਦਾ ਰਹੇ। ਸੰਗੀਤ ਅਥਵਾ ਸੁਰ ਸਾਧਨਾ ਉਹੀ ਵਿਅਕਤੀ ਕਰ ਸਕਦਾ ਹੈ ਜਿਸ ਨੂੰ ਸੰਗੀਤ ਕਲਾ ਨਾਲ ਸ਼ਰਧਾ ਅਤੇ ਪਿਆਰ ਹੋਵੇ। ਜਦੋਂ ਰੁਚੀ ਅਤੇ ਪ੍ਰੇਮ ਇਸ ਅਵਸਥਾ ਤੇ ਪੁੱਜ ਜਾਵੇ ਕਿ ਯੋਗ ਬਣ ਜਾਏ ਤਾਂ ਸਮਝੋ ਕਿ ਸਾਧਨਾ ਪੂਰਣ ਹੋਈ। ਸੁਰ ਲਈ ਜ਼ਰੂਰੀ ਹੈ ਕਿਹਾ ਜਾਂਦਾ ਹੈ ਕਿ *There is no royal Road in the Art of Singing. There are no Shortcut.*

ਸੁਰ ਸਾਧਨਾ ਏਕਾਂਤ ਵਿਚ ਇੱਕਲੇ, ਤੜਕੇ ਉਠ ਕੇ ਕਰਨੀ ਚਾਹੀਦੀ ਹੈ। ਮਨੁੱਖ ਦਾ ਨਾਭੀ ਸਥਾਨ, ਮੰਦਰ ਸਪਤਕ ਦੇ ਸੁਰ ਉਤਪੰਨ ਕਰਦਾ ਹੈ, ਮਧ ਸਪਤਕ ਦਾ ਉਚਾਰਨ ਦਾ ਸਥਾਨ ਹਿਰਦੇ ਹੈ ਅਤੇ ਤਾਰ ਸਪਤਕ ਦੇ ਸੁਰਾ ਦਾ ਸਥਾਨ ਸਿਰ ਹੈ। ਗਾਇਨ ਕਰਨ ਵਿਚ ਸਾਡੇ ਸਰੀਰ ਦੇ ਕਈ ਅੰਗ ਹਿੱਸਾ ਲੈਂਦੇ ਹਨ। ਉਹ ਦਿਖਾਈ ਨਹੀਂ ਦਿੰਦੇ ਕਿਉਂਕਿ ਉਹ ਪਰਦੇ ਦੇ ਪਿਛੇ ਹੁੰਦੇ ਹਨ ਅਤੇ ਅਦ੍ਰਿਸ਼ ਰਹਿੰਦੇ ਹਨ। ਜਿਵੇਂ :- *Brain, Lungs, Nose, Throat, Palate, Wind Pipe, Larynx, Pharynx, Vocal Cords, Tongue, Epiglottis, Esula,* ਆਦਿ।

ਸੰਗੀਤ ਦਾ ਮਨੁੱਖੀ ਸਰੀਰ ਦੇ ਅੰਗਾ ਨਾਲ ਗਹਿਰਾ ਸਬੰਧ ਹੈ। ਜੇਕਰ ਸਰੀਰ ਤੰਦਰੁਸਤ ਨਹੀਂ ਤਾਂ ਉਸਦੇ ਸਰੀਰਕ ਅੰਗ ਵੀ ਦਰੁਸਤ ਚੁਸਤ ਨਹੀਂ। ਨ੍ਰਿਤ ਕਰਨ ਵੇਲੇ ਸਾਰੇ ਸਰੀਰ ਦੀ ਕਸਰਤ ਹੁੰਦੀ ਹੈ। ਪੂਰਾ ਸਰੀਰ ਠੀਕ ਹੋਣਾ ਜਰੂਰੀ ਹੈ। ਗਾਇਨ ਵੇਲੇ ਫੇਫੜੇ, ਕੰਠ ਨਾਲੀ ਤੇ ਸਰੀਰ ਦੇ ਹੋਰ ਭਾਗ

Sri Satguru Jagjit Singh Ji eLibrary NamdhariElibrary@gmail.com

ਬਿਲਕੁਲ ਨਰੋਏ ਹੋਣੇ ਚਾਹੀਦੇ ਹਨ ਨਹੀਂ ਤਾਂ ਆਵਾਜ ਭੱਦੀ ਤੇ ਬੇਸੁਰੀ ਉਤਪੰਨ ਹੋਵੇਗੀ। ਕੋਈ ਸਾਜ਼ ਵਜਾਉਣ ਲਈ ਬਾਹਾਂ, ਉਂਗਲੀਆਂ ਅਤੇ ਹੋਰ ਅੰਗ ਠੀਕ ਅਵਸਥਾ ਵਿਚ ਹੋਣੇ ਜ਼ਰੂਰੀ ਹਨ। ਇਸ ਲਈ ਮਨੁੱਖ ਦਾ ਸਰੀਰਕ ਰੂਪ ਵਿਚ ਵੀ ਤੰਦਰੁਸਤ ਹੋਣਾ ਲਾਜ਼ਮੀ ਹੈ। ਖਾਣ, ਪੀਣ, ਕਸਰਤ ਆਦਿ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੋ ਜਾਂਦਾ ਹੈ। ਸੁਚਾਰੂ ਰੂਪ ਵਿਚ ਦਿਮਾਗ (Brain) ਉਦੋਂ ਹੀ ਕੰਮ ਕਰਦਾ ਹੈ ਜਦੋਂ ਉਸ ਸਰੀਰ ਦੇ ਬਾਕੀ ਦੇ ਸਾਰੇ ਅੰਗ ਆਪਣੀ ਨਿਰੋਈ ਅਵਸਥਾ ਵਿਚ ਹੀ ਹੋਣ। ਕਿਹਾ ਵੀ ਗਿਆ ਹੈ *A Sound Mind in a Sound Body* ਅਤੇ ਤੰਦਰੁਸਤੀ ਹਜ਼ਾਰ ਨਿਆਮਤ ਹੈ (Health is wealth) ਇਸੇ ਕਰਕੇ ਕਿਹਾ ਗਿਆ ਹੈ ਸਰੀਰਕ ਤੰਦਰੁਸਤੀ ਵੱਲ ਸਾਧਕ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਸਰੀਰਕ ਸਫਾਈ ਵੱਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ। ਵਸਤਰ ਸਾਦੇ ਤੇ ਖੁੱਲੇ ਖੁੱਲੇ ਪਹਿਨਣੇ ਚਾਹੀਦੇ ਹਨ। ਖਾਣ ਪੀਣ ਵਿਚ ਪ੍ਰਹੇਜ਼ ਲਾਜ਼ਮੀ ਹੈ। ਕੋਈ ਚੀਜ਼ ਪ੍ਰਾਪਤ ਕਰਨ ਲਈ ਕੁਝ ਤਿਆਗਣਾ ਵੀ ਪੈਂਦਾ ਹੈ। ਜੋ ਵਸਤੂ ਤੁਹਾਡੇ ਸਰੀਰ ਨੂੰ ਖਾਣ ਨਾਲ ਨੁਕਸਾਨ ਪਹੁੰਚਾਏ ਉਸਦਾ ਪ੍ਰਯੋਗ ਨਾ ਕਰੋ। ਜਿਆਦਾਤਰ ਖੁਸ਼ਬੂਦਾਰ ਚੀਜਾਂ ਵਰਤਨ ਨਾਲ ਅਲਰਜੀ ਵੀ ਹੋ ਜਾਂਦੀ ਹੈ। ਜਿਸ ਨੂੰ ਜਿਹੜੀ ਵਸਤੂ ਮਾਫਕ ਨਾ ਹੋਵੇ ਉਸਦੀ ਵਰਤੋਂ ਉਹ ਬਿਲਕੁਲ ਨਾ ਕਰੇ। ਜਿਵੇਂ ਪਾਠ ਕਰਨ ਵੇਲੇ ਕਈ ਲੋਕ ਅਗਰਬਤੀ ਜਲਾਉਂਦੇ ਹਨ ਪਰ ਦੂਜੇ ਪਾਸੇ ਇਹ ਕਿਸੇ ਨੂੰ ਨੁਕਸਾਨ ਵੀ ਪਹੁੰਚਾਂਦੀ ਹੈ। ਗਲੇ ਨੂੰ ਨੁਕਸਾਨ ਦੇਣ ਵਾਲੀਆਂ ਵਸਤੂਆਂ ਦੇ ਨੇੜੇ ਨਾ ਜਾਓ। ਅਧਿਕ ਠੰਡਾ, ਅਧਿਕ ਗਰਮ, ਖੱਟਾ, ਅਧਿਕ ਮਿਰਚ ਗਲੇ ਲਈ ਹਾਨੀਕਾਰਕ ਹਨ। ਪੂਰੀ ਨੀਂਦੇ ਨਾ ਸੋਣਾਂ, ਉਨੇਂਦਰੇ ਰਹਿਣ ਨਾਲ ਗਲਾ ਭਾਰੀ ਹੋ ਜਾਂਦਾ ਹੈ। ਨਸ਼ੀਲੇ ਪਦਾਰਥਾਂ ਤੋਂ ਵੀ ਦੂਰ ਰਹੋ। ਕਈ ਲੋਕ ਨਸ਼ਾ ਕਰਕੇ ਗਾਉਂਦੇ ਹਨ। ਉਹਨਾ ਦਾ ਗਲਾ ਕੁਝ ਸਮੇਂ ਬਾਅਦ ਨਾਕਾਰਾ ਹੋ ਜਾਂਦਾ ਹੈ। ਸਰਾਬ, ਤਮਾਕੂ, ਅਤੇ ਹੋਰ ਨਸ਼ੀਲੇ ਪਦਾਰਥ ਸਰੀਰ ਨੂੰ ਹਾਨੀ ਪਹੁੰਚਾਉਂਦੇ ਹਨ।

ਮੰਦਰ ਸਪਤਕ ਤੇ ਬਾਅਦ ਮੱਧ ਸਪਤਕ ਦੇ ਸੁਰਾਂ ਦਾ ਅਭਿਆਸ ਕਰਨ ਤੋਂ ਬਾਅਦ ਤਾਰ ਸਪਤਕ ਦੇ ਸੁਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਤਾਰ ਸਪਤਕ ਦੇ ਪੰਚਮ ਤਕ ਅਸਾਨੀ ਨਾਲ ਉਚਾਰਨ ਦਾ ਅਭਿਆਸ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਅਲੰਕਾਰਾਂ ਦਾ ਅਭਿਆਸ ਕਰੋ। ਅੰਲਕਾਰਾਂ ਦਾ ਅਭਿਆਸ ਕਰਨ ਤੋਂ ਬਾਅਦ ਕਿਸੇ ਰਾਗ ਦੇ ਅਲਾਪ ਦਾ ਅਰੰਭ ਕਰੋ। ਹੋਲੀ-ਹੋਲੀ ਰਾਗ ਦਾ ਪੂਰਾ ਸਰੂਪ ਦਰਸਾਓ। ਅਲਾਪ ਵਿਚ ਗੰਭੀਰਤਾ ਮਨਮੋਹਕਤਾ, ਰਾਗ ਰੂਪ ਦੀ ਸਪਸ਼ਟ ਝਲਕ, ਝਲਕਨੀ ਚਾਹੀਦੀ ਹੈ ਕਿਉਂਕਿ ਅਲਾਪ ਵਿਚ ਹੀ ਰਾਗ ਦਾ ਸਹੀ ਰੂਪ ਹੁੰਦਾ ਹੈ।

ਰਾਗ ਦੇ ਅਲਾਪ ਤੋਂ ਬਾਅਦ ਬੰਦਿਸ਼ ਗਾਉਂਣੀ ਚਾਹੀਦੀ ਹੈ। ਖਿਆਲ ਧਰੁਪਦ, ਧਮਾਰ, ਜਾਂ ਕੋਈ ਹੋਰ ਸ਼ੈਲੀ ਆਦਿ। ਅਭਿਆਸ ਕਰਨ ਵੇਲੇ ਸਰੀਰ ਨੂੰ ਸੰਤੁਲਿਤ ਰੱਖਣਾ ਚਾਹੀਦਾ ਹੈ। ਪੇਟ ਵਿਚ ਕੋਈ ਬਲ ਨਾਂ ਪਵੇ। ਅਭਿਆਸ ਖਾਲੀ ਪੇਟ ਅਤੇ ਸਵੇਰੇ ਉਠ ਕੇ ਕਰਨਾਂ ਚਾਹੀਦਾ ਹੈ। ਪ੍ਰਾਂਤਾਕਾਲ ਭੈਰਵ ਦੇ ਸੁਰਾਂ ਦੀ ਸਾਧਨਾ ਬੜੀ ਲਾਭਦਾਇਕ ਹੁੰਦੀ ਹੈ। ਰਾਤ ਨੂੰ ਵੀ ਸੁਰਾਂ ਦਾ ਅਭਿਆਸ ਕਰਨਾ ਚਹੀਦਾ ਹੈ। ਸਵੇਰ ਅਤੇ ਰਾਤ ਦੀ ਅਭਿਆਸ ਵਿਧੀ ਵਿਚ ਅੰਤਰ ਹੈ। ਸਵੇਰ ਵੇਲੇ ਖਰਜ ਅਤੇ ਅਲੰਕਾਰਾਂ ਦਾ ਅਭਿਆਸ ਕੀਤਾ ਜਾਂਦਾ ਹੈ। ਪਰ ਰਾਤ ਨੂੰ ਕੇਵਲ ਰਾਗ ਦਾ ਅਭਿਆਸ ਕਰਨਾ ਚਾਹੀਦਾ ਹੈ। ਅਰੰਭ ਵਿਚ ਰਾਤ ਨੂੰ ਕਲਿਆਣ ਰਾਗ ਦੇ ਸੁਰਾ ਦਾ ਅਭਿਆਸ ਕਈ ਮਹੀਨਿਆਂ ਤੱਕ ਕਰੋ। ਜਿਵੇਂ ਜਿਵੇਂ ਹੋਰ ਰਾਗ ਸਿੱਖਦੇ ਜਾਉ ਉਹਨਾਂ ਦਾ ਅਭਿਆਸ ਵੀ ਕਰਦੇ ਜਾਉ।

Sri Satguru Jagjit Singh Ji eLibrary NamdhariElibrary@gmail.com

ਸਿਤਾਰ ਜਾਂ ਕਿਸੇ ਹੋਰ ਸਾਜ਼ ਦੇ ਵਿਦਿਆਰਥੀਆਂ ਨੂੰ ਵੀ ਸੁਰ ਸਾਧਨਾਂ ਕਰਨੀ ਚਾਹੀਦੀ ਹੈ। ਇਹਨਾਂ ਲਈ ਥੋੜਾ ਬਹੁਤ ਰਾਗ ਦਾ ਸਰੂਪ ਆਪਣੇ ਕੰਠ ਰਾਹੀਂ ਪ੍ਰਗਟ ਕਰਨਾ ਜ਼ਰੂਰੀ ਅਤੇ ਲਾਭਕਾਰੀ ਹੈ। ਵਾਦਕ ਲਈ ਤਿਨਾਂ ਸਪਤਕਾਂ ਵਾਲੀ ਸਪਾਟ ਤਾਨ ਦਾ ਅਭਿਆਸ ਕਰਨਾ ਜ਼ਰੂਰੀ ਹੈ। ਇਸ ਤੋਂ ਬਾਅਦ ਅਲੰਕਾਰਾਂ ਦਾ ਅਭਿਆਸ ਤੇ ਫਿਰ ਰਾਗ ਦੀ ਰਚਨਾ ਅਤੇ ਅਲਾਪ, ਤਾਨਾਂ ਆਦਿ ਦਾ ਅਭਿਆਸ ਕਰਨਾ ਚਾਹੀਦਾ ਹੈ। ਵਾਦਕ ਨੂੰ ਘੱਟ ਤੋਂ ਘੱਟ ਸਵੇਰੇ ਅਤੇ ਰਾਤ ਨੂੰ ਤਿੰਨ ਤਿੰਨ ਘੰਟੇ ਅਭਿਆਸ ਕਰਨਾ ਲੋੜੀਂਦਾ ਹੈ।

ਮੀੜ, ਗਮਕ, ਸੂਤ, ਕਰਿਤੰਨ, ਜਮਜਮਾ, ਖਟਕਾ, ਆਦਿ ਹਰਕਤਾਂ (ਗਮਕ ਪ੍ਰਕਾਰ) ਦਾ ਅਲੱਗ-ਅਲੱਗ ਅਭਿਆਸ ਵੀ ਜ਼ਰੂਰੀ ਕਰਨਾ ਚਾਹੀਦਾ ਹੈ। ਜੇਕਰ ਕਿਸੇ ਨੂੰ ਇੱਕ ਰਾਗ ਤਿੰਨ ਘੰਟੇ ਵਜਾਉਣ ਦਾ ਅਭਿਆਸ ਹੈ ਤਾਂ ਉਹ ਮਹਿਫਿਲ ਵਿਚ ਅੱਧਾ ਪੌਣਾਂ ਘੰਟਾ ਹੀ ਵਜਾ ਗਾ ਸਕਦਾ ਹੈ। ਜਿਹੜੇ ਵਿਅਕਤੀ ਅਭਿਆਸ ਨਹੀਂ ਕਰਦੇ ਉਹ ਕੇਵਲ ਅਧਿਆਪਕ ਹੀ ਬਣਕੇ ਰਹਿ ਜਾਂਦੇ ਹਨ। ਕਈ ਅਧਿਆਪਕ ਜੋ ਰਿਆਜ਼ ਵੀ ਕਰਦੇ ਰਹਿੰਦੇ ਹਨ। ਉਹ ਸਮਾਜ ਅਤੇ ਵਿਦਿਆਰਥੀਆਂ ਵਿਚ ਆਦਰ ਪ੍ਰਾਪਤ ਕਰਦੇ ਹਨ। ਜੋ ਅਧਿਆਪਕ ਬਿਲਕੁਲ ਰਿਆਜ਼ ਨਹੀਂ ਕਰਦੇ ਉਹ ਇਕ ਚੰਗੇ ਅਧਿਆਪਕ ਨਹੀ ਬਣ ਸਕਦੇ ਅਤੇ ਉਹਨਾਂ ਦਾ ਯੋਗ ਸਥਾਨ ਨਹੀਂ ਹੁੰਦਾ। ਜੋ ਆਦਰ ਉਹਨਾ ਦਾ ਹੁੰਦਾ ਹੈ ਉਹ ਕੇਵਲ ਪਰਛਾਵਾ ਮਾਤਰ ਹੁੰਦਾ ਹੈ। ਰਿਆਜ਼ੀ ਅਧਿਆਪਕ ਰੇਡਿਉ, ਟੀ.ਵੀ, ਮੰਚ ਆਦਿ ਤੇ ਆਪਣੀ ਕਲਾ ਪ੍ਰਦਰਸ਼ਨੀ ਕਰਦਾ ਹੈ ਅਤੇ ਯਸ਼ ਪ੍ਰਾਪਤ ਕਰਦਾ ਹੈ। ਕਈ ਵਾਰ ਚੰਗੇ ਰਿਆਜ਼ੀ ਅਧਿਆਪਕ ਇਹ ਕਿੱਤਾ ਛੱਡ ਵੀ ਦਿੰਦੇ ਹਨ ਅਤੇ ਮੰਚ ਪ੍ਰਦਰਸ਼ਨ ਵੱਲ ਝੁਕ ਜਾਂਦੇ ਹਨ ਜੋ ਸੰਗੀਤ ਦਾ ਅਸਲੀ ਮਕਸਦ ਹੈ।

ਕੰਠ ਸਾਧਨਾਂ ਨੂੰ ਵਾਇਸ ਕਲਚਰ (Voice-Culture) ਕਿਹਾ ਗਿਆ ਹੈ। ਕੋਇਲ ਅਤੇ ਕਾਂ ਦੋਵੇ ਪੰਛੀ ਹਨ। ਕੁਦਰਤ ਨੇ ਉਹਨਾਂ ਨੂੰ ਜਿਸ ਪ੍ਰਕਾਰ ਦੀ ਵੀ ਆਵਾਜ਼ ਦਿੱਤੀ ਹੈ, ਉਹ ਬੋਲਦੇ ਹਨ, ਪਰ ਮਨੁੱਖ ਦੀ ਅਵਸਥਾ ਉਹਨਾਂ ਨਾਲੋ ਵੱਖਰੀ ਹੈ। ਕੋਇਲ ਦੀ ਬੋਲੀ ਹਮੇਸ਼ਾ ਮਧੁਰ ਤੇ ਮਿਠੀ ਹੁੰਦੀ ਹੈ ਅਤੇ ਕਾਂ ਦੀ ਖਰਵੀ। ਕੁਦਰਤ ਨੇ ਮਨੁਖ ਨੂੰ ਇਹ ਵਿਸੇਸਤਾ ਪ੍ਰਦਾਨ ਕੀਤੀ ਹੈ ਕਿ ਉਹ ਆਪਣੀ ਆਵਾਜ਼ ਅਤੇ ਵਾਣੀ ਨੂੰ ਮਧੁਰ ਬਣਾ ਸਕੇ। ਵਾਣੀ ਦਾ ਪ੍ਰਭਾਵ ਸਾਧਾਰਣ ਗਲ ਬਾਤ ਵਿਚ ਵੀ ਪੈਦਾ ਹੈ। ਜਦੋਂ ਸੰਗੀਤ ਦੀ ਦਰਿਸ਼ਟੀ ਨਾਲ ਵਾਣੀ ਦਾ ਅਧਿਅਨ ਕਰਦੇ ਹਾਂ ਤਾਂ ਉਸ ਵਿਚ ਕੁਝ ਵਿਸੇਸਤਾ ਦਿਖਾਈ ਦਿੰਦੀ ਹੈ। ਜਿਵੇਂ ਕੋਈ ਸਾਂਭ ਸੰਭਾਲ, ਰਖ ਰਖਾਓ, ਸਫਾਈ ਆਦਿ ਵਲ ਧਿਆਨ ਨਾ ਦਿੱਤਾ ਜਾਵੇ ਤਾਂ ਉਸ ਦੀ ਸੁੰਦਰਤਾ ਜ਼ਿਆਦਾ ਦਿਨ ਕਾਇਮ ਨਹੀਂ ਰਹਿ ਸਕਦੀ। ਇਸੇ ਤਰਾਂ ਕਿਸੇ ਵਿਅਕਤੀ ਨੂੰ ਜੇ ਕੁਦਰਤ ਵਲੋਂ ਮਿੱਠੀ ਆਵਾਜ਼ ਪ੍ਰਾਪਤ ਹੋਈ ਹੈ, ਜੇਕਰ ਉਹ ਵਿਅਕਤੀ ਉਸਦਾ ਉਚਿਤ ਪ੍ਰਯੋਗ ਨਹੀਂ ਕਰਦਾ ਜਾਂ ਉਸ ਦੀ ਸੰਭਾਲ ਨਹੀਂ ਕਰਦਾ ਭਾਵ ਕੰਠ ਵਲ ਧਿਆਨ ਦਿੰਦਾ ਤਾਂ ਉਸ ਮਧੁਰ ਵਾਣੀ ਦਾ ਉਸ ਨੂੰ ਕੋਈ ਲਾਭ ਨਹੀਂ ਮਿਲ ਸਕਦਾ। ਸਾਨੂੰ ਕੁਝ ਆਵਾਜ਼ਾਂ ਬੜੀਆਂ ਚੰਗੀਆਂ ਲੱਗਦੀਆਂ ਹਨ ਅਤੇ ਕੁਝ ਘੱਟ। ਗਾਇਨ ਕ੍ਰਿਆ ਵਿਚ ਵੀ ਸਾਨੂੰ ਆਵਾਜ਼ਾਂ ਜ਼ਿਆਦਾ ਅਤੇ ਕਈ ਘੱਟ ਪ੍ਰਭਾਵਿਤ ਕਰਦੀਆਂ ਹਨ। ਆਵਾਜ਼ ਦੇ ਗੁਣ ਨੂੰ ਪਰਖਿਆ ਜਾਂਦਾ ਹੈ ਜਿਸ ਨੂੰ ਵਾਇਸ ਟੈਸਟ (Voice-Test) ਕਿਹਾ ਜਾਂਦਾ ਹੈ। ਰੇਡਿਓ ਦੇ ਅਨਾਊਂਸਰ ਨੇ ਗਾਣਾਂ ਨਹੀਂ ਹੁੰਦਾ ਕੇਵਲ ਘੋਸ਼ਣਾਂ ਹੀ ਕਰਨੀ ਹੁੰਦੀ ਹੈ, ਉਸ ਦੀ ਆਵਾਜ਼ ਇਸ ਕੰਮ ਲਈ ਉਪਯੋਗੀ ਹੋ ਸਕਦੀ ਹੈ ਜਾਂ ਨਹੀਂ ਇਸ ਦਾ ਨਰੀਖਣ ਕਰਨ ਤੋਂ ਬਾਅਦ ਨਿਰਣਾਂ ਕੀਤਾ ਜਾਂਦਾ ਹੈ। ਖੇਡਾਂ ਦੀ ਕੁਮੈਂਟਰੀ, ਟੀ.ਵੀ. ਜਾਂ ਕੈਸਟਾਂ ਦੁਆਰਾ ਕਿਸੇ ਕੰਪਨੀ ਦੀ ਬਣਾਈ ਹੋਈ ਵਸਤੂ ਦੀ ਮਸ਼ਹੂਰੀ ਆਦਿ ਲਈ

Sri Satguru Jagjit Singh Ji eLibrary NamdhariElibrary@gmail.com

ਵੀ ਚੁਕਵੀਂ ਆਵਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਫਿਲਮਾਂ ਵਿਚ ਕੰਮ ਕਰਨ ਵਾਲੇ ਅਭਿਨੇਤਾ ਅਤੇ ਅਭਿਨੇਤਰੀ ਦੀ ਸ਼ਕਲ-ਸੂਰਤ ਤੋਂ ਇਲਾਵਾ ਉਸ ਦੀ ਆਵਾਜ਼ ਵੀ ਪਰਖੀ ਜਾਂਦੀ ਹੈ।

ਉਮਰ ਦੇ ਲਿਹਾਜ ਨਾਲ ਆਵਾਜ਼ ਵਿਚ ਪਰੀਵਰਤਨ ਉਤਪਨ ਹੁੰਦਾ ਹੈ। ਭਾਰਤ ਵਿਚ ਨਾਟਕ ਦੀ ਪ੍ਰੰਪਰਾ ਬੜੀ ਪੁਰਾਣੀ ਹੈ। ਇਸਤਰੀ ਦਾ ਅਭਿਨੈ ਕਰਨ ਵਾਲੇ ਲੜਕੇ ਛੋਟੀ ਉਮਰ ਦੇ ਹੀ ਚੁਣੇ ਜਾਂਦੇ ਸਨ ਕਿਉਂਕਿ ਜਵਾਨੀ ਵਿਚ ਲੜਕੇ ਦੀ ਆਵਾਜ਼ ਬਦਲ ਜਾਂਦੀ ਹੈ। ਇਸਤਰੀ ਅਤੇ ਪੁਰਸ਼ ਦੀ ਆਵਾਜ਼ ਸੁਣਕੇ ਪਹਿਚਾਨੀ ਜਾ ਸਕਦੀ ਹੈ। ਪੁਰਸ਼ ਦੀ ਆਵਾਜ਼ 14,15 ਵਰੇ ਦੀ ਉਮਰ ਵਿਚ ਬਦਲ ਜਾਂਦੀ ਹੈ ਅਤੇ ਮੋਟੀ ਤੇ ਭਾਰੀ ਹੋ ਜਾਂਦੀ ਹੈ। ਸੰਗੀਤ ਦੀ ਦਰਿਸ਼ਟੀ ਵਿਚ ਇਹ ਅਵਸਥਾ ਅਤੇ ਪਰੀਵਰਤਨ ਬੜਾ ਨਾਜੁਕ ਸਮਝਿਆ ਜਾਂਦਾ ਹੈ। ਇਹ ਪਰੀਵਰਤਨ ਕੁਦਰਤੀ ਹੈ। ਸਰੀਰਕ ਅਵਸਥਾ ਵਿਚ ਇਸ ਉਮਰ ਵਿਚ ਤਬਦੀਲੀ ਆਉਂਦੀ ਹੈ। ਮਨੁੱਖ ਦੀ ਠੋਡੀ ਦੇ ਹੇਠ ਗਲੇ ਦੇ ਸਾਹਮਣੇ ਇਕ ਅੰਗ ਹੁੰਦਾ ਹੈ। ਜਿਸ ਨੂੰ Larynx WInd Piope ਕਿਹਾ ਜਾਂਦਾ ਹੈ। ਇਸ ਦੇ ਅੰਦਰ Vocal Chards ਹੁੰਦੇ ਹਨ। ਫੇਫੜੇ ਤੋਂ ਨਿਕਲੀ ਹੋਈ ਹਵਾ ਇਹਨਾਂ ਧੁਨੀ ਉਤਪਾਦਕ ਤੰਤੂਆਂ ਤੋਂ ਹੋ ਕੇ ਕੰਠ ਵਿਚੋ ਬਾਹਰ ਨਿਕਲਦੀ ਹੈ। ਜਦੋਂ ਹਵਾ ਦੁਆਰਾ ਉਹਨਾਂ ਤੰਤੂਆਂ ਵਿਚ ਕੰਪਨ ਉਤਪੰਨ ਹੁੰਦਾ ਹੈ ਤਾਂ ਆਵਾਜ਼ ਪੈਦਾ ਹੁੰਦੀ ਹੈ। ਉਦਾਹਰਣ ਲਈ ਹਾਰਮੋਨੀਅਮ ਦੇ ਰੀਡ ਦੇਖੇ ਜਾ ਸਕਦੇ ਹਨ। ਕੰਠ ਵਿਚ ਕੇਵਲ ਦੋ ਤੰਤੂ ਹੁੰਦੇ ਹਨ ਜਿਨਾਂ ਵਿਚੋਂ ਭਾਂਤ-ਭਾਂਤ ਦੀਆਂ ਸੁਰ ਲਹਿਰੀਆ ਉਤਪੰਨ ਹੁੰਦੀਆਂ ਹਨ। ਇਸਤਰੀ ਅਤੇ ਪੁਰਸ਼ ਦੇ ਇਹਨਾਂ ਤੰਤੂਆਂ ਵਿਚ ਅੰਤਰ ਹੁੰਦਾ ਹੈ। ਜਿਸ ਕਰਕੇ ਇਹਨਾਂ ਦੀਆਂ ਆਵਾਜਾਂ ਵਿਚ ਫਰਕ ਸੁਣਾਈ ਦਿੰਦਾ ਹੈ। ਬੱਚੇ ਦੇ ਤੰਤੂ ਛੋਟੇ ਹੁੰਦੇ ਹਨ ਇਸ ਲਈ ਉਸਦੀ ਆਵਾਜ਼ ਉਚੀ ਅਤੇ ਪਤਲੀ ਹੁੰਦੀ ਹੈ। ਜਦੋਂ ਪੁਰਸ਼ ਬਚੇ ਦੇ ਅੰਗਾਂ ਵਿਚ ਪਰੀਵਰਤਨ ਆਉਂਦਾ ਹੈ ਤਾਂ ਉਸ ਦੇ ਸੁਰ ਤੰਤੂਆਂ ਦੀ ਲੰਬਾਈ ਵੱਧ ਜਾਂਦੀ ਹੈ ਜਿਸ ਕਾਰਨ ਉਸਦੀ ਆਵਾਜ਼ ਮੋਟੀ ਤੇ ਭਾਰੀ ਹੋ ਜਾਂਦੀ ਹੈ। ਸੰਗੀਤ ਸਾਧਕ ਬਾਲਕ ਨੂੰ ਇਸ ਅਵਸਥਾ ਵਿਚ ਅਭਿਆਸ ਕਰਨ ਵਿਚ ਵਿਸ਼ੇਸ਼ ਧਿਆਨ ਦੇਣਾ ਹੁੰਦਾ ਹੈ ਨਹੀਂ ਤਾਂ ਆਵਾਜ਼ ਹਮੇਸ਼ਾ ਲਈ ਕਰਕਸ਼ ਬਣ ਸਕਦੀ ਹੈ।

ਹਰ ਵਿਅਕਤੀ ਦੇ ਕੰਠ ਦਾ ਆਪਣਾ ਆਪਣਾ ਧਰਮ ਹੁੰਦਾ ਹੈ। ਉਸ ਦੀ ਆਵਾਜ ਦੀ ਉਚਾਈ ਦੀ ਇਕ ਸੀਮਾ ਹੁੰਦੀ ਹੈ। ਅਗਰ ਕੋਈ ਉਸ ਸੀਮਾਂ ਦੀ ਉਲੰਘਣਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੇ ਗਾਇਨ ਵਿਚ ਕਠਿਨਾਈ ਅਤੇ ਆਵਾਜ਼ ਫਟਨ ਲਗ ਜਾਂਦੀ ਹੈ। ਜਿਸ ਨੂੰ ਸ਼ਰੇਤਾਗਣ ਪਸੰਦ ਨਹੀਂ ਕਰਦੇ। ਇਸਤਰੀ, ਪੁਰਸ਼ ਦੀ ਉਮਰ ਦੇ ਅਨੁਸਾਰ ਹੀ ਤਾਨਪੁਰੇ ਸੁਰ ਕੀਤੇ ਜਾਂਦੇ ਹਨ। ਪੁਰਸ਼ ਆਮ ਤੌਰ ਤੇ ਪਹਿਲੇ ਜਾਂ ਦੂਜੇ ਕਾਲੇ ਤੋਂ ਗਾਉਂਦੇ ਹਨ ਜਦਕਿ ਇਸਤਰੀਆਂ ਤੀਸਰੇ, ਚੌਥੇ ਜਾਂ ਪੰਜਵੇ ਕਾਲੇ ਤੋਂ ਗਾਉਂਦੀਆਂ ਹਨ। ਤਾਨਪੁਰੇ ਦਾ ਆਕਾਰ ਅਤੇ ਉਹਨਾਂ ਦੀਆਂ ਤਾਰਾਂ ਵਿਚ ਵੀ ਅੰਤਰ ਹੁੰਦਾ ਹੈ। ਕੰਠ ਸਾਧਨਾਂ ਆਪਣੇ ਕੰਠ ਧਰਮ ਦੇ ਅਨੁਸਾਰ ਹੀ ਕਰਨੀ ਚਾਹੀਦੀ ਹੈ ਤਾਂ ਕਿ ਗਾਇਨ ਵਿਚ ਕਸ਼ਿਸ਼ ਮਿਠਾਸ, ਲੋਚਕਤਾ ਅਤੇ ਮਧੁਰਤਾ ਉਤਪੰਨ ਹੋਵੇ। ਇਹ ਵੀ ਸੰਗੀਤ ਦਾ ਮੂਲ ਗੁਣ ਅਤੇ ਮੁੱਖ ਆਕਰਸਣ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ-4

ਸੰਗੀਤ ਦਾ ਵਤੀਰੇ, ਥਕਾਵਟ, ਕ੍ਰਿਆਸ਼ੀਲਤਾ ਅਤੇ ਮਨੁੱਖੀ ਭਾਵਾਂ ਉੱਤੇ ਪ੍ਰਭਾਵ

ਸੰਗੀਤ ਦਾ ਜੀਵਨ ਨਾਲ ਬੜਾ ਗਹਿਰਾ ਅਤੇ ਗੂੜਾ ਸਬੰਧ ਹੈ। ਮਨੁੱਖੀ ਜੀਵਨ ਵਿਚ ਮਨੋਰੰਜਨ ਦੀ ਅਣਹੋਂਦ ਕਾਰਣ ਜੀਵਨ ਨੀਰਸ ਤੇ ਫਿੱਕਾ ਹੈ। ਮੰਗਲਗਾਨ, ਵਧਾਈ ਅਤੇ ਖੁਸ਼ੀ ਆਦਿ ਦੇ ਗੀਤ ਗਾਏ ਜਾਂਦੇ ਹਨ। ਜੀਵਨ ਵਿਚ ਅਨੇਕਾ ਸ਼ੁਭ ਅਵਸਰ ਆਉਂਦੇ ਹਨ। ਸਾਰੇ ਸ਼ੁਭ ਅਵਸਰਾਂ ਨੂੰ ਆਮ ਤੌਰ ਤੇ ਸੰਗੀਤ ਦੁਆਰਾ ਹੀ ਮਨਾਇਆ ਜਾਂਦਾ ਹੈ। ਅਬੋਧ ਬੱਚਾ ਮਾਂ ਦੀ ਲੋਰੀ ਸੁਣਕੇ ਸੋਂ ਜਾਂਦਾ ਹੈ, ਜੇ ਰੋਂਦਾ ਹੋਵੇ ਤਾਂ ਚੁਪ ਹੋ ਜਾਂਦਾ ਹੈ। ਬੱਚਾ ਹੀ ਕਿਉਂ ਪਸ਼ੂ, ਪੰਛੀ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਦੇ। ਸੱਪ, ਗਾਂ, ਹਿਰਣ, ਮਛੱਲੀ, ਮਧੂ ਮਖੀ ਆਦਿ ਜੀਵ ਜੰਤੂ ਸੰਗੀਤ ਦੀ ਮਧੁਰ ਧੁਨੀ ਤੋਂ ਪ੍ਰਭਾਵਿਤ ਹੁੰਦੇ ਹਨ। ਹਿਰਣ ਇਕ ਪ੍ਰਕਾਰ ਦੇ ਸਾਜ਼ ਯੰਤਰ ਦੀ ਆਵਾਜ਼ ਸੁਣਕੇ ਸ਼ਿਕਾਰੀ ਦੇ ਕਾਬੂ ਆ ਜਾਂਦਾ ਹੈ। ਸੱਪ ਦੀ ਬੀਨ ਸੁਣਕੇ ਝੂਮਦਾਂ ਤਾਂ ਆਮ ਗਲੀਆਂ, ਬਜ਼ਾਰਾਂ ਵਿਚ ਵੇਖਣ ਨੂੰ ਮਿਲ ਜਾਂਦਾ ਹੈ। ਇਹ ਸੰਗੀਤ ਦਾ ਹੀ ਪ੍ਰਭਾਵ ਹੈ। ਸੰਗੀਤ ਮਨੁੱਖੀ ਸੁਭਾਵ, ਵਤੀਰਾ, ਥਕਾਵਟ ਅਤੇ ਕ੍ਰਿਆਸ਼ੀਲਤਾ ਆਦਿ ਤੇ ਵੀ ਪ੍ਰਭਾਵ ਪਾਉਂਦਾ ਹੈ।

ਵਤੀਰੇ ਤੇ ਸੰਗੀਤ ਦਾ ਪ੍ਰਭਾਵ :- ਸੰਗੀਤ ਮਨੁੱਖ ਨੂੰ ਆਤਮਕ ਆਨੰਦ ਦਿੰਦਾ ਹੈ। ਕਈ ਹੋਰ ਕਲਾ ਆਨੰਦ ਦੀ ਅਨੁਭੂਤੀ ਇੰਨੀ ਨਹੀਂ ਕਰਦੀ, ਜਿੰਨੀ ਸੰਗੀਤ। ਸੰਗੀਤ ਦਾ ਪ੍ਰਭਾਵ ਦੇਖਦੇ ਹੋਏ ਕਿਹਾ ਗਿਆ ਹੈ *Music makes people mild and gentle more moral and reasonable.*

ਸੰਗੀਤਕਾਰ ਦੀ ਮਧੁਰ ਸੁਰ ਸਰੋਤੇ ਦੀ ਅੰਤਰੀਵ ਆਤਮਾ ਨੂੰ ਝੰਝੋੜਨ ਦੀ ਸ਼ਕਤੀ ਰੱਖਦੀ ਹੈ। ਅਤੀ ਪ੍ਰਾਚੀਨ ਕਾਲ ਵਿਚ ਜਦੋਂ ਮਨੁੱਖ ਪ੍ਰਭੂ ਦੀ ਪੂਜਾ ਅਰਚਨਾਂ ਕਰਦਾ ਸੀ ਤਾਂ ਮੰਤਰਾਂ ਦੀ ਸਹਾਇਤਾ ਲੈਂਦਾ ਸੀ। ਮੰਤਰ ਕੇਵਲ ਤਿੰਨਾਂ ਸੁਰਾਂ ਵਿਚ ਹੀ ਉਚਾਰਨ ਕੀਤੇ ਜਾਂਦੇ ਸਨ। ਹੌਲੀ-ਹੌਲੀ ਸੰਗੀਤ ਅਤੇ ਮਨੁੱਖ ਨੇ ਪ੍ਰਗਤੀ ਕਰਦੇ ਹੋਏ ਸਤ ਸੁਰਾਂ ਦਾ ਪ੍ਰਯੋਗ ਕਰਨਾਂ ਆਰੰਭਿਆ। ਸੁੰਦਰ ਸ਼ਬਦ, ਮਧੁਰਵਾਣੀ, ਦੇ ਸੁਮੇਲ ਨਾਲ ਇਕ ਕਲਾਤਮਕ ਪ੍ਰਭਾਵ ਉਤਪੰਨ ਹੁੰਦਾ ਹੈ। ਇਹ ਪ੍ਰਭਾਵ ਮਨੁੱਖੀ ਮਨ-ਮਸਤਿਕ ਹਿਰਦੇ ਤੇ ਪੈਂਦਾ ਹੈ ਜਿਸ ਨਾਲ ਆਦਮੀ ਦੇ ਵਤੀਰੇ ਤੇ ਅਸਰ ਹੁੰਦਾ ਹੈ। ਮਨੁੱਖ ਕੋਮਲ ਸੁਭਾ ਦਾ ਬਣ ਜਾਂਦਾ ਹੈ।

ਇਹ ਵੀ ਵੇਖਣ ਵਿਚ ਆਇਆ ਹੈ ਕਿ ਸ਼ਾਸ਼ਤਰੀ ਸੰਗੀਤਕਾਰ ਭਗਤੀ, ਸ਼ਿੰਗਾਰ, ਕਰੁਣ, ਵੀਰ ਆਦਿ ਰਸਾਂ ਦੀਆਂ ਰਚਨਾਵਾਂ ਗਾਉਂਦੇ ਹਨ ਜਾਂ ਸਾਜ਼ ਉਤੇ ਵਜਾਉਂਦੇ ਹਨ। ਸੰਗੀਤ ਦਾ ਉਹਨਾਂ ਦੇ ਮਨਾਂ ਤੇ ਇਨਾਂ ਗੂਹੜਾਂ ਪ੍ਰਭਾਵ ਪੈਂਦਾ ਹੈ ਕਿ ਉਹ ਆਮ ਕਰਕੇ ਵੱਡੀ ਉਮਰ ਵਿਚ ਭਗਤੀ ਰਸ ਦੀਆਂ ਰਚਨਾਵਾਂ ਗਾਇਨ ਵਿਚ ਅਧਿਕ ਰੁਚੀ ਅਤੇ ਆਨੰਦ ਮਾਣਨ ਲਗ ਪੈਦੇ ਹਨ। ਪੰਡਿਤ ਵਿਸ਼ਨੂੰ ਦਿਗੰਬਰ

Sri Satguru Jagjit Singh Ji eLibrary NamdhariElibrary@gmail.com

ਆਪਣੇ ਅੰਤਿਮ ਪੜਾਉ ਵਿਚ ਲੱਗਭਗ ਇਕ ਸੰਤ ਹੀ ਬਣ ਗਏ ਸਨ। ਇਸੇ ਤਰਾ ਅਬਦੁਲ ਕਰੀਮ ਖਾਂ, ਫੈਆਜ ਖਾ, ਉਕਾਰ ਨਾਥ ਠਾਕੁਰ, ਸਚੇ ਸੁਰ ਵਿਚ ਖੁਦਾ ਦੇ ਨੂਰ ਦੇ ਦਰਸ਼ਨ ਕਰਦੇ ਸਨ। ਗੁਰਦੁਆਰੇ ਵਿਚ ਕੀਰਤਨ ਸੁਨਣ ਵਾਲੇ ਸ਼ਰੇਤੇ ਕੀਰਤਨ ਵਿਚ ਮਗਨ ਹੋ ਜਾਦੇ ਹਨ ਅਤੇ ਉਹਨਾ ਦੇ ਮਨਾ ਵਿਚ ਸੇਵਾ, ਸ਼ਰਧਾ ਭਾਵ ਦੇ ਨਾਲ-ਨਾਲ ਬੋਲ ਚਾਲ ਵਿਚ ਮਧੁਰਤਾ ਆ ਜਾਦੀ ਹੈ। ਕੱਵਾਲੀਆਂ ਆਮ ਕਰਕੇ ਫਕੀਰਾਂ ਦੇ ਮਜਾਹਰਾਂ ਤੇ ਹੁੰਦੀਆਂ ਹਨ। ਸ਼ਰੋਤਿਆ ਦੇ ਮਨਾ ਤੇ ਗਹਿਰਾ ਪ੍ਰਭਾਵ ਪਾਉਂਦੀਆ ਹਨ। ਪੱਛਮੀ ਚਾਲੂ ਧੁਨਾ ਸੁਨਣ ਨਾਲ ਮਨੁੱਖ ਦੀ ਪ੍ਰਵਰਿਤੀ ਚੰਚਲ ਬਣਦੀ ਹੈ। ਇਸੇ ਕਰਕੇ ਕਿਹਾ ਗਿਆ ਹੈ ਕਿ ਸੰਗੀਤ ਦੇਸ਼ ਦੀ ਸਭਿਅਤਾ ਦਾ ਮੁਹਾਂਦਰਾ ਹੈ।

ਪਸ਼ੂਆਂ ਦੇ ਵਤੀਰੇ ਤੇ ਵੀ ਸੰਗੀਤ ਦਾ ਅਸਰ ਹੁੰਦਾ ਹੈ। ਗਊਆਂ ਸੰਗੀਤ ਸੁਣਦੀਆਂ ਹੋਈਆਂ ਦੁੱਧ ਜ਼ਿਆਦਾ ਦਿੰਦੀਆਂ ਹਨ। ਪੌਦੇ ਸੰਗੀਤ ਸੁਣਕੇ ਜਲਦੀ ਵਧਦੇ ਫੁਲਦੇ ਹਨ।

ਥਕਾਵਟ ਅਤੇ ਪ੍ਰਭਾਵ :- ਸੰਸਾਰ ਦਾ ਹਰ ਪ੍ਰਾਣੀ ਆਪਣੀ ਸ਼ਕਤੀ ਨਾਲੋ ਵੱਧ ਕੰਮ ਕਰਨ ਨਾਲ ਥਕਾਵਟ ਮਹਿਸੂਸ ਕਰਦਾ ਹੈ। ਥਕਾਵਟ ਦੋ ਪ੍ਰਕਾਰ ਦੀ ਹੁੰਦੀ ਹੈ। ।. ਸਰੀਰਕ ਅਤੇ ਦਿਮਾਗੀ ਜਾਂ ਬੌਧਿਕ।

1. **ਸਰੀਰਕ ਥਕਾਵਟ** :- ਇਹ ਥਕਾਵਟ ਹਰ ਜੀਵ ਜੰਤੂ ਨੂੰ ਹੁੰਦੀ ਹੈ ਜੋ ਉਹ ਆਪਣੀ ਸ਼ਕਤੀ ਨਾਲੋ ਵੱਧ ਸਰੀਰ ਜੋਰ ਵਾਲੇ ਕੰਮ ਕਰੇ। ਬੈਲ, ਘੋੜਾ, ਕੁੱਤਾ, ਹਾਥੀ, ਊਠ ਆਦਿ ਵੀ ਥਕਾਵਟ ਮਹਿਸੂਸ ਕਰਦੇ ਹਨ। ਮਨੁੱਖ ਆਪਣੀ ਸ਼ਰੀਰਕ ਸ਼ਕਤੀ ਅਨੁਸਾਰ ਕੰਮ ਕਰਦਾ ਹੈ ਤਾ ਉਹ ਠੀਕ ਅਤੇ ਤੰਦਰੁਸਤ ਰਹਿੰਦਾ ਹੈ। ਇਸ ਦੇ ਉਲਟ ਜ਼ਿਆਦਾ ਕੰਮ ਕਰਨ ਨਾਲ ਬੁਖਾਰ, ਸਰੀਰਕ ਪੀੜਾ ਅਤੇ ਹੋਰ ਵਿਆਧੀ ਹੋਣ ਦਾ ਡਰ ਰਹਿੰਦਾ ਹੈ। ਬੈਲ ਜ਼ਿਆਦਾ ਬੋਝ ਢੋਹਣ ਤੇ ਥੱਕ ਜਾਂਦੇ ਹਨ ਅਤੇ ਮਜ਼ਬੂਰ ਹੋ ਕੇ ਜ਼ਮੀਨ ਤੇ ਡਿੱਗ ਪੈਂਦੇ ਹਨ। ਆਪਣੇ ਮਾਲਕ ਦੀ ਮਾਰ ਖਾਣ ਤੇ ਵੀ ਨਹੀਂ ਉਠਦੇ ਭਾਵ ਕਿ ਆਪਣੀ ਸਰੀਰਕ ਸ਼ਕਤੀ ਨਾਲੋ ਵੱਧ ਸਰੀਰਕ ਕੰਮ ਕਰਨ ਤੇ ਸਰੀਰਕ ਥਕਾਵਟ ਹੁੰਦੀ ਹੈ।

2. **ਬੌਧਿਕ ਥਕਾਵਟ** :- ਇਹ ਥਕਾਵਟ ਕੇਵਲ ਦਿਮਾਗੀ ਕੰਮ ਕਰਨ ਵਾਲਿਆਂ ਨੂੰ ਹੀ ਹੁੰਦੀ ਹੈ। ਮਨੁੱਖ ਇਕ ਬੋਧਿਕ ਪ੍ਰਾਣੀ ਹੈ। ਦਿਮਾਗੀ ਕੰਮ ਕਰਦਾ ਹੈ, ਸਕੀਮਾਂ ਸੋਚਦਾ ਹੈ, ਨਵੀਆਂ ਕਾਢਾਂ ਬਾਰੇ ਵਿਚਾਰ ਕਰਦਾ ਹੈ, ਨਵੇਂ ਕਾਨੂੰਨ, ਨਵੇਂ ਕਿੱਤੇ, ਵਿਉਪਾਰ, ਸਮਾਜ ਵਿਚ ਆਪਣਾ ਉੱਚਾ ਰੁੱਤਬਾ ਪ੍ਰਾਪਤ ਕਰਨ ਦੀ ਚਾਹ ਰੱਖਦਾ ਹੈ। ਸਮਾਜ ਵਾਸਤੇ ਪੁਸਤਕਾ ਲਿਖਦਾ ਹੈ। ਅਨੇਕਾਂ ਕੰਮ ਹਨ ਜਿਨਾਂ ਦਾ ਬੌਧਿਕਤਾ ਨਾਲ ਸਬੰਧ ਹੈ। ਇਸ ਲਈ ਸਰੀਰ ਦੇ ਨਾਲ-ਨਾਲ ਬੌਧਿਕ ਥਕਾਵਟ ਵੀ ਹੁੰਦੀ ਹੈ। ਥਕਾਵਟ ਦੂਰ ਕਰਨ ਲਈ ਆਪਣੇ ਮਨ ਨੂੰ ਕਿਸੇ ਹੋਰ ਪਾਸੇ ਲਗਾਉਣਾ ਹੀ ਇਸ ਦਾ ਮੁੱਖ ਦਾਰੂ ਹੈ। ਸੰਗੀਤ, ਡਾਂਸ, ਪੇਂਟਿੰਗ, ਫੁਲਵਾੜੀ, ਖੇਲ ਆਦਿ ਉਸਦੀ ਮਾਨਸਿਕ ਥਕਾਵਟ ਦੂਰ ਕਰਨ ਵਿਚ ਪੂਰੀ ਤਰਾ ਸਹਾਇਕ ਹੁੰਦੇ ਹਨ।

ਮਨੁੱਖ ਇਕ ਕਰਮਸ਼ੀਲ ਪ੍ਰਾਣੀ ਹੈ। ਹਰ ਵਿਅਕਤੀ ਨੂੰ ਆਪਣੇ ਜੀਵਨ ਨਿਰਭਾਹ ਲਈ ਕੋਈ ਨਾ ਕੋਈ ਕਿੱਤਾ, ਕੰਮ, ਅਪਣਾਉਣਾ ਹੀ ਹੁੰਦਾ ਹੈ ਭਾਂਵੇ ਉਹ ਸਰੀਰਕ ਹੋਵੇ ਜਾ ਦਿਮਾਗੀ ਹੋਵੇ। ਬੁਧੀਜੀਵੀ ਵਿਅਕਤੀ ਦਿਮਾਗ ਨਾਲ ਸੋਚਦਾ ਹੈ, ਆਪਣੇ ਵਿਚਾਰਾਂ ਨੂੰ ਕਲਮ, ਕਾਗਜ਼ ਦੀ ਸਹਾਇਤਾ ਨਾਲ ਅੱਖਰ ਰੂਪ ਪ੍ਰਦਾਨ ਕਰਦਾ ਹੈ ਜੋ ਪੁਸਤਕ ਰੂਪ ਜਾਂ ਲੇਖ ਰੂਪ ਬਣਕੇ ਪਾਠਕਾਂ ਸਾਹਮਣੇ ਆਉਂਦੇ ਹਨ। ਇਕ ਬੁਧੀਜੀਵੀ ਦੀ ਲਿਖਤ ਨੂੰ ਹਜ਼ਾਰਾਂ ਆਦਮੀ, ਪਾਠਕ ਪੜਦੇ ਹਨ ਇਸ ਲਈ ਲੇਖਕ ਨੂੰ ਸਤਰਕ ਅਤੇ ਚੇਤਨ ਰਹਿਣਾਂ ਹੁੰਦਾ ਹੈ। ਇਹ ਸਤਰਕਤਾ ਵਿਅਕਤੀ ਨੂੰ ਦਿਮਾਗੀ ਅਤੇ ਸਰੀਰਕ ਥਕਾਵਟ ਦਿੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਦਿਮਾਗ ਸੋਚਦਾ ਹੈ, ਹੱਥ ਲਿਖਦਾ ਹੈ, ਸਰੀਰ ਇਕ ਸਥਾਨ ਤੇ ਬੈਠਦਾ ਹੈ। ਬੈਠਣ ਨਾਲ, ਲਿਖਣ ਨਾਲ ਸਰੀਰਕ ਥਕਾਵਟ ਦਾ ਹੋਣਾ ਲਾਜਮੀ ਹੈ। ਇਸ ਥਕਾਵਟ ਨੂੰ ਦੂਰ ਕਰਨ ਦਾ ਸੌਖਾ ਉਪਾਅ ਹੈ ਸੰਗੀਤ ਸੁਨਣਾਂ।

ਸੰਗੀਤਕਾਰ ਵੀ ਇਕ ਬੌਧਿਕ ਜੀਵ ਹੈ। ਸ਼ਾਸ਼ਤਰੀ ਸੰਗੀਤ ਵਿਚ ਦਿਲ ਅਤੇ ਦਿਮਾਗ ਦੋਵੇਂ ਬਰਾਬਰ ਦਾ ਕੰਮ ਕਰਦੇ ਹਨ। ਰਿਆਜ ਕਰਨ ਵੇਲੇ ਸੰਗੀਤਕਾਰਾਂ ਨੂੰ ਕਈ ਕਈ ਘੰਟੇ ਇਕ ਆਸਨ ਤੇ ਬੈਠਣਾ ਹੁੰਦਾ ਹੈ। ਗਾਨ ਵਿਚ, ਸਾਜ ਬਜਾਉਣ ਅਤੇ ਨ੍ਰਿਤ ਕਰਨ ਵਿਚ ਸਰੀਰਕ ਬਲ ਪ੍ਰਯੋਗ ਹੁੰਦਾ ਹੈ। ਇਸ ਲਈ ਥਕਾਵਟ ਦਾ ਹੋਣਾ ਕੁਦਰਤੀ ਗੱਲ ਹੈ। ਉਹਨਾਂ ਨੂੰ ਉਹਨਾਂ ਦਾ ਸੰਗੀਤ ਥਕਾਵਟ ਮਹਿਸੂਸ ਹੀ ਨਹੀਂ ਹੋਣ ਦਿੰਦਾ। ਦੂਜੇ ਵਿਅਕਤੀ ਦੀ ਥਕਾਵਟ ਦੂਰ ਕਰਨ ਵਿਚ ਵੀ ਸੰਗੀਤ ਸਹਾਇਕ ਹੁੰਦਾ ਹੈ। ਪੰਜ ਸਤ ਘੰਟੇ ਕਿਵੇਂ ਸੰਗੀਤਕ ਮਿਹਨਤ ਕਰਦਿਆਂ ਬੀਤ ਗਏ ਪਤਾ ਹੀ ਨਹੀਂ ਚਲਦਾ।

ਸੰਗੀਤਕ ਗੋਸ਼ਟੀਆਂ ਵਿਚ ਉਚ ਪੱਧਰ ਦੇ ਸੰਗੀਤਕਾਰਾਂ ਦਾ ਸੰਗੀਤ ਸੁਣਦੇ ਹੋਏ ਸਾਰੀ-ਸਾਰੀ ਰਾਤ ਜਾਗਦਿਆਂ ਬੀਤ ਜਾਂਦੀ ਹੈ। ਸ਼ਰੋਤਾ ਸੁਣਦਾ-ਸੁਣਦਾ ਅੱਖਾ ਵਿੱਚ ਸਾਰੀ ਰਾਤ ਲੰਘਾ ਦਿੰਦਾ ਹੈ ਅਤੇ ਥਕਾਵਟ ਮਹਿਸੂਸ ਹੀ ਨਹੀਂ ਕਰਦਾ। ਦੂਜੇ ਦਿਨ ਉਨੀਂਦਰੇ ਦਾ ਅਸਰ ਭਾਂਵੇ ਉਸਦੇ ਸ਼ਰੀਰ ਉਤੇ ਹੁੰਦਾ ਹੀ ਹੈ ਪਰ ਆਮ ਆਦਮੀ ਜੋ ਸਰੀਰਕ ਜੋਰ ਵਾਲਾ ਕੰਮ ਕਰਦੇ ਆਪਣੀ ਰੋਜੀ-ਰੋਟੀ ਕਮਾਉਂਦਾ ਹੈ ਜਿਵੇਂ ਰਾਜ, ਮਿਸਤਰੀ, ਮਜਦੂਰ, ਦਿਹਾੜੀਦਾਰ, ਕਾਰਖਾਨਿਆਂ ਦੇ ਕਾਮੇ, ਇੱਟਾ ਦੇ ਭਠਿਆ ਤੇ ਕੰਮ ਕਰਨ ਵਾਲੇ, ਰਿਕਸ਼ਾ ਚਲਾਉਣ ਵਾਲੇ, ਕਾਰਖਾਨੇ ਦੀ ਗਰਮ ਅੱਗ ਦੀ ਭੱਠੀ ਦਾ ਸੇਕ ਸਹਾਰਨ ਵਾਲੇ, ਭਾਰ ਚੁਕਣ ਵਾਲੇ ਅਰਥਾਤ ਕੋਈ ਵੀ ਸਰੀਰਕ ਕੰਮ ਕਰਨ ਵਾਲੇ ਕਾਮੇ ਵੀ ਸੰਗੀਤ ਸੁਣਦੇ ਹੋਏ ਕੰਮ ਕਰਦੇ ਵੇਖੇ ਗਏ ਹਨ ਜਿਨ੍ਹਾ ਨੂੰ ਸੰਗੀਤ ਸੁਣਨ ਨਾਲ ਥਕਾਵਟ ਘੱਟ ਹੁੰਦੀ ਹੈ ਅਤੇ ਕੰਮ ਵੀ ਵੱਧ ਹੁੰਦਾ ਹੈ। ਰੇਡਿਓ ਉਹਨਾਂ ਲਈ ਇਕ ਸ਼ਕਤੀ ਸ਼ਾਲੀ ਯੰਤਰ ਹੈ। ਉਹ ਗੀਤ ਸੰਗੀਤ ਸੁਣਦੇ ਹੋਏ ਕੰਮ ਕਰਦੇ ਹਨ, ਜਿਸ ਨਾਲ ਉਹਨਾਂ ਨੂੰ ਥਕਾਵਟ ਪ੍ਰਤੀਤ ਨਹੀਂ ਹੁੰਦੀ। ਸੰਗੀਤ ਥਕਾਵਟ ਦੂਰ ਕਰਨ ਵਾਲੀ ਅਚੂਕ ਦਵਾ ਹੈ।

ਮਨੁੱਖ ਹੀ ਕਿਉਂ ਸੰਗੀਤ ਦਾ ਪ੍ਰਭਾਵ ਪਸ਼ੂਆਂ ਤੇ ਵੀ ਹੁੰਦਾ ਹੈ। ਬੈਲਾ ਦੇ ਗਲਾਂ ਵਿਚ ਘੁੰਘਰੂ ਬੰਨ ਦਿੱਤੇ ਜਾਂਦੇ ਹਨ। ਬੈਲ ਘੁੰਘਰੂਆਂ ਦੀ ਆਵਾਜ ਵਿਚ ਮਸਤ ਹੋ ਵੱਧ ਤੋਂ ਵੱਧ ਤੇਜ ਦੌੜਦੇ ਹਨ, ਖੇਤਾਂ ਵਿਚ ਕੰਮ ਕਰਦੇ ਹਨ। ਊਠ ਦੀਆਂ ਲੰਬੀਆਂ ਲੱਤਾ ਨਾਲ ਬੰਨੇ ਘੁੰਘਰੂ ਉਸਦੀ ਕ੍ਰਿਆਸ਼ੀਲਤਾ ਨੂੰ ਵਧਾਉਂਦੇ ਹਨ ਅਤੇ ਥਕਾਵਟ ਦੂਰ ਕਰਦੇ ਹਨ।

ਮਿਲਟਰੀ ਅਤੇ ਪੁਲੀਸ ਵਿਚ ਬੈਂਡ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਤਿੰਨ ਕਾਰਨ ਹਨ।

1. ਬੈਂਡ ਲੈਅ ਪ੍ਰਦਾਨ ਕਰਦਾ ਹੈ। ਸਾਰੇ ਜਵਾਨ ਇਕ ਲੈਅ ਵਿਚ ਕਦਮ ਚੁੱਕਦੇ ਹਨ।
2. ਬੈਂਡ ਦੀ ਧੁਨ ਅਤੇ ਤਾਲ ਫੌਜੀ ਨੂੰ ਥਕਾਵਟ ਮਹਿਸੂਸ ਨਹੀਂ ਹੋਣ ਦਿੰਦੀ।
3. ਯੁੱਧ ਦੇ ਅਵਸਰ ਉਸ ਬੈਂਡ ਦੀ ਧੁਨ ਜਵਾਨਾਂ ਵਿਚ ਜੋਸ਼ ਭਰਦੀ ਹੈ। ਉਸ ਵਿਚ ਦੇਸ਼ ਤੇ ਕੁਰਬਾਨ ਹੋਣ ਦਾ ਜਜ਼ਬਾ ਉਮੜਦਾ ਹੈ ਅਤੇ ਵੈਰੀ ਤੇ ਹਾਵੀ ਹੋਣ ਦੀ ਉਮੰਗ ਉਪਜਦੀ ਹੈ।

ਬਾਬਰ ਯੁੱਧ ਤੋਂ ਬਾਅਦ ਰਾਤ ਨੂੰ ਆਪਣੇ ਫੌਜੀਆਂ ਦੀ ਥਕਾਵਟ ਦੂਰ ਕਰਨ ਲਈ ਸੰਗੀਤ ਦੀ ਮਹਿਫਲ ਸਜਾਇਆ ਕਰਦਾ ਸੀ। ਯੁੱਧ ਦੇ ਨਿਯਮਾਂ ਅਨੁਸਾਰ ਸੂਰਜ ਛੁੱਪਣ ਤੋਂ ਬਾਅਦ ਲੜਾਈ ਬੰਦ ਕਰ ਦਿੱਤੀ ਜਾਂਦੀ ਸੀ। ਦਿਨ ਭਰ ਤਲਵਾਰ ਬਾਜੀ ਕਰਦਿਆਂ ਫੌਜ ਦਾ ਥੱਕ ਜਾਣਾ ਕੁਦਰਤੀ ਹੈ। ਇਸ ਲਈ ਉਹਨਾਂ ਯੋਧਿਆਂ ਦੀ ਦਿਨ ਭਰ ਦੀ ਥਕਾਵਟ ਦੂਰ ਕਰਨ ਲਈ ਮਨੋਰੰਜਨ ਦੇ ਸਾਧਨ ਵਜੋਂ ਸੁੰਦਰ

Sri Satguru Jagjit Singh Ji eLibrary NamdhariElibrary@gmail.com

ਲੜਕੀਆਂ ਦੇ ਨ੍ਰਿਤ ਅਤੇ ਗੀਤ, ਸੰਗੀਤ ਦਾ ਪ੍ਰਬੰਧ ਕੀਤਾ ਜਾਂਦਾ ਸੀ।

ਗੁਰੂ ਗੋਬਿੰਦ ਸਿੰਘ ਜੀ ਆਪਣੇ ਫੌਜੀ ਸਿੰਘਾਂ ਨੂੰ ਹੱਲਾ ਸੇਰੀ ਦੇਣ ਲਈ ਵਾਰਾ ਸੁਣਾਉਂਣ ਦਾ ਪ੍ਰਬੰਧ ਕਰਦੇ ਸਨ। ਢਾਡੀ ਲੈਕ ਸਾਰੰਗੀ ਅਤੇ ਢੱਡ ਨਾਲ ਉਚੀ ਤੇ ਸੁਰੀਲੀ ਆਵਾਜ਼ ਵਿਚ ਆਪਣੇ ਬਜ਼ੁਰਗ ਬਹਾਦਰ ਵੀਰਾਂ ਦੀਆਂ ਜੋਸ਼ੀਲੀਆਂ ਵਾਰਾਂ ਸੁਣਕੇ ਥੱਕੇ ਹੋਏ ਸਿਪਾਹੀਆਂ ਦੀ ਥਕਾਵਟ ਦੇ ਨਾਲ-ਨਾਲ ਦੂਜੇ ਦਿਨ ਲੜ ਮਰਨ, ਆਪਣੇ ਦੇਸ਼ ਕੌਮ ਤੇ ਕੁਰਬਾਨ ਹੋਣ ਅਤੇ ਬਲੀਦਾਨ ਦੇਣ ਦੀ ਭਾਵਨਾ ਨਾਲ ਦੁਗਣੇ, ਚੌਗਣੇ ਜੋਸ਼ ਨਾਲ ਮੈਦਾਨ-ਏ-ਜੰਗ ਵਿਚ ਕੁੱਦ ਪੈਂਦੇ। ਇਹ ਸਾਰਾ ਕਰਿਸ਼ਮਾਂ ਸੰਗੀਤ ਦਾ ਹੀ ਹੈ ਜੋ ਹਰ ਇਕ ਨੂੰ ਮਾਨਸਿਕ ਚੈਨ ਅਤੇ ਮਨ ਦੇ ਤੌਰ ਤੇ ਤੰਦਰੁਸਤ ਕਰਦਾ ਹੈ ਜੋ ਸਰੀਰਕ ਥਕਾਵਟ ਨੂੰ ਦੂਰ ਕਰਨ ਵਿਚ ਸਹਾਇਕ ਹੁੰਦਾ ਹੈ ਜੋ ਗੁਰੂ ਸਾਹਿਬਾਨ ਨੇ ਵੀ ਵਰਤਿਆ।

ਸੰਗੀਤ ਦਾ ਆਧਾਰ ਨਾਦ ਹੈ। ਨਾਦ ਦੋ ਪ੍ਰਕਾਰ ਦਾ ਹੈ। ਆਹਤ ਅਤੇ ਅਨਾਹਤ ਨਾਦ। ਅਨਾਹਤ ਨਾਦ ਦੇ ਉਪਾਸਕ ਸਮਾਧੀ ਅਵਸਥਾ ਵਿਚ ਨਾਦ ਸੁਣਦੇ ਸੁਣਦੇ ਆਪਣੀ ਦੇਹ ਤੋਂ ਵੀ ਆਪਣੇ ਆਪ ਨੂੰ ਅਲੱਗ ਅਨੁਭਵ ਕਰਦੇ ਹਨ। ਕਈ-ਕਈ ਘੰਟੇ ਇਕ ਆਸਣ ਤੇ ਬੈਠੇ ਨਾਦ ਸੁਣਨ ਵਿਚ ਮਗਨ ਰਹਿੰਦੇ ਹਨ ਅਤੇ ਥਕਾਵਟ ਮਹਿਸੂਸ ਹੀ ਨਹੀਂ ਕਰਦੇ।

ਸੰਗੀਤ ਦਾ ਕ੍ਰਿਆਸ਼ੀਲਤਾ ਤੇ ਪ੍ਰਭਾਵ :- ਸੰਗੀਤ ਮਨੁਖੀ ਕ੍ਰਿਆਸ਼ੀਲਤਾ ਤੇ ਵੀ ਪ੍ਰਭਾਵ ਪਾਉਂਦਾ ਹੈ। ਖੋਜ ਦੁਆਰਾ ਪਤਾ ਲਗਾ ਹੈ ਕਿ ਕੰਮ ਕਰਨ ਵਾਲੇ ਵਿਅਕਤੀ ਸੰਗੀਤ ਸੁਣਦੇ ਹੋਏ ਜਿਆਦਾ ਕੰਮ ਕਰਦੇ ਹਨ। ਸੰਗੀਤ ਮਨ ਦਾ ਮਨੋਰੰਜਨ ਕਰਦਾ ਹੈ। ਮਨ ਦਾ ਪ੍ਰਸੰਨ ਹੋਣਾ ਵਿਅਕਤੀ ਦੀ ਕ੍ਰਿਆਸ਼ੀਲਤਾ ਨੂੰ ਵਧਾਉਂਦਾ ਹੈ। ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਛੇ ਘੰਟਿਆਂ ਦੀ ਬਜਾਏ ਅੱਠ ਘੰਟੇ ਕੰਮ ਕਰ ਸਕਦੇ ਹਨ। ਜਿੰਨੀ ਉਪਜ ਇਕ ਸਾਧਾਰਨ ਕਾਮਾ ਅੱਠ ਘੰਟਿਆ ਵਿਚ ਦਿੰਦਾ ਹੈ। ਸੰਗੀਤ ਸੁਣਦੇ ਹੋਏ ਕੰਮ ਕਰਨ ਵਾਲਾ ਉਨੀ ਹੀ ਉਪਜ ਛੇ ਘੰਟਿਆਂ ਵਿਚ ਦੇ ਦਿੰਦਾ ਹੈ। ਪਛੂਆਂ ਦੀ ਕ੍ਰਿਆਸ਼ੀਲਤਾ ਵੀ ਵੱਧ ਜਾਂਦੀ ਹੈ। ਕੋਹਲੂ ਦਾ ਬੈਲ ਘੰਘਰੂਆਂ ਦੀ ਝਨਕਾਰ ਵਿਚ ਮਗਨ ਕਈ ਘੰਟੇ ਇਕੋ ਸਥਾਨ ਤੇ ਚੱਕਰ ਕਢ ਲੈਦਾ ਹੈ।

ਵੇਖਣ ਵਿਚ ਆਇਆ ਹੈ ਕਿ ਘਰ ਦੀਆਂ ਸੁਆਣੀਆਂ ਰੇਡਿਓ ਤੋਂ ਗੀਤ ਸੁਣਦੀਆਂ ਹੋਈਆਂ ਘਰ ਦੇ ਕੰਮ ਕਰਦੀਆਂ ਹਨ। ਉਹਨਾਂ ਨੂੰ ਗੀਤਾ ਤੋਂ ਲੈਅ ਪ੍ਰਾਪਤ ਹੁੰਦੀ ਹੈ। ਜਿਸ ਨਾਲ ਉਹਨਾਂ ਦੀ ਗਤੀਸ਼ੀਲਤਾ ਵਿਚ ਵਾਧਾ ਹੁੰਦਾ ਹੈ। ਇਹ ਗਤੀਸ਼ੀਲਤਾ ਉਹਨਾਂ ਦੀ ਕ੍ਰਿਆਸੀਲਤਾ ਵਿਚ ਵਾਧਾ ਕਰਦੀ ਹੈ। ਇਕ ਭਾਰੀ ਵਸਤੂ ਨੂੰ ਜਦੋਂ ਕਈ ਵਿਅਕਤੀ ਮਿਲਕੇ ਉਠਾਉਂਦੇ ਹਨ ਤਾਂ ਇਕ ਵਿਅਕਤੀ ਬੋਲਦਾ ਹੈ ਜੋਰ ਲਗਾਕੇ ਦੂਜੇ ਹਾਮੀ ਭਰਦੇ ਕਹਿੰਦੇ ਹਨ 'ਹੈਆ'। ਮਲਾਹ ਵੀ ਬੇੜੇ ਨੂੰ ਠੇਲਦੇ ਹੋਏ ਕੁਝ ਅਜਿਹੀ ਹੀ ਆਵਾਜ਼ ਉਤਪੰਨ ਕਰਦੇ ਹਨ। ਇਕ ਸੁਰ ਵਿਚ ਸ਼ਬਦ ਬੋਲਦੇ ਹਨ ਅਤੇ ਇਕ ਲੈਅ ਵਿਚ ਹੋਣ ਕਾਰਨ ਉਹਨਾਂ ਦੀ ਕ੍ਰਿਆਸ਼ੀਲਤਾ ਉਤੇ ਪ੍ਰਭਾਵ ਪੈਦਾ ਹੈ।

ਸੰਗੀਤ ਦਾ ਮਨੁੱਖੀ ਭਾਵਾਂ ਤੇ ਪ੍ਰਭਾਵ :- ਸੰਗੀਤ ਸੁਣਕੇ ਮਨੁੱਖ ਭਾਵੁਕ ਹੋ ਜਾਂਦਾ ਹੈ। ਜਿਸ ਪ੍ਰਕਾਰ ਦਾ ਸੰਗੀਤ ਸੁਣਿਆ ਜਾਂ ਸੁਣਾਇਆ ਜਾਵੇ ਉਸਦਾ ਮਾਨਵ ਹਿਰਦੇ ਉਤੇ ਪ੍ਰਭਾਵ ਪੈਣਾ ਲਾਜ਼ਮੀ ਹੈ। ਭਗਤੀ ਭਾਵ ਨਾਲ ਓਤ ਪ੍ਰੋਤ ਗੀਤ ਸੰਗੀਤ ਮਨੁੱਖ ਨੂੰ ਈਸ਼ਵਰ ਦੀ ਭਗਤੀ ਵੱਲ ਪ੍ਰੇਰਿਤ ਕਰਦਾ ਹੈ। ਸ਼ਿੰਗਾਰ ਰਸ ਪ੍ਰਧਾਨ ਗੀਤ ਸੰਗੀਤ ਮਨੁੱਖ ਨੂੰ ਕਲਾਤਮਕ, ਸਿੰਗਾਰ ਪ੍ਰਿਆ ਬਣਾਉਂਦਾ ਹੈ। ਵੀਰ ਰਸ ਦੀਆਂ ਰਚਨਾਵਾਂ ਮਨੁੱਖ ਨੂੰ ਆਪਣੇ ਦੇਸ, ਕੌਮ ਲਈ ਕੁਰਬਾਨੀ ਲਈ ਪ੍ਰੇਰਿਤ ਕਰਦੀਆਂ ਹਨ। ਹੋਟਲਾਂ, ਕਲੱਬਾਂ, ਕੈਬਰੇ ਡਾਂਸ, ਡਿਸਕੋ ਜਾਂ ਘਟੀਆ ਪ੍ਰਕਾਰ ਦਾ ਚੰਚਲ ਸੰਗੀਤ ਵੇਖ ਸੁਣਕੇ ਮਨੁੱਖ ਉਸਦੇ ਪ੍ਰਭਾਵ

Sri Satguru Jagjit Singh Ji eLibrary NamdhariElibrary@gmail.com

ਤੋਂ ਤਾ ਬਚ ਨਹੀਂ ਸਕਦਾ। ਸੰਗੀਤ ਲੈਅ, ਤਾਲ ਮਨੁੱਖੀ ਜਜਬਾਤਾ ਨੂੰ ਭਾਵੁਕਤਾ ਪ੍ਰਦਾਨ ਕਰਦਾ ਹੈ। ਦਰਦ ਭਰਿਆ ਗੀਤ ਸੁਣਕੇ ਆਦਮੀ ਦੇ ਨੇਤਰ ਤਰ ਹੋ ਜਾਂਦੇ ਹਨ। ਹਾਸ ਰਸ ਗੀਤ ਸੁਣ ਮਨੁੱਖ ਦਾ ਦਿਲ ਪ੍ਰਸੰਨਤਾ ਵਿਚ ਉਛਲ ਪੈਦਾ ਹੈ। ਗਮੀ ਜਾ ਵਿਛੋੜੇ ਦਾ ਗੀਤ ਮਨੁੱਖੀ ਦਿਲਾ ਵਿਚ ਪੀੜਾ ਉਦਾਸੀ ਦਾ ਵਾਤਾਵਰਣ ਉਤਪੰਨ ਕਰ ਦਿੰਦਾ ਹੈ।

ਨਾਟਕ ਜਾਂ ਫਿਲਮ ਵਿਚ ਖੁਸ਼ੀ, ਗਮੀ, ਵਿਛੋੜੇ, ਦਲੇਰੀ, ਹਿੰਮਤ, ਕੁਰਬਾਨੀ, ਪਿਆਰ, ਦੁਲਾਰ, ਦੇ ਗੀਤ ਫਿਲਮਾਏ ਜਾਂਦੇ ਹਨ ਉਹਨਾਂ ਦੇ ਨਾਲ ਸੰਗੀਤ ਵੀ ਉਸ ਪ੍ਰਕਾਰ ਦਾ ਹੀ ਭਰਿਆ ਜਾਦਾ ਹੈ। ਵੇਖਣ ਸੁਨਣ ਵਾਲੇ ਦਾ ਮਨ ਉਸ ਦ੍ਰਿਸ਼ ਦੇ ਨਾਲ ਇਕ ਮਿਕ ਹੋ ਜਾਂਦਾ ਹੈ ਅਤੇ ਉਸਦੇ ਮਨੋ-ਭਾਵ ਵੀ ਉਸ ਪ੍ਰਕਾਰ ਦੇ ਹੋ ਜਾਂਦੇ ਹਨ। ਕਈ ਵਾਰ ਦਰਸ਼ਕ ਇੰਨੇ ਭਾਵੁਕ ਹੋ ਜਾਂਦੇ ਹਨ ਕਿ ਦਰਦ ਭਰੇ ਦ੍ਰਿਸ਼ ਅਤੇ ਗੀਤ ਵੇਖਦੇ ਹੋਏ ਸੁਣਦੇ ਹੋਏ ਉਹਨਾ ਦੀਆ ਅੱਖਾਂ ਚੋਂ ਅੱਥਰੂ ਵਹਿ ਉਠਦੇ ਹਨ। ਸੰਗੀਤ ਮਨੁੱਖੀ ਭਾਵਾਂ ਤੇ ਬੜਾ ਜਲਦੀ ਅਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਵਿਸ਼ੇਸ ਤੌਰ ਤੇ ਦੋ ਪ੍ਰੇਮੀਆਂ ਦਾ ਵਿਛੋੜਾ, ਜਾਂ ਅੱਕੜਾਂ ਸਹਿਣ ਦੇ ਦ੍ਰਿਸ ਦੋਨਾ ਵਿਚੋਂ ਇਕ ਦੀ ਮੌਤ ਜਾ ਇਕ ਦੂਜੇ ਪਿਛੇ ਕਿਸੇ ਦਾ ਕੁਰਬਾਨ ਹੋ ਜਾਣਾ ਆਦਿ ਦ੍ਰਿਸ ਨੂੰ ਦਰਸਾਉਂਦੇ ਹੋਏ ਗੀਤ ਅਤੇ ਉਹਨਾ ਗੀਤਾ ਦੇ ਬੋਲਾ ਨੂੰ ਉਸ ਰਸ ਦੇ ਅਨੁਸਾਰ ਸੁਰ-ਤਾਲ ਬੱਧ ਕਰਨਾ ਫਿਰ ਉਸ ਦਾ ਬੈਕ ਗਰਾਉਂਡ ਸੰਗੀਤ ਉਸਦੇ ਨਾਲ ਮੇਲ ਖਾਂਦਾ ਹੋਇਆ ਤਿਆਰ ਕਰਨਾ। ਜਿਸ ਨੂੰ ਸੁਣਕੇ ਸਰੋਤਿਆਂ ਦੇ ਮਨ, ਦਿਲ ਉਤੇ ਇਹਨਾਂ ਗਹਿਰਾ ਤੇ ਪ੍ਰਭਾਵੀ ਅਸਰ ਹੁੰਦਾ ਹੈ ਕਿ ਉਸਦੀਆਂ ਅੱਖਾਂ ਹੀ ਨਹੀਂ ਉਸ ਦਾ ਦਿਲ ਵੀ ਅੱਥਰੂ ਵਹਾਉਂਦਾ ਹੈ ਇਕ ਲੜਕੀ ਦੀ ਡੋਲੀ ਜਦੋ ਪੇਕੇ ਘਰ ਤੋਂ ਸੁਸਰਾਲ (ਸੁਹਰੇ ਘਰ) ਲਈ ਚਲਦੀ ਹੈ, ਉਸ ਮੌਕੇ ਤੇ ਵਿਛੋੜੇ ਦੇ ਗੀਤ ਸੁਣਕੇ ਨਜਦੀਕੀ ਸਾਕ ਸਬੰਧੀ ਤਾਂ ਕੀ ਕੋਲ ਖੜੇ ਲੋਕ ਵੀ ਰੋ ਪੈਦੇ ਹਨ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸ਼ਬਦ, ਸੁਰ ਅਤੇ ਤਾਲ ਮਿਲਕੇ ਜੋ ਸੰਗੀਤ ਤਿਆਰ ਹੁੰਦਾ ਹੈ, ਉਹ ਮਨੁੱਖੀ ਹਿਰਦੇ ਦੇ ਭਾਵਾਂ ਤੇ ਡੂੰਘਾ ਪ੍ਰਭਾਵ ਪਾਉਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 5

ਸੰਗੀਤ ਨੂੰ ਸਕੂਲੀ ਪਾਠਕ੍ਰਮ ਵਿਚ ਸ਼ਾਮਿਲ ਕਰਨ ਦੇ ਉਦੇਸ਼ ਅਤੇ ਮੰਤਵ

"Every art is thought to the aim at some good" Aristotle

ਸੰਗੀਤ ਸਿੱਖਿਆ ਦੇ ਉਦੇਸ਼ ਜਾਨਣ ਤੋਂ ਪਹਿਲਾ ਸਿੱਖਿਆ ਦੇ ਉਦੇਸ਼ਾਂ ਉਤੇ ਝਾਤ ਪਾਉਣੀ ਬੜੀ ਆਵਸ਼ਕ ਹੈ ਕਿਉਂਕਿ ਸੰਗੀਤ ਵੀ ਸਮੁੱਚੀ ਸਿੱਖਿਆ ਦਾ ਇਕ ਅੰਗ ਹੈ। ਬਿਨਾ ਕਿਸੇ ਨਿਸ਼ਾਨੇ ਅਤੇ ਉਦੇਸ਼ ਦੇ ਕਿਸੇ ਵੀ ਵਿਸੇ ਦਾ ਅਧਿਐਨ ਸਾਰਥਕ ਨਹੀਂ ਹੁੰਦਾ। ਟੀਚੇ ਨਿਰਧਾਰਿਤ ਵੀ ਕੀਤੇ ਜਾ ਸਕਦੇ ਹਨ ਕਿਉਂਕਿ ਇਹ ਮਾਨਵ ਸਮਾਜ ਦੀ ਲੋੜ ਅਨੁਸਾਰ ਹੀ ਕਾਇਮ ਕੀਤੇ ਜਾਦੇ ਹਨ।

ਸਿੱਖਿਆ ਦਾ ਮੁੱਖ ਉਦੇਸ਼ ਤਾਂ ਮਨੁੱਖ ਨੂੰ ਬੌਧਿਕ, ਸਰੀਰਕ, ਸਮਾਜਿਕ, ਸਾਂਸਕ੍ਰਿਤਕ, ਅਧਿਆਤਮਕ, ਸੋਦਰਯ ਵਿਗਿਆਨ ਆਦਿ ਗੁਣਾਂ ਸਬੰਧੀ ਜਾਗਰੂਕ ਕਰਨਾ ਜਾਂ ਇਹਨਾਂ ਗੁਣਾਂ ਨਾਲ ਸੰਪਨ ਕਰਨਾ ਹੈ। ਧਿਆਨ ਨਾਲ ਵੇਖਿਆ ਜਾਵੇ ਤਾਂ ਮਾਨਵ ਸਾਰਾ ਜੀਵਨ ਹੀ ਇਕ ਸਿੱਖਿਆਰਥੀ ਦੇ ਰੂਪ ਵਿਚ ਗੁਜਾਰਦਾ ਹੈ। ਜੀਵਨ ਭਰ ਚੰਗੇਰੀ, ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਖੋਜ ਅਤੇ ਚਾਹ ਵਿਚ ਲੱਗਾ ਰਹਿੰਦਾ ਹੈ। ਇਕ ਦੂਜੇ ਕੋਲੋਂ ਨਵੇਂ ਤਜਰਬੇ ਹਾਸਲ ਕਰਦਾ ਹੈ। ਹਰੇਕ ਕੰਮ ਦੇ ਖੇਤਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਿੱਖਿਆ ਦੀ ਲੋੜ ਰਹਿੰਦੀ ਹੀ ਹੈ ਭਾਵੇ ਉਹ ਕੁਝ ਦਿਨਾਂ ਲਈ ਹਫਤਿਆਂ ਲਈ, ਮਹੀਨਿਆਂ ਲਈ ਜਾਂ ਸਾਲਾਂ ਲਈ ਹੋਵੇ। ਕਈ ਕੰਮ ਅਜਿਹੇ ਹਨ ਜਿਨਾ ਨੂੰ ਬਾਲਕ ਵੇਖਕੇ ਤੇ ਥੋੜਾ ਜਿਹਾ ਸਮਝ ਕੇ ਕਰਨ ਲੱਗ ਪੈਦਾ ਹੈ ਅਤੇ ਕਈ ਕੰਮ ਅਜਿਹੇ ਹੁੰਦੇ ਹਨ ਜੋ ਵਰਿਆਂ ਦੀ ਮੰਗ ਕਰਦੇ ਹਨ। ਵਰਿਆਂ ਦੀ ਪੜਾਈ, ਸਾਧਨਾਂ, ਮੇਹਨਤ ਰੰਗ ਲਿਆਉਂਦੀ ਹੈ ਜਿਵੇਂ ਮੈਡੀਕਲ ਸਿੱਖਿਆ, ਇੰਜਨੀਅਰਿੰਗ, ਸੰਗੀਤ ਸਿੱਖਿਆ ਕਾਮਰਸ, ਵਕਾਲਤ ਆਦਿ।

ਸੰਗੀਤ ਦਾ ਮਾਨਵ ਜੀਵਨ ਵਿਚ ਬੜਾ ਮਹੱਤਵ ਹੈ। ਜੇਕਰ ਕਿਹਾ ਜਾਵੇ ਕਿ ਸੰਗੀਤ ਬਿਨਾਂ ਮਾਨਵ ਜੀਵਨ ਨੀਰਸ ਅਤੇ ਅਪੂਰਣ ਤੇ ਅਧੂਰਾ ਹੈ ਤਾਂ ਕੋਈ ਗਲਤ ਨਹੀਂ ਹੋਵੇਗਾ। ਸੰਗੀਤ ਦਾ ਆਧਾਰ ਸੁਰ, ਤਾਲ ਅਤੇ ਸ਼ਬਦ ਹੈ। ਸੁਰ, ਆਵਾਜ਼ ਜਾਂ ਧੁਨੀ ਦਾ ਉਤਰਾਅ ਅਤੇ ਚੜਾਅ ਮਨੁੱਖ ਵਿਚ ਕੁਦਰਤੀ ਤੌਰ ਤੇ ਵਿਦਮਾਨ ਹੈ। ਸੰਗੀਤ ਦਾ ਦੂਜਾ ਸਤੰਭ ਤਾਲ ਹੈ ਜੋ ਲੈਅ ਅਤੇ ਗਤੀ ਦੇ ਰੂਪ ਵਿਚ ਹਰ ਪ੍ਰਾਣੀ, ਜੀਵ, ਜੰਤੂ ਵਿਚ ਆਪ ਮੁਹਾਰੇ ਬਿਰਾਜਮਾਨ ਹੈ। ਮਾਨਵ ਹਿਰਦੇ, ਨਬਜ਼, ਨਾੜੀਆਂ, ਲਹੂ ਦਾ ਸੰਚਾਰ, ਅੱਖਾਂ ਦਾ ਝਪਕਣਾ, ਚਲਨਾ, ਦੌੜਣਾ, ਇਕ ਨਿਯਮਤ ਗਤੀ ਵਿਚ ਹੀ ਚਲ ਰਿਹਾ ਹੈ। ਪ੍ਰਿਥਵੀ, ਚੰਦ, ਸੂਰਜ, ਪਾਣੀ, ਵਾਯੂ ਵੀ ਇਕ ਨਿਸਚਿਤ ਗਤੀ ਵਿਚ ਕ੍ਰਿਆਮਾਨ ਹਨ। ਮੀਟਰ (ਜੋ ਕਈ ਪ੍ਰਕਾਰ ਦੇ ਹਨ) ਮੋਟਰ, ਰੇਲਗੱਡੀ, ਹਵਾਈ ਜਹਾਜ, ਕਾਰ, ਪੱਖਾ, ਸਾਈਕਲ, ਟਾਂਗਾ, ਸਭ ਮਨੁੱਖੀ ਨਿਰਮਤ ਵਸਤੂਆਂ ਵੀ

Sri Satguru Jagjit Singh Ji eLibrary NamdhariElibrary@gmail.com

ਇਕ ਵਿਸ਼ੇਸ਼ ਰਫ਼ਤਾਰ ਵਿਚ ਚਲਦੀਆਂ ਹਨ। ਸੰਗੀਤ ਦਾ ਇਕ ਹੋਰ ਆਧਾਰ ਸ਼ਬਦ ਹੈ। ਜਦੋਂ ਸ਼ਬਦ ਸਮਾਪਤ ਹੋ ਜਾਂਦਾ ਹੈ ਉਦੋਂ ਜੀਵਨ ਵੀ ਸਮਾਪਤ ਹੋ ਜਾਂਦਾ ਹੈ। ਸ਼ਬਦ ਦਾ ਸਬੰਧ ਵਾਣੀ ਨਾਲ ਹੈ। ਇਹਨਾ ਤੱਥਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਸੰਗੀਤ ਦਾ ਜੀਵਨ ਨਾਲ ਕਿੰਨਾ ਗਹਿਰਾ ਸੰਬੰਧ ਹੈ। ਆਦਿ ਕਾਲ ਤੋਂ ਹੀ ਇਹ ਅਨਿਖੜਵਾਂ ਸਬੰਧ ਚਲਿਆ ਆ ਰਿਹਾ ਹੈ।

ਸੰਸਾਰ ਵਿਚ ਮਾਨਵ ਇਕ ਵਿਦਿਆਰਥੀ ਦੇ ਰੂਪ ਵਿਚ ਵਿਚਰਦਾ ਹੈ ਅਤੇ ਜਨਮ ਭਰ ਕੁਝ ਨਾ ਕੁਝ ਸਿੱਖਦਾ ਹੀ ਰਹਿੰਦਾ ਹੈ। ਮਨੁੱਖ ਗਲਤੀਆਂ ਦਾ ਪੁਤਲਾ ਹੈ। ਚੰਗਾ ਮਨੁੱਖ ਗਲਤੀਆਂ ਸੁਧਾਰਨ ਦਾ ਯਤਨ ਕਰਦਾ ਹੈ। ਗਿਆਨ ਦਾ ਭੰਡਾਰ ਅਸੀਮ ਹੈ ਇਸ ਦਾ ਕੋਈ ਅੰਤ ਨਹੀਂ। ਬਾਲਕ ਜਨਮ ਲੈਂਦੇ ਹੀ ਸ਼ਬਦ ਕਰਦਾ ਹੈ। ਮਾਤਾ ਦੁਆਰਾ ਦੁੱਧ ਪੀਣਾ, ਸੋਣਾ, ਜਾਗਣਾ, ਬੋਲਣਾ, ਹੱਸਣਾ, ਚਲਣਾ, ਦੌੜਣਾ ਸਿੱਖਦਾ ਹੈ। ਆਪਣੇ ਭੈਣ ਭਰਾਵਾਂ, ਪਿਤਾ, ਮਾਮਾ, ਚਾਚਾ, ਦਾਦਾ, ਦਾਦੀ ਨਾਲ ਪ੍ਰੇਮ, ਉੱਠਣਾ, ਬੈਠਣਾ, ਖੇਲਣਾ, ਦੌੜਣਾ, ਗੱਲਾਂ ਕਰਨਾ ਆਦਿ ਸਿੱਖਦਾ ਹੈ। ਸਕੂਲ ਵਿਚ ਆਪਣੇ ਅਧਿਆਪਕ ਪਾਸੋਂ ਸਿੱਖਿਆ, ਪੜਣਾ, ਲਿਖਣਾ, ਆਪਣੇ ਸਹਿਪਾਠੀਆਂ ਨਾਲ ਮਿਲਣਾ, ਜੁਲਣਾ, ਅਤੇ ਹੋਰ ਗੁਣ ਸਿੱਖਦਾ ਹੈ। ਸਕੂਲ ਤੋਂ ਬਾਅਦ ਕਾਲਜ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਸਮਾਜ ਵਿਚ ਵਿਚਰਨ ਦਾ ਉਪਰਾਲਾ ਕਰਦਾ ਹੈ। ਮਾਤਾ-ਪਿਤਾ, ਸਾਕ-ਸਬੰਧੀਆਂ, ਅਧਿਆਪਕਾਂ, ਦੋਸਤਾਂ, ਮਿੱਤਰਾਂ ਪਾਸੋਂ ਜੋ ਸਿੱਖਿਆ ਪ੍ਰਾਪਤ ਕੀਤੀ ਉਸਨੂੰ ਆਪਣੇ ਜੀਵਨ ਵਿਚ ਢਾਲਦਾ ਹੈ ਅਤੇ ਦੂਜਿਆਂ ਨੂੰ ਪ੍ਰੇਰਣਾ ਵੀ ਦਿੰਦਾ ਹੈ। ਕਈ ਵਾਰ ਮਨੁੱਖ ਗਲਤੀਆਂ ਵੀ ਕਰ ਬੈਠਦਾ ਹੈ ਜਿਸ ਦੇ ਫਲਸਰੂਪ ਉਸਨੂੰ ਕਸ਼ਟ ਵੀ ਭੋਗਣਾਂ ਪੈਂਦਾ ਹੈ। ਸਿਆਣਾ ਮਨੁੱਖ ਆਪਣੀਆਂ ਗਲਤੀਆਂ ਤੋਂ ਵੀ ਸਿੱਖਣ ਦਾ ਪ੍ਰਯਤਨ ਕਰਦਾ ਹੈ। ਇਸ ਸਿੱਖਿਆ ਦਾ ਮੂਲ ਉਦੇਸ਼ ਮਾਨਵ ਨੂੰ ਬੌਧਿਕ, ਸ਼ਰੀਰਕ, ਸਮਾਜਿਕ, ਸਾਸਕ੍ਰਿਤਕ, ਅਧਿਆਤਮਕ, ਕਲਾ, ਵਿਗਿਆਨ ਸਬੰਧੀ ਗੁਣਾਂ ਨਾਲ ਸੰਪਨ ਕਰਕੇ ਇਕ ਸੰਪੂਰਣ ਮਨੁੱਖ ਬਨਾਉਂਣਾ ਹੈ।

ਸੰਗੀਤ ਸਿੱਖਿਆ ਦੇ ਉਦੇਸ਼ :- ਜਦੋਂ ਅਸੀਂ ਕਿਸੇ ਕਲਾ ਜਾਂ ਵਿਸ਼ੇ ਦਾ ਅਧਿਐਨ ਕਰਦੇ ਹਾਂ ਤਾਂ ਉਸਦੇ ਉਦੇਸ਼ ਅਤੇ ਨਿਸ਼ਾਨੇ ਨਿਸਚਿਤ ਕਰਨੇ ਪਰਮ ਅੱਵਸ਼ਕ ਹਨ। ਬਿਨਾਂ ਕਿਸੇ ਨਿਸ਼ਾਨੇ ਦੇ ਅੰਧੇਰੇ ਵਿਚ ਤੀਰ ਮਾਰਨ ਵਾਲੀ ਗੱਲ ਹੁੰਦੀ ਹੈ। ਲਕਸ਼ ਵਿਹੀਨ ਵਿਸ਼ੇ ਦਾ ਅਧਿਐਨ ਵੀ ਸਾਰਥਕ ਨਹੀਂ ਹੁੰਦਾ ਅਤੇ ਸਮਾਜ ਲਈ ਲਾਹੇਵੰਦ ਵੀ ਨਹੀਂ ਕਿਹਾ ਜਾ ਸਕਦਾ। ਸਾਡੇ ਸਿੱਖਿਆ ਸ਼ਾਸ਼ਤਰੀਆਂ ਨੇ ਸੰਗੀਤ ਨੂੰ ਸਕੂਲਾਂ-ਕਾਲਜਾਂ ਵਿਚ ਪੜ੍ਹਾਏ ਜਾਣ ਲਈ ਇਸ ਵਿਸ਼ੇ ਦੇ ਰੂਪ ਵਿਚ ਮਾਨਤਾ ਦਿੱਤੀ। ਪੜਣਾ, ਲਿਖਣਾ ਅਤੇ ਸਵਾਲ ਕਢਣਾਂ ਹੀ ਕਿਸੇ ਸਮੇਂ ਮੁੱਖ ਉਦੇਸ਼ ਹੁੰਦੇ ਸਨ। ਉਸ ਤੋਂ ਪਹਿਲਾਂ ਸ਼ਰੀਰਕ ਬਲ ਵੱਲ ਬਹੁਤਾ ਧਿਆਨ ਦਿੱਤਾ ਜਾਂਦਾ ਸੀ। ਅਸਤਰ, ਸ਼ਸਤਰ ਵਿਦਿਆ ਸਿਖਲਾਈ ਜਾਂਦੀ ਸੀ। ਮਹਾਂਭਾਰਤ ਕਾਲ ਵਿਚ ਤੇ ਰਮਾਇਣ ਕਾਲ ਵਿਚ ਬਾਹੂ ਬਲ ਅਤੇ ਸ਼ਸਤਰ ਵਿਦਿਆ ਤੇ ਅਧਿਕ ਜ਼ੋਰ ਦਿੱਤਾ ਜਾਂਦਾ ਸੀ ਕੁਝ ਖਾਸ ਵਿਅਕਤੀਆਂ ਦੇ ਬੱਚੇ ਦੂਜੀਆਂ ਕਲਾਵਾਂ ਤੇ ਸ਼ਾਸਤਰ ਵਿਦਿਆ ਪ੍ਰਾਪਤ ਕਰਦੇ ਸਨ। ਪਰ ਅੱਜ-ਕੱਲ ਕੇਵਲ ਬਾਹੂ ਬਲ ਜਾਂ ਸ਼ਸਤਰ ਜਾਂ ਸ਼ਾਸਤਰ ਵਿਦਿਆ ਪ੍ਰਾਪਤ ਕਰਨਾ ਕਾਫੀ ਨਹੀਂ ਸਮਝਿਆ ਜਾਂਦਾ ਬਲਕਿ ਮਨੁੱਖੀ ਵਿਕਾਸ ਵਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਕ ਮਨੁੱਖ ਤਾਂ ਹੀ ਪੂਰਣ ਹੋ ਸਕਦਾ ਹੈ ਜੇਕਰ ਉਸ ਨੂੰ ਪੜ੍ਹਨਾਂ, ਲਿਖਣਾਂ, ਸਾਇੰਸ ਦਾ ਗਿਆਨ, ਸਮਾਜਿਕ ਗਿਆਨ, ਸਰੀਰਕ ਗਿਆਨ ਦੇ ਨਾਲ ਕਲਾਵਾਂ ਦਾ ਵੀ ਗਿਆਨ ਹੋਵੇ। ਅੱਜ ਕਲ੍ਹ ਜਿਨੇ ਵੀ ਉਚ ਪੱਧਰ ਦੇ ਮੁਕਾਬਲੇ (ਟੈਸਟ) ਹੋ ਰਹੇ ਹਨ ਜਿਵੇਂ ਆਈ.ਏ.ਐਸ., ਪੀ.ਸੀ.ਐਸ., ਪੀ.ਐਮ.ਟੀ., ਪੀ.ਈ.ਟੀ., ਐਮ.ਬੀ.ਏ,

Sri Satguru Jagjit Singh Ji eLibrary NamdhariElibrary@gmail.com

ਬੈਂਕ ਕੰਮਪੀਟੀਸ਼ਨ, ਰੇਲਵੇ ਕੰਮਪੀਟੀਸ਼ਨ, ਹੋਟਲ ਮੈਨੇਜਮੈਂਟ, ਆਈ ਪੀ ਐਸ. ਆਦਿ ਵਿਚ ਹਰ ਪ੍ਰਕਾਰ ਦੇ ਪ੍ਰਸ਼ਨ ਪੁਛੇ ਜਾਂਦੇ ਹਨ, ਭਾਵੇ ਉਹਨਾ ਦਾ ਉਸ ਦੇ ਕਿੱਤੇ ਨਾਲ ਦੂਰ ਦਾ ਵੀ ਸਬੰਧ ਨਹੀ ਹੁੰਦਾ ਹੈ।

ਸੰਗੀਤ ਦੇ ਬਿਨਾ ਮਨੁੱਖੀ ਜੀਵਨ ਬਿਨਾ ਤੇਲ ਦੇ ਦੀਪਕ ਦੀ ਤਰਾਂ ਹੈ, ਇਕ ਖੂਹ ਜਿਸ ਵਿਚ ਜਲ ਨਹੀ, ਇਕ ਵੇਲ ਜਿਸਨੂੰ ਫੁਲ ਨਹੀ, ਇਕ ਨਦੀ ਜਿਸ ਵਿਚ ਨੀਰ ਨਹੀ। ਭਰਤਰੀ ਹਰੀ ਨੇ ਉਸ ਮਨੁੱਖ ਨੂੰ ਪਸ਼ੂ ਤੇ ਸਿਙ੍ਹ ਬਿਨਾ ਪਸ਼ੂ ਕਿਹਾ ਹੈ ਅਤੇ ਸੇਖਸ਼ਪੀਅਰ ਨੇ ਕਿਹਾ ਹੈ -

"The man that hath no music himself, nor is morel with concord of sweet sounds, is fit for treasons, stratagems and spoils. The motions of his spirit are dull as night and his affections are dork as are live. Let no such man he trusted."

ਉਸ ਬੰਦੇ ਦਾ ਵਿਸ਼ਵਾਸ ਹੀ ਨਾ ਕਰੋ, ਜਿਸ ਦੀਆ ਭਾਵਨਾਵਾ ਸੰਗੀਤ ਦੀ ਮਧੁਰ ਧੁਨ ਸੁਣਕੇ ਜਾਗਦੀਆਂ ਨਹੀ, ਸੰਗੀਤ ਮਨੁੱਖ ਨੂੰ ਛਲ, ਕਪਟ, ਈਰਖਾ, ਦੁਵੈਸ਼ ਵਰਗੇ ਅਵਗੁਣਾਂ ਤੋਂ ਦੂਰ ਰਖਦਾ ਹੈ ਕਿਉਂਕਿ ਸੰਗੀਤਕਾਰ ਤਾਂ ਆਪਣੇ ਸੁਰ ਸੰਸਾਰ ਵਿਚ ਹੀ ਹਰ ਵਕਤ ਡੁੱਬਿਆ ਰਹਿੰਦਾ ਹੈ। ਉਸਨੂੰ ਆਪਣੀ ਸਾਧਨਾ ਤੋਂ ਹੀ ਸਮਾ ਨਹੀ ਮਿਲਦਾ। ਸੰਗੀਤ ਮਨ ਦੀ ਪਾਵਨਤਾ, ਮਾਨਵਤਾ, ਮਿੱਤਰਤਾ, ਭਾਈਚਾਰਾ ਅਤੇ ਸੰਸਾਰ ਦੀ ਏਕਤਾ ਦਾ ਸੰਦੇਸ਼ ਦਿੰਦਾ ਹੈ।

"Music unites men and civilizes life. It moves all hearts and refiner the human mind " - Dr. A.C. Joshi

ਅਗਿਆਨੀ ਅਤੇ ਵਿਵੇਕਹੀਨ ਵਿਅਕਤੀ ਆਪਣੀ ਹੀਨ ਭਾਵਨਾ ਕਾਰਨ ਆਪਣੇ ਕਿੱਤੇ ਵਾਲੇ ਵਿਅਕਤੀ ਨਾਲ ਈਰਖਾ ਵੀ ਕਰਦੇ ਹਨ। ਆਪਣੇ ਆਪ ਨੂੰ ਦੂਜੇ ਵਿਅਕਤੀ ਨਾਲੋਂ ਉੱਚਾ, ਵੱਡਾ ਅਤੇ ਵਧੀਆਂ ਸਿੱਧ ਕਰਨ ਦਾ ਯਤਨ ਕਰਦੇ ਹਨ। ਆਪਣੀ ਸਾਧਨਾਂ ਅਤੇ ਮਿਹਨਤ ਨਾਲ ਅੱਗੇ ਵੱਧਣਾ ਕੋਈ ਬੁਰਾਈ ਨਹੀਂ ਪਰ ਈਰਖਾ ਕਰਨਾ ਇਕ ਬੜਾ ਵੱਡਾ ਅਵਗੁਣ ਅਤੇ ਦੋਸ਼ ਹੈ ਜਿਸ ਤੋਂ ਸਾਧਕ ਨੂੰ ਬਚ ਕੇ ਰਹਿਣਾਂ ਚਾਹੀਦਾ ਹੈ।

ਭਾਰਤ ਵਿਚ ਸੰਗੀਤ ਕਲਾ ਦੀ ਸਿੱਖਿਆ ਹੋਰ ਵਿਦਿਆਵਾਂ ਦੇ ਨਾਲ ਨਾਲ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ। ਰਮਾਇਣ ਕਾਲ ਵਿਚ ਮਹਾਰਿਸ਼ੀ ਬਾਲਮੀਕ ਦੇ ਆਸ਼ਰਮ ਵਿਚ ਲਵ-ਕੁਸ਼ ਨੇ ਜਿੱਥੇ ਸ਼ਸਤਰ ਤੇ ਸ਼ਾਸਤਰ ਵਿਦਿਆਵਾਂ ਪ੍ਰਾਪਤ ਕੀਤੀਆਂ ਉਥੇ ਉਹਨਾਂ ਨੂੰ ਸੰਗੀਤ ਸਿੱਖਿਆ ਵੀ ਪ੍ਰਾਪਤ ਹੋਈ। ਭਗਵਾਨ ਸ੍ਰੀ ਕ੍ਰਿਸ਼ਨ ਦਾ ਮੁਰਲੀ ਵਜਾਉਣਾ, ਰਾਸਲੀਲਾ ਕਰਨਾ, ਅਰਜਨ ਦਾ ਨ੍ਰਿਤ ਸਿੱਖਿਆ ਦੇਣਾ ਆਦਿ ਉਦਾਹਰਣ ਸਿੱਧ ਕਰਦੀ ਹੈ ਕਿ ਸੰਗੀਤ ਪ੍ਰਾਚੀਨ ਕਾਲ ਤੋਂ ਹੀ ਸਿਖਾਈ ਜਾਣ ਵਾਲੀ ਕਲਾ ਰਹੀ ਹੈ। ਰਾਜ ਘਰਾਣਿਆਂ ਵਿਚ ਇਸ ਵਿਦਿਆ ਦਾ ਗਿਆਨ ਲਾਜਮੀ ਸੀ। ਆਪਣੀ ਆਤਮਕ ਤ੍ਰਿਪਤੀ ਲਈ ਇਸ ਵਿਦਿਆ ਦਾ ਅਭਿਆਸ ਕੀਤਾ ਜਾਂਦਾ। ਕਈ ਰਾਜੇ ਅਤੇ ਮਹਾਰਾਜੇ ਰਾਤ ਨੂੰ ਕਿਸੇ ਸਾਜ ਦੀ ਮਿੱਠੀ ਧੁਨ ਸੁਣਦੇ ਸੁਣਦੇ ਸੋਦੇਂ ਸਨ। ਪਰ ਅੱਜ ਹਾਲਾਤ ਵਿਚ ਅੰਤਰ ਆ ਗਿਆ ਹੈ। ਪਹਿਲਾਂ ਇਕਲੇ ਰੂਪ ਵਿਚ ਸਿੱਖਿਆ ਜਾਂਦਾ ਸੀ ਅੱਜਕਲ ਸਕੂਲਾਂ ਕਾਲਜਾਂ ਵਿਚ ਕਈ ਵਿਦਿਆਰਥੀਆਂ ਨੂੰ ਇੱਕਠੇ ਸਿਖਾਉਣਾ ਹੁੰਦਾ ਹੈ। ਪਹਿਲਾਂ ਗੁਰੂ ਦੀ ਮੋਜ ਤੇ ਨਿਰਭਰ ਕਰਦਾ ਸੀ। ਜਦੋਂ ਦਿਲ ਕੀਤਾ ਕੋਈ ਚੀਜ ਸਿੱਖਾ ਦਿੱਤੀ ਪਰ ਹੁਣ ਵਿਦਿਆਰਥੀਆਂ, ਅਧਿਕਾਰੀਆਂ ਅਤੇ ਸਿਲੇਬਸ ਅਤੇ ਸਮੇਂ ਦੇ ਅਨੁਸਾਰ ਸਿਖਾਉਣਾ

Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ, ਕਿਉਂਕਿ ਇਹ ਵਿਸ਼ਾ ਵੀ ਦੂਜੇ ਵਿਸ਼ਿਆਂ ਦੀ ਤਰਾਂ ਹੀ ਪੜ੍ਹਾਇਆ ਅਤੇ ਸਿਖਾਇਆ ਜਾਦਾ ਹੈ।

ਸੰਸਾਰ ਇਕ ਬਹੁਤ ਵੱਡਾ ਸਮਾਜ ਹੈ, ਇਸ ਵਿਚ ਭਾਤ-ਭਾਤ ਦੀਆਂ ਕਾਲਾਵਾਂ, ਸੰਸਕ੍ਰਿਤੀਆਂ, ਭਾਸ਼ਾਵਾਂ, ਪ੍ਰਚਲਿਤ ਹਨ। ਸੰਸਾਰ ਰੂਪੀ ਸਮਾਜ ਵਿਚ ਵਿਚਰਨ ਲਈ ਅੱਜ ਦੇ ਮਾਨਵ ਨੂੰ ਸੂਝਵਾਨ, ਵਿਦਵਾਨ ਹੋਣਾ ਲਾਜ਼ਮੀ ਹੈ। ਸੰਗੀਤ ਗਿਆਨ ਤੋਂ ਬਿਨਾਂ ਮਨੁੱਖ ਅਧੂਰਾ ਹੈ। ਸੰਗੀਤ ਸੰਸਕ੍ਰਿਤੀ ਦਾ ਮਹੱਤਵਪੂਰਣ ਅੰਗ ਹੈ। ਉੱਚ ਕੋਟੀ ਦਾ ਸੰਗੀਤ ਸਾਡੇ ਹਿਰਦੇ ਅਤੇ ਸ਼ਰਵਨ ਇੰਦਰੀਆਂ ਤੇ ਪ੍ਰਭਾਵ ਪਾਉਂਦਾ ਹੈ। ਮੁਨਸ਼ੀ ਪ੍ਰੇਮਚੰਦ ਦੇ ਅਨੁਸਾਰ, *" ਵਿਵਸਥਾ ਜਬ ਅਧਿਕ ਅਸਿਹ ਔਰ ਅਪਾਰ ਹੋ ਜਾਤੀ ਹੈ, ਉਸੇ ਕਹੀ ਤ੍ਰਾਣ ਨਹੀਂ ਮਿਲਤਾ, ਜਬ ਵੇਹ ਰੁਦਨ ਕ੍ਰਿੰਦਨ ਕੀ ਗੋਦ ਮੇਂ ਭੀ ਆਸ ਨਹੀਂ ਪਾਤੀ ਤੋ ਸੰਗੀਤ ਕੇ ਚਰਣੋਂ ਮੇਂ ਗਿਰਤੀ ਹੈ "*।

ਧਾਰਮਿਕ, ਸਮਾਜਕ, ਉਤਸਵ ਸੰਗੀਤ ਤੋਂ ਬਿਨਾਂ ਰੁੱਖੇ ਲਗਦੇ ਹਨ। ਬਾਲਕ ਦੇ ਜਨਮ ਤੋਂ ਜੀਵਨ ਪ੍ਰਯੰਤ ਤੱਕ ਕਈ ਪ੍ਰਕਾਰ ਦੇ ਸ਼ੁਭ ਕਾਰਜ ਜੀਵਨ ਵਿਚ ਕੀਤੇ ਜਾਂਦੇ ਹਨ। ਸਾਰੇ ਸ਼ੁਭ-ਅਸ਼ੁਭ ਅਵਸਰ ਉਤੇ ਵੱਖ-ਵੱਖ ਪ੍ਰਕਾਰ ਦੇ ਗੀਤ ਸੰਗੀਤ ਦੁਆਰਾ ਕਾਰਜ ਸੰਪਨ ਕੀਤੇ ਜਾਦੇ ਹਨ। ਬੱਦਲਾਂ ਨੂੰ ਦੇਖ ਮੋਰ ਨੱਚ ਉਠਦਾ ਹੈ, ਮਨੁੱਖ ਦਾ ਦਿਲ ਹਿਲੋਰੇ ਲੈਣ ਲੱਗ ਪੈਦਾ ਹੈ, ਯੁਵਤੀਆਂ ਮਿਲਕੇ ਪੀਘਾਂ ਝੂਟਦੀਆਂ ਤੇ ਗੀਤ ਗਾਉਂਦੀਆਂ ਹਨ। ਸਮੁੰਦਰ ਦੇ ਮਲਾਹ "ਹੈਆ ਹੋ ਹੈਆ" ਉਮੰਗ ਭਰੇ ਸਰਲ ਸ਼ਬਦਾ ਵਿਚ ਗਾ ਉਠਦੇ ਹਨ। ਜੀਵਨ ਦਾ ਕੋਈ ਅਜਿਹਾ ਅਵਸਰ ਨਹੀਂ ਜਿਥੇ ਸੰਗੀਤ ਨਾ ਹੋਵੇ। ਇਹ ਜਨਮ ਤੋਂ ਮਰਨ ਤੱਕ ਦਾ ਸਾਥੀ ਹੈ। ਇਕ ਫਰਾਂਸ ਦੇ ਵਿਦਵਾਨ ਦਾ ਕਥਨ ਹੈ : *"Music is ancinplaeable mirror of soul"*. ਅਰਥਾਤ ਸੰਗੀਤ ਸਾਡੀ ਆਂਤਰਿਕ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇਕ ਮਾਤਰ ਸਾਧਨ ਹੈ।

ਆਧੁਨਿਕ ਕਾਲ ਵਿਚ ਫੌਜਾਂ ਵਿਚ ਉਤਸਾਹ ਭਰਨ ਲਈ ਬੈਂਡ ਵਜਾਏ ਜਾਂਦੇ ਹਨ। ਪ੍ਰਾਚੀਨ ਕਾਲ ਵਿਚ ਸੰਖ-ਰਣ ਸਿੰਘਾਂ, ਰਣ ਭੇਰੀ, ਦੁੰਦਭੀ ਆਦਿ ਸਾਜ਼ ਵਜਾਏ ਜਾਂਦੇ ਸਨ। ਪੰਛਿਆਂ ਤੇ ਪਸ਼ੂਆਂ ਤੇ ਵੀ ਸੰਗੀਤ ਦਾ ਪ੍ਰਭਾਵ ਪੈਦਾ ਹੈ ਤਾਂ ਮਨੁੱਖ ਕਿਵੇ ਵਾਂਝਾ ਰਹਿ ਸਕਦਾ ਹੈ। ਸੰਗੀਤ ਦਾ ਮਾਨਵ ਜੀਵਨ ਨਾਲੋਂ ਆਤਮਾ ਨਾਲ ਵਧੇਰੇ ਸੰਬੰਧ ਹੈ। ਪ੍ਰਸਿੱਧ ਫਰਾਂਸੀਸੀ ਸਿੱਖਿਆ ਸ਼ਾਸ਼ਤਰੀ ਦਾ ਕਥਨ ਹੈ ਕਿ ਸੰਗੀਤ ਸਾਡੀਆਂ ਅੰਤਰੀਵ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇਕ ਮਾਤਰ ਸਾਧਨ ਹੈ। *"Music is an implacable mirror of soul"*.

ਦਾਰਸ਼ਨਿਕ ਪਲੈਟੋ ਦਾ ਕਥਨ ਹੈ ਕਿ *"Music is the art which penetrates to the soul and inspires in it the lore of virtue"*.

ਸੰਗੀਤ ਮਨੁੱਖੀ ਆਤਮਾਂ ਨੂੰ ਸੰਸਾਰਿਕ ਪੱਧਰ ਤੋਂ ਉੱਚਾ ਚੁੱਕ ਕੇ ਅਲੌਕਿਕ ਆਨੰਦ ਦੀ ਅਨੁਭੂਤੀ ਕਰਵਾਉਂਦਾ ਹੈ। ਸੰਗੀਤ ਹਿਰਦੇ ਦੀ ਭਾਸ਼ਾ ਹੈ, ਭਾਵਾਂ ਦੀ ਭਾਸ਼ਾ ਹੈ, ਪ੍ਰੇਮ ਏਕਤਾ, ਸਦਭਾਵ ਦੀ ਭਾਸ਼ਾ ਹੈ। ਸੰਗੀਤ ਦਾ ਪ੍ਰਭਾਵ ਇਕ ਵਿਦਵਾਨ ਨੇ ਨਿਮਨਲਿਖਤ ਸ਼ਬਦਾ ਦੁਆਰਾ ਕੀਤਾ ਹੈ :-

"Music makes the people milder and gentler more moral and reasnable. Music is the art of prophets. It is the only art which can calm the ogitation of the soul".

ਭਾਰਤੀ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ ਫ਼ਕੀਰਾਂ ਨੇ ਸੰਗੀਤ ਨੂੰ ਉੱਚ ਸਥਾਨ ਬਖਸ਼ਿਆ ਹੈ।

Sri Satguru Jagjit Singh Ji eLibrary NamdhariElibrary@gmail.com

ਮੰਦਰਾਂ, ਗੁਰਦੁਆਰਿਆਂ ਵਿਚ ਭਗਤੀ ਸੰਗੀਤ ਦੀਆਂ ਧੁਨੀਆਂ ਮਨੁੱਖ ਨੂੰ ਆਨੰਦ ਵਿਭੋਰ ਕਰ ਦਿੰਦੀਆਂ ਹਨ।

ਸੂਫੀ ਫ਼ਕੀਰਾਂ ਦੀਆਂ ਮਜਾਰਾ ਉਤੇ (ਛੱਵਾਲੀਆਂ) ਕੱਵਾਲ-ਟੋਲੀਆਂ ਦੀਆਂ ਰੂਹਾਨੀ ਅਤੇ ਇਸ਼ਕ ਹਕੀਕੀ ਨਾਲ ਓਤਪ੍ਰੋਤ ਸੁਰੀਲੀਆਂ ਰਚਨਾਵਾਂ ਮਨੁੱਖ ਨੂੰ ਝੂਮਣ ਤੇ ਮਜਬੂਰ ਕਰ ਦਿੰਦੀਆਂ ਹਨ। ਆਪਣੇ ਮੁਰਸ਼ਦ ਜਾ ਅਲਾਹ ਦੀ ਤਾਰੀਫ਼ ਵਿਚ ਨਾਦ ਸੁਣ ਕੇ ਕਈਆਂ ਨੂੰ ''ਹਾਲ'' ਪੈ ਜਾਂਦਾ ਹੈ ਤੇ ਨੱਚਣ ਲਗ ਜਾਂਦੇ ਹਨ ਜਿਸ ਨੂੰ 'ਸਮਾਅ' ਕਿਹਾ ਜਾਂਦਾ ਸੀ। ਮੰਦਰਾ ਵਿਚ ਕੀਰਤਨ ਦੀ ਧੁਨੀ ਨਾਲ ਮਸਤ ਭਗਤ ਜਨ ਆਪੇ ਨੂੰ ਭੁਲ ਜਾਂਦੇ ਹਨ ਅਤੇ ਭਗਵਾਨ ਦੀ ਮੂਰਤੀ ਅੱਗੇ ਨੱਚਨ ਲੱਗ ਪੈਂਦੇ ਹਨ। ਗੁਰੂਦੁਆਰੇ ਵਿਚ ਰਸ ਭਿੰਨਾ ਗੁਰਬਾਣੀ ਕੀਰਤਨ ਸੁਣਕੇ ਸੰਗਤਾਂ ਦੀ ਬਿਰਤੀ ਇਕਾਗਰ ਹੋ ਜਾਂਦੀ ਹੈ। ਇਹ ਪ੍ਰਭਾਵ ਸੁਰ ਅਤੇ ਤਾਲ ਦਾ ਹੀ ਹੈ। ਮਨੁੱਖ ਨੂੰ ਮਨੁੱਖ ਨਾਲ ਜੋੜਨ ਦਾ ਸੌਖਾ ਤੇ ਸਰਲ ਉਪਾ, ਸਮਾਜ ਨੂੰ ਸੇਧ ਦੇਣ ਦਾ ਇਕ ਢੰਗ, ਪ੍ਰਭੂ ਨੂੰ ਰਿਝਾਉਣ ਦਾ ਰਸਤਾ, ਦੇਸ਼ ਨੂੰ ਦੂਜੇ ਦੇਸ਼ਾਂ ਵਿਚ ਹਰਮਨ ਪਿਆਰਾ ਅਤੇ ਪ੍ਰਸਿੱਧ ਕਰਨ ਲਈ ਇਕ ਅਨਮੋਲ ਧੁਰਾ ਹੈ- ਸੰਗੀਤ। ਸੰਗੀਤ ਦੇ ਗੁਣਾਂ ਨੂੰ ਵੇਖਦੇ ਹੋਏ ਸਾਡੇ ਸਿਆਣੇ ਸੰਗੀਤਕਾਰਾ ਨੇ ਸੰਗੀਤ ਨੂੰ ਸਕੂਲਾ ਕਾਲਜਾ ਵਿਚ ਇਕ ਵਿਸ਼ੇ ਦੇ ਰੂਪ ਵਿਚ ਸ਼ਾਮਿਲ ਕਰ ਲਿਆ ਹੈ।

ਸਿੱਖਿਆ ਦਾ ਅਸਲ ਉਦੇਸ਼ ਮਨੁੱਖ ਦਾ ਵਿਕਾਸ ਕਰਨਾ ਹੈ। ਮਨੁੱਖ ਨੂੰ ਸੰਪੂਰਣ ਮਨੁੱਖ ਬਣਾਉਣਾ ਸਿੱਖਿਆ ਦਾ ਮੁੱਖ ਲਕਸ਼ ਹੈ।

ਬੌਧਿਕ ਸਿੱਖਿਆ (Intellectual Education) :- ਬੌਧਿਕ ਸਿੱਖਿਆ ਦੁਆਰਾ ਮਨੁੱਖ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਹੁੰਦਾ ਹੈ। ਇਸ ਸਿੱਖਿਆ ਦੁਆਰਾ ਭਾਸ਼ਾ, ਕਲਾ, ਵਿਗਿਆਨ ਅਤੇ ਹੋਰ ਮਹੱਤਵ ਪੂਰਣ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਜਿਸ ਦੇ ਨਾਲ ਮਨੁੱਖ ਦਾ ਬੌਧਿਕ ਗਿਆਨ ਪ੍ਰਫੁਲਤ ਹੁੰਦਾ ਹੈ। ਬੌਧਿਕ ਸਿੱਖਿਆ ਦੇ ਅੰਤਰਗਤ ਮਨੁੱਖ ਪੜ੍ਹਾਈ, ਲਿਖਾਈ, ਭਾਸ਼ਾ, ਕਲਾ, ਵਿਗਿਆਨ, ਕਾਨੂੰਨ, ਹਿਸਾਬ, ਪੋਲੀਟੀਕਲ ਸਾਇੰਸ, ਹੋਮ ਸਾਇੰਸ, ਇਕਨਾਮਿਕਸ, ਇਤਿਹਾਸ ਆਦਿ ਵਿਧਾਵਾਂ ਦਾ ਭਲੀ ਭਾਂਤਿ ਗਿਆਨ ਪ੍ਰਾਪਤ ਕਰਦਾ ਹੈ। ਭਾਸ਼ਾ ਦੇ ਸੁੰਦਰ ਸ਼ਬਦਾ ਦਾ ਭੰਡਾਰ ਇਕੱਠਾ ਕਰਦਾ ਹੈ। ਮਨੁੱਖ ਨੂੰ ਚੰਗਾ ਨਾਗਰਿਕ ਬਣਨ ਦੀ ਪ੍ਰੇਰਣਾ ਮਿਲਦੀ ਹੈ। ਦੂਜਿਆਂ ਦੀ ਸੇਵਾ, ਦੁੱਖ ਸੁੱਖ ਦਾ ਪ੍ਰਗਟਾਵਾ ਕਰਦਾ ਹੈ। ਸਿੱਖਿਆ ਦੇ ਕਲਾ ਖੇਤਰ ਵਿਚ ਗਣਿਤ, ਇਤਿਹਾਸ, ਸਾਧਾਰਣ ਵਿਗਿਆਨ ਦਾ ਨੇੜੇ ਦਾ ਸਬੰਧ ਹੈ। ਸੰਗੀਤ ਵਿਚ ਗਣਿਤ ਦਾ ਮਹੱਤਵ ਪੂਰਣ ਸਥਾਨ ਹੈ ਬਿਨਾ ਗਣਿਤ ਤੋਂ ਸੰਗੀਤ ਗਿਆਨ ਅਧੂਰਾ ਹੈ। ਜਿਸ ਪ੍ਰਕਾਰ ਗਣਿਤ ਇਕ ਤੋਂ ਨੌ ਤੱਕ ਦੇ ਅੰਗਾਂ ਵਿਚ ਵਿਚਰਦਾ ਹੈ ਇਸੇ ਤਰ੍ਹਾ ਸੰਗੀਤ ਸੱਤ ਸੁਰਾਂ ਦੇ ਹੇਰ ਫੇਰ ਦੀ ਕਲਾ ਹੈ। ਸੰਗੀਤ ਵਿਚ ਸੁਰ ਅਤੇ ਲੈਅ ਦਾ ਪ੍ਰਯੋਗ ਕਦੀ ਪੂਰੀ ਮਾਤਰਾ, ਕਦੀ ਅੱਧੀ, ਕਦੀ ਚੋਥਾਈ ਆਦਿ ਰੂਪ ਵਿਚ ਕੀਤਾ ਜਾਂਦਾ ਹੈ। ਤਾਲ ਦਾ ਹਿਸਾਬ ਕਿਤਾਬ ਤਾਂ ਪੂਰੀ ਤਰਾਂ ਗਣਿਤ ਤੇ ਹੀ ਆਧਾਰਿਤ ਹੈ। ਆਦਮੀ ਵਿਗਿਆਨ ਦੁਆਰਾ ਕੁਦਰਤ ਦੇ ਛੁੱਪੇ ਭੰਡਾਰਾਂ ਦੀ ਖੋਜ ਕਰਦਾ ਹੈ। ਆਕਾਸ਼, ਧਰਤੀ, ਪਾਤਾਲ ਵਿਚੋਂ ਲੁੱਕੀਆਂ, ਛੁਪੀਆਂ ਵਸਤੂਆਂ ਸ਼ਕਤੀਆਂ ਦੀ ਖੋਜ ਤੇ ਉਹਨਾਂ ਦੇ ਪ੍ਰਯੋਗ ਬਾਰੇ ਜਾਨਣਾਂ ਤੇ ਚੰਦ ਸਿਤਾਰਿਆਂ ਤੇ ਪੁੱਜਣਾਂ ਦਾ ਯਤਨ, ਸਮੁੰਦਰ ਵਿਚੋਂ ਜੀਵਾਂ ਅਤੇ ਖਜ਼ਾਨਿਆਂ ਦੀ ਖੋਜ ਕਰਦਾ ਹੈ। ਮਨੁੱਖ ਧਰਤੀ ਦੀ ਹਿੱਕ ਵਿਚੋਂ ਅਨਮੋਲ ਖਜਾਨੇ ਖੋਜਦਾ ਹੈ। ਉਹ ਸੋਨਾਂ, ਚਾਂਦੀ, ਕੋਇਲਾ, ਗੈਸ, ਪੈਟਰੋਲ, ਆਦਿ ਪ੍ਰਾਪਤ ਕਰਨ ਦੇ ਸਰੋਤ ਭਾਲਦਾ ਹੈ। ਮੌਸਮ ਦੀ ਜਾਣਕਾਰੀ, ਤੂਫਾਨ ਦਾ ਆਉਣਾ, ਬਰਸਾਤ ਦਾ ਆਉਣਾਂ, ਭੁਚਾਲ ਦੀ

Sri Satguru Jagjit Singh Ji eLibrary NamdhariElibrary@gmail.com

ਗਤੀ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵਿਗਿਆਨ ਸਿੱਖਿਆ ਬੜੀ ਲਾਹੇਵੰਦ ਹੈ।

ਸੰਗੀਤ ਅਤੇ ਇਤਿਹਾਸ ਦਾ ਗਹਿਰਾ ਸਬੰਧ ਹੈ। ਇਤਿਹਾਸਕ ਘਟਨਾਵਾਂ ਨੂੰ ਅਮਰ ਅਤੇ ਲੋਕਪ੍ਰਿਆ ਬਣਾਉਣ ਵਿਚ ਵੀ ਸੰਗੀਤ ਦਾ ਯੋਗਦਾਨ ਕੋਈ ਘੱਟ ਮਹੱਤਵ ਤਾਂ ਨਹੀਂ। ਮਹਾਭਾਰਤ, ਰਮਾਇਣ ਕਾਲ, ਰਾਜਪੂਤ ਕਾਲ, ਅਕਬਰ ਕਾਲ, ਅੰਗਰੇਜ਼ ਕਾਲ, ਆਧੁਨਿਕ ਕਾਲ ਦੀਆਂ ਘਟਨਾਵਾਂ ਨੂੰ ਸੰਗੀਤਕ ਰੂਪ ਦੇ ਕੇ ਸਾਧਾਰਣ ਲੋਕਾਂ ਤਾਈ ਪਹੁੰਚਾਇਆ ਜਾਂਦਾ ਹੈ। ਇਕ ਚੀਨੀ ਵਿਦਵਾਨ ਕਾਨਫ਼ੂਸ਼ਅਸ ਦਾ ਕਥਨ ਹੈ :- "If one desires to know whether a kingdom is well governed, in its morals are good or bad the quality of its music will fornish the answer".

ਸੰਗੀਤ ਇਤਿਹਾਸ ਨੂੰ ਅਮਰਪਦ ਪ੍ਰਦਾਨ ਕਰਨ ਦੇ ਨਾਲ-ਨਾਲ ਉਸਦੀ ਰੂਪ ਰੇਖਾ ਅਤੇ ਭੂਗੋਲ ਵਿਚ ਪਰਿਵਰਤਨ ਕਰਨ ਦੀ ਸਕਤੀ ਰਖਦਾ ਹੈ। ਸ੍ਰੀ ਤੈਮਨ ਦਾ ਵਿਚਾਰ ਹੈ :- When modes of music charge, the fundamental laws of the state change with them."

ਇਹ ਵੀ ਪੂਰੇ ਵਿਸ਼ਵਾਸ਼ ਨਾਲ ਕਿਹਾ ਜਾ ਸਕਦਾ ਹੈ ਕਿ ਸੰਗੀਤ ਇਤਿਹਾਸ ਨੂੰ ਜੀਵਤ ਅਤੇ ਭੂਗੋਲ ਦੀ ਸੁਰੱਖਿਆ ਕਰਨ ਦੀ ਜ਼ੁਮੇਵਾਰੀ ਨਿਭਾਉਂਦਾ ਹੈ। ਸੰਗੀਤ ਬੌਧਿਕ ਸਿੱਖਿਆ ਦਾ ਇਕ ਅਨਿੱਖੜਵਾਂ ਅਤੇ ਮਹੱਤਵਪੂਰਣ ਅੰਗ ਹੈ।

ਗਣਿਤ ਅਤੇ ਸੰਗੀਤ :- ਆਮ ਲੋਕਾਂ ਦੀ ਧਾਰਨਾ ਹੈ ਕਿ ਸੰਗੀਤ ਦਾ ਹਿਸਾਬ ਨਾਲ ਕੀ ਸਬੰਧ ਹੈ ? ਇਹ ਉਹਨਾਂ ਦੀ ਅਗਿਆਨਤਾ ਅਤੇ ਭੁੱਲ ਹੈ। ਸ਼ਾਸਤਰੀ ਸੰਗੀਤ ਬਿਨਾ ਹਿਸਾਬ ਦੇ ਸਮਝ ਹੀ ਨਹੀਂ ਆ ਸਕਦਾ। ਤਾਲਾਂ ਦੀਆਂ ਮਾਤਰਾਂ ਦੀ ਗਿਣਤੀ, ਵੱਖ-ਵੱਖ ਲੈਆਕਾਰੀਆਂ ਜਿਵੇਂ ਦੁਗੁਣ, ਤਿਗੁਣ, ਚੌਗੁਣ, ਅਠਗੁਣ, ਆੜ,ਕੁਆੜ, ਅਲੱਗ-ਅਲੱਗ ਤਾਲਾਂ ਦੀਆਂ ਤਿਹਾਈਆਂ, ਠਹਿਰਾਵ, ਪਰਣ, ਚੱਕਰਦਾਰ, ਫ਼ਰਮਾਇਸੀ ਚੱਕਰਦਾਰ ਪਰਣ, ਦਮਦਾਰ, ਬੇਦਮਤਿਹਾਈ, ਇਕਤਾਲ ਵਿਚ ਤਿੰਨ ਤਾਲ ਵਜਾਉਣਾਂ ਜਾਂ ਸੱਤ ਮਾਤਰੇ ਦੀ ਤਾਲ ਵਿਚ ਦਸ ਮਾਤਰੇ ਜਾਂ ਸੋਲਾਂ ਮਾਤਰੇ ਪੂਰੇ ਕਰਨਾ। ਤਾਨਾਂ ਅਤੇ ਤੋੜਿਆਂ ਨੂੰ ਵੀ ਗਣਿਤ ਅਨੁਸਾਰ ਪ੍ਰਯੋਗ ਕਰਨਾ ਹੁੰਦਾ ਹੈ। ਇਹ ਇਕ ਅਜਿਹਾ ਹਿਸਾਬ ਕਿਤਾਬ ਹੈ ਜਿਸ ਨੂੰ ਆਮ ਪੜ੍ਹਿਆ ਲਿਖਿਆ ਵਿਅਕਤੀ ਵੀ ਬਿਨਾਂ ਸਮਝੇ ਜਾਣ ਨਹੀਂ ਸਕਦਾ। ਇਕ ਸੰਗੀਤਕਾਰ ਨੂੰ ਹਿਸਾਬ ਦਾ ਜਾਨਣਾਂ ਬੜਾ ਜ਼ਰੂਰੀ ਹੈ। ਅੰਦੋਲਨ ਸੰਖਿਆ, ਤਾਰ ਦੀ ਲੰਬਾਈ ਤੇ ਸੁਰਾਂ ਦੀ ਸਥਾਪਨਾਂ, ਥਾਟ ਤੋਂ ਰਾਗਾ ਦੀ ਉਤਪਤੀ ਵੀ ਹਿਸਾਬ ਦੀ ਸਮਝ ਤੋਂ ਬਿਨਾ ਨਹੀਂ ਆ ਸਕਦੀ। ਵਾਦਨ ਅਤੇ ਨ੍ਰਿਤ ਲਈ ਤਾਲ ਗਿਆਨ ਤੋਂ ਬਿਨਾ ਗਣਿਤ ਦਾ ਗਿਆਨ ਹੋਣਾ ਵੀ ਬਹੁਤ ਜਰੂਰੀ ਹੈ।

ਸਰੀਰਕ ਸਿੱਖਿਆ :- ਮਨੁੱਖੀ ਸ਼ਰੀਰ ਨੂੰ ਤੰਦਰੁਸਤ ਰੱਖਣ ਲਈ ਕਈ ਉਪਰਾਲੇ ਕਰਨੇ ਪੈਂਦੇ ਹਨ। ਇਕ ਰਿਸ਼ਟ ਪੁਸ਼ਟ ਜਵਾਨ ਆਪਣੇ ਦੇਸ਼, ਕੌਮ ਦੀ ਸੇਵਾ ਕਰ ਸਕਦਾ ਹੈ। ਬਿਮਾਰ ਜਾਂ ਨਿਰਬਲ ਵਿਅਕਤੀ ਜੋ ਆਪਣੇ ਆਪ ਨੂੰ ਸੰਭਾਲ ਨਹੀਂ ਸਕਦਾ ਉਹ ਦੂਜਿਆਂ ਦੀ ਸੁਰੱਖਿਆ ਕਿਵੇਂ ਕਰ ਸਕਦਾ ਹੈ। ਬੱਚਿਆਂ ਦੇ ਸਰੀਰਕ ਉਥਾਨ ਦੇ ਲਈ ਡਰਿਲ ਪੀ.ਟੀ., ਪ੍ਰੇਡ, ਖੇਲਾਂ, ਦੌੜਾਂ ਜਿਮਨਾਸਟਿਕ ਦੀ ਸਿੱਖਿਆ ਦਿੱਤੀ ਜਾਂਦੀ ਹੈ ਜਿਸ ਵਿਚ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਹੈ। ਡ੍ਰਮ ਦੀ ਤਾਲ ਬੱਚਿਆਂ ਨੂੰ ਇਕੋ ਜਿਹਾ ਲੈਅ ਵਿਚ ਹੱਥ-ਪੈਰ ਉਠਾਣ ਵਿਚ ਸਹਾਇਕ ਹੁੰਦੀ ਹੈ। ਬੈਂਡ ਦੀ ਧੁਨ ਦਰਸ਼ਕਾਂ ਦੇ ਮਨ ਨੂੰ ਮੋਹਿਤ ਕਰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸ਼ਰੀਰਕ ਸਿੱਖਿਆ ਦੁਆਰਾ ਮਾਨਵ ਆਪਣੇ ਸਰੀਰ ਨੂੰ ਰਿਸ਼ਟ ਪੁਸ਼ਟ ਬਣਾਉਂਦਾ ਹੈ।

ਬਲਵਾਨ ਵਿਅਕਤੀ ਆਪਣੇ ਨਗਰ ਵਾਸੀਆਂ ਦੀ ਮੁਸੀਬਤ ਵੇਲੇ ਮਦਦ ਕਰ ਸਕਦਾ ਹੈ। ਬੁਰੇ ਕੰਮ ਕਰਨ ਵਾਲਿਆਂ ਤੋਂ ਛੁਟਕਾਰਾ ਦਿਵਾ ਸਕਦਾ ਹੈ। ਜਿਸ ਦਾ ਸਰੀਰ ਤੰਦਰੁਸਤ ਹੈ ਉਸਦਾ ਦਿਮਾਗ ਅਤੇ ਹੋਰ ਸਰੀਰਕ ਇੰਦਰੀਆਂ ਵੀ ਠੀਕ ਤਰਾਂ ਕੰਮ ਕਰਦੀਆਂ ਹਨ। ਕਿਹਾ ਗਿਆ ਹੈ ਕਿ *"A sound mind in a sound body"*.

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸੁਚਾਰੂ ਰੂਪ ਵਿਚ ਕੰਮ ਕਰਨ ਲਈ ਮਨ ਉਦੋਂ ਹੀ ਤਿਆਰ ਹੁੰਦਾ ਹੈ ਜਦੋਂ ਸਰੀਰ ਤੰਦਰੁਸਤ ਹੋਵੇ।

ਪਲੈਟੋ ਦੇ ਅਨੁਸਾਰ - ਸੰਗੀਤ ਅਤੇ ਕਸਰਤ ਦੋਵੇ ਹੀ ਮਨੁੱਖੀ ਜੀਵਨ ਲਈ ਜ਼ਰੂਰੀ ਹਨ। ਇਹ ਵੀ ਕਿਹਾ ਗਿਆ ਹੈ 'Health is Wealth' ਤੰਦਰੁਸਤੀ ਹਜ਼ਾਰ ਨਿਆਮਤ ਹੈ। ਤੰਦਰੁਸਤ ਵਿਅਕਤੀ ਦੀ ਸਾਰੇ ਪੁੱਛਗਿਛ ਕਰਦੇ ਹਨ, ਉਸਦੀ ਕਦਰ ਕਰਦੇ ਹਨ। ਉਹ ਕਈਆਂ ਦੇ ਕੰਮ ਸਵਾਰਦਾ ਹੈ। ਗਰੀਬ ਹੋਣ ਦੀ ਹਾਲਤ ਵਿਚ ਕੋਈ ਕਿੱਤਾ ਕਰਕੇ ਆਪਣੀ ਜੀਵਿਕਾ ਚਲਾ ਸਕਦਾ ਹੈ। ਇਸ ਦੇ ਵਿਪਰੀਤ ਬਿਮਾਰ ਨੂੰ ਕੋਣ ਪੁਛਦਾ ਹੈ ਕਿਉਂਕਿ ਉਸਨੇ ਕਿਸੇ ਦੇ ਕੰਮ ਤਾਂ ਕੀ ਆਉਣਾ ਹੈ ਬਲਕਿ ਇਕ ਬੋਝ ਜਿਹਾ ਬਣ ਜਾਂਦਾ ਹੈ।

ਸੰਗੀਤ ਆਪਣੇ ਆਪ ਵਿਚ ਹੀ ਇਕ ਕਸਰਤ ਹੈ। ਗਾਇਨ ਦੁਆਰਾ ਛਾਤੀ, ਫੇਫੜੇ, ਕੰਠ, ਦਿਮਾਗ ਦੀ ਵਰਜਿਸ਼ ਹੁੰਦੀ ਹੈ। ਕੋਈ ਸਾਜ਼ ਵਜਾਉਣ ਸਮੇਂ ਉਂਗਲੀਆਂ ਅਤੇ ਬਾਹਵਾਂ ਦੀ ਅਤੇ ਨ੍ਰਿਤ ਵਿਚ ਸਾਰੇ ਸਰੀਰ ਦੀ ਕਸਰਤ ਹੁੰਦੀ ਹੈ। ਸੰਗੀਤ ਆਪਣੇ ਆਪ ਵਿਚ ਇਕ ਪ੍ਰਾਣਾਯਾਮ, ਵਿਆਯਾਮ, ਕਸਰਤ, ਤੇ ਯੋਗਾਭਿਆਸ ਹੈ। ਇਹਨਾ ਸਾਰੇ ਗੁਣਾ ਨੂੰ ਵੇਖਦੇ ਹੋਏ ਸੰਗੀਤਕਾਰਾਂ ਨੇ ਸੰਗੀਤ ਨੂੰ ਇਕ ਵਿਸ਼ੇ ਦੇ ਰੂਪ ਵਿਚ ਸ਼ਾਮਲ ਕਰ ਲਿਆ ਹੈ ਜੋ ਕਾਲਜਾਂ, ਯੂਨੀਵਰਸਿਟੀਆਂ ਵਿਚ ਪੜਾਇਆ ਵੀ ਜਾ ਰਿਹਾ ਹੈ। ਵਿਦਿਆਰਥੀ ਦਾ ਸਿਹਤਮੰਦ ਹੋਣਾ ਇਕ ਵੱਡਾ ਗੁਣ ਹੈ। ਜੇਕਰ ਤੰਦਰੁਸਤੀ ਉਸਦੇ ਪਾਸ ਨਹੀਂ ਤਾਂ ਦੂਜੇ ਹੋਰ ਗੁਣ ਮੱਧਮ ਪੈ ਜਾਂਦੇ ਹਨ। ਬੱਚਿਆਂ ਦੇ ਸ਼ਰੀਰਕ ਉਥਾਨ ਲਈ ਖੇਡਾਂ, ਦੌੜਾਂ, ਜੈਮਨਾਸਟਿਕ, ਹਾਈਕਿੰਗ, ਟ੍ਰੈਕਿੰਗ, ਪਰਗਡੰਡੀ ਚੜਨਾਂ, ਪ੍ਰੇਡ, ਡਰਿਲ ਆਦਿ ਕਰਵਾਈਆਂ ਜਾਂਦੀਆਂ ਹਨ। ਬਹੁਤ ਸਾਰੀਆ ਖੇਲਾਂ ਲਈ ਰਿਦਮ (ਲੈਅ) ਦੀ ਲੋੜ ਹੁੰਦੀ ਹੈ। ਬੈਂਡ ਦੀ ਧੁਨ ਅੜੇ ਡਰੰਮ ਦੀ ਲੈਅ ਵਿਦਿਆਰਥੀਆਂ ਵਿਚ ਉਤਸ਼ਾਹ ਅਤੇ ਇਕਸੁਰਤਾ ਬਣਾਈ ਰਖਦੇ ਹਨ। ਆਧੁਨਿਕ ਕਾਲ ਵਿਚ ਫੰਕਸ਼ਾਂ ਵਿਚ ਉਤਸਾਹ ਭਰਨ ਲਈ ਬੈਂਡ ਵਜਾਏ ਜਾਂਦੇ ਹਨ। ਪ੍ਰਾਚੀਨ ਕਾਲ ਵਿਚ ਇਸੇ ਮੰਤਵ ਨਾਲ ਸੰਖ, ਰਣਸਿੰਘਾ, ਰਣਭੇਰੀ,ਦੁੰਦਭੀ, ਨਗਾਰਾ ਆਦਿ ਸਾਜ਼ ਵਰਤੇ ਜਾਂਦੇ ਹਨ। ਜੇਕਰ ਪਸ਼ੂ, ਪੰਛੀ, ਪੌਦਿਆਂ ਉਤੇ ਸੰਗੀਤ ਦਾ ਪ੍ਰਭਾਵ ਪੈਦਾ ਹੈ ਤਾਂ ਮਨੁੱਖ ਇਸ ਪ੍ਰਭਾਵ ਤੋਂ ਕਿਵੇਂ ਵਾਝਾ ਰਹਿ ਸਕਦਾ ਹੈ।

ਸੰਗੀਤ ਅਤੇ ਚਕਿਤਸਾ (Music and Medicine) :- ਗਾਇਕ ਲਈ ਮਧੁਰ ਕੰਠ ਦੀ ਲੋੜ ਹੈ ਇਸ ਲਈ ਉਸਦਾ ਧਿਆਨ ਕਈ ਛੋਟੀਆਂ ਗੱਲਾ ਵਲ ਦੇਣਾਂ ਪੈਦਾ ਹੈ। ਜਿਵੇਂ :- ਸਾਫ ਵਾਯੂ ਸੇਵਨ ਕਰਨਾ, ਧੂਏ ਤੋਂ ਬਚਨਾਂ, ਮਿੱਟੀ ਘਟੇ ਤੋਂ ਦੂਰ ਰਹਿਣਾਂ, ਗਰਮੀਆਂ ਦੇ ਮੌਸਮ ਵਿਚ ਬਰਫ ਤੋਂ ਪ੍ਰਹੇਜ਼ ਕਰਨਾ, ਗਰਮ-ਗਰਮ ਵਸਤੂ ਖਾ ਕੇ ਠੰਡਾ ਪਾਣੀ ਦਾ ਸੇਵਨ ਨਾ ਕਰਨਾ, ਠੰਡੀ ਹਵਾ ਤੋਂ ਬਚਣਾ, ਜ਼ਿਆਦਾ ਖੱਟੀਆਂ ਵਸਤੂਆਂ ਦਾ ਪ੍ਰਯੋਗ, ਨਜ਼ਲਾ, ਖਾਂਸੀ ਬੜੇ ਹਾਨੀਕਾਰਕ ਹਨ। ਜ਼ਰੂਰਤ ਤੋਂ ਵੱਧ ਖਾਣਾਂ, ਖਾਣ

Sri Satguru Jagjit Singh Ji eLibrary NamdhariElibrary@gmail.com

ਤੋਂ ਬਾਅਦ ਗਾਣਾ, ਘੱਟ ਸੌਣਾ ਜਾਂ ਉਨੀਂਦਰੇ ਰਹਿਣਾ, ਖੁਸ਼ਬੂਦਾਰ ਚੀਜਾਂ ਦਾ ਜ਼ਿਆਦਾ ਦੇਰ ਸੁੰਘਣਾ ਆਦਿ ਕੰਠ ਦੀ ਖਰਾਬੀ ਦਾ ਕਾਰਨ ਬਣ ਜਾਂਦੇ ਹਨ। ਕੁਦਰਤੀ ਇਲਾਜ ਜਿਵੇਂ ਸੁਧ ਸਾਤਵਿਕ ਭੋਜਨ ਕਰਨਾ, ਨਸ਼ੇ ਤੋਂ ਦੂਰ ਰਹਿਣਾ, ਗਰਾਰੇ ਕਰਨਾ, ਮਾਲਿਸ਼, ਵਰਜ਼ਿਸ ਕਰਨਾ, ਸਮੇਂ ਸਿਰ ਜਾਗਣਾ ਅਤੇ ਸੌਣਾ, ਨਿਤ ਪ੍ਰਤੀ ਰਿਆਜ ਕ੍ਰਿਆ ਲਈ ਕੇਵਲ ਕੰਠ ਹੀ ਨਹੀਂ ਬਲਕਿ ਸਰੀਰ ਦੇ ਕਈ ਅੰਗ ਉਸ ਵਿਚ ਆਪਣਾ ਆਪਣਾ ਹਿੱਸਾ ਪਾਉਂਦੇ ਹਨ। ਜਿਵੇਂ ਸਿਰ (Head) ਦਿਮਾਗ (Brain) ਛਾਤੀ (Chest) ਪੇਟ (Shdomine) ਫੇਫੜੇ (Lungs) ਕੰਠ (Throat) ਤਾਲੂ (Plate) ਸਵਾਸਨਲੀ (Wind Setpe) ਲੈਰੇਨੇਕਸ (Larynx) ਕਾ (Erula) ਸਵਰਯੰਤਰ (Vocal Chords) ਦੰਦ (Teeth) ਜੀਭ (Tongue) ਨੱਕ (Nose) ਅਤੇ Thyroid, Arytinoid, Epiglotis ਆਦਿ ਅੰਗ ਕੰਮ ਕਰਦੇ ਹਨ। ਇਹਨਾ ਦੀ ਸਾਭ ਵੀ ਕਰਨਾ ਉਨਾ ਹੀ ਜ਼ਰੂਰੀ ਹੈ।

ਵਾਦਨ ਕ੍ਰਿਆ ਲਈ ਬਾਜੂ (Arms) ਉਂਗਲੀਆਂ (Fingers) ਦਿਮਾਗ (Brain) ਵਿਸੇਸ ਤੌਰ ਤੇ ਅਧਿਕ ਕੰਮ ਕਰਦੇ ਹਨ। ਨ੍ਰਿਤ ਕ੍ਰਿਆ ਲਈ ਸਾਰਾ ਸਰੀਰਕ ਅਤੇ ਉਸਦੇ ਨਾਲ ਜੁੜੇ ਹੋਏ ਅਨੇਕਾ ਅੰਗ ਜਿਵੇਂ ਅੱਖਾਂ, ਭਵਾਂ, ਉਂਗਲੀਆਂ, ਕਮਰ, ਮੋਡੇ, ਪੈਰ, ਲੱਤਾਂ, ਗਰਦਨ, ਅਧਿਕ ਮਹੱਤਵ ਪੂਰਣ ਕ੍ਰਿਆਵਾ ਕਰਦੇ ਹਨ।

ਸੰਗੀਤ ਆਪਣੇ ਆਪ ਵਿਚ ਇਕ ਪ੍ਰਾਣਾਯਾਮ, ਯੋਗਭਿਆਸ ਅਤੇ ਸਰੀਰਕ ਵਿਆਯਾਮ ਹੈ। ਨ੍ਰਿਤ ਕਰਨ ਨਾਲ ਸਰੀਰਕ ਸ਼ਕਤੀ ਦਾ ਵਿਕਾਸ ਹੁੰਦਾ ਹੈ। ਸਰੀਰ ਨਿਰੋਗ ਰਹਿੰਦਾ ਹੈ। ਅੱਜ ਕਲ ਮਿਊਜੀਕਲ ਜੈਮਨਾਸਟਿਕ ਇਕ ਵਧੀਆ ਖੇਲ ਪ੍ਰਚਲਿਤ ਹੋ ਚੁੱਕੀ ਹੈ। ਇਸ ਵਿੱਚ ਸੰਗੀਤਕ ਧੁਨਾਂ ਦਾ ਪ੍ਰਯੋਗ ਕਰਦੇ ਹੋਏ ਖੇਲ ਨੁਮਾਇਸ਼ ਕੀਤੀ ਜਾਂਦੀ ਹੈ। ਜਿਸ ਦੇ ਫਲਸਰੂਪ ਉੱਚ ਪਧਰੇ ਖਿਡਾਰੀਆਂ ਨੂੰ ਨਾਮ, ਯਸ਼, ਅਤੇ ਧੰਨ ਦੀ ਪ੍ਰਾਪਤੀ ਹੁੰਦੀ ਹੈ। ਗਾਇਨ ਦੁਆਰਾ ਫੇਫੜਿਆਂ ਦੀ ਵਰਜ਼ਿਸ ਹੁੰਦੀ ਹੈ। ਵਾਦਨ ਕ੍ਰਿਆ ਦੁਆਰਾ ਹੱਥਾ ਤੇ ਹੋਰ ਸਰੀਰ ਦੇ ਅੰਗਾਂ ਅਤੇ ਦਿਮਾਗੀ ਕਸਰਤ ਹੁੰਦੀ ਹੈ। ਇਸ ਦਾ ਉਲੇਖ ਪਹਿਲਾ ਕੀਤਾ ਹੀ ਜਾਂ ਚੁਕਿਆ ਹੈ। ਇਹਨਾ ਅੰਗਾ ਨੂੰ ਨਿਰੋਗ ਰੱਖਣ ਲਈ ਚਕਿਤਸਿਕ ਪਾਸ ਜਾਣਾ ਜਾਂ ਚਕਿਤਸਾ ਦਾ ਗਿਆਨ ਹੋਣਾਂ ਵੀ ਬੜਾ ਜਰੂਰੀ ਹੈ।

ਸੰਗੀਤ ਅਤੇ ਮਾਨਸਿਕ ਸੇਹਤ (Music and Mental Health) :- Mental Health ਦਾ ਭਾਵ ਹੈ ਕਿ Psychology ਦਾ ਗਿਆਨ ਹੋਣਾ ਚਾਹੀਦਾ ਹੈ ਕਿਉਂਕਿ ਜਿਸ ਤਰਾਂ ਦਾ ਮਨ ਉਸੇ ਤਰਾਂ ਦਾ ਸੰਗੀਤ ਤੇ ਪ੍ਰਭਾਵ ਪਵੇਗਾ। ਮਨ ਨੂੰ ਸੁੱਧ ਕਰਕੇ ਹੀ ਸੰਗੀਤ ਦਾ ਅਸਲੀ ਅਨੰਦ ਮਾਣਿਆ ਜਾ ਸਕਦਾ ਹੈ। ਮਨ ਦੀਆਂ ਬੁਰਾਈਆਂ ਤੇ ਕਾਬੂ ਕਿਸ ਤਰ੍ਹਾਂ ਪਾਉਣਾ ਹੈ। Mental Health ਨਾਲ ਸੰਬੰਧ ਪੈਦਾ ਹੈ ਜਿਸਦਾ ਗਿਆਨ ਹੋਣਾ ਬੜਾ ਜਰੂਰੀ ਹੈ। ਸੰਗੀਤ ਮਨੁੱਖੀ ਸਰੀਰ ਦੇ ਅੰਗਾਂ ਉਤੇ ਵੀ ਗਹਿਰਾ ਪ੍ਰਭਾਵ ਪਾਉਂਦਾ ਹੈ। ਮਾਨਸਿਕ ਅਤੇ ਸਰੀਰਕ ਸਹਿਤ ਦੀ ਦ੍ਰਿਸ਼ਟੀ ਨਾਲ ਵੇਖਦਿਆਂ ਹੋਇਆ ਸੰਗੀਤ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਜੇ ਧਨ ਚਲਾ ਜਾਵੇ ਤਾਂ ਥੋੜਾ ਜਿੰਨਾ ਹੀ ਨੁਕਸਾਨ ਹੋਇਆ ਜੇ ਸੇਹਤ ਚਲੀ ਜਾਵੇ ਤਾਂ ਵੱਡਾ ਨੁਕਸਾਨ ਹੋਇਆ ਜੇ ਚਰਿਤੱਰ ਚਲਾ ਜਾਵੇ ਤਾਂ ਬਾਕੀ ਕੁਝ ਵੀ ਨਹੀਂ ਬਚਦਾ। ਸੇਹਤ ਠੀਕ ਹੋਣ ਤੇ ਮਨੁੱਖ ਹਰ ਸੰਸਾਰਿਕ ਵਸਤੂ ਦਾ ਆਨੰਦ ਮਾਣਦਾ ਹੈ। ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਹੋਣਾ ਮਨੁੱਖ ਲਈ ਲਾਜ਼ਮੀ ਹੈ। ਮਿਸਾਲ ਵਜੋਂ ਜੇ ਕੋਈ ਆਦਮੀ ਦਿਲ ਦਾ ਮਰੀਜ ਹੈ ਤਾਂ ਸੋਰ ਸਰਾਬੇ ਵਾਲੀਆਂ ਧੁਨੀਆਂ ਉਸ ਲਈ ਹਾਨੀਕਾਰਕ ਹਨ। ਉਸ

Sri Satguru Jagjit Singh Ji eLibrary NamdhariElibrary@gmail.com

ਨੂੰ ਮਧੁਰ ਅਤੇ ਨੀਵੀਂ ਆਵਾਜ਼ ਵਿਚ ਭਾਰਤੀ ਸੰਗੀਤ ਵਿਸ਼ੇਸ਼ ਤੌਰ ਤੇ ਵਾਦਨ ਸੰਗੀਤ ਸੁਣਨਾ ਲਾਹੇਵੰਦ ਹੋਵੇਗਾ। ਮਾਨਸਿਕ ਰੋਗੀ ਲਈ ਸੰਗੀਤ ਇਕ ਅਚੂਕ ਦਵਾ ਹੈ। ਮਾਨਸਿਕ ਰੋਗੀ ਦਾ ਇਲਾਜ ਸੰਗੀਤ ਦੁਆਰਾ ਕੀਤਾ ਜਾ ਸਕਦਾ ਹੈ।

ਸਰੀਰ ਨੂੰ ਤੰਦਰੁਸਤ ਰੱਖਣ ਲਈ ਕਸਰਤ ਕਰਨਾ ਬੜਾ ਜਰੂਰੀ ਹੈ ਸੰਗੀਤ ਰਿਆਜ ਕਰਨ ਵਿਚ ਸਹਾਇਤਾ ਕਰਦਾ ਹੈ। ਵਿਸ਼ੇਸ਼ ਲੈਅ ਬਧ ਸੰਗੀਤ ਦਾ ਟੇਪ ਬਜਾਉ ਦੇ ਹੋਏ ਕਸਰਤ ਕਰਨਾ, ਜੈਮਨਾਸਟਿਕ ਕਰਨਾ, ਨ੍ਰਿਤ ਕਰਨਾ, ਸਰੀਰਕ ਤੰਦਰੁਸਤੀ ਲਈ ਲਾਹੇਵੰਦ ਸਿੱਧ ਹੁੰਦਾ ਹੈ। ਸਕੂਲਾਂ ਵਿਚ ਬੱਚਿਆਂ ਨੂੰ ਪੀਟੀ ਕਰਵਾਈ ਜਾਂਦੀ ਹੈ। ਜਿਸ ਦੇ ਨਾਲ ਉਹਨਾ ਵਿਚ ਇਕਸੁਰਤਾ ਕਾਇਮ ਰੱਖਣ ਲਈ ਬੈਂਡ ਦੀ ਵਰਤੋ ਕੀਤੀ ਜਾਂਦੀ ਹੈ। ਮਿਲਟਰੀ ਜਾਂ ਪੁਲੀਸ ਨੂੰ ਵੀ ਬੈਂਡ ਦੁਆਰਾ ਡਰਿਲ ਕਰਵਾਉਣ ਦਾ ਇਹੀ ਉਦੇਸ਼ ਹੈ। ਜਿਸ ਵਿਅਕਤੀ ਦਾ ਸਰੀਰ ਹਰ ਪੱਖੋ ਤੰਦਰੁਸਤ ਹੈ ਉਹ ਮਾਨਸਿਕ ਸੇਹਤ ਵਲੋਂ ਵੀ ਠੀਕ ਰਹਿੰਦਾ ਹੈ। ਸੰਗੀਤ ਇਸ ਤੰਦਰੁਸਤੀ ਲਈ ਇਕ ਮਹੱਤਵਪੂਰਣ ਭੂਮਿਕਾ ਨਿਭਾਉ ਦਾ ਹੈ।

ਸਮਾਜਿਕ ਸਿੱਖਿਆ (Social Education) :- ਮਨੁੱਖ ਇਕ ਸਮਾਜਕ ਪ੍ਰਾਣੀ ਹੈ। (Man is a Social Animal) ਇਹ ਕਥਨ ਆਮ ਪ੍ਰਸਿੱਧ ਹੀ ਹੈ। ਸੰਸਾਰ ਇਕ ਬਹੁਤ ਵੱਡਾ ਸਮਾਜ ਹੈ ਅਤੇ ਮਨੁੱਖ ਉਸਦਾ ਇਕ ਅੰਸ਼ ਮਾਤਰ ਹੈ। ਸੰਸਾਰ ਰੂਪੀ ਸਮਾਜ ਦੇ ਛੋਟੇ-ਛੋਟੇ ਅੰਗ ਹਨ। ਜਿਸ ਵਿਚ ਸਾਰਾ ਸੰਸਾਰ ਵੰਡਿਆ ਹੋਇਆ ਹੈ। ਜਿਸ ਇਲਾਕੇ ਵਿਚ ਜਿਸ ਮਨੁੱਖ ਦਾ ਜਨਮ ਹੁੰਦਾ ਹੈ ਉਹ ਉਥੇ ਦੇ ਸਮਾਜ ਨਾਲ ਜੁੜ ਜਾਂਦਾ ਹੈ। ਹਰੇਕ ਦੇਸ਼ ਦੀ ਜਲਵਾਯੂ, ਦੇ ਅਨੁਸਾਰ ਉਥੋਂ ਦੇ ਵਾਸੀਆਂ ਦਾ ਰਹਿਣ-ਸਹਿਣ, ਮੇਲ ਮਿਲਾਪ ਰਸਮੋ-ਰਿਵਾਜ, ਮਨੋਭਾਵਾਂ, ਜੀਵਨ ਮੁਲ ਹੁੰਦਾ ਹੈ। ਕਈ ਵਾਰ ਉਸ ਵਿਚ ਕੁਰੀਤੀਆਂ ਵੀ ਸ਼ਾਮਿਲ ਹੋ ਜਾਂਦੀਆਂ ਹਨ। ਅਗਿਆਨਤਾ ਕਾਰਨ ਅੰਧਵਿਸ਼ਵਾਸ ਪ੍ਰਚਲਿਤ ਹੋ ਜਾਂਦੇ ਹਨ। ਸਮਾਜਿਕ ਸਿੱਖਿਆ ਦੁਆਰਾ ਮਨੁੱਖ ਸੰਸਾਰ ਵਿਚ ਸੰਸਕ੍ਰਿਤੀ, ਸਭਿਅਤਾ ਦਾ ਸੰਚਾਰ ਕਰਦਾ ਹੈ। ਪ੍ਰਾਣੀਆਂ ਨਾਲ ਪ੍ਰੇਮ ਕਰਦਾ ਹੈ। ਹਰੇਕ ਨੂੰ ਉਸਦਾ ਹੱਕ ਦਿਵਾਉਣ ਦਾ ਯਤਨ ਕਰਦਾ ਹੈ। ਅਨਿਆਏ ਦੇ ਵਿਰੁੱਧ ਆਵਾਜ ਉੱਚੀ ਕਰਦਾ ਹੈ। ਮਨੁੱਖੀ ਹੱਕਾਂ ਬਾਰੇ ਜਾਗਰੂਕ ਹੁੰਦਾ ਹੈ। ਸਮਾਜ ਦੀਆਂ ਬੁਰਾਈਆਂ, ਕੁਰੀਤੀਆਂ, ਅੰਧਵਿਸ਼ਵਾਸਾਂ ਨੂੰ ਤਿਆਗ, ਚੰਗੇ ਕੰਮਾਂ ਨੂੰ ਗ੍ਰਹਿਣ ਕਰਨ ਤੇ ਬਲ ਦਿੰਦਾ ਹੈ। ਸਭ ਨਾਲ ਮਿਲ ਬੈਠ ਸੰਸਾਰਿਕ ਪ੍ਰਾਣੀਆਂ ਦੀ ਭਲਾਈ ਦੇ ਸਾਧਨ ਖੋਜਦਾ ਹੈ। ਮਨੁੱਖ ਸਿੱਖਿਆ ਦੁਆਰਾ ਸਮਾਜ ਦੇ ਹਨੇਰੇ ਦਿਮਾਗਾਂ ਨੂੰ ਰੁਸ਼ਨਾਉ ਦਾ ਹੈ। ਸਮਾਜ ਸੁਧਾਰ ਦੇ ਅਤੇ ਸਮਾਜ ਸੇਵਾ ਦੇ ਕੰਮ ਕਰਦਾ ਹੈ।

ਸੰਸਕ੍ਰਿਤਕ ਸਿੱਖਿਆ (Cultural Education) :- ਭਰਤਰੀ ਹਰੀ ਨੇ ਆਪਣੇ ਗ੍ਰੰਥ ਵਿਚ ਲਿਖਿਆ ਹੈ :-

ਸਾਹਿਤ ਸੰਗੀਤ ਕਲਾ ਵਿਹੀਨ
ਸਾਖਸ਼ਾਤ ਪਸ਼ੂ, ਪੰਛੀ, ਵਿਸ਼ਾਣ, ਹੀਨ

ਅਰਥਾਤ ਜੋ ਵਿਅਕਤੀ ਸੰਗੀਤ ਕਲਾ ਅਤੇ ਸਾਹਿਤ ਦੇ ਗਿਆਨ ਤੋਂ ਹੀਣ ਹੈ ਭਾਵ ਇਹਨਾਂ ਕਲਾਵਾਂ ਦੇ ਗਿਆਨ ਤੋਂ ਵਾਝਾ ਹੈ। ਉਹ ਇਕ ਅਜਿਹੇ ਪਸ਼ੂ ਦੇ ਸਮਾਨ ਹੈ ਜਿਸ ਦੀ ਪੂੰਛ ਨਹੀਂ ਹੈ। ਸੰਸਕ੍ਰਿਤਕ ਸਿੱਖਿਆ ਦੁਆਰਾ ਮਨੁੱਖ ਆਪਣਾ ਅਤੇ ਆਪਣੇ ਸਮਾਜ ਦੇ ਵਿਅਕਤੀਆਂ ਦਾ ਮਨੋਰੰਜਨ ਕਰਦਾ ਹੈ। ਉਹਨਾ ਦੇ ਜੀਵਨ ਵਿਚ ਖੁਸ਼ੀਆਂ ਤੇ ਖੇੜਾ ਭਰਦਾ ਹੈ। ਜੀਵਨ ਨੂੰ ਖੂਬਸੂਰਤ ਅਤੇ ਰੰਗੀਨ ਬਣਾਉਣ ਵਿਚ

Sri Satguru Jagjit Singh Ji eLibrary NamdhariElibrary@gmail.com

ਸਹਾਇਤਾ ਕਰਦਾ ਹੈ। ਲਲਿਤ ਕਲਾਵਾਂ ਦੁਆਰਾ ਜੀਵਨ ਸੁਖਮਈ ਬਣਦਾ ਹੈ। ਕਲਾਵਾਂ ਸਮਾਜ ਨੂੰ ਜੋੜਦੀਆਂ ਹਨ। ਵਿਅਕਤੀ ਨੂੰ ਵਿਅਕਤੀ ਦੇ ਨੇੜੇ ਲਿਆਉਂਦੀਆਂ ਹਨ। ਇਕ ਦੇਸ਼ ਨੂੰ ਦੂਜੇ ਦੇਸ਼ਾਂ ਨਾਲ ਜੋੜਦੀਆਂ ਹਨ। ਕਲਾਕਾਰ ਮਿੱਤਰਤਾ ਦਾ ਸੰਦੇਸ਼ ਦਿੰਦਾ ਹੈ। ਸੰਸਾਰ ਨੂੰ ਇਕ ਸੂਤਰ ਵਿਚ ਪਿਰੋਣ ਦਾ ਯਤਨ ਕਰਦਾ ਹੈ। ਇਕ ਮਾਲਾ ਜਾਂ ਗੁਲਦਸਤੇ ਦਾ ਰੂਪ ਪ੍ਰਦਾਨ ਕਰਦਾ ਹੈ। ਵਾਸਤੂ ਕਲਾ, ਚਿਤੇਰਕਲਾ, ਕਾਵਿ ਕਲਾ ਅਤੇ ਸੰਗੀਤ ਕਲਾ ਆਦਿ ਸਾਰੀਆਂ ਕਲਾਵਾਂ ਮਨੁੱਖੀ ਜੀਵਨ ਨੂੰ ਸੁਖੀ, ਰੰਗੀਨ, ਮਨੋਰੰਜਕ ਤੇ ਰਸਦਾਇਕ ਬਣਾਉਂਦੀਆਂ ਹਨ।

ਭਾਰਤ ਦੇ ਭੂਤਪੂਰਵ ਰਾਸ਼ਟ੍ਰਪਤੀ ਡਾ. ਰਾਜੇਦਰ ਪ੍ਰਸਾਦ ਨੇ ਕਿਹਾ ਸੀ :-

"ਜੀਵਨ ਵਿਚ ਸੰਗੀਤ ਦਾ ਕੀ ਸਥਾਨ ਹੈ ਅਤੇ ਕੀ ਹੋਣਾ ਚਾਹੀਦਾ ਹੈ ? ਇਸ ਦੇ ਸੰਬੰਧ ਵਿਚ ਕੁਝ ਕਹਿਣਾ ਮੇਰੇ ਵਾਸਤੇ ਜਰੂਰੀ ਹੈ, ਕਿਉਂਕਿ ਸਾਡੇ ਦੇਸ਼ ਵਿਚ ਸੰਗੀਤ ਦੇ ਮਹੱਤਵ ਨੂੰ ਸਾਰੇ ਜਾਣਦੇ ਹਨ। ਮੇਰਾ ਨਿਸਚਿਤ ਮੱਤ ਹੈ ਕਿ ਭੌਤਿਕ ਅਤੇ ਅਧਿਆਤਮਕ ਦੋਨਾਂ ਦ੍ਰਿਸਟੀਆਂ ਤੋਂ ਸੰਗੀਤ ਮਨੁੱਖ ਵਾਸਤੇ ਸਾਧਨਾਂ ਦਾ ਵਿਸੇ ਹੈ। ਭੌਤਿਕ ਜੀਵਨ ਵਿਚ ਸੰਗੀਤ ਮਨੋਰੰਜਨ ਦਾ ਉਨ੍ਹਾਂ ਹੀ ਵੱਡਾ ਸਾਧਨ ਹੈ ਜਿਨਾਂ ਅਧਿਆਤਮਕ ਜੀਵਨ ਵਿਚ ਪ੍ਰੇਰਣਾ ਦਾ ਸਰੋਤ ਹੈ। ਅੱਜ ਹੀ ਨਹੀਂ ਸਦੀਆਂ ਤੋਂ ਸਾਡੇ ਦੇਸ਼ ਵਿਚ ਸੰਗੀਤ ਅਤੇ ਈਸ਼ਵਰ ਭਜਨ ਦਾ ਗਹਿਰਾ ਸਬੰਧ ਰਿਹਾ ਹੈ। ਇਸ ਵਾਸਤੇ ਮੈ ਸਮਝਦਾ ਹਾਂ ਕਿ ਸੰਗੀਤ ਵਿਚ ਜੋ ਪ੍ਰਭਾਵ ਅਤੇ ਸ਼ਕਤੀ ਹੈ ਉਸਦਾ ਉਪਯੋਗ ਮਾਨਵ ਦੇ ਕਲਿਆਣ ਦੇ ਵਾਸਤੇ ਹੋਣਾ ਚਾਹੀਦਾ ਹੈ। ਸਾਧਾਰਨ ਮਨੋਰੰਜਨ ਤੋਂ ਲੈ ਕੇ ਅਧਿਆਤਮਕ ਉਡਾਨ ਤੱਕ, ਸਭ ਕੁਝ ਮਾਨਵ ਕਲਿਆਣ ਦੀ ਪ੍ਰਸਿੱਧੀ ਵਿਚ ਆਉਂਦਾ ਹੈ।"

ਸੰਗੀਤ ਦਾ ਮਨੁੱਖ ਦੇ ਕਿਸੇ ਖਾਸ ਪੱਖ ਤੋਂ ਹੀ ਨਹੀਂ ਬਲਕਿ ਹਰ ਪੱਖ ਤੋਂ ਸਬੰਧ ਹੈ। ਆਦਿ ਕਾਲ ਤੋਂ ਹੀ ਇਹ ਸਬੰਧ ਚਲਿਆ ਆ ਰਿਹਾ ਹੈ। ਮਧੁਰ ਸੰਗੀਤ ਦਾ ਸਾਡੇ ਦਿਲ ਅਤੇ ਕੰਨਾ ਤੇ ਇਕ ਵਿਸੇਸ਼ ਪ੍ਰਭਾਵ ਪੈਂਦਾ ਹੈ। ਮਧੁਰ ਅਤੇ ਸੁਰੀਲੀ ਧੁਨੀ ਜਾਂ ਗੀਤ ਨੂੰ ਸੁਣ ਕੇ ਮਨੁੱਖ ਉਧਰ ਵੱਲ ਖਿਚਿਆ ਜਾਂਦਾ ਹੈ। ਆਪਣੇ ਆਪ ਨੂੰ ਭੁੱਲ ਕੇ ਆਨੰਦ ਮਗਨ ਹੋ ਜਾਂਦਾ ਹੈ। ਆਨੰਦ ਦੀ ਹਾਲਤ ਵਿਚ ਉਹ ਅਨੰਤ ਪਾਰਬ੍ਰਹਮ ਵਿਚ ਲੀਨ ਹੋ ਜਾਂਦਾ ਹੈ।

ਮੁਨਸ਼ੀ ਪ੍ਰੇਮਚੰਦ ਨੇ ਸੰਗੀਤ ਦੀ ਮਹਿਮਾ ਕਰਦੇ ਹੋਏ ਲਿਖਿਆ : "ਮਨੋ ਵਿਵਸਥਾ ਜਦੋਂ ਅਧਿਕ ਅਸਰ ਅੜੇ ਅਪਾਰ ਹੋ ਜਾਂਦੀ ਹੈ ਉਸ ਨੂੰ ਕਿਤੇ ਵੀ ਚੈਨ ਨਹੀਂ ਮਿਲਦਾ, ਤਦ ਉਹ ਰੁਦਨ ਅਤੇ ਕਰਿੰਦਨ ਦੀ ਗੋਦ ਵਿਚ ਵੀ ਸਹਾਰਾ ਨਹੀਂ ਪਾਉਂਦੀ ਤਾ ਉਹ ਸੰਗੀਤ ਦੇ ਚਰਣਾਂ ਵਿਚ ਜਾ ਗਿਰਦੀ ਹੈ।"

ਪ੍ਰਾਚੀਨ ਸਾਹਿਤ ਸਾਨੂੰ ਪ੍ਰੇਰਣਾ ਦਿੰਦਾ ਹੈ। ਇਕ ਵਿਦਵਾਨ ਡੈਮਨ ਦਾ ਕਥਨ ਹੈ ਜਦੋਂ ਕਿਸੇ ਦੇਸ਼ ਦੇ ਸੰਗੀਤ ਦੇ ਨਿਯਮ ਬਦਲ ਜਾਂਦੇ ਹਨ ਤਾਂ ਉਸ ਦੇਸ਼ ਦਾ ਸ਼ਾਸ਼ਨ ਤੱਕ ਹਿਲ ਜਾਂਦਾ ਹੈ। ਸਰਕਾਰਾਂ ਬਦਲ ਜਾਂਦੀਆਂ ਹਨ, ਵਿਚਾਰ ਬਦਲ ਜਾਂਦੇ ਹਨ, ਕਰਾਂਤੀ ਦਾ ਆਭਾਸ ਹੋਣ ਲਗ ਪੈਂਦਾ ਹੈ।

ਇਕ ਹੋਰ ਵਿਦਵਾਨ ਕਾਨਫ਼ੂਸ਼ਸ ਦਾ ਵਿਸ਼ਵਾਸ ਹੈ ਕਿ ਕਿਸੇ ਦੇਸ਼ ਦੇ ਸ਼ਾਸ਼ਨ, ਦੇਸ਼ ਵਾਸੀਆਂ ਦੇ ਰਹਿਣ-ਸਹਿਣ ਅਤੇ ਸਾਂਸਕ੍ਰਿਤੀ ਦੇ ਸਟੈਂਡਰਡ ਨੂੰ ਦੇਖਣਾ ਹੋਵੇ ਤਾਂ ਉਸਦੇ ਸੰਗੀਤ ਦਾ ਸਟੈਂਡਰਡ ਵੇਖ ਲਵੋ। ਉਹ ਹੀ ਤੁਹਾਡੇ ਪ੍ਰਸ਼ਨ ਦਾ ਉੱਤਰ ਪੇਸ਼ ਕਰ ਦੇਵੇਗਾ। ਸੰਸਕ੍ਰਿਤੀ, ਦੇਸ਼, ਪ੍ਰਾਂਤ ਦਾ ਆਇਨਾ ਹੁੰਦੀ ਹੈ। ਮਨੋਰੰਜਨ ਦਾ ਜੀਵਨ ਵਿਚ ਵਿਸੇਸ਼ ਸਥਾਨ ਹੈ, ਸੰਗੀਤ ਇਸ ਦਾ ਮੁੱਖ, ਸਾਧਨ ਸਰੋਤ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਤਮਕ ਸਿੱਖਿਆ (Spirtual Education) :- ਅਧਿਆਤਮਿਕ ਸਿੱਖਿਆ ਜਿਸ ਨੂੰ ਆਤਮਕ ਗਿਆਨ ਵੀ ਕਿਹਾ ਜਾਂਦਾ ਹੈ, ਤੇ ਬਿਨਾਂ ਵੀ ਮਨੁੱਖੀ ਜੀਵਨ ਅਧੂਰਾ ਹੀ ਹੈ । ਮਨ ਦੀ ਸ਼ਾਂਤੀ ਬੜੀ ਜ਼ਰੂਰੀ ਹੈ । ਇਸ ਤੋਂ ਬਿਨਾਂ ਮਨੁੱਖ ਜੀਵਨ ਦੇ ਉਥਲ-ਪਥਲ ਰਸਤਿਆਂ ਤੇ ਭਟਕਦਾ ਫਿਰਦਾ ਜੀਵਨ ਐਵੇ ਹੀ ਗਵਾ ਕੇ ਵਾਪਸ ਸੰਸਾਰ ਤੋਂ ਟੁਰ ਜਾਂਦਾ ਹੈ । ਖਾਉ, ਪੀਉ, ਮੌਜ ਕਰੋ ਦਾ ਸਿਧਾਂਤ ਭਾਰਤੀ ਫਿਲਾਸਫੀ ਵਿਚ ਪੂਰੀ ਤਰਾਂ ਸਹੀ ਨਹੀਂ ਬੈਠਦਾ । ਅਧਿਆਤਮਕ ਸਿੱਖਿਆ ਲਈ ਯੋਗ ਸਾਧਨਾਂ, ਪ੍ਰਾਣਾਯਾਮ, ਨਾਮ ਸਿਮਰਨ, ਪੂਜਾ ਪਾਠ, ਨਿਤਨੇਮ, ਬੰਦਨਾ-ਅਰਚਨਾ, ਈਸ਼ਵਰ ਦਾ ਸ਼ੁਕਰਾਨਾ, ਭਜਨ ਕੀਰਤਨ ਆਦਿ ਵੱਲ ਧਿਆਨ ਦੇਣਾਂ ਮਨੁੱਖ ਲਈ ਬੜਾ ਲਾਹੇਵੰਦ ਸਿੱਧ ਹੁੰਦਾ ਹੈ । ਜਦੋਂ ਕੋਈ ਮਨੁੱਖ ਕਿਸੇ ਅਜਿਹੀ ਵਸਤੂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਜੋ ਉਸ ਨੂੰ ਯਤਨ ਕਰਨ ਤੇ ਵੀ ਪ੍ਰਾਪਤ ਨਹੀਂ ਹੁੰਦੀ ਤੇ ਉਹ ਨਿਰਾਸ਼ ਹੋ ਜਾਂਦਾ ਹੈ । ਉਸ ਵਕਤ ਉਸਨੂੰ ਅਧਿਆਤਮਕ ਗਿਆਨ ਹੀ ਸੰਭਾਵਨਾ ਪ੍ਰਦਾਨ ਕਰ ਸਕਦਾ ਹੈ ਕੋਈ ਹੋਰ ਵਿਦਿਆ ਬਿਲਕੁਲ ਨਹੀਂ । ਮਾਨਵ ਆਪਣੀ ਆਤਮਕ ਸ਼ਕਤੀ ਨੂੰ ਵਿਕਸਤ ਕਰਕੇ ਮਹਾਤਮਾਂ, ਪਰਮਾਤਮਾਂ ਰੂਪ ਬਣ ਜਾਂਦਾ ਹੈ । ਉਸ ਨੂੰ ਹਰ ਵਸਤੂ ਵਿਚ ਕਾਦਰ ਹੀ ਨਜ਼ਰ ਆਉਂਦਾ ਹੈ । ਕਈ ਲੋਕ ਨੁਮਾਇਸ਼ ਵੀ ਕਰਨ ਲਗ ਪੈਦੇ ਹਨ ਪਰ ਗਿਆਨਵਾਨ ਵਿਅਕਤੀ ਨਾਂ ਤਾਂ ਆਤਮਕ ਸ਼ਕਤੀਆਂ ਦਾ ਦੁਰ ਉਪਯੋਗ ਹੀ ਕਰਦਾ ਹੈ ਅਤੇ ਨਾਂ ਹੀ ਉਸ ਦਾ ਵਿਖਾਵਾ ਕਰਦਾ ਹੈ । ''ਸੰਤਾ ਕਾ ਬੋਲਾ ਸਹਿਜ ਸੁਭਾਇ, ਸੰਤ ਕਾ ਬੋਲਾ ਬਿਰਥਾ ਨਾ ਜਾਇ'' ਇਹ ਇਕ ਅਜਿਹੀ ਸ਼ਕਤੀ ਹੈ ਜਿਸ ਨਾਲ ਸੰਸਾਰ ਦੀ ਹਰ ਵਸਤੂ ਉਸਦੇ ਹੁਕਮ ਵਿਚ ਹੋ ਜਾਂਦੀ ਹੈ । ਸੰਗੀਤ ਵਿਦਿਆ ਵੀ ਅਧਿਆਤਮਕ ਗੁਣਾਂ ਨਾਲ ਭਰਪੂਰ ਹੈ । ਪੁਰਾਣੇ ਸੰਗੀਤ ਸਾਧਕਾਂ ਵਿਚ ਅਜਿਹੇ ਦੈਵੀ ਗੁਣ ਸਨ । ਉਹਨਾਂ ਦੀਆਂ ਗਾਥਾਵਾਂ ਅੱਜ ਵੀ ਮੂੰਹ ਦਰ ਮੂੰਹ ਸੁਨਣ ਵਿਚ ਆਉਂਦੀਆਂ ਹਨ । ਸੰਗੀਤ ਦਾ ਆਧਾਰ ਨਾਦ ਹੈ । ਨਾਦ ਇਕ ਯੋਗ ਹੈ । ਨਾਦ ਈਸ਼ਵਰ ਦਾ ਹੀ ਸਰੂਪ ਹੈ । ਇਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਜਿਸ ਤਰਾਂ ਈਸ਼ਵਰ ।

ਸੰਸਾਰ ਭੌਤਿਕ ਅਤੇ ਅਧਿਆਤਮਕ ਦਾ ਮਿਸ਼ਰਨ ਹੈ । ਜੀਵਨ ਨਿਰਵਾਹ ਕਰਨ ਲਈ ਭੌਤਿਕ ਵਸਤੂਆਂ ਦੀ ਲੋੜ ਹੁੰਦੀ ਹੈ ਪਰ ਆਤਮਕ ਸੁਖ ਲਈ ਆਧਿਆਤਮਕ ਵਿਦਿਆ ਤੋਂ ਛੁਟ ਕੋਈ ਹੋਰ ਸਾਧਨ ਨਹੀਂ । ਸੰਗੀਤ ਦੀ ਮਹਿਮਾ ਪ੍ਰਸਿਧ ਅੰਗਰੇਜ਼ੀ ਨਾਟਕਕਾਰ ਸ਼ੇਖਸਪੀਅਰ ਨੇ ਬੜੇ ਮਨੋਹਾਰੀ ਸ਼ਬਦਾਂ ਵਿਚ ਕੀਤੀ ਹੈ । " The man that hath no music in himself, nor is nored with concord of sweet sounds, is fit for treasons, stratagems and spoils. The motions of his spirit are dull as night and his affections dork as relies. Let no such man be Trusted".

ਸੱਚਾ ਸੰਗੀਤ ਸਾਧਕ ਕਿਸੇ ਨਾਲ ਛਲ ਕਪਟ, ਵੈਰ ਵਿਰੋਧ ਨਹੀਂ ਕਰਦਾ । ਉਹ ਆਪਣੀ ਸਾਧਨਾਂ ਵਿਚ ਮਗਨ ਰਹਿੰਦਾ ਹੈ । ਜਿਸ ਮਨ ਵਿਚ ਛੱਲ, ਕਪਟ, ਈਰਖਾ, ਦੁਵੈਸ਼ ਦਾ ਵਾਸ ਹੁੰਦਾ ਹੈ ਉੱਥੇ ਸੁਰ (ਦੇਵਤਾ) ਦਾ ਨਹੀਂ ਬਲਕਿ ਅਸੁਰ (ਰਾਕਸ਼ਸ) ਦਾ ਵਾਸਾ ਹੁੰਦਾ ਹੈ । ਡਾ. ਏ.ਸੀ.ਜੋਸ਼ੀ ਦੇ ਅਨੁਸਾਰ *"Music unites men and civilize life. It moves all hearts and refines the human mind"*.

ਅਧਿਆਤਮਕ ਵਿਅਕਤੀ ਵੇਦਵਿਆਸ, ਭਰਤਰੀ ਹਰੀ, ਰਵੀਦਾਸ, ਸੂਰਦਾਸ, ਮੀਰਾਂਬਾਈ, ਗੁਰੂ ਨਾਨਕ ਦੇਵ, ਕਬੀਰ, ਤਿਆਗ ਰਾਜ ਆਦਿ ਦੀਆਂ ਰਚਨਾਵਾਂ ਅਧਿਆਤਮਕਵਾਦ ਨਾਲ ਭਰਪੂਰ ਹਨ । ਇਹਨਾਂ ਮਹਾਂਪੁਰਖਾਂ ਨੇ ਸੰਗੀਤ ਦੁਆਰਾ ਈਸ਼ਵਰ ਉਪਾਸਨਾ ਕਰਕੇ ਪਰਮੱਗਤੀ ਪ੍ਰਾਪਤ ਕੀਤੀ

Sri Satguru Jagjit Singh Ji eLibrary NamdhariElibrary@gmail.com

ਕਿਹਾ ਗਿਆ ਹੈ ਕਿ "Music is the art of Profits, which can calm the agitation of mind."

ਸੰਗੀਤ ਮਾਨਵ ਬਿਰਤੀ ਨੂੰ ਸਥਿਰ ਕਰਨ ਵਿਚ ਸਹਾਇਕ ਹੁੰਦਾ ਹੈ।

ਇਕ ਪ੍ਰਸਿੱਧ ਅੰਗਰੇਜ਼ੀ ਕਵੀ ਨੇ ਕਿਹਾ ਹੈ :- *"A musical thought is once spoken by a mind that has penetrated into the in most of the things detracted the in most mystery of it. The melody that has hidden in it the in most harmony of Music which is its soul, where by it exists, and has a right to be here in the world. All in most things, we may say, are me melodies naturally utter themselves in songs. The meaning of song goes deep. Who is there that in logical words can express the effect music has on us ? Thomas Carlyle.*

ਅਧਿਆਤਮਕਵਾਦ ਮਨੁੱਖ ਨੂੰ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ। ਉਚੀਆਂ ਸਿੱਖਰਾਂ ਨੂੰ ਛੋਹਦਾਂ ਹੈ। ਮਾਨਵ ਸੇਵਾ, ਭਲਾਈ ਦੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਮੀਰਾਂ ਤੇ ਸੂਰਦਾਸ ਦੇ ਭਜਨ, ਗੁਰਬਾਣੀ ਦਾ ਗਾਇਨ ਮਨੁੱਖ ਨੂੰ ਪ੍ਰਭੂ ਵਿਚ ਲੀਨ ਅਤੇ ਇਕਾਗਰ ਚਿਤ ਹੋਣ ਦਾ ਪਾਠ ਪੜ੍ਹਾਉਂਦਾ ਹੈ। ਸੰਗੀਤ ਇਸ ਵਿਚ ਸਭ ਤੋਂ ਵੱਡਾ ਸਹਾਇਕ ਸਿੱਧ ਹੁੰਦਾ ਹੈ।

ਸੋਂਦਰਯ ਵਿਗਿਆਨ (Aesthetics):- ਮਾਨਵ ਜੀਵਨ ਵਿਚ ਸੋਂਦਰਯ ਵਿਗਿਆਨ ਦਾ ਬੜਾ ਮਹੱਤਵਪੂਰਨ ਸਥਾਨ ਹੈ। ਲਲਿਤ ਕਲਾਵਾਂ ਮਨੁੱਖ ਵਿਚ ਇਸ ਦੇ ਪ੍ਰਤੀ ਲਗਾਵ ਉਤਪੰਨ ਕਰਦੀਆਂ ਹਨ। ਸਾਡੇ ਪ੍ਰਾਚੀਨ, ਗ੍ਰੰਥਕਾਰਾਂ ਨੇ ਆਪਣੇ ਗ੍ਰੰਥਾ ਦੀ ਰਚਨਾ ਵਿਸ਼ੇਸ਼ ਕਰ ਕਾਵਿ ਰੂਪ ਵਿਚ ਕੀਤੀ ਹੈ। ਇਸ ਦੇ ਨਾਲ ਸੁੰਦਰ ਵਿਚਾਰਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਲਿਖਣ ਦਾ ਪ੍ਰਯਤਨ ਕੀਤਾ ਗਿਆ ਹੈ। ਕਵਿਤਾ ਵੀ ਇਕ ਲਲਿਤ ਕਲਾ ਹੈ। ਕਾਵਿ ਕਲਾ ਮਨੁੱਖੀ ਜੀਵਨ ਵਿਚ ਰਸ ਭਰਦੀ ਹੈ। ਕਿਸੇ ਸੁੰਦਰ ਫੁੱਲ ਨੂੰ ਵੇਖਕੇ ਉਸਨੂੰ ਤੋੜਨ ਦੀ ਬਜਾਏ ਉਸਦੀ ਉਪਮਾ ਕਰਨਾ ਅਤੇ ਉਸਦੀ ਸੁੰਦਰਤਾ ਅਤੇ ਖੁਸ਼ਬੂ ਨੂੰ ਮਾਨਣਾਂ ਵੀ ਸੋਂਦਰਯ ਬੋਧ ਕਿਹਾ ਜਾ ਸਕਦਾ ਹੈ। ਸੰਗੀਤ ਮਨੁੱਖ ਨੂੰ ਅਜਿਹੀ ਸਿੱਖਿਆ ਅਤੇ ਸੋਂਦਰਯ ਬੋਧ ਦਾ ਗਿਆਨ ਪ੍ਰਦਾਨ ਕਰਦਾ ਹੈ। ਸੰਗੀਤ ਮਾਨਵ ਆਤਮਾ ਨੂੰ ਛੂਹਦਾ ਹੈ।

ਸੰਗੀਤ ਦੁਆਰਾ ਚਰਿਤ੍ਰਨਿਰਮਾਣ (Character Building Through Music) :- ਸੰਗੀਤ ਦਾ ਜੜ੍ਹ ਅਤੇ ਚੇਤਨ ਉਤੇ ਵਿਸ਼ੇਸ਼ ਪ੍ਰਭਾਵ ਪੈਦਾ ਹੈ। ਕੋਸ਼ਿਸ਼ ਕਰਨ ਨਾਲ ਇਕ ਬੁਰੀਆਂ ਆਦਤਾਂ ਦੇ ਧਾਰਨੀ ਮਨੁੱਖ ਨੂੰ ਸੰਗੀਤ ਦੀ ਸਾਧਨਾ ਦੁਆਰਾ ਸੁਧਾਰਿਆ ਜਾ ਸਕਦਾ ਹੈ। ਬੁਰਾਈਆਂ ਨੂੰ ਪ੍ਰਗਟਾਉਣ ਵਾਲੇ ਗੀਤ ਉਸਨੂੰ ਬਾਰ-ਬਾਰ ਸੁਣਾ ਕੇ ਉਸਦਾ ਮਨ ਪਰਿਵਰਤਿਤ ਕੀਤਾ ਜਾ ਸਕਦਾ ਹੈ। ਅੱਜ-ਕੱਲ ਰੇਡਿਉ, ਟੀ.ਵੀ. ਫਿਲਮਾਂ ਦੁਆਰਾ ਅਜਿਹੇ ਪ੍ਰਯੋਗ ਕੀਤਾ ਜਾ ਰਹੇ ਹਨ ਜਿਸ ਨਾਲ ਸ਼ਰਾਬ, ਨਸ਼ਾ, ਜੂਆ, ਚੋਰੀ ਆਦਿ ਬੁਰੀਆਂ ਆਦਤਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਚੰਗੀਆਂ ਆਦਤਾਂ, ਉੱਚੀਆਂ ਸੋਚਾਂ ਅਤੇ ਸੁੰਦਰ ਵਿਚਾਰਾਂ ਵਾਲੇ ਵਿਅਕਤੀ ਨੂੰ ਹੀ ਤਾਂ ਵਧੀਆਂ ਇਨਸਾਨ ਕਿਹਾ ਜਾਂਦਾ ਹੈ। ਇਸ ਦੇ ਵਿਪਰੀਤ ਬੁਰੀਆਂ ਆਦਤਾਂ ਵਾਲੇ ਨੂੰ ਨੀਚ, ਘਟੀਆਂ, ਜਾਂ ਚਰਿੱਤਰਹੀਨ ਵਿਅਕਤੀ ਕਿਹਾ ਜਾਂਦਾ ਹੈ। ਵਧੀਆਂ ਸੰਗੀਤ, ਗੀਤ ਵਿਅਕਤੀ ਦੇ ਚਰਿੱਤਰ ਨਿਰਮਾਣ ਵਿਚ ਵੱਡੀ ਭੂਮਿਕਾ ਨਿਭਾਉਦੇ ਹਨ। ਇਸ ਲਈ ਮਹਿਸੂਸ ਕੀਤਾ ਗਿਆ ਹੈ ਕਿ ਸੰਗੀਤ ਮਨੁੱਖੀ ਚਰਿੱਤਰ ਜਾਂ ਇਕ ਚਰਿੱਤਰਵਾਂਨ ਮਨੁੱਖ ਬਣਾਉਣ

Sri Satguru Jagjit Singh Ji eLibrary NamdhariElibrary@gmail.com

ਵਿਚ ਸਹਾਇਕ ਹੁੰਦਾ ਹੈ ਜਿਸ ਨਾਲ ਮਨੁੱਖ ਇਕ ਚੰਗਾ ਨਾਗਰਿਕ ਬਣ ਜਾਂਦਾ ਹੈ। ਚੰਗੇ ਨਾਗਰਿਕ ਇਕ ਚੰਗੇ ਦੇਸ਼ ਦਾ ਨਿਰਮਾਣ ਕਰਦੇ ਹਨ। ਸਕੂਲੀ ਸਿੱਖਿਆ ਵਿਚ ਸੰਗੀਤ ਦੀ ਮਹੱਤਤਾ ਨੂੰ ਵੇਖਦੇ ਹੋਏ ਇਸ ਨੂੰ ਇਕ ਵਿਸ਼ੇ ਦੇ ਰੂਪ ਵਿਚ ਪ੍ਰਵਾਨਿਤ ਕੀਤਾ ਗਿਆ।

ਛੋਟੀਆਂ ਕਲਾਸਾਂ ਵਿਚ ਸੰਗੀਤ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਜਿਸ ਵਿਚ ਸੰਗੀਤ ਦਾ ਸਾਧਾਰਣ ਗਿਆਨ ਰਾਗ ਪ੍ਰੀਚੈ, ਗੀਤ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਵੱਡੀਆਂ ਅਰਥਾਤ ਹਾਈ ਅਤੇ +2 ਦੀਆਂ ਸ਼ੇਣੀਆਂ ਵਿਚ ਵਿਦਿਆਰਥੀਆਂ ਨੂੰ ਰਾਗਦਾਰੀ ਦਾ ਗਿਆਨ ਪ੍ਰਦਾਨ ਕੀਤਾ ਜਾ ਸਕਦਾ ਹੈ। ਡਾ. ਏ.ਸੀ.ਜੋਸ਼ੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਸੀ *"Musical studies in secondery schools should not be limited to the elementay theory of music and singing, but should include history of music, its aesthetics value and other aspects which could help to complete an all round education" :- Dr. A.C. Joshi*

ਮਨੋਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਮਨੁੱਖੀ ਜੀਵਨ ਦੇ ਪ੍ਰਥਮ 5-6 ਵਰ੍ਹੇ ਬੜੇ ਪ੍ਰਭਾਵਸ਼ਾਲੀ, ਮਹੱਤਵਪੂਰਣ ਅਤੇ ਲਚਕੀਲੇ ਹੁੰਦੇ ਹਨ। ਇਹਨਾ ਸਾਲਾ ਵਿਚ ਬੱਚਿਆਂ ਵਿਚ ਸੰਗੀਤ ਆਦਤਾਂ, ਰੁਚੀਆਂ ਅਤੇ ਪ੍ਰਵਰਿਤੀਆਂ ਦਾ ਨਿਰਮਾਣ ਹੁੰਦਾ ਹੈ। ਪ੍ਰਾਚੀਨ ਗ੍ਰੰਥਾਂ ਦੇ ਅਨੁਸਾਰ ਗਰਭ ਵਿਚ ਹੀ ਬੱਚੇ ਦੀ ਵਾਸਤਵਿਕ ਸਿੱਖਿਆ ਅਰੰਭ ਹੋ ਜਾਂਦੀ ਹੈ। ਜਿੰਨਾ ਬੱਚਿਆਂ ਨੂੰ ਚੰਗੀ ਸਿੱਖਿਆ ਦਾ ਵਾਤਾਵਰਣ ਪ੍ਰਾਪਤ ਹੁੰਦਾ ਹੈ ਉਹ ਮਾਨਸਿਕ, ਬੌਧਿਕ ਅਤੇ ਸ਼ਰੀਰਕ ਅਤੇ ਹੋਰ ਪਖੋਂ ਵਧੇਰੇ ਉੱਨਤੀ ਕਰਦੇ ਹਨ।

ਸਿੱਖਿਆ ਦੇ ਸਬੰਧ ਵਿਚ ਵਿਦਵਾਨਾਂ ਦਾ ਵਿਚਾਰ ਸੀ ਕਿ ਗਣਿਤ, ਭਾਸ਼ਾ, ਇਤਿਹਾਸ, ਵਿਗਿਆਨ ਹੀ ਸਿੱਖਿਆ ਦੇ ਮੁੱਖ ਉਦੇਸ਼ ਹਨ। ਹੌਲੀ-ਹੌਲੀ ਸਰੀਰਕ ਸਿੱਖਿਆ ਨੂੰ ਵੀ ਇਕ ਅੰਗ ਸਵੀਕਾਰ ਕੀਤਾ ਜਾਣ ਲੱਗ ਪਿਆ। ਵੀਹਵੀਂ ਸਦੀ ਦੇ ਸਿੱਖਿਆ ਅਧਿਆਪਕਾ ਨੇ ਬੱਚੇ ਦੇ ਸਰਵਪੱਖੀ ਵਿਕਾਸ ਲਈ ਕਲਾ ਨੂੰ ਵੀ ਸਿੱਖਿਆ ਵਿਚ ਵਿਸ਼ੇ ਦੇ ਰੂਪ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ। ਆਧੁਨਿਕ ਮਨੋਵਿਗਿਆਨ ਨੇ ਵੀ ਇਹ ਪ੍ਰਮਾਣਿਤ ਕਰ ਦਿੱਤਾ ਕਿ ਹਰੇਕ ਮਨੁੱਖ ਨੂੰ ਕੁਦਰਤ ਵਲੋਂ ਸੰਗੀਤ ਰੂਪੀ ਦਾਤ ਪ੍ਰਾਪਤ ਹੈ। ਕੇਵਲ ਉਸਦੀ ਮਾਤਰਾ ਦਾ ਅੰਤਰ ਹੈ। ਕਿਸੇ ਨੂੰ ਘੱਟ ਤੇ ਕਿਸੇ ਨੂੰ ਵੱਧ ਮਾਤ੍ਰਾ ਵਿਚ ਇਹ ਦੇਣ ਪ੍ਰਾਪਤ ਹੈ। ਜਿਸ ਬੱਚੇ ਵਿਚ ਸੰਗੀਤ ਪ੍ਰਤਿਭਾ ਜ਼ਿਆਦਾ ਹੁੰਦੀ ਹੈ ਉਸਨੂੰ ਸਿਖਾਉਣਾ ਸਰਲ ਹੁੰਦਾ ਹੈ ਅਤੇ ਉਹ ਸੰਗੀਤ ਸਿੱਖਿਆ ਵਿਚ ਜਲਦੀ ਵਿਕਾਸ ਕਰਦਾ ਹੈ।

ਸੰਗੀਤ ਵਿਸ਼ੇ ਨੂੰ ਸਕੂਲੀ ਸਿੱਖਿਆ ਵਿਚ ਸ਼ਾਮਲ ਕਰਨ ਤੋਂ ਪੂਰਵ ਉਸਦੇ ਮਹੱਤਵ, ਉਦੇਸ਼ ਅਤੇ ਲਕਸ਼ ਨੂੰ ਜਾਨਣਾ ਵੀ ਬੜਾ ਜ਼ਰੂਰੀ ਹੈ। ਲਕਸ਼ ਨੂੰ ਜਾਣੇ ਬਿਨਾ ਹਨੇਰੇ ਵਿਚ ਤੀਰ ਚਲਾਉਣ ਵਾਲੀ ਗੱਲ ਹੁੰਦੀ ਹੈ। ਕਿਸੇ ਵੀ ਵਿਸ਼ੇ ਦੇ ਉਦੇਸ਼ਾਂ ਦੀ ਤਰ੍ਹਾਂ ਸੰਗੀਤ ਦੇ ਉਦੇਸ਼ਾਂ ਬਾਰੇ ਵਿਚਾਰ ਕਰਨਾ ਉਹਨਾਂ ਹੀ ਲਾਜ਼ਮੀ ਹੈ। ਉਦੇਸ਼ ਸਪੱਸਟ, ਸਾਦਾ, ਠੋਸ, ਉੱਨਤੀ ਵੱਲ ਲੈ ਜਾਣ ਵਾਲਾ, ਗਤੀਸ਼ੀਲ, ਸਖਸੀਅਤ ਉਭਾਰਨ ਵਾਲੇ, ਸਮਾਜ ਦੇ ਵਿਕਾਸ ਵਿਚ ਲਾਭਕਾਰੀ ਹੋਣੇ ਚਾਹੀਦੇ ਹਨ।

1. ਉਦੇਸ਼ ਕ੍ਰਿਆਤਮਕ ਹੋਣ :- ਬੱਚਿਆਂ ਦੀ ਸੰਗੀਤ ਸਿੱਖਿਆ ਇਸ ਪ੍ਰਕਾਰ ਹੋਵੇ ਤਾਂ ਕਿ ਉਹ ਜੀਵਨ ਵਿਚ ਇਸ ਕਲਾ ਤੋਂ ਵੰਚਿਤ ਨਾ ਰਹਿ ਜਾਣ। ਜਿਸ ਵਿਚ ਪ੍ਰਤਿਭਾ ਹੈ ਉਹ ਉਸਦਾ ਵਿਕਾਸ ਕਰ ਸਕੇ। ਸਾਧਾਰਣ ਜਨ ਨੂੰ ਵੀ ਸੰਗੀਤ ਸਿੱਖਿਆ ਪ੍ਰਾਪਤ ਕਰਨ ਦਾ ਅਵਸਰ ਮਿਲ ਸਕੇ। ਭਾਰਤ ਇਕ ਪ੍ਰਜਾਤੰਤਰ

Sri Satguru Jagjit Singh Ji eLibrary NamdhariElibrary@gmail.com

ਦੇਸ਼ ਹੈ ਸਭ ਨੂੰ ਸਮਾਨ ਅਧਿਕਾਰ ਪ੍ਰਾਪਤ ਹਨ। ਇਸ ਲਈ ਹਰੇਕ ਭਾਰਤ ਵਾਸੀ ਨੂੰ ਸੰਗੀਤ ਸਿੱਖਿਆ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ। ਪੁਰਾਣੇ ਸਮੇਂ ਵਿਚ ਇਹ ਕੇਵਲ ਅਮੀਰ ਲੋਕਾਂ, ਦੇ ਆਨੰਦ ਮਾਨਣ ਦੀ ਕਲਾ ਬਣਕੇ ਰਹਿ ਗਿਆ ਸੀ ਪਰ ਆਜ਼ਾਦੀ ਦੇ ਇਸ ਯੁੱਗ ਵਿਚ ਸੰਗੀਤ ਸਿੱਖਣ ਅਤੇ ਸੁਨਣ ਦਾ ਸਭ ਨੂੰ ਹੱਕ ਹਾਸਲ ਹੈ। ਇਹ ਕਲਾ ਚੰਗੇ ਨਾਗਰਿਕ ਬਨਣ ਅਤੇ ਅੰਤਰ-ਰਾਸ਼ਟਰੀ ਸੰਸਕ੍ਰਿਤੀ ਦੇ ਵਿਕਾਸ ਵਿਚ ਸਹਾਇਕ ਹੈ।

2. ਉਦੇਸ਼ ਦਾ ਪਰਿਵਰਤਨਸੀਲ ਹੋਣਾਂ :- ਭਾਰਤ ਇਕ ਵਿਸ਼ਾਲ ਦੇਸ਼ ਹੈ। ਸਾਰੇ ਪ੍ਰਾਂਤ ਇਕ ਸਮਾਨ ਨਹੀਂ ਹਨ। ਕਈ ਪ੍ਰਾਂਤ ਅਜੇ ਵੀ ਪਿਛੜੇ ਹੋਏ ਅਤੇ ਕਈ ਉੱਨਤੀ ਕਰ ਚੁੱਕੇ ਹਨ। ਬਹੁਤ ਸਾਰੇ ਦੇਸ਼ਾਂ ਵਿਚ ਸੰਗੀਤਕਾਰ ਅਧਿਕ ਸੰਖਿਆ ਵਿਚ ਉਪਲੱਬਧ ਹੁੰਦੇ ਹਨ। ਪਰੰਤੂ ਪਛੜੇ ਹੋਏ ਪ੍ਰਾਂਤਾ ਵਿਚ ਉੱਚ ਸਤਰ ਦੇ ਸੰਗੀਤਕਾਰਾਂ ਦਾ ਅਭਾਵ ਹੈ। ਦਿੱਲੀ, ਕਲੱਕਤਾ, ਬੰਬਈ, ਪੂਨਾ, ਮਦਰਾਸ, ਬਨਾਰਸ ਆਦਿ ਸ਼ਹਿਰਾਂ ਵਿਚ ਉਚ ਪੱਧਰ ਦੇ ਸੰਗੀਤਕਾਰ ਵੱਡੀ ਗਿਣਤੀ ਵਿਚ ਰਹਿੰਦੇ ਹਨ ਪਰ ਛੋਟੇ ਨਗਰਾਂ ਵਿਚ ਉਹ ਨਹੀਂ ਰਹਿੰਦੇ। ਇਸ ਦੇ ਕਈ ਕਾਰਨ ਹਨ ਤੇ ਇਸ ਭਿੰਨਤਾ ਨੂੰ ਸਾਹਮਣੇ ਰਖਕੇ ਹੀ ਉਦੇਸ਼ਾਂ ਦਾ ਨਿਰਮਾਣ ਕੀਤਾ ਜਾਣਾਂ ਚਾਹੀਦਾ ਹੈ।

3. ਉਦੇਸ਼ ਦੁਆਰਾ ਵਿਅਕਤੀਗਤ ਨਿਪੁੰਨਤਾ ਦਾ ਵਿਕਾਸ ਹੋਣਾਂ :- ਉਦੇਸ਼ਾਂ ਦਾ ਵਿਭਾਜਨ ਬੱਚੇ ਦੇ ਮਾਨਸਿਕ ਸਤਰ ਅਤੇ ਅਵਸਥਾ ਦੇ ਅਨੁਕੂਲ ਹੋਣਾਂ ਚਾਹੀਦਾ ਹੈ। ਬਾਲਕ ਦੀ ਵਿਅਕਤੀਗਤ ਨਿਪੁੰਨਤਾ, ਗੁਣ ਗ੍ਰਹਿਣ ਸ਼ਕਤੀ ਦੇ ਅਨੁਸਾਰ ਹੋਣਾਂ ਚਾਹੀਦਾ ਹੈ। ਕੁਝ ਬੱਚੇ ਕੁਦਰਤ ਵਲੋਂ ਪ੍ਰਾਪਤ ਬੁਧੀ ਦੁਆਰਾ ਜਲਦੀ ਅਤੇ ਕੁਝ ਦੇਰ ਨਾਲ ਸਿੱਖਦੇ ਹਨ। ਕਿਸੇ ਨੂੰ ਕੋਈ ਚੀਜ਼ ਵਧੇਰੇ ਚੰਗੀ ਲੱਗਦੀ ਹੈ ਅਤੇ ਕਿਸੇ ਨੂੰ ਕੋਈ ਦੂਜੀ ਚੀਜ਼। ਹਰ ਇਕ ਦੀ ਪਸੰਦ ਆਪਣੀ ਆਪਣੀ ਹੈ। ਹਰੇਕ ਦੀ ਪਸੰਦ ਦਾ ਅਨੁਪਾਤ ਵੀ ਵੱਖ ਵੱਖ ਹੁੰਦਾ ਹੈ। ਵਿਦਿਆਲਿਆ ਤੋਂ ਬਾਹਰ ਲੋਕ ਸੰਗੀਤ ਘੱਟ ਸਿੱਖਦੇ ਹਨ। ਇਸ ਕਰਕੇ ਸ਼ਰੋਤੇ ਅਧਿਕ ਅਤੇ ਸੰਗੀਤਕਾਰ ਘੱਟ ਸੰਖਿਆ ਵਿਚ ਬਣ ਪਾਉਂਦੇ ਹਨ। ਇਸ ਲਈ ਸੰਗੀਤਕਾਰਾਂ ਦਾ ਫਰਜ਼ ਹੋ ਜਾਂਦਾ ਹੈ ਕਿ ਉਹ ਜਿਸ ਦੀ ਜੋ ਰੁਚੀ ਹੋਵੇ ਉਸਨੂੰ ਉਸ ਪ੍ਰਕਾਰ ਦੀ ਸੰਗੀਤ ਸਿੱਖਿਆ ਉਪਲੱਬਧ ਕਰਵਾਉਣ ਦਾ ਪ੍ਰਬੰਧ ਕਰੇ। ਧਰੁਪਦ, ਧਮਾਰ, ਖਿਆਲ, ਠੁਮਰੀ ਦੀ ਸਿੱਖਿਆ ਅਤੇ ਵਾਦਨ ਸਿੱਖਿਆ ਦਾ ਪ੍ਰਬੰਧ ਕਰੇ ਤਾਂ ਕਿ ਬੱਚਾ ਆਪਣੀ ਰੁਚੀ ਦੀ ਸ਼ੈਲੀ ਦੀ ਸਿੱਖਿਆ ਪ੍ਰਾਪਤ ਕਰਕੇ ਨਿਪੁੰਨ ਹੋ ਸਕੇ। ਕਈ ਵਿਦਿਆਰਥੀਆਂ ਨੂੰ ਸ਼ਾਸਤਰੀ ਸੰਗੀਤ ਦੀ ਬਜਾਏ ਸੁਗਮ ਸੰਗੀਤ ਜਾਂ ਲੋਕ ਸੰਗੀਤ ਸਿੱਖਣ ਵਿਚ ਦਿਲਚਸਪੀ ਹੁੰਦੀ ਹੈ। ਅਜਿਹੇ ਵਿਦਿਆਰਥੀਆਂ ਨੂੰ ਉਹਨਾਂ ਸ਼ੈਲੀਆਂ ਵਿਚ ਵਿਕਾਸ ਕਰਨ ਦਾ ਅਵਸਰ ਪ੍ਰਦਾਨ ਕਰਨਾ ਚਾਹੀਦਾ ਹੈ। ਵਿਅਕਤੀਗਤ ਵਿਕਾਸ ਦੀ ਪੂਰਤੀ ਲਈ ਧਿਆਨ ਦੇਣਾ ਜ਼ਰੂਰੀ ਹੈ।

4. ਆਧੁਨਿਕ ਪ੍ਰਾਇਮਰੀ ਸਿੱਖਿਆ ਵਿਚ ਸੰਗੀਤ ਸਿੱਖਿਆ ਦੇ ਉਦੇਸ਼ :-

ੳ) ਬਾਲਕ ਦਾ ਸਰੀਰਕ, ਮਾਨਸਿਕ ਵਿਕਾਸ।

ਅ) ਬਾਲਕ ਦਾ ਨੈਤਿਕ ਵਿਕਾਸ।

ੲ) ਬਾਲਕ ਵਿਚ ਦੇਸ਼ ਪ੍ਰੇਮ ਦੀ ਭਾਵਨਾ ਉਤਪੰਨ ਕਰਨਾ।

ਸ) ਬਾਲਕ ਵਿਚ ਸੱਚੇ ਸੁੱਚੇ, ਨਾਗਰਿਕ ਬਨਣ ਦੇ ਗੁਣ ਉਤਪੰਨ ਕਰਨਾ।

ਹ) ਬਾਲਕ ਵਿਚ ਏਕਤਾ, ਸਹਿਯੋਗ ਦੀ ਭਾਵਨਾ, ਆਪਸੀ ਪ੍ਰੇਮ, ਮਿਲਜੁਲ ਕੇ ਰਹਿਣਾ, ਅਨੁਸ਼ਾਸਨ, ਵਿਚ ਰਹਿਣ ਦੀ ਸਿੱਖਿਆ ਦੇਣਾਂ।

Sri Satguru Jagjit Singh Ji eLibrary NamdhariElibrary@gmail.com

ਕ) ਛੋਟੇ-ਛੋਟੇ ਗੀਤਾ ਦੁਆਰਾ, ਦੇਸ਼ ਪ੍ਰੇਮ, ਮਾਨਵਤਾ ਸਾਜ, ਲੈਅ ਤਾਲ ਦਾ ਗਿਆਨ ਆਦਿ ਪ੍ਰਦਾਨ ਕਰਨਾ। ਕਵਿਤਾ, ਸੰਗੀਤ ਨ੍ਰਿਤ ਬੱਚੇ ਦੇ ਵਿਕਾਸ ਕਰਨ ਵਿਚ ਸਹਾਇਕ ਹੁੰਦੇ ਹਨ, ਉਹਨਾਂ ਦੀ ਯਾਦ ਸ਼ਕਤੀ ਵੱਧਦੀ ਹੈ।

5. **ਉਚ ਸਿੱਖਿਆ ਵਿਚ ਸੰਗੀਤ ਸਿੱਖਿਆ ਦੇ ਉਦੇਸ਼** :- ਸੰਗੀਤ ਮਾਨਵ ਦੀ ਆਤਮਾ, ਭਾਵਨਾਵਾਂ ਅਤੇ ਸਰੀਰ ਉਤੇ ਸਿੱਧਾ ਪ੍ਰਭਾਵ ਪਾਉਂਦਾ ਹੈ। ਇਹ ਅਨੁਭਵ ਕਰਦੇ ਹੋਏ ਮਹਿਸੂਸ ਕੀਤਾ ਗਿਆ ਕਿ ਸੰਗੀਤ ਸਿੱਖਿਆ ਸਾਰਿਆਂ ਵਾਸਤੇ ਉਪਲਬੱਧ ਹੋਣੀ ਚਾਹੀਦੀ ਹੈ। ਉਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੀ ਉਮਰ 11 ਤੋਂ 16 ਸਾਲਾ ਦੀ ਹੁੰਦੀ ਹੈ। ਉਹ ਪ੍ਰਾਇਮਰੀ ਪਾਸ ਕਰਕੇ ਹਾਈ ਸਕੂਲ ਜਾਂ ਬਾਰਵੀ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸਦੇ ਸਰੀਰ ਦੇ ਅੰਗਾ ਵਿਚ ਵੀ ਤਬਦੀਲੀ ਆਉਂਦੀ ਹੈ। ਲੜਕਿਆਂ ਦੀ ਆਵਾਜ ਵਿਚ ਅੰਤਰ ਆ ਜਾਂਦਾ ਹੈ। ਵਿਦਿਆਰਥੀ ਦੀ ਸਮਝਣ ਸ਼ਕਤੀ, ਸੋਚਣ ਸ਼ਕਤੀ, ਵਿਚਾਰ ਸ਼ਕਤੀ ਤਰਕ ਸ਼ਕਤੀ ਵਿਚ ਵਿਕਾਸ ਹੁੰਦਾ ਹੈ। ਉਸ ਦੀ ਅੰਤਰੀਵ ਸ਼ਕਤੀ ਦੇ ਸਫਲ ਅਤੇ ਲਾਹੇਵੰਦ ਉਪਯੋਗ ਲਈ ਸੰਗੀਤ ਬੜਾ ਉਪਯੋਗੀ ਅਤੇ ਸਾਰਥਕ ਸਿੱਧ ਹੁੰਦਾ ਹੈ। ਸੰਗੀਤ ਸਿੱਖਿਆ ਦੇ ਇਸ ਅੰਤਰ ਦੇ ਹੇਠ ਲਿਖੇ ਉਦੇਸ ਹੋ ਸਕਦੇ ਹਨ :-

ਪ) ਸੰਗੀਤ ਦੁਆਰਾ ਸੌਂਦਰਯ :- ਅਨਭੂਤੀ, ਦੇਸ ਪ੍ਰੇਮ, ਭਾਵਾ ਨੂੰ ਪ੍ਰਗਟ ਕਰਨਾ, ਪ੍ਰਦਰਸ਼ਨ ਕਰਨ ਵਿਚ ਆਜ਼ਾਦੀ, ਆਪਣੇ ਗੁਣ ਨੂੰ ਦੂਜਿਆਂ ਤੱਕ ਜ਼ਾਹਰ ਕਰਨ ਅਤੇ ਕਲਾ ਦਾ ਅਨੰਦ ਮਾਨਣਾਂ।

ਫ) ਸੰਗੀਤ ਦਾ ਚੰਗਾ ਅਤੇ ਸਮਝਦਾਰ ਸ਼ਰੋਤਾਂ ਬਨਾਉਣਾ।

ਬ) ਸੰਗੀਤ ਸੁਣਕੇ ਵਿਭਿੰਨ ਸ਼ੈਲੀਆਂ ਦੇ ਗਾਇਕ, ਵਾਦਕਾ ਦੀ ਪਹਿਚਾਨ ਕਰਨਾ, ਉਹਨਾਂ ਦੀਆਂ ਵਿਸ਼ੇਸ਼ਤਾਵਾ ਤੋਂ ਜਾਣੂ ਕਰਵਾਉਣਾ ਅਤੇ ਵਿਦਿਆਰਥੀਆਂ ਦੀ ਸੁਣਨ ਸ਼ਕਤੀ ਦਾ ਵਿਕਾਸ ਕਰਨਾ।

ਭ) ਸੰਗੀਤ ਵਿਚ ਬਾਲਕ ਦੀ ਰੁਚੀ ਨੂੰ ਉਤਸਾਹਿਤ ਕਰਨਾ।

ਸ) ਕ੍ਰਿਆਤਮਕ ਸੰਗੀਤ ਦੇ ਨਾਲ ਨਾਲ ਸੰਗੀਤ ਸ਼ਾਸ਼ਤਰ ਦਾ ਗਿਆਨ ਦੇਣਾ। ਕ੍ਰਿਆਤਮਕ ਸੰਗੀਤ ਵਿਚ ਮੰਚ ਪ੍ਰਦਰਸ਼ਨ ਦੇ ਯੋਗ ਬਣਾਉਣਾ।

ਯ) ਚੰਗੇ ਅਤੇ ਮਾੜੇ ਸੰਗੀਤ ਦੀ ਪਹਿਚਾਨ ਕਰਨ ਦੇ ਯੋਗ ਬਣਾਉਣਾ। ਸੰਗੀਤ ਦੇ ਅਸਲੀ ਰੂਪ ਉਸ ਦੇ ਮੂਲ ਅਤੇ ਉਸਦੇ ਭਾਵ ਪੱਖ ਤੋਂ ਵਾਕਫ ਕਰਵਾਉਣਾ।

ਰ) ਵਿਦਿਆਰਥੀਆਂ ਨੂੰ ਰਾਗ, ਲੈਅ, ਤਾਲ ਅਤੇ ਗਾਇਨ, ਵਾਦਨ ਸ਼ੈਲੀਆਂ ਨਾਲ ਵਾਕਫ਼ ਕਰਨਾ। ਬਾਲਕ ਦੀ ਕ੍ਰਿਆਤਮਕ ਸਿਰਜਨਾਤਮਕ ਸ਼ਕਤੀ ਦੇ ਵਿਕਾਸ ਲਈ ਨਵੀਆਂ-ਨਵੀਆਂ ਰਚਨਾਵਾਂ ਸਿਖਾਉਣਾ ਅਤੇ ਸੁਰਲਿਪੀ ਦਾ ਗਿਆਨ ਕਰਵਾਉਣਾ।

ਲ) ਸੰਗੀਤ ਵਿਸ਼ੇ ਅਤੇ ਸੰਗੀਤ ਕਲਾ ਦੇ ਵਿਕਾਸ ਅਤੇ ਵਿਸਥਾਰ ਲਈ ਸੰਗੀਤ ਸਾਧਨਾਂ ਕਰਨ ਲਈ ਪ੍ਰੇਰਿਤ ਕਰਨਾ।

ਕਾਲਜ ਪੱਧਰ ਤੇ ਸੰਗੀਤ ਸਿੱਖਿਆ ਦੇ ਉਦੇਸ :- ਕਾਲਜਾਂ ਵਿਚ ਸੰਗੀਤ ਨੂੰ ਇਕ ਵਿਸ਼ੇਸ਼ ਵਿਸ਼ੇ ਦੇ ਰੂਪ ਵਿਚ ਸਿਖਾਇਆ ਤੇ ਪੜ੍ਹਾਇਆ ਜਾਦਾ ਹੈ। ਕਾਲਜਾ ਵਿਚ ਇਸ ਵਿਸ਼ੇ ਨੂੰ ਪ੍ਰਵਾਨਿਤ ਕਰਨ ਤੋਂ ਪਹਿਲਾਂ ਭਾਤਖੰਡੇ ਸੰਗੀਤ ਵਿਦਿਆਪੀਠ, ਪ੍ਰਯਾਗ ਸੰਗੀਤ ਸਮਿਤੀ ਆਦਿ ਇਸ ਵਿਸ਼ੇ ਦਾ ਵਿਧੀ ਪੂਰਵਕ ਅਧਿਐਨ ਕਰਵਾਉਂਦੀਆਂ ਸਨ ਅਤੇ ਉਪਾਧੀਆਂ ਪ੍ਰਦਾਨ ਕਰਦੀਆਂ ਸਨ। ਜਿਨ੍ਹਾਂ ਦੇ ਆਧਾਰ ਤੇ ਡਿਗਰੀਧਾਰੀ ਦੀ ਨਿਯੁਕਤੀ ਕੀਤੀ ਜਾਂਦੀ ਸੀ। ਕੁਝ ਵਰਿਆਂ ਤੋਂ ਇਹ ਵਿਸ਼ਾ ਲੱਗ-ਭੱਗ ਹਰੇਕ ਵਿਸ਼ਵ

Sri Satguru Jagjit Singh Ji eLibrary NamdhariElibrary@gmail.com

ਵਿਦਿਆਲਿਆ ਨੇ ਪ੍ਰਦਾਨ ਕਰਕੇ ਆਪਣੇ-ਆਪਣੇ ਸਬੰਧਿਤ ਕਾਲਜ ਵਿਚ ਪੜ੍ਹਾਉਣ ਦੀ ਆਗਿਆ ਪ੍ਰਦਾਨ ਕਰ ਦਿੱਤੀ ਹੈ। ਸਾਧਾਰਨ ਰੂਪ ਵਿਚ ਬਾਲਕਾ ਨੂੰ ਚੰਗੇ ਸਰੋਤਾ ਜਾ ਚੰਗਾ ਅਧਿਆਪਕ ਜਾ ਚੰਗਾ ਕਲਾਕਾਰ ਬਣਾਉਣਾ ਇਸ ਦੇ ਮੁੱਖ ਉਦੇਸ਼ ਹਨ। ਕਾਲਜ ਦਾ ਵਿਦਿਆਰਥੀ ਸੋਲਾ ਵਰਿਆ ਦੀ ਉਮਰ ਭੋਗ ਚੁੱਕਾ ਹੁੰਦਾ ਹੈ। ਉਸਦੇ ਵਿਚਾਰ ਪਰੋੜ ਹੋ ਚੁੱਕਦੇ ਹਨ। ਉਹ ਆਪਣੇ ਜੀਵਨ ਦੇ ਲਕਸ਼ ਨੂੰ ਕਾਇਮ ਕਰਦਾ ਹੈ। ਕੁਝ ਕਰਨਾ ਚਾਹੁੰਦਾ ਹੈ। ਕੁਝ ਕਰਕੇ ਵਿਖਾਉਣ ਦੀ ਚਾਹ ਲੈ ਕੇ ਮਿਹਨਤ ਕਰਦਾ ਹੈ। ਉਸ ਦੀ ਪੜ੍ਹਾਈ ਦੇ ਵਿਸ਼ਿਆ ਦੀ ਸੰਖਿਆ ਘੱਟ ਜਾਂਦੀ ਹੈ ਪਰ ਉਹਨਾ ਦਾ ਸੱਤਰ ਉੱਚਾ ਹੋ ਜਾਂਦਾ ਹੈ ਪਰ ਉਹ ਹਰ ਇਕ ਵਿਸ਼ੇ ਨੂੰ ਕਾਫੀ ਸਮਾਂ ਵੀ ਦੇ ਸਕਦਾ ਹੈ। ਲਗ ਭਗ ਤਿੰਨ ਵਰ੍ਹੇ ਉਸਨੂੰ ਕਾਲਜ ਵਿਚ ਬਿਤਾਉਣੇ ਹੁੰਦੇ ਹਨ। ਉਹ ਕਾਲਜ ਵਿਚ ਆਪਣੀ ਸਮੇਂ ਸਾਰਣੀ ਦੇ ਅਨੁਸਾਰ ਜਾਂਦੇ ਹਨ। ਕਿਤਾਬਾ ਦਾ ਭਾਰ ਵੀ ਘੱਟ ਜਾਂਦਾ ਹੈ। ਕਾਲਜ ਵਿਚ ਇਹ ਇਕ ਅਜਾਦ ਪੰਛੀ ਦੀ ਤਰ੍ਹਾ ਵਿਚਰਦਾ ਹੈ। ਵਿਦਿਆਰਥੀ ਆਪਣੀ ਰੁਚੀ ਦੇ ਅਨੁਸਾਰ ਕਿਸੇ ਵੀ ਕਲਾ ਵਿਚ ਪ੍ਰਵੀਨਤਾ ਪ੍ਰਾਪਤ ਕਰਕੇ ਕਾਲਜ ਦੇ ਪ੍ਰੋਗਰਾਮ ਵਿਚ, ਯੂਥ ਫੈਸਟੀਵਲ ਵਿਚ, ਅੰਤਰ ਕਾਲਜ ਪ੍ਰਤੀ ਯੋਗਤਾ ਵਿਚ ਭਾਗ ਲੈ ਸਕਦਾ ਹੈ ਅਤੇ ਆਪਣੇ ਗੁਣ ਨੂੰ ਦੂਜਿਆ ਤਕ ਪ੍ਰਗਟ ਕਰਨ ਦੇ ਅਵਸਰ ਪ੍ਰਾਪਤ ਕਰਦਾ ਹੈ। ਸੰਗੀਤ ਦੇ ਖੇਤਰ ਵਿਚ ਸੰਗੀਤ ਸਿੱਖਿਆ ਦੇ ਹੇਠ ਲਿਖੇ ਮੁੱਖ ਉਦੇਸ਼ ਹਨ :-

1. ਕ੍ਰਿਆਤਮਕ ਜਾਂ ਮੰਚ ਪ੍ਰਦਰਸ਼ਨ ਦੇ ਯੋਗ
2. ਸੰਗੀਤ ਸ਼ਾਸ਼ਤਰ ਦਾ ਗਿਆਨ, ਚੰਗਾ ਸਰੋਤਾ
3. ਸੰਗੀਤ ਅਧਿਆਪਨ ਕਿੱਤਾ

ਵਿਦਿਆਰਥੀ ਆਪਣੀ ਇੱਛਾ ਦੇ ਅਨੁਸਾਰ ਗਾਇਨ ਜਾਂ ਵਾਦਨ ਦੀ ਸਿੱਖਿਆ ਪ੍ਰਾਪਤ ਕਰਦੇ ਹਨ। ਜਿੰਨਾ ਵਿਦਿਆਰਥੀਆਂ ਦਾ ਕੰਠ ਸੁਰੀਲਾ ਨਹੀਂ ਹੁੰਦਾ ਜਾ ਕੋਈ ਹੋਰ ਕਾਰਨ ਕਰਕੇ ਉਹ ਵਾਦਨ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੇ ਹਨ। ਕਈ ਸੰਗੀਤ ਦਾ ਮਾੜਾ ਮੋਟਾ ਗਿਆਨ ਪ੍ਰਾਪਤ ਕਰਕੇ ਹੀ ਸੰਤੁਸਟ ਹੋ ਜਾਂਦੇ ਹਨ। ਕਈ ਉਸ ਕਲਾ ਵਿਚ ਨਿਪੁੰਨ ਹੋਣ ਦੀ ਇੱਛਾ ਰੱਖਦੇ ਹਨ। ਗਾਇਨ ਵਿਚ ਰੁਚੀ ਰੱਖਣ ਵਾਲੇ ਵਿਦਿਆਰਥੀ ਖਿਆਲ ਠੁਮਰੀ, ਧਰੁਪਦ, ਆਦਿ ਸ਼ੈਲੀਆਂ ਦੀ ਸਿੱਖਿਆ ਪ੍ਰਾਪਤ ਕਰਕੇ ਉਸਦਾ ਅਭਿਆਸ ਕਰਦੇ ਹਨ। ਵਾਦਨ ਸੰਗੀਤ ਵਿਚ ਰੁਚੀ ਰੱਖਣ ਵਾਲੇ ਸਿਤਾਰ, ਸਰੋਦ, ਗਿਟਾਰ, ਬਾਂਸੁਰੀ, ਤਬਲਾ, ਆਦਿ ਕਿਸੇ ਇਕ ਸਾਜ਼ ਵਜਾਉਣ ਦਾ ਨਿਰੰਤਰ ਅਭਿਆਸ ਕਰਕੇ ਉਸ ਵਿਚ ਪ੍ਰਵੀਨਤਾ ਪ੍ਰਾਪਤ ਕਰਦੇ ਹਨ।

1. ਮੰਚ ਪ੍ਰਦਰਸ਼ਨ :- ਮੰਚ ਪ੍ਰਦਰਸ਼ਨ ਕਰਨ ਦੀ ਇੱਛਾ ਰੱਖਣ ਵਾਲੇ ਨੂੰ ਹਰ ਰੋਜ਼ ਘੰਟਿਆ ਬੱਧੀ ਰਿਆਜ਼ ਕਰਨਾ ਹੁੰਦਾ ਹੈ। ਸੰਗੀਤ ਵਾਸਤਵ ਵਿਚ ਇਕ ਕ੍ਰਿਆਤਮਕ ਕਲਾ ਹੈ। ਕਾਲਜਾ ਵਿਚ ਪਹਿਲਾਂ ਸ਼ਾਸਤਰ ਦਾ ਗਿਆਨ ਦਿੱਤਾ ਜਾਂਦਾ ਹੈ ਅਤੇ ਬਾਅਦ ਵਿਚ ਕ੍ਰਿਆਤਮਕ ਸਿੱਖਿਆ ਦਿੱਤੀ ਜਾਂਦੀ ਹੈ। ਪਰ ਉੱਚ ਕੋਟੀ ਦੇ ਉਸਤਾਦ ਪਹਿਲਾਂ ਹੀ ਕ੍ਰਿਆਤਮਕ ਸਿਖਾਉਂਦੇ ਹਨ। ਸ਼ਾਸਤਰ ਗਿਆਨ ਵੱਲ ਧਿਆਨ ਘੱਟ ਹੀ ਦਿੰਦੇ ਹਨ। ਕਾਲਜ ਦਾ ਵਿਦਿਆਰਥੀ ਸ਼ਾਸਤਰ ਅਤੇ ਕ੍ਰਿਆਤਮਕ ਦੋਵੇਂ ਪੱਖਾ ਦਾ ਗਿਆਨ ਪ੍ਰਾਪਤ ਕਰਦਾ ਹੈ। ਕਾਲਜ ਪੱਧਰ ਤੇ ਵਿਦਿਆਰਥੀ ਨੂੰ ਸ਼ਾਸਤਰ ਅਤੇ ਕ੍ਰਿਆਤਮਕ ਦੋਨਾ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਨਾਲ ਉਸ ਦਾ ਬੋਧਿਕ ਅਤੇ ਮੰਚ ਪ੍ਰਦਰਸ਼ਨ ਕਲਾ ਵਿਚ ਗੰਭੀਰਤਾ ਅਤੇ ਪ੍ਰਭਾਵ ਉਤਪੰਨ ਹੁੰਦਾ ਹੈ। ਸੰਗੀਤ ਦਾ ਵਿਦਿਆਰਥੀ ਗਿਆਨ ਪ੍ਰਾਪਤ ਕਰਕੇ ਬਾਅਦ ਵਿਚ ਕਿਸੇ ਵਿਸ਼ੇਸ਼

Sri Satguru Jagjit Singh Ji eLibrary NamdhariElibrary@gmail.com

ਗਾਇਕੀ ਦੇ ਉੱਚ ਕੋਟੀ ਦੇ ਉਸਤਾਦ ਪਾਸੋਂ ਵੀ ਸੰਗੀਤ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਉਹ ਮੰਚ ਪ੍ਰਦਰਸ਼ਨ ਦੁਆਰਾ ਆਪਣੀ ਜੀਵਿਕਾ ਦੇ ਨਾਲ-ਨਾਲ ਸੰਗੀਤ ਦੇ ਖੇਤਰ ਵਿਚ ਨਾਮ ਵੀ ਕਮਾ ਸਕਦਾ ਹੈ।

2. ਸੰਗੀਤ ਸ਼ਾਸਤਰ ਗਿਆਨ :- ਕਾਲਜ ਦੇ ਵਿਦਿਆਰਥੀ ਨੂੰ ਬੜੇ ਸਰਲ ਢੰਗ ਨਾਲ ਸੰਗੀਤ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਕਈ ਵਿਦਿਆਰਥੀ ਸੰਗੀਤ ਦੇ ਅਭਿਆਸ ਵਿਚ ਜਿਆਦਾ ਦਿਲਚਸਪੀ ਰਖਦੇ ਹਨ। ਉਹਨਾ ਵਿਚ ਕ੍ਰਿਆ ਸ਼ਕਤੀ, ਇਸ ਸਥਾਨ ਤੇ ਇਕ ਆਸਨ ਤੇ ਬੈਠਣ ਦੀ ਸ਼ਕਤੀ ਦਾ ਅਭਾਵ ਹੁੰਦਾ ਹੈ। ਉਹ ਸੰਗੀਤ ਕੇਵਲ ਇਕ ਵਿਸ਼ੇ ਦੇ ਰੂਪ ਵਿਚ ਪੜਦੇ ਹਨ ਪਰ ਉਹਨਾ ਦੀ ਰੁਚੀ ਕਿਸੇ ਹੋਰ ਖੇਤਰ ਵਿਚ ਉਨੱਤੀ ਕਰਨ ਦੀ ਹੁੰਦੀ ਹੈ। ਕੋਈ ਬੈਂਕ ਅਧਿਕਾਰੀ, ਪੁਲਿਸ, ਮਿਲਟਰੀ, ਪੀ.ਸੀ ਐਸ, ਆਈ.ਏ.ਐਸ, ਰੇਲਵੇ, ਇੰਨਸੋਰੈਸ ਕੰਪਨੀ, ਵਿਉਪਾਰ, ਆਦਿ ਕਿੱਤਿਆ ਵਿਚ ਪ੍ਰਵੇਸ਼ ਕਰਨ ਦੀ ਚਾਹਨਾ ਰੱਖਦੇ ਹਨ। ਕਈ ਵਿਦਿਆਰਥੀਆ ਵਿਚ ਸੰਗੀਤ ਦੇ ਸੰਸਕਾਰ ਹੀ ਨਹੀ ਹੁੰਦੇ। ਅਜਿਹੇ ਵਿਦਿਆਰਥੀ ਕੁਝ ਸੰਗੀਤ ਸ਼ਾਸਤਰ ਅਤੇ ਕੁਝ ਕ੍ਰਿਆਤਮਕ ਪੱਖ ਦਾ ਗਿਆਨ ਪ੍ਰਾਪਤ ਕਰਕੇ ਚੰਗੇ ਸਰੋਤੇ ਤਾਂ ਜਰੂਰ ਬਣ ਹੀ ਜਾਂਦੇ ਹਨ। ਸੰਗੀਤ ਖੇਤਰ ਵਿਚ ਜਿੱਥੇ ਇਕ ਕਲਾਕਾਰ ਦੀ ਲੋੜ ਹੁੰਦੀ ਹੈ ਉਥੇ ਵੱਡੀ ਸੰਖਿਆ ਵਿਚ ਸੰਗੀਤ ਸਰੋਤਿਆਂ ਦੀ ਵੀ ਜਰੂਰਤ ਹੁੰਦੀ ਹੈ। ਇਸ ਲਈ ਕਾਲਜ ਪੱਧਰ ਦੀ ਸੰਗੀਤ ਸਿੱਖਿਆ ਇਸ ਉਦੇਸ਼ ਦੀ ਵੀ ਪੂਰਤੀ ਕਰਦੀ ਹੈ। ਉਚ ਪੱਧਰ ਦੇ ਸੰਗੀਤ ਨੂੰ ਸਮਝਦੇ ਹੋਏ ਉਸ ਦਾ ਆਨੰਦ ਲੈਣਾ ਜੀਵਨ ਦਾ ਇਕ ਜ਼ਰੂਰੀ ਅੰਗ ਹੈ। ਸੰਗੀਤ ਸੁਨਣ ਦਾ ਵਿਸ਼ਾ ਹੈ। ਗਾ ਰਹੇ ਗਾਇਕ ਨੂੰ ਕਿ ਸਰੋਤਾ ਗਾਇਕੀ ਸ਼ਾਸਤਰ ਪੱਖ ਨੂੰ ਸਮਝਦਾ ਹੈ। ਕਰੋੜਾ ਲੋਕ ਰੋਜ਼ ਸੰਗੀਤ ਸੁਣਦੇ ਹਨ ਪਰ ਇਕ ਸਮਝਦਾਰ, ਸੂਝਵਾਨ ਸਰੋਤਾ ਅਤੇ ਸਾਧਾਰਣ ਸਰੋਤਾ, ਦੋਨਾ ਵਿਚ ਬੜਾ ਅੰਤਰ ਹੁੰਦਾ ਹੈ ਜੋ ਉਸ ਨੂੰ ਸਮਝ ਕੇ ਅਨੰਦ ਮਾਣਦਾ ਹੈ। ਕਾਲਜ ਦਾ ਸੰਗੀਤ ਵਿਦਿਆਰਥੀ ਸੰਗੀਤ ਦਾ ਵਧੇਰੇ ਆਨੰਦ ਮਾਣਦਾ ਹੈ।

3. ਸੰਗੀਤ ਅਧਿਆਪਨ :- ਸੰਗੀਤ ਜਿੱਥੇ ਇਕ ਮੰਚ ਪ੍ਰਦਰਸ਼ਨ ਦੀ ਕਲਾ ਹੈ ਉਥੇ ਹੀ ਇਕ ਅਧਿਆਪਨ ਦਾ ਵਿਸ਼ਾ ਵੀ ਹੈ। ਕਾਲਜ ਖੇਤਰ ਦਾ ਵਿਦਿਆਰਥੀ ਸੰਗੀਤ ਨੂੰ ਆਪਣਾ ਕਾਰਜ ਖੇਤਰ ਵੀ ਬਣਾ ਸਕਦਾ ਹੈ। ਕਾਲਜ ਤੋਂ ਪ੍ਰਾਪਤ ਗਿਆਨ ਰਾਹੀਂ ਸੰਗੀਤ ਦੀ ਉਪਾਧੀ ਕਰਕੇ ਕੋਈ ਵਿਦਿਆਰਥੀ ਕਿਸੇ ਯੂਨੀਵਰਸਿਟੀ ਦੀ ਪ੍ਰੀਖਿਆ ਪਾਸ ਕਰਦਾ ਹੈ। ਪ੍ਰੀਖਿਆ ਪਾਸ ਕਰਨ ਦੇ ਫਲਸਰੂਪ ਉਸਨੂੰ ਇਕ ਡਿਗਰੀ ਪੱਤਰ ਪ੍ਰਾਪਤ ਹੁੰਦਾ ਹੈ। ਉਸ ਡਿਗਰੀ ਪੱਤਰ ਦੇ ਆਧਾਰ ਤੇ ਵਿਦਿਆਰਥੀ ਕਿਸੇ ਵਿਦਿਅਕ ਸੰਸਥਾ ਵਿਚ ਸੰਗੀਤ ਅਧਿਆਪਕ ਦੇ ਰੂਪ ਵਿਚ ਕੰਮ ਕਰ ਸਕਦਾ ਹੈ ਤੇ ਆਪਣੇ ਜੀਵਨ ਦਾ ਨਿਰਬਾਹ ਕਰ ਸਕਦਾ ਹੈ। ਸਿੱਖਿਆ ਪ੍ਰਾਪਤ ਕਰਨਾ ਫਿਰ ਉਸਨੂੰ ਦੂਜਿਆ ਤੱਕ ਪਹੁੰਚਾਣਾ ਅਧਿਆਪਕ ਵਰਗ ਦਾ ਕਰਮ ਖੇਤਰ ਹੈ। ਸੰਗੀਤ ਅਧਿਆਪਨ ਵੀ ਇਕ ਕਲਾ ਹੈ। ਅਧਿਆਪਕ ਆਪਣੇ ਸਮਾਜ ਦੀ ਵਿਦਿਆ ਪ੍ਰਦਾਨ ਕਰਕੇ ਵੱਡਮੁਲੀ ਸੇਵਾ ਕਰਦਾ ਹੈ ਬੇਸ਼ਕ ਇਸਦੇ ਬਦਲੇ ਵਿਚ ਉਸਨੂੰ ਕੁਝ ਮਾਇਆ ਪ੍ਰਾਪਤ ਹੁੰਦੀ ਹੈ ਤਾਂ ਕਿ ਅਧਿਆਪਕ ਆਪਣਾ ਜੀਵਨ ਨਿਰਬਾਹ ਕਰ ਸਕੇ। ਕਾਲਜ ਖੇਤਰ ਦੇ ਸੰਗੀਤ ਵਿਸ਼ਾ ਪੜਾਉਣ ਦਾ ਉਦੇਸ਼ ਇਹ ਵੀ ਹੈ ਕਿ ਵਿਦਿਆਰਥੀ ਆਪਣੇ ਜੀਵਨ ਵਿਚ ਕਿਸੇ ਵਿਸ਼ੇ ਵਿਚ ਨਿਪੁੰਨਤਾ ਪ੍ਰਾਪਤ ਕਰਕੇ ਆਪਣੀ ਜੀਵਿਕਾ ਚਲਾ ਸਕੇ। ਅੱਜ ਇਸੇ ਉਦੇਸ਼ ਦੁਆਰਾ ਹਜ਼ਾਰਾਂ ਅਧਿਆਪਕ ਸੰਗੀਤ ਅਧਿਆਪਨ ਕਾਰਜ ਕਰ ਰਹੇ ਹਨ। ਕੁਝ ਕਾਲਜਾਂ ਵਿਚ ਤੇ ਕਈ ਸਕੂਲਾਂ ਵਿਚ ਸੇਵਾ ਕਰ ਰਹੇ ਹਨ।

ਯੂਨੀਵਰਸਿਟੀ ਪੱਧਰ ਤੇ ਸੰਗੀਤ ਸਿੱਖਿਆ ਦੇ ਉਦੇਸ਼ ਅਤੇ ਮੱਤਵ :- ਸੰਗੀਤ ਇਕ ਅਥਾਹ ਸਾਗਰ ਅਜਿਹੀ ਕਲਾ ਹੈ। ਸਾਰੀ ਉਮਰ ਸਿੱਖਣ ਤੇ ਵੀ ਇਸ ਦਾ ਅੰਤ ਨਹੀਂ ਮਿਲਦਾ। ਨਾਦ ਦਾ ਹੀ ਦੂਜਾ ਨਾਮ

Sri Satguru Jagjit Singh Ji eLibrary NamdhariElibrary@gmail.com

ਸੰਗੀਤ ਹੈ। ਕਾਲਜ ਵਿਚ ਪੜ੍ਹਦਿਆ ਇਕ ਵਿਦਿਆਰਥੀ ਨੂੰ ਚਾਰ ਜਾਂ ਪੰਜ ਵਿਸ਼ੇ ਪੜਨੇ ਹੁੰਦੇ ਹਨ। ਐਮ.ਏ. ਦੀ ਪ੍ਰੀਖਿਆ ਕੇਵਲ ਇਕ ਵਿਸ਼ੇ ਵਿਚ ਹੀ ਦੇਣੀ ਹੁੰਦੀ ਹੈ। ਇਸ ਦਾ ਉਦੇਸ਼ ਇਹ ਹੈ ਕਿ ਵਿਦਿਆਰਥੀ ਆਪਣੀ ਮਰਜੀ ਦੇ ਵਿਸ਼ੇ ਵਿਚ ਨਿਪੁੰਣਤਾ, ਪ੍ਰਵੀਨਤਾ ਪ੍ਰਾਪਤ ਕਰਕੇ ਉਸ ਵਿਸ਼ੇ ਦਾ ਮਾਸਟਰ ਬਣ ਜਾਵੇ। ਉਸਦੇ ਦੋ ਵਰ੍ਹੇ ਕੇਵਲ ਇਕੋ ਵਿਸ਼ੇ ਦਾ ਅਧਿਐਨ ਕਰਨ ਵਿਚ ਬੀਤਦੇ ਹਨ। ਹਰ ਪੱਖ ਤੋ ਇਕ ਵਿਸ਼ੇ ਨੂੰ ਸਮਝਣ ਦਾ ਅਵਸਰ ਪ੍ਰਾਪਤ ਹੋ ਜਾਂਦਾ ਹੈ। ਉਸ ਨੂੰ ਕ੍ਰਿਆਤਮਕ ਪੱਖ ਵਿਚ ਉੱਨਤੀ ਕਰਨ ਦਾ ਅਵਸਰ ਮਿਲਦਾ ਹੈ। ਗਾਇਨ ਦੇ ਵਿਦਿਆਰਥੀ ਨੂੰ ਆਪਣਾ ਕੰਠ ਮਧੁਰ ਬਨਾਉਂਣ ਵਿੱਚ ਅਧਿਕ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾ ਉਹ ਭਿੰਨ-ਭਿੰਨ ਲੈਅਕਾਰੀਆਂ, ਕਈ ਪ੍ਰਕਾਰ ਦੀਆਂ ਤਾਨਾ ਅਤੇ ਅਲਾਪ ਆਦਿ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕਰਦਾ ਹੈ। ਸੰਗੀਤ ਸ਼ਾਸ਼ਤਰ ਦੀਆਂ ਗੁਹੜੀਆਂ ਤੇ ਗਹਿਰੀਆਂ ਬਾਰੀਕੀਆਂ ਨੂੰ ਸਮਝ ਸਕਦਾ ਹੈ। ਐਮ.ਏ. ਤੋਂ ਬਾਅਦ ਐਮ.ਫਿਲ ਕਰਨ ਵਾਲੇ ਵਿਦਿਆਰਥੀਆਂ ਦੀ ਸੰਖਿਆ ਬਹੁਤ ਘੱਟ ਜਾਦੀ ਹੈ। ਸੀਟਾ ਵੀ ਸੀਮਿਤ ਹੁੰਦੀਆਂ ਹਨ। ਦਾਖਲਾ ਸਰਤਾ ਨੂੰ ਪੂਰਾ ਕਰਨ ਵਾਲਾ ਹੀ ਇਸ ਕਲਾਸ ਵਿਚ ਦਾਖਲਾ ਪ੍ਰਾਪਤ ਕਰ ਸਕਦਾ ਹੈ। ਇਸ ਸਮੇਂ ਵਿਚ ਵਿਦਿਆਰਥੀ ਨੂੰ ਕ੍ਰਿਆਤਮਕ ਦੇ ਨਾਲ-ਨਾਲ ਕੁਝ ਵਿਸ਼ੇਸ਼ ਲੇਖਨ ਕਾਰਜ ਵੀ ਕਰਨਾ ਹੁੰਦਾ ਹੈ, ਜੋ ਇਕ ਵਿਸ਼ੇਸ਼ ਵਿਸ਼ਾ ਹੁੰਦਾ ਹੈ। ਵਿਦਿਆਰਥੀ ਨੂੰ ਉਸ ਵਿਸ਼ੇਸ਼ ਵਿਸ਼ੇ ਦਾ ਹਰ ਪੱਖ ਤੋਂ ਅਧਿਐਨ ਕਰਨਾ ਹੁੰਦਾ ਹੈ। ਇਸ ਦੇ ਨਾਲ ਉਸਨੂੰ ਲੇਖਨ ਕਾਰਜ ਕਰਨ ਦੀ ਵਿਧੀ ਦਾ ਵਧੇਰੇ ਗਿਆਨ ਪ੍ਰਾਪਤ ਹੁੰਦਾ ਹੈ।

ਪੀ.ਐਚ.ਡੀ. ਦੀ ਡਿਗਰੀ ਸੰਗੀਤ ਵਿਸ਼ੇ ਦੀ ਉੱਚ ਪੱਧਰੀ ਉਪਾਧੀ ਹੈ। ਵਿਦਿਆਰਥੀ ਆਪਣੀ ਰੁਚੀ ਅਨੁਸਾਰ ਕਿਸੇ ਇਕ ਵਿਸ਼ੇ ਨੂੰ ਚੁਨਦਾ ਹੈ। ਸਰਤ ਇਹ ਹੈ ਕਿ ਉਸ ਤੋਂ ਪਹਿਲਾ ਕਿਸੇ ਵਿਅਕਤੀ ਨੇ ਕਿਸੇ ਯੂਨੀਵਰਸਿਟੀ ਤੋਂ ਉਸ ਟਾਪਿਕ ਦੁਆਰਾ ਪੀ.ਐਚਡੀ. ਦੀ ਉਪਾਧੀ ਪ੍ਰਾਪਤ ਨਾ ਕੀਤੀ ਹੋਵੇ। ਹੁਣ ਵਿਦਿਆਰਥੀ ਨੇ ਉਸ ਟਾਪਿਕ ਉਤੇ ਖੋਜ ਕਰਕੇ ਇਕ ਖੋਜ ਪ੍ਰਬੰਧ ਜਿਸ ਨੂੰ ਥੀਸਿਸ ਕਿਹਾ ਜਾਂਦਾ ਹੈ ਲਿਖਣਾ ਹੁੰਦਾ ਹੈ। ਥੀਸਿਸ ਇਕ ਪ੍ਰਕਾਰ ਦਾ ਪੁਸਤਕ ਰੂਪ ਹੀ ਬਣ ਜਾਂਦਾ ਹੈ। ਇਸ ਦਾ ਮੰਤਵ ਵਿਦਿਆਰਥੀ ਨੂੰ ਉਸ ਵਿਸ਼ੇ ਦਾ ਹਰ ਪੱਖ ਤੋਂ ਗਿਆਨ ਪ੍ਰਾਪਤ ਕਰਵਾਉਣਾ ਹੈ। ਸੰਗੀਤ ਨੂੰ ਸਿੱਖਿਆ ਖੇਤਰ ਵਿਚ ਇਹਨਾ ਉਦੇਸ਼ਾ ਕਾਰਨ ਇਕ ਵਿਸ਼ੇ ਦੇ ਰੂਪ ਵਿਚ ਸ਼ਾਮਿਲ ਕੀਤਾ ਗਿਆ ਸੀ। ਇਹ ਵਿਸ਼ਾ ਆਪਣੇ ਉਦੇਸ਼ਾਂ ਅਤੇ ਮੰਤਵਾ ਦੀ ਸਫਲਤਾ ਪੂਰਵਕ ਪੂਰਤੀ ਕਰ ਰਿਹਾ ਹੈ। ਇਸ ਲਈ ਅੱਜ ਕਲ ਇਸ ਖੇਤਰ ਦੇ ਵਿਦਿਆਰਥੀਆਂ ਦੀ ਸਿੱਖਿਆ ਬਹੁਤ ਵੱਧ ਚੁੱਕੀ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਅਧਿਆਇ - 6

ਸੰਗੀਤ ਸਿੱਖਿਆ ਵਿਧੀਆਂ

Teaching Methods

ਸਿੱਖਿਆ ਤੋਂ ਭਾਵ ਹੈ ਸਿੱਖਣਾਂ, ਗਿਆਨ ਪ੍ਰਾਪਤ ਕਰਨਾ, ਜਾਨਣਾ। ਗਿਆਨ ਪ੍ਰਾਪਤ ਕਰਨਾ ਵਿਦਿਆਰਥੀ ਦਾ ਅਤੇ ਗਿਆਨ ਦੇਣਾ ਅਧਿਆਪਕ ਦਾ ਧਰਮ ਹੈ। ਜੇ ਦੋਨੋ ਆਪਣੇ-ਆਪਣੇ ਧਰਮ ਦਾ ਸਹੀ ਢੰਗ ਨਾਲ ਪਾਠ ਕਰਨ ਤਾਂ ਗਿਆਨ ਵਿਚ ਵਾਧਾ ਨਾ ਹੋਣ ਦਾ ਕੋਈ ਕਾਰਨ ਹੀ ਨਹੀਂ। ਅਧਿਆਪਕ ਦਾ ਆਪਣੇ ਵਿਸ਼ੇ ਉੱਤੇ ਪੂਰਣ ਅਧਿਕਾਰ ਹੋਣਾ ਚਾਹੀਦਾ ਹੈ ਨਹੀ ਤਾਂ ਵਿਦਿਆਰਥੀ ਕੁਝ ਪ੍ਰਾਪਤ ਕਰਨ ਦੀ ਬਜਾਏ ਉਸ ਕਲਾ ਤੋਂ ਵਾਂਝੇ ਰਹਿ ਜਾਣਗੇ। ਗਿਆਨ ਪ੍ਰਾਪਤ ਕਰਨ ਦੀ ਲਾਲਸਾ ਹਰੇਕ ਵਿਅਕਤੀ ਵਿਚ ਹੀ ਹੁੰਦੀ ਹੈ। ਕੋਈ ਜਲਦੀ ਤੇ ਕੋਈ ਪਛੜ ਕੇ ਪ੍ਰਾਪਤ ਕਰਦਾ ਹੈ। ਹਰੇਕ ਵਿਸ਼ੇ ਵਿੱਚ ਸਿੱਖਣ ਲਈ ਸਖਤ ਮਿਹਨਤ ਦੀ ਜ਼ਰੂਰਤ ਹੈ। ਸਿੱਖਿਆ ਇਕ ਕ੍ਰਿਆਤਮਕ ਵਿਧੀ ਹੈ। ਗਿਆਨ ਵਿਕਾਸ ਹੈ, ਵਾਧਾ ਹੈ, ਅਰਥ ਪੂਰਣ ਹੈ, ਆਪਣੇ ਪੂਰਵਜਾਂ ਤੋਂ ਪ੍ਰਾਪਤ ਕੀਤਾ ਹੋਇਆ ਗਿਆਨ ਹਮੇਸ਼ਾ ਨਾਲ ਨਿੱਭਦਾ ਹੈ ਅਤੇ ਅਨੁਭਵਾਂ ਵਿਚ ਵਾਧਾ ਕਰਦਾ ਹੈ।

ਸਿੱਖਿਆ ਖੇਤਰ ਦੇ ਵਿਭਿੰਨ ਸਿਧਾਂਤ

1. ਕਿਸੇ ਵੀ ਸਮਸਿਆਂ ਨੂੰ ਸਹੀ ਢੰਗ ਨਾਲ ਪੇਸ਼ ਕਰਨਾ।
2. ਵਿਦਿਆਰਥੀਆਂ ਨੂੰ ਉਹਨਾਂ ਦੇ ਅਨੁਭਵ ਦੁਆਰਾ ਸੁਲਝਾਈ ਜਾਣ ਵਾਲੀ ਸਮੱਸਿਆ ਦੇ ਸਬੰਧ ਵਿਚ ਜਾਣਕਾਰੀ ਦੇਣਾ।
3. ਗਿਆਨ ਪਰਿਵਰਤਨਸ਼ੀਲ ਹੁੰਦਾ ਹੈ।

ਅਲੱਗ-ਅਲੱਗ ਵਿਸ਼ੇ ਪੜਾਏ ਜਾਣ ਲਈ ਅਲੱਗ-ਅਲੱਗ ਵਿਧੀਆਂ ਹੁੰਦੀਆਂ ਹਨ, ਭਾਂਵੇ ਕੁਝ ਵਿਧੀਆਂ ਸਾਰਿਆਂ ਵਿਚ ਇਕ ਸਮਾਨ ਵੀ ਹੁੰਦੀਆਂ ਹਨ ਪਰ ਕਿਤੇ-ਕਿਤੇ ਵਿਸ਼ੇ ਦੇ ਅਨੁਸਾਰ ਤਬਦੀਲੀ ਕਰਨੀ ਹੀ ਪੈਦੀ ਹੈ। ਸੰਗੀਤ ਇਕ ਅਜਿਹਾ ਵਿਸ਼ਾ ਹੈ ਜਿਸ ਵਿਚ ਸ਼ਾਸਤਰ ਦਾ ਗਿਆਨ ਹੋਣਾਂ ਬੜਾ ਜ਼ਰੂਰੀ ਹੈ। ਇਸ ਤੋਂ ਬਿਨਾਂ ਹਨੇਰੇ ਵਿਚ ਹੱਥ ਪੈਰ ਮਾਰਨ ਵਾਲੀ ਗੱਲ ਹੈ। ਬਿਨਾਂ ਸ਼ਾਸਤਰ ਦੇ ਕੋਈ ਜਾਤੀ, ਸਮਾਜ, ਕਲਾ, ਭਾਸ਼ਾ, ਵਿਗਿਆਨ, ਵਿਕਸਿਤ ਨਹੀਂ ਹੋ ਸਕਦਾ। ਜਿਵੇਂ ਕਿਸੇ ਭਾਸ਼ਾ ਦਾ ਗਿਆਨ, ਵਿਆਕਰਨ ਗਿਆਨ ਤੋਂ ਬਿਨਾਂ ਅਪੂਰਣ ਹੈ। ਸਭ ਭਾਸ਼ਾਵਾਂ ਲਈ ਵਿਆਕਰਨ ਦਾ ਜਾਨਣਾਂ ਜ਼ਰੂਰੀ ਹੈ। ਆਮ ਤੌਰ ਤੇ ਸਾਰੇ ਗਿਆਨ ਖੇਤਰ ਕ੍ਰਿਆਤਮਕ ਹੁੰਦੇ ਹਨ, ਪਰ ਕਈ ਵਿਸ਼ਿਆਂ ਵਿਚ ਕੇਵਲ ਸ਼ਾਸਤਰ ਪੱਖ ਹੀ ਹੁੰਦਾ ਹੈ। ਕ੍ਰਿਆਤਮਕ ਉਸ ਵਿਸ਼ੇ ਨੂੰ ਰੋਚਕ ਬਣਾ ਦਿੰਦਾ ਹੈ। ਜਿਵੇਂ ਇਤਿਹਾਸ ਕੇਵਲ ਪੜ੍ਹਨ ਦਾ ਵਿਸ਼ੇ ਹੈ ਪਰ ਜੇਕਰ ਇਸ ਦੀਆਂ ਘਟਨਾਵਾਂ ਨੂੰ ਕ੍ਰਿਆਤਮਕ ਰੂਪ ਪ੍ਰਦਾਨ ਕਰ ਦਿੱਤਾ ਜਾਵੇ ਤਾਂ ਉਹ ਰੋਚਕ ਅਤੇ ਗਿਆਨ ਵਰਧਕ ਬਣ ਜਾਂਦਾ ਹੈ। ਇਤਿਹਾਸਿਕ ਘਟਨਾਵਾਂ ਨੂੰ ਨਾਟਕ ਰੂਪ ਦੇ ਕੇ ਅਤੇ ਸੰਗੀਤ ਦੀ ਪੁਠ ਦੇ ਕੇ ਕਵਿਤਾ ਦੁਆਰਾ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇ ਤਾਂ ਵਿਦਿਆਰਥੀਆਂ ਦੇ

Sri Satguru Jagjit Singh Ji eLibrary NamdhariElibrary@gmail.com

ਦਿਲ ਦਿਮਾਗ ਵਿਚ ਹਮੇਸ਼ਾ ਹਮੇਸ਼ਾ ਲਈ ਘਰ ਕਰ ਜਾਵੇਗਾ । ਮਨੋਵਿਗਿਆਨ, ਫਿਲਾਸਫੀ ਭਾਸ਼ਾ ਅਤੇ ਕੁਝ ਹੋਰ ਅਜਿਹੇ ਵਿਸ਼ੇ ਹਨ ਜਿਨ੍ਹਾ ਵਿਚ ਕ੍ਰਿਆਤਮਕ ਪੱਖ ਵਧੇਰੇ ਹੋਣ ਕਾਰਨ ਵਿਦਿਆਰਥੀ ਯਾਦ ਕਰਨ ਲਈ ਜਿੰਦਗੀ ਦਾ ਇਕ ਹਿੱਸਾ ਖਰਚ ਕਰ ਦਿੰਦਾ ਹੈ । ਅੰਗਰੇਜ਼ੀ, ਪੰਜਾਬੀ, ਪੜ੍ਹਾਉਣ ਵਿਚ ਅਤੇ ਸੰਗੀਤ ਸਿੱਖਿਆ ਦੇਣ ਵਿਚ ਬੜਾ ਅੰਤਰ ਹੈ । ਖੇਡਾਂ ਦੇ ਵਿਸ਼ੇ ਦੇ ਵਿਦਿਆਰਥੀਆਂ ਜੋ ਕੇਵਲ ਸ਼ਰੀਰਕ ਸਿੱਖਿਆ ਕੇਵਲ ਵਿਸ਼ੇ ਦੇ ਰੂਪ ਵਿਚ ਹੀ ਪੜ੍ਹਦੇ ਹਨ ਅਤੇ ਖੇਡ ਦੇ ਮੈਦਾਨ ਵਿਚ ਨਹੀਂ ਜਾਂਦੇ ਉਹਨਾਂ ਨੂੰ ਖੇਡਾ ਦੇ ਨਿਯਮ ਯਾਦ ਕਰਨ ਵਿਚ ਬੜੀ ਦਿਕਤ ਆਉਂਦੀ ਹੈ । ਇਸ ਤੋਂ ਵਿਪਰੀਤ ਜੋ ਪੜ੍ਹਨ ਦੇ ਨਾਲ-ਨਾਲ ਖੇਡਦੇ ਵੀ ਹਨ ਉਹਨਾਂ ਨੂੰ ਨਿਯਮਾਂ ਦੀ ਜਾਣਕਾਰੀ ਮੌਕੇ ਤੇ ਹੀ ਹੁੰਦੀ ਰਹਿੰਦੀ ਹੈ ।

ਸੰਗੀਤ ਦਾ ਸ਼ਾਸਤਰ ਪੱਖ ਵੀ ਕੋਈ ਵਧੇਰੇ ਰੋਚਕ ਨਹੀਂ ਜਿੰਨਾ ਇਸ ਦਾ ਕ੍ਰਿਆਤਮਕ ਪੱਖ ਹੈ । ਸੰਗੀਤ ਸੁਣ-ਸੁਣਾ ਕੇ ਜੋ ਆਨੰਦ ਪ੍ਰਾਪਤ ਹੁੰਦਾ ਹੈ ਉਹ ਪੜ੍ਹਕੇ ਨਹੀਂ । ਪੜ੍ਹਨਾ ਲਿਖਣਾ ਤਾ ਉਸ ਗਿਆਨ ਨੂੰ ਹਮੇਸ਼ਾ ਲਈ ਅਤੇ ਸਦੀਵੀ ਕਾਇਮ ਰੱਖਣ ਲਈ ਹੁੰਦਾ ਹੈ ਤਾ ਕਿ ਆਉਣ ਵਾਲੀ ਨਸਲ ਉਸ ਗਿਆਨ ਤੋਂ ਲਾਭ ਉਠਾਵੇ ਅਤੇ ਉਸ ਵਿਚ ਵਾਧਾ ਕਰੇ । ਜ਼ਬਾਨੀ, ਮੌਖਿਕ ਗਿਆਨ ਸਦੀਵੀ ਨਹੀਂ ਰਹਿ ਸਕਦਾ । ਉਸ ਵਿਚ ਭਰਾਂਤਿਆ ਉਤਪੰਨ ਹੋ ਜਾਂਦੀਆ ਹਨ । ਸੰਗੀਤ ਸਿਖਾਉਣ ਲਈ ਅਧਿਆਪਕ ਨੂੰ ਵਿਦਿਆਰਥੀਆਂ ਦੇ ਸਤਰ ਦਾ ਧਿਆਨ ਰਖਣਾ ਚਾਹੀਦਾ ਹੈ । ਸੰਗੀਤ ਗਿਆਨ ਦੇ ਵਾਧੇ ਲਈ ਉਸ ਦੇ ਉਦੇਸ਼ ਦਾ ਵੀ ਪਤਾ ਹੋਣਾ ਲਾਜ਼ਮੀ ਹੈ । ਵਿਦਿਆਰਥੀ ਨੂੰ ਕਈ ਪ੍ਰਕਾਰ ਦੇ ਉਦਾਹਰਣ, ਚਾਰਟ, (Chart) ਸਹਾਇਕ ਸਮੱਗਰੀ ਦਾ ਪ੍ਰਯੋਗ ਕਰਕੇ, ਪ੍ਰਦਰਸ਼ਨ, ਕਥਾ ਕਹਾਣੀ, ਭਾਸ਼ਨ ਆਦਿ ਢੰਗ ਵਰਤਣੇ ਚਾਹੀਦੇ ਹਨ ।

ਸ਼ਿਖਸ਼ਨ ਕੀ ਹੈ ? (What is Teaching) :- ਸਿੱਖਿਆ ਦਾ ਉਦੇਸ਼ ਹੈ ਗਿਆਨ ਵਿਚ ਵਾਧਾ ਕਰਨਾ । ਕਈ ਚੀਜ਼ਾਂ ਬਾਲਕ ਵੇਖਕੇ, ਸੁਣਕੇ ਹੀ ਸਿੱਖ ਜਾਂਦਾ ਹੈ । ਬਾਲਕ ਗਿਆਨ ਪ੍ਰਾਪਤ ਕਰਦਾ ਹੈ ਅਤੇ ਅਧਿਆਪਕ ਕੇਵਲ ਵਾਤਾਵਰਣ ਤਿਆਰ ਕਰਦਾ ਹੈ । ਜਿਸ ਦੇ ਸਿੱਟੇ ਵਜੋਂ ਬਾਲਕ ਦੀ ਸਿੱਖਣ ਯੋਗਤਾ ਵੱਧ ਜਾਂਦੀ ਹੈ । ਦੇਖਣ ਅਤੇ ਸੁੱਨਣ ਦੁਆਰਾ ਗਿਆਨ ਵਿਚ ਵਾਧਾ ਹੁੰਦਾ ਹੈ । ਇਸ ਤੋਂ ਇਲਾਵਾ ਸਪਰਸ਼ ਸਕਤੀ ਵੀ ਗਿਆਨ ਵਿਚ ਵਾਧਾ ਕਰਨ ਲਈ ਕਈ ਕੇਸਾ ਵਿਚ ਸਹਾਇਕ ਹੁੰਦੀ ਹੈ । ਆਪਣੇ ਸਾਜ਼ ਦਾ ਪ੍ਰਯੋਗ ਕਰਨਾ, ਪੁਸਤਕਾਲਿਆਂ ਲਈ ਪੁਸਤਕਾ ਦੀ ਚੋਣ ਕਰਨਾ, ਸਕੂਲ ਪ੍ਰੋਗਰਮਾ ਵਿਚ ਸਹਾਇਤਾ ਕਰਨਾ ਆਦਿ ਸਿੱਖਿਆ ਦਾ ਅੰਗ ਹਨ । ਸਾਹਿਤ ਸਿੱਖਿਆ ਦੀਆਂ ਅਨੇਕ ਵਿਧੀਆਂ ਹਨ ਜਿਵੇਂ ਵਿਅਖਿਆਨ ਵਿਧੀ (Lecturer Method) ਯੋਜਨਾ ਵਿਧੀ (Project Method) ਸਮਸਿਆ ਪੱਧਤੀ (Problem Method) ਕਥਨ ਵਿਧੀ (Recitration Method) ਆਦਿ । ਇਹ ਸਾਰੀਆ ਵਿਧੀਆਂ ਸੰਗੀਤ ਸਿੱਖਿਆ ਲਈ ਪੂਰੀ ਤਰਾ ਲਾਗੂ ਨਹੀਂ ਹੋ ਸਕਦੀਆ । ਛੋਟੇ ਬੱਚਿਆ ਲਈ ਅਤੇ ਵੱਡੇ ਬੱਚਿਆਂ ਲਈ ਵੱਖ-ਵੱਖ ਵਿਧੀ ਅਪਣਾਈ ਜਾਂਦੀ ਹੈ ਕਿਉਂਕਿ ਦੋਨਾ ਦੀ ਰਹਿਣ ਸਕਤੀ ਵਿਚ ਅੰਤਰ ਹੁੰਦਾ ਹੈ । ਕਿਸੇ ਵੀ ਪੱਧਤੀ ਨੂੰ ਅਪਨਾਉਣ ਤੋਂ ਪਹਿਲਾ ਸਿੱਖਿਆ ਦੇ ਸਿਧਾਤਾ ਦਾ ਧਿਆਨ ਵੀ ਰਖਣਾ ਜਰੂਰੀ ਹੈ ।

1. **ਰੁਚੀ ਦਾ ਸਿਧਾਂਤ** (Principal of Interest) ਬਾਲਕ ਉਹਨਾਂ ਗੱਲਾ ਨੂੰ ਹੀ ਧਿਆਨ ਨਾਲ ਸੁਣਦਾ ਹੈ ਜਿਸ ਵਿਚ ਉਸਦੀ ਆਪਣੀ ਰੁਚੀ ਹੋਵੇ । ਸਿੱਖਿਆ ਵਿਚ ਰੁਚੀ ਦੇ ਸਿਧਾਂਤ ਦਾ ਧਿਆਨ ਰੱਖਣਾ ਬੜਾ ਜ਼ਰੂਰੀ ਹੈ । ਬੱਚੇ ਦੀ ਰੁਚੀ ਅਨੁਸਾਰ ਮਨਮੋਹਕ ਤਰੀਕੇ ਨਾਲ ਸਿੱਖਿਆ ਦੇਣੀ ਚਾਹੀਦੀ ਹੈ ਤਾ ਕਿ ਸਿੱਖਿਆ ਭਲੀਭਾਤ ਹੋਵੇ ਅਤੇ ਉਸਦੇ ਨਤੀਜੇ ਵਧੀਆ ਪ੍ਰਾਪਤ ਹੋਣ ।

Sri Satguru Jagjit Singh Ji eLibrary NamdhariElibrary@gmail.com

2. **ਪ੍ਰੇਰਣਾਂ ਦਾ ਸਿਧਾਂਤ** (Principal of Motiration) ਪ੍ਰੇਰਣਾਂ ਦਾ ਵਿਦਿਆਰਥੀ ਜੀਵਨ ਵਿਚ ਬੜਾ ਮਹੱਤਵ ਪੂਰਣ ਸਥਾਨ ਹੈ। ਜਦੋਂ ਬੱਚੇ ਨੂੰ ਪ੍ਰੇਰਣਾ ਮਿਲਦੀ ਹੈ ਤਾਂ ਉਸ ਵਿਚ ਰੁਚੀ ਜਾਗਰਿਤ ਹੁੰਦੀ ਹੈ। ਉਸ ਵਿਚ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਉਤਪੰਨ ਹੁੰਦੀ ਹੈ। ਸਿੱਟੇ ਵਜੋਂ ਉਸਦਾ ਧਿਆਨ ਪੜ੍ਹਾਈ ਲਿਖਾਈ ਵਿਚ ਵਧੇਰੇ ਲਗਦਾ ਹੈ। ਬਾਲਕ ਨੂੰ ਪ੍ਰੇਰਨਾਂ ਮਿਲਦੀ ਹੈ ਤਾਂ ਉਹ ਹੋਰ ਉਚਾਈਆਂ ਤੇ ਪੁਜਣ ਦੀ ਚੇਸ਼ਠਾ ਕਰਨ ਲੱਗਦਾ ਹੈ। ਸੰਗੀਤ ਸਿੱਖਿਆ ਵਿਚ ਵੀ ਹੋਰਨਾਂ ਵਿਸ਼ਿਆਂ ਦੀ ਤਰ੍ਹਾਂ ਪ੍ਰੇਰਨਾ ਅੱਗ ਤੇ ਘਿਉ ਵਾਲਾ ਕੰਮ ਕਰਦੀ ਹੈ।

3. **ਕ੍ਰਿਆ ਦੁਆਰਾ ਸਿੱਖਣ ਸਿਧਾਂਤ** (Principal of learning by doing) :- ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਰੂਸੋ ਨੇ ਸਿੱਖਣ ਉਤੇ ਖਾਸ ਤੌਰ ਤੇ ਬਲ ਦਿੱਤਾ ਹੈ। ਆਪ ਕੀਤਾ ਹੋਇਆ ਕੰਮ ਸਿੱਖਣ ਵਿਚ ਵਧੇਰੇ ਲਾਭਦਾਇਕ ਹੁੰਦਾ ਹੈ। ਬਾਲਕ ਕੁਦਰਤੀ ਤੌਰ ਤੇ ਹੱਥੀਂ-ਕੰਮ ਕਰਨ ਵਿਚ ਰੁਚੀ ਰਖਦਾ ਹੈ। ਅਸੀਂ ਆਮ ਤੌਰ ਤੇ ਦੇਖਦੇ ਹਾਂ ਕਿ ਬੱਚਾ ਆਪਣੇ ਵੱਡੇ ਨੂੰ ਕੰਮ ਕਰਦਿਆਂ ਵੇਖਕੇ ਉਹੀਂ ਕੰਮ ਕਰਨ ਲੱਗ ਪੈਂਦਾ ਹੈ। ਕਿਸੇ ਖਿਲੌਣੇ ਨੂੰ ਖੇਡਦੇ ਹੋਏ ਭੰਨ ਦੇਣਾ ਫਿਰ ਉਸ ਨੂੰ ਜੋੜਨ ਲੱਗ ਪੈਣਾਂ। ਆਪਣੀ ਮਾਂ ਨੂੰ ਕੰਮ ਕਰਦਿਆਂ ਵੇਖ ਲੜਕੀਆਂ ਵੀ ਕੰਮ ਕਰਨ ਲੱਗ ਪੈਂਦੀਆਂ ਹਨ। ਸੰਗੀਤ ਖੇਤਰ ਵਿਚ ਕ੍ਰਿਆਤਮਿਕ ਪੱਖ ਵਧੇਰੇ ਰੁਚੀਕਾਰ ਹੋਣ ਕਾਰਨ ਬਾਲਕ ਕਰਨ ਵਿਚ ਵਧੇਰੇ ਰੁਚੀ ਲੈਂਦਾ ਹੈ। ਜਿਵੇਂ ਤਬਲੇ ਉਤੇ ਹੱਥ ਮਾਰਨਾਂ, ਹਾਰਮੋਨੀਅਮ ਦੀਆਂ ਸੁਰਾਂ ਛੇੜਣਾ ਆਦਿ। ਰੇਡਿਉ ਸੁਣਦੇ ਹੋਏ ਜਾਂ ਟੀ.ਵੀ. ਵੇਖ ਕੇ ਨੱਚਣਾਂ ਆਦਿ ਬੱਚੇ ਦੀ ਆਪ ਮੁਹਾਂਦਰੇ ਕ੍ਰਿਆਸ਼ੀਲਤਾ ਪਰਵਿਰਤੀ ਦਾ ਪ੍ਰਗਟਾਵਾ ਕਰਦੇ ਹਨ। ਸੰਗੀਤ ਬਾਲਕ ਨੂੰ ਹੋਰ ਵੀ ਕ੍ਰਿਆਰਸ਼ੀਲ ਬਣਾਈ ਰੱਖਦਾ ਹੈ।

4. **ਵਿਅਕਤੀਕਰਨ ਸਿਧਾਂਤ** :- (Principal of Individualization) :- ਹਰੇਕ ਬਾਲਕ ਦੀਆਂ ਰੁਚੀਆਂ ਪਰਵਿਰਤੀਆਂ ਅਤੇ ਸ਼ਕਤੀਆਂ ਵੱਖ ਵੱਖ ਹੁੰਦੀਆਂ ਹਨ। ਜੇਕਰ ਉਹਨਾਂ ਨੂੰ ਸਹੀ ਦਿਸ਼ਾ ਪ੍ਰਦਾਨ ਨਾਂ ਕੀਤੀ ਜਾਵੇ ਤਾਂ ਕਈ ਵਾਰੀ ਉਹ ਗਲਤ ਦਿਸ਼ਾ ਵੱਲ ਟੁਰ ਜਾਂਦੀਆਂ ਹਨ। ਸੰਗੀਤ ਸਿੱਖਿਆ ਵਿਅਕਤੀਗਤ ਦਿੱਤੀ ਜਾਵੇ। ਵਿਦਿਆਰਥੀ ਨੂੰ ਸੁਰ ਗਿਆਨ, ਤਾਲ ਗਿਆਨ, ਰਾਗ ਗਿਆਨ, ਤਾਂ ਹੀ ਭਲੀ ਪ੍ਰਕਾਰ ਹੋ ਸਕਦਾ ਹੈ ਜਦ ਉਸ ਦੀ ਸਿੱਖਿਆ ਵਿਅਕਤੀਗਤ ਰੂਪ ਵਿਚ ਹੋਈ ਹੋਵੇਗੀ। ਸੁਰਾਂ ਦਾ ਬੇਸੁਰਾ ਹੋਣਾਂ, ਤਾਲ ਤੋਂ ਬੇਤਾਲ ਹੋਣਾਂ ਆਮ ਤਰੁੱਟੀਆਂ ਹਨ। ਸ਼ਬਦਾਂ ਦਾ ਸ਼ੁੱਧ ਉਚਾਰਨ ਕਰਨਾ, ਰਾਗ ਦਾ ਸਹੀ ਸਰੂਪ ਜਾਂ ਰਚਨਾ ਦਾ ਸਹੀ ਗਾਇਨ ਵਾਦਨ ਕਰਨਾ ਆਦਿ ਕ੍ਰਿਆਵਾਂ ਵਿਅਕਤੀਗਤ ਰੂਪ ਵਿਚ ਹੀ ਸ਼ੁੱਧ ਹੋ ਸਕਦੀਆਂ ਹਨ।

ਸਾਰੀ ਜਮਾਤ ਨੂੰ ਛੋਟੇ-ਛੋਟੇ ਸਮੂਹਾਂ ਵਿਚ ਵੰਡਕੇ ਗਾਣਾਂ ਵਜਾਣਾ ਸਿਖਾਉਣਾਂ ਚਾਹੀਦਾ ਹੈ। ਫਿਰ ਹਰੇਕ ਤੋਂ ਵੱਖ ਵੱਖ ਸੁਨਣਾ ਚਾਹੀਦਾ ਹੈ ਅਤੇ ਤਰੁੱਟੀਆਂ ਵਿਚ ਸੁਧਾਰ ਕਰਨਾ ਚਾਹੀਦਾ ਹੈ। ਜੇਕਰ ਸਾਰੀ ਸ਼੍ਰੇਣੀ ਨੂੰ ਇਕੱਠਾ ਸਿਖਲਾਇਆ ਜਾਵੇ ਤਾਂ ਅਧਿਆਪਕ ਨੂੰ ਅਤੇ ਨਾਂ ਹੀ ਵਿਦਿਆਰਥੀ ਨੂੰ ਗਲਤੀ ਦਾ ਪਤਾ ਲੱਗਦਾ ਹੈ। ਇਸ ਕਰਕੇ ਸੰਗੀਤ ਦੀ ਵਿਅਕਤੀਗਤ ਸਿੱਖਿਆ ਬੜੀ ਜਰੂਰੀ ਹੈ। ਵਿਅਕਤੀਗਤ ਸਿਖਾਉਣਾਂ, ਤੱਰੁਟੀਆਂ ਦੂਰ ਕਰਨਾਂ, ਅਭਿਆਸ, ਸੁਰਸਾਧਨਾ, ਤਾਲਾਂ ਦਾ ਅਭਿਆਸ ਅਤੇ ਸ਼ਾਸਤਰ ਪੜਨਾ ਇਹ ਸਾਰੇ ਨੁਕਤੇ ਇਸ ਤਰ੍ਹਾਂ ਧਿਆਨ ਦੇਣ ਤੇ ਹੀ ਸਮਝ ਆਉਂਦੇ ਹਨ ਅਤੇ ਇਹਨਾਂ ਤੇ ਪੂਰਣ ਅਧਿਕਾਰ ਪ੍ਰਾਪਤ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

5. ਸਹਿ ਸੰਬੰਧ ਸਿਧਾਂਤ (Principal of Co-Relation) :- ਮਨੋਵਿਗਿਆਨੀਆਂ ਨੇ ਸਿੱਧ ਕੀਤਾ ਹੈ ਕਿ ਬਾਲਕ ਕਿਸੇ ਵੀ ਵਿਸੇ ਦਾ ਗਿਆਨ ਸਵਤੰਤਰ ਰੂਪ ਵਿਚ ਉੱਨੀ ਜਲਦੀ ਤੇ ਆਸਾਨੀ ਨਾਲ ਸਹਿਣ ਨਹੀਂ ਕਰਦਾ ਜਿੰਨਾ ਕਿ ਉਹ ਸਹਿ-ਸਬੰਧ ਰੂਪ ਵਿੱਚ । ਇਸ ਵਾਸਤੇ ਵਿਸ਼ਿਆਂ ਦਾ ਆਪਸ ਵਿਚ ਸੰਬਧਿਤ ਬਾਲਕ ਲਈ ਗਿਆਨ ਪ੍ਰਾਪਤ ਕਰਨਾ ਸੋਖਾ ਹੋ ਜਾਂਦਾ ਹੈ । ਸਿੱਖਿਆ ਦਾ ਉਦੇਸ਼ ਵੀ ਬਾਲਕ ਦੇ ਵਿਅਕਤੀਤਵ ਦਾ ਵਿਕਾਸ ਕਰਨਾ ਹੈ । ਸੰਗੀਤ ਸਿੱਖਿਆ ਵੀ ਸਹਿ-ਸਬੰਧ ਵਿਸ਼ਿਆਂ ਦਾ ਯੋਗ ਸਹਾਰਾ ਲੈ ਕੇ ਸਿਖਾਈ ਜਾਣੀ ਚਾਹੀਦੀ ਹੈ ।

6. ਦੁਹਰਾਈ ਦਾ ਸਿਧਾਂਤ (Prinicpal of Revision) :- ਸਿਖਾਉਣ ਤੋਂ ਬਾਅਦ ਪਾਠ ਭੁੱਲ ਗਿਆ ਹੈ ਜਾਂ ਯਾਦ ਹੋ ਗਿਆ ਹੈ ਇਸ ਸ਼ੰਕਾ ਨੂੰ ਦੂਰ ਕਰਨ ਲਈ ਦੁਹਰਾਈ ਦੀ ਕ੍ਰਿਆ ਪਰਮ ਆਵਸ਼ਕ ਹੈ । ਦੁਹਰਾਈ ਕਰਨ ਨਾਲ ਗਿਆਨ ਸਥਾਈ ਤੌਰ ਤੇ ਦਿਮਾਗ ਵਿਚ ਆਪਣਾ ਸਥਾਨ ਬਣਾ ਲੈਂਦਾ ਹੈ । ਦੂਜੇ ਅੱਖਰਾਂ ਵਿਚ ਗਿਆਨ ਨੂੰ ਫਿਰ ਸਥਾਈ ਬਣਾਉਣ ਲਈ ਦੁਹਰਾਈ ਬੜੀ ਜ਼ਰੂਰੀ ਹੈ । ਸੰਗੀਤ ਦੇ ਕ੍ਰਿਆਤਮਕ ਪੱਖ ਦੀ ਬਾਰ ਬਾਰ ਦੁਹਰਾਈ ਕਰਨਾ ਉਨ੍ਹਾਂ ਹੀ ਜ਼ਰੂਰੀ ਹੈ ਜਿੰਨ੍ਹਾਂ ਜੀਵਨ ਵਿਚ ਹੋਰ ਕੰਮ ਜਿਵੇਂ ਭੋਜਨ ਕਰਨਾ, ਨਹਾਣਾ, ਸੌਣਾ, ਵਸਤਰ ਬਦਲਣਾ ਜਾ ਧੋਣਾ ਆਦਿ । ਜਿਵੇਂ ਕੋਈ ਖਿਡਾਰੀ ਹਰ ਰੋਜ ਕੁਝ ਘੰਟੇ ਖੇਡਣ ਦਾ ਅਭਿਆਸ ਕਰਦਾ ਹੈ, ਪਹਿਲਵਾਨ ਅਖਾੜੇ ਵਿਚ ਕੁਸ਼ਤੀ ਕਰਦਾ ਹੈ, ਬੱਡੀ ਬਿਲਡਰ ਆਪਣੀ ਦੇਹ ਦੇ ਹਰ ਭਾਗ ਨੂੰ ਉਭਾਰਨ ਲਈ ਕਸਰਤ ਕਰਦਾ ਹੈ ਇਸੇ ਤਰਾਂ ਸੰਗੀਤਕਾਰ ਨੂੰ ਪ੍ਰਤੀ ਦਿਨ ਕੁਝ ਘੰਟੇ ਅਭਿਆਸ ਕਰਨਾ ਪੈਂਦਾ ਹੈ, ਇਹ ਅਭਿਆਸ ਹੀ ਸੰਗੀਤਕ ਦੁਹਰਾਈ ਹੈ । ਸੰਗੀਤ ਵਿਦਿਆਰਥੀ ਨੂੰ ਸ਼ਾਸਤਰ ਅਤੇ ਕ੍ਰਿਆਤਮਿਕ ਦੋਨਾਂ ਖੇਤਰਾਂ ਦੀ ਦੁਹਰਾਈ ਕਰਨੀ ਚਾਹੀਦੀ ਹੈ । ਅਧਿਆਪਕ ਨੂੰ ਪਾਠ ਪੜ੍ਹਾਉਣ ਉਪਰੰਤ ਉਸ ਪਾਠ ਦੇ ਮੁੱਖ ਅੰਸ਼ ਦੁਹਰਾਣੇ ਚਾਹੀਦੇ ਹਨ ਤਾਂ ਕਿ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਯਾਦ ਹੋ ਜਾਵੇ ਅਤੇ ਸਮਝ ਆ ਜਾਵੇ ਅਤੇ ਉਸਦਾ ਗਿਆਨ ਸਥਾਈ ਬਣ ਜਾਵੇ ।

7. ਪਾਠ ਯੋਜਨਾਂ ਸਿਧਾਂਤ (Lesson Plan) :- ਅਧਿਆਪਕ ਨੂੰ ਪੜ੍ਹਾਏ ਜਾਣ ਵਾਲੇ ਪਾਠ ਦੀ ਯੋਜਨਾਂ ਪਹਿਲਾਂ ਹੀ ਤਿਆਰ ਕਰ ਲੈਣੀ ਚਾਹੀਦੀ ਹੈ । ਹਮੇਸ਼ਾਂ ਸਰਲ ਪਾਠ ਤੋਂ ਕਠਿਨ ਪਾਠ ਵੱਲ ਚਲਣਾਂ ਚਾਹੀਦਾ ਹੈ । ਅਵਸਰ ਦੇ ਅਨੁਸਾਰ ਪੜ੍ਹਾਉਣ ਵਿਧੀ ਬਦਲ ਲੈਣੀ ਚਾਹੀਦੀ ਹੈ ਇਹ ਜ਼ਰੂਰੀ ਨਹੀਂ ਕਿ ਹਰੇਕ ਪਾਠ ਇਕੋ ਹੀ ਵਿਧੀ ਨਾਲ ਪੜ੍ਹਾਇਆ ਜਾਵੇ । ਜੇਕਰ ਜ਼ਰੂਰੀ ਹੋਵੇ ਤਾਂ ਕੋਈ ਦੂਜੀ ਵਿਧੀ ਦੀ ਵਰਤੋਂ ਵੀ ਕਰ ਸਕਦੇ ਹੋ । ਸਾਰੀਆਂ ਵਿਧੀਆਂ ਲਾਹੇਵੰਦ ਹਨ । ਵਿਦਿਆਰਥੀ ਨੂੰ ਠੀਕ ਗਿਆਨ ਪ੍ਰਾਪਤ ਕਰਵਾਉਣਾਂ ਅਧਿਆਪਕ ਦਾ ਮੁੱਖ ਨਿਸ਼ਾਨਾ ਹੈ ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 7

ਗਾਇਨ ਸ਼ੈਲੀਆਂ

ਇਕ ਸੰਗੀਤ ਅਧਿਆਪਕ ਨੂੰ ਪ੍ਰਾਚੀਨ ਅਤੇ ਆਧੁਨਿਕ ਅਰਥਾਤ ਪ੍ਰਚਲਿਤ ਅਤੇ ਅਪ੍ਰਚਲਿਤ ਗਾਇਨ ਸ਼ੈਲੀਆਂ ਦਾ ਪੂਰਣ ਗਿਆਨ ਹੋਣਾ ਹੀ ਚਾਹੀਦਾ ਹੈ ਤਾ ਕਿ ਉਹ ਆਪਣੇ ਵਿਦਿਆਰਥੀਆ ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕੇ। ਸੰਗੀਤ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਿਆਨ ਦੇਣਾਂ ਅਧਿਆਪਕ ਦਾ ਧਰਮ ਹੈ। ਗਾਇਨ ਸੈਲੀਆਂ ਦੀ ਸਿੱਖਿਆ ਕਈ ਪ੍ਰਕਾਰ ਨਾਲ ਦਿੱਤੀ ਜਾ ਸਕਦੀ ਹੈ।

1. ਕਹਾਣੀ ਕਥਨ (Story Telling)
2. ਭਾਸ਼ਣ ਵਿਧੀ (Lecture Method)
3. ਭਾਸ਼ਣ ਅਤੇ ਪ੍ਰਦਰਸ਼ਨ (Lecture-Cum-Demonstration)
4. ਪਾਠ ਯੋਜਨਾ (Lesson Plan)

1. ਕਹਾਣੀ ਕਥਨ :- ਕਿਸੇ ਵੀ ਗਾਇਨ ਸ਼ੈਲੀ ਦੇ ਇਤਿਹਾਸ ਨੂੰ ਕਹਾਣੀ ਦੇ ਰੂਪ ਵਿਚ ਬੱਚਿਆਂ ਨੂੰ ਪੜ੍ਹਾਇਆ ਜਾ ਸਕਦਾ ਹੈ। ਉਸ ਵਿਸ਼ੇਸ਼ ਸ਼ੈਲੀ ਦੇ ਘਰਾਣੇ, ਘਰਾਣੇਦਾਰ ਕਲਾਕਾਰਾਂ ਬਾਰੇ ਗਿਆਨ ਦਿੱਤਾ ਜਾ ਸਕਦਾ ਹੈ। ਉਸ ਸ਼ੈਲੀ ਦੀ ਉੱਨਤੀ, ਅਵਨਤੀ ਬਾਰੇ ਵੀ ਦੱਸਿਆ ਜਾ ਸਕਦਾ ਹੈ।

2. ਭਾਸ਼ਣ ਵਿਧੀ :- ਕਿਸੇ ਵੀ ਗਾਇਨ ਸ਼ੈਲੀ ਦਾ ਪ੍ਰੀਚੈ ਅਧਿਆਪਕ ਭਾਸ਼ਣ ਦਿੰਦੇ ਹੋਏ ਪੜ੍ਹਾ ਸਕਦਾ ਹੈ। ਇਸ ਵਿਧੀ ਅਨੁਸਾਰ ਅਧਿਆਪਕ ਉਸ ਵਿਸੇ ਗਾਇਨ ਸ਼ੈਲੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਵਿਦਿਆਰਥੀਆਂ ਤਕ ਪਹੁੰਚਾਉਂਦਾ ਹੈ। ਵਿਦਿਆਰਥੀ ਉਸ ਭਾਸ਼ਨ ਦੀਆਂ ਗੱਲਾ ਆਪਣੀ ਸਿਮਰਤੀ ਵਾਸਤੇ ਲਿਖ ਲੈਦਾ ਹੈ। ਵਿਦਿਆਰਥੀ ਘਰ ਜਾ ਕੇ ਆਪਣੀ ਕਾਪੀ ਵਿਚ ਉਸਨੂੰ ਵਿਸਥਾਰ ਪੂਰਵਕ ਲਿਖ ਲੈਦਾ ਹੈ।

3. ਭਾਸ਼ਣ ਅਤੇ ਪ੍ਰਦਰਸ਼ਨ ਵਿਧੀ :- ਇਕ ਅਧਿਆਪਕ ਕਿਸੇ ਗਾਇਨ ਸ਼ੈਲੀ ਦਾ ਆਪ ਵਿਦਿਆਰਥੀਆਂ ਦੇ ਸਨਮੁਖ ਪ੍ਰਦਰਸ਼ਨ ਕਰਦਾ ਹੈ ਫਿਰ ਉਸ ਗਾਇਨ ਸ਼ੈਲੀ ਦੀਆਂ ਵਿਲੱਖਣਤਾਵਾਂ, ਭਿੰਨਤਾਵਾਂ, ਵਿਸ਼ੇਸਤਾਵਾਂ, ਸੀਮਾਵਾਂ ਬਾਰੇ ਗਿਆਨ ਦਿੰਦਾ ਹੈ। ਇਸ ਦੇ ਨਾਲ ਹੀ ਉਹ ਉਸ ਦਾ ਇਤਿਹਾਸ, ਉੱਤਪਤੀ ਅਤੇ ਵਿਕਾਸ, ਉਸ ਸੈਲੀ ਦੇ ਘਰਾਣੇ, ਉਸ ਗਾਇਨ ਸੈਲੀ ਦੇ ਪ੍ਰਸਿੱਧ ਗਾਇਕਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

4. ਪਾਠ ਯੋਜਨਾ ਵਿਧੀ :- ਅਧਿਆਪਕ ਇਸ ਉਪ ਵਿਸੇ ਨੂੰ ਆਪਣੀ ਪਾਠ ਯੋਜਨਾ ਦੁਆਰਾ ਛੋਟੇ-ਛੋਟੇ ਭਾਗ ਬਣਾ ਕੇ ਇਸ ਮੰਤਵ ਦੀ ਪੂਰਤੀ ਵੀ ਕਰ ਸਕਦਾ ਹੈ। ਉਦਾਹਰਣ ਵਜੋਂ ਧਰੁਪਦ ਗਾਇਨ ਸ਼ੈਲੀ ਦੀ ਪਾਠ ਯੋਜਨਾ ਇਸ ਤਰਾਂ ਤਿਆਰ ਕੀਤੀ ਜਾ ਸਕਦੀ ਹੈ। (1) ਧਰੁਪਦ ਦੀ ਉਤਪਤੀ, ਵਿਕਾਸ, ਅਤੇ ਪ੍ਰਚਾਰ ਕਿਸ ਸਮੇਂ ਵਿਚ ਹੋਇਆ (2) ਧਰੁਪਦ ਦੀਆਂ ਚਾਰ ਬਾਣੀਆਂ ਅਤੇ ਉਹਨਾਂ ਦੀ ਪੂਰਨ ਜਾਣਕਾਰੀ

Sri Satguru Jagjit Singh Ji eLibrary NamdhariElibrary@gmail.com

(3) ਧਰੁਪਦ ਦੇ ਚਾਰ ਖੰਡ ਸਥਾਈ, ਅੰਤਰਾ, ਸੰਚਾਰੀ, ਆਭੋਗ ਅਤੇ ਤਾਲਬੱਧ ਗਾਇਨ ਤੋਂ ਪੂਰਵ ਅਲਾਪ ਆਦਿ ਬਾਰੇ ਪਾਠ ਯੋਜਨਾਂ ਤਿਆਰ ਕਰਨਾ । (4) ਧਰੁਪਦ ਦੀਆਂ ਲੈਅਕਾਰੀਆ ਅਤੇ ਪ੍ਰਯੋਗ ਹੋਣ ਵਾਲੀਆਂ ਪ੍ਰਮੁੱਖ ਤਾਲਾਂ ਬਾਰੇ ਦਸਣਾਂ । ਇਸ ਪ੍ਰਕਾਰ ਹਰੇਕ ਗਾਇਨ ਸ਼ੈਲੀ ਦੀ ਪਾਠ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ । ਜਿਸ ਨਾਲ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ ਅਤੇ ਉਹਨਾਂ ਨੂੰ ਘਰ ਦਾ ਕੰਮ ਵੀ ਦਿੱਤਾ ਜਾ ਸਕਦਾ ਹੈ । ਅਗਲੇ ਦਿਨਾਂ ਉਸਦੀ ਦੁਹਰਾਈ ਵੀ ਕੀਤੀ ਜਾ ਸਕਦੀ ਹੈ ।

ਕੁਝ ਗਾਇਨ ਸ਼ੈਲੀਆਂ ਦਾ ਪ੍ਰੀਚੈ

ਧਰੁਪਦ :- ਇਸ ਗਾਇਨ ਸ਼ੈਲੀ ਦਾ ਆਵਿਸ਼ਕਾਰ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਪੰਦਰਵੀ ਸਦੀਂ ਵਿਚ ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਂਬਰ (ਤੋਮਰ) ਦੇ ਕਾਲ ਵਿਚ ਹੋਇਆ । ਉਹ ਆਪ ਵੀ ਧਰੁਪਦ ਗਾਇਨ ਦਾ ਗਿਆਤਾ ਅਤੇ ਰਚਨਾਕਾਰ ਸੀ । ਇਹ ਇਕ ਪ੍ਰਾਚੀਨ, ਜੋਰਦਾਰ ਅਤੇ ਮਰਦਾਨਾ ਆਵਾਜ਼ ਦਾ ਗਾਇਨ ਪ੍ਰਕਾਰ ਹੈ । ਇਹ ਪ੍ਰਚਲਿਤ ਗਾਇਨ ਸ਼ੈਲੀਆਂ ਵਿਚੋਂ ਸਭ ਤੋਂ ਪ੍ਰਾਚੀਨ ਸ਼ੈਲੀ ਮੰਨੀ ਜਾਂਦੀ ਹੈ । ਧਰੁਪਦ ਗਾਇਕ ਨੂੰ ਕਲਾਵੰਤ ਵੀ ਕਿਹਾ ਜਾਂਦਾ ਸੀ । ਅਕਬਰ ਕਾਲ ਵਿਚ ਇਸ ਸ਼ੈਲੀ ਦਾ ਪ੍ਰਚਾਰ ਬੜੇ ਜੋਰਾਂ ਤੇ ਸੀ । ਉਸ ਸਮੇਂ ਇਸ ਸ਼ੈਲੀ ਦੀਆ ਚਾਰ ਬਾਣੀਆਂ ਪ੍ਰਸਿੱਧ ਸਨ ।

1. ਗੌਵਰਹਾਰੀ ਬਾਣੀ
2. ਖੰਡਹਾਰ ਬਾਣੀ
3. ਡਾਗੁਰੀ ਬਾਣੀ
4. ਨੌਹਾਰ ਬਾਣੀ

ਅਕਬਰ ਕਾਲ ਵਿਚ ਚਾਰ ਮਹਾਨ ਸੰਗੀਤਕਾਰ ਬੜੇ ਪ੍ਰਸਿੱਧ ਹੋਏ ਅਤੇ ਉਹਨਾਂ ਦੇ ਨਾਵਾਂ ਤੇ ਹੀ ਇਹ ਬਾਣੀਆਂ ਪ੍ਰਚਾਰ ਵਿਚ ਆਈਆਂ । ਹਰ ਬਾਣੀ ਦੀ ਆਪਣੀ ਵਿਸ਼ੇਸਤਾ ਹੈ ।

1. ਗੌਵਰਹਾਰੀ ਬਾਣੀ :- ਤਾਨਸੈਨ ਜਾਤੀ ਦੇ ਗੌੜ ਬ੍ਰਾਹਮਣ ਸਨ । ਉਹਨਾਂ ਦੀ ਬਾਣੀ ਦਾ ਨਾਮ ਗੌੜੀਏ ਜਾਂ ਗੌਵਰਹਾਰੀ ਪ੍ਰਸਿੱਧ ਹੋ ਗਈ ।

2. ਖੰਡਹਾਰ ਬਾਣੀ :- ਪ੍ਰਸਿੱਧ ਬੀਨਕਾਰ ਸਮੋਖਨ ਸਿੰਘ ਜਿਸ ਦਾ ਨਾਮ ਬਦਲ ਕੇ ਨੌਬਾਰ ਖ਼ਾਂ ਰਖਿਆ ਗਿਆ ਸੀ । ਉਹ ਖੰਡਹਾਰ ਦੇ ਨਿਵਾਸੀ ਸਨ । ਇਸ ਵਾਸਤੇ ਉਹਨਾਂ ਦੀ ਬਾਣੀ ਖੰਡਹਾਰ ਬਾਣੀ ਦੇ ਨਾਂਮ ਨਾਲ ਪ੍ਰਸਿੱਧ ਹੋ ਗਈ ।

3. ਡਾਗੁਰੀ ਬਾਣੀ :- ਬਰਿਜ ਚੰਦ ਜੋ ਜਾਤੀ ਦੇ ਬ੍ਰਾਹਮਣ ਸਨ ਅਤੇ ਡਾਗੁਰ ਪਿੰਡ ਦੇ ਨਿਵਾਸੀ ਹੋਣ ਕਾਰਨ ਉਹਨਾਂ ਦੀ ਬਾਣੀ ਡਾਗੁਰੀ ਬਾਣੀ ਦੇ ਨਾਮ ਨਾਲ ਜਾਣੀ ਗਈ ।

4. ਨੌਹਾਰ ਬਾਣੀ :- ਸ੍ਰੀ ਚੰਦ ਰਾਜਪੂਤ ਜਾਤੀ ਨਾਲ ਸਬੰਧ ਰੱਖਦੇ ਸਨ ਅਤੇ ਨੌਹਾਰ ਦੇ ਨਿਵਾਸੀ ਸਨ । ਉਹਨਾਂ ਦੀ ਬਾਣੀ ਨੌਹਾਰ ਬਾਣੀ ਦੇ ਨਾਮ ਦੁਆਰਾ ਜਾਣੀ ਗਈ ।

ਧਰੁਪਦ ਗਾਇਨ ਕਰਨ ਤੋਂ ਪਹਿਲਾਂ ਅਲਾਪ ਕੀਤਾ ਜਾਂਦਾ ਹੈ । ਅਲਾਪ ਦੇ ਚਾਰਖੰਡ ਹੁੰਦੇ ਹਨ ਜਿਨ੍ਹਾਂ ਨੂੰ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਕਿਹਾ ਜਾਂਦਾ ਹੈ । ਧਰੁਪਦ ਦੀਆਂ ਰਚਨਾਵਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ । ਚੌਤੁਕੀ ਅਤੇ ਦੋ ਤੁਕੀ । ਪ੍ਰਥਮ ਪ੍ਰਕਾਰ ਚੌਤੁਕੀ ਹੈ ਜਿਸ ਵਿਚ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਦੇ ਚਾਰ ਭਾਗ ਹੁੰਦੇ ਹਨ । ਦੂਜੇ ਪ੍ਰਕਾਰ ਵਿਚ ਦੋ ਭਾਗ ਹੁੰਦੇ ਹਨ ਜਿਸ ਵਿਚ ਕੇਵਲ

Sri Satguru Jagjit Singh Ji eLibrary NamdhariElibrary@gmail.com

ਸਥਾਈ ਅਤੇ ਅੰਤਰਾ ਹੀ ਹੁੰਦੇ ਹਨ। ਪ੍ਰਾਚੀਨ ਧਰੁਪਦ ਦੀਆਂ ਰਚਨਾਵਾਂ ਚਾਰ ਭਾਗਾਂ ਦੀਆਂ ਹੀ ਪ੍ਰਾਪਤ ਹੁੰਦੀਆਂ ਹਨ।

ਧਰੁਪਦ ਸ਼ੈਲੀ ਵਿਚ ਲੈਅਕਾਰੀਆਂ ਦੀ ਪ੍ਰਧਾਨਤਾ ਰਹਿੰਦੀ ਹੈ। ਇਸ ਦੇ ਨਾਲ ਪਖਾਵਜ ਦੁਆਰਾ ਸੰਗਤ ਕੀਤੀ ਜਾਂਦੀ ਹੈ। ਇਹ ਸ਼ੈਲੀ ਕਈ ਤਾਲਾਂ ਵਿਚ ਗਾਇਨ ਕੀਤੀ ਜਾਂਦੀ ਸੀ ਜਿਵੇਂ ਚਾਰਤਾਲ, ਬ੍ਰਹਮਤਾਲ, ਰੁਦਰ ਤਾਲ, ਤੀਵਰਾ ਤਾਲ, ਮਤਤਾਲ, ਸੂਲਤਾਲ ਆਦਿ ਪਰ ਅੱਜਕਲ ਇਹ ਕੇਵਲ ਚਾਰਤਾਲ ਵਿਚ ਹੀ ਸੀਮਤ ਹੋ ਗਈ ਹੈ। ਇਸ ਦਾ ਪ੍ਰਚਾਰ ਬੜਾ ਘਟ ਗਿਆ ਹੈ। ਭਾਰਤ ਵਿੱਚ ਗਿਣੇ ਚੁਣੇ ਲੋਕ ਹੀ ਇਸ ਸ਼ੈਲੀ ਨੂੰ ਗਾ ਰਹੇ ਹਨ :- ਉਸਤਾਦ ਰਹੀਮ ਟਸੈਨ, ਅਲਾਬੰਦੇਖਾਂ, ਨਸੀਰੁ ਦੀਨ, ਨਸੀਰ ਮੁਈਨੁਦੀਨ "ਡਾਗਰ ਬੰਧੂ" ਸੀਆ ਰਾਮ ਤਿਵਾੜੀ, ਸ੍ਰੀਮਤੀ ਸੁਮਤੀ ਮੁਟਾਟਕਰ, ਪਦਮ ਸ੍ਰੀ ਅਸਗਰੀ ਬਾਈ ਅਤੇ ਗੰਦੇਰਾ ਬੰਧੂ ਇਸ ਸ਼ੈਲੀ ਦੇ ਪ੍ਰਸਿੱਧ ਗਾਇਕ ਹਨ।

ਧਮਾਰ

ਧਮਾਰ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਧਮ' ਤੋਂ ਹੋਈ ਹੈ। ਧਮ ਦਾ ਅਰਥ ਹੈ ਸੁਲਗਾਉਣਾ, ਭੜਕਾਉਣਾ, ਸ਼ਬਦ ਕਰਨਾ, ਜ਼ੋਰ ਨਾਲ ਫੂਕ ਮਾਰਨਾ, ਬਜਾਉਣਾ ਅਤੇ ਗਾਨ ਦਾ ਇਕ ਪ੍ਰਕਾਰ ਜੋ ਪ੍ਰੇਰਿਤ ਕਰਦਾ ਹੋਵੇ। ਇਹ ਇਕ ਪ੍ਰਾਚੀਨ ਗਾਨ ਸ਼ੈਲੀ ਹੈ। ਲੋਕ ਸੰਗੀਤ ਦਾ ਇਕ ਸਮੂਹਿਕ ਰੂਪ ਵਿਚ ਗਾਇਆ ਜਾਣ ਵਾਲਾ ਗੀਤ, । ਇਹ ਟੋਲੀਆਂ ਦੇ ਰੂਪ ਵਿਚ ਗਾਇਆ ਜਾਂਦਾ ਸੀ। ਹੋਲੀ ਦੇ ਅਵਸਰ ਉਤੇ ਲੋਕ ਗੀਤ ਗਾਏ ਜਾਂਦੇ ਸਨ। ਜਿਸ ਨੂੰ ਧਮਾਰ ਕਹਿੰਦੇ ਸਨ ਅਤੇ ਇਹਨਾਂ ਦੀ ਸੰਗਤੀ ਵਾਸਤੇ ਪ੍ਰਧਾਨ ਸਾਜ਼ ਢੋਲ ਹੁੰਦਾ ਸੀ। ਹੌਲੀ-ਹੌਲੀ ਢੋਲ ਦਾ ਸਥਾਨ ਮਿਰਦੰਗ ਨੇ ਲੈ ਲਿਆ। ਇਸ ਸ਼ੈਲੀ ਵਿਚ ਜ਼ਿਆਦਾ ਹੋਲੀ ਨਾਲ ਸਬੰਧਿਤ ਗੀਤ ਹੀ ਗਾਏ ਜਾਂਦੇ ਸਨ ਇਸ ਲਈ ਇਸ ਨੂੰ ਹੋਰੀ ਜਾਂ ਹੋਲੀ ਗਾਇਨ ਵੀ ਕਿਹਾ ਜਾਂਦਾ ਹੈ। ਧਮਾਰ ਦੇ ਗੀਤਾਂ ਵਿਚ ਬਰਿਜ ਦੀ ਹੋਰੀ, ਰਾਧਾ, ਕ੍ਰਿਸ਼ਨ, ਸਖੀਆ, ਅਬੀਰ ਗੁਲਾਲ, ਦਾ ਹੀ ਉਲੇਖ ਹੁੰਦਾ ਹੈ। ਇਹ ਧਰੁਪਦ ਤੋਂ ਬੜੀ ਪ੍ਰਭਾਵਿਤ ਗਾਇਕੀ ਹੋਣ ਕਾਰਨ ਇਸ ਨੂੰ ਧਰੁਪਦ ਗਾਇਕ ਹੀ ਗਾਉਂਦੇ ਹਨ। ਇਸ ਵਿਚ ਦੁਗਣ, ਚੌਗੁਣ, ਬੋਲਤਾਨ, ਗਮਕ ਆਦਿ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਇਸ ਵਿਚ ਤਾਨਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ । ਇਸ ਗਾਇਕੀ ਦੇ ਨਾਲ ਪਖਾਵਜ ਦੀ ਵਰਤੋਂ ਕੀਤੀ ਜਾਂਦੀ ਹੈ। ਧਮਾਰ ਗਾਇਕੀ ਨੂੰ ਧਮਾਰ ਤਾਲ ਵਿਚ ਗਾਇਆ ਜਾਂਦਾ ਹੈ ਜਿਸ ਦੀਆਂ 14 ਮਾਤਰਾਂ ਹੁੰਦੀਆਂ ਹਨ।

ਖਿਆਲ

'ਖਿਆਲ' ਇਕ ਅਰਬੀ ਭਾਸ਼ਾ ਦਾ ਸ਼ਬਦ ਹੈ। ਵਰਤਮਾਨ ਕਾਲ ਵਿਚ ਇਹ ਸਭ ਤੋਂ ਵਧ ਲੋਕਪ੍ਰਿਆ, ਹਰਮਨ ਪਿਆਰੀ ਗਾਇਕੀ ਦੇ ਰੂਪ ਵਿਚ ਪ੍ਰਚਾਰ ਵਿਚ ਹੈ। ਉਤੱਰੀ ਭਾਰਤ ਵਿਚ ਇਸ ਗਾਇਕੀ ਦਾ ਹੀ ਬੋਲਬਾਲਾ ਹੈ। ਖਿਆਲ ਦੇ ਕਈ ਅਰਥ ਹਨ। ਜਿਵੇਂ ਵਿਚਾਰ, ਧਿਆਨ, ਕਲਪਨਾ, ਮਤ, ਰਾਏ, ਭਾਵਨਾ, ਯਾਦ, ਅਨੁਮਾਨ, ਅੰਦਾਜ਼ ਆਦਿ। ਇਥੇ ਇਸ ਦਾ ਅਰਥ ਇਕ ਕਵਿਤਾ ਦੇ ਗਾਇਨ ਪ੍ਰਕਾਰ ਤੋਂ ਵੀ ਹੈ। ਖਿਆਲ ਸ਼ਬਦ ਇਕ ਅਰਬੀ ਭਾਸ਼ਾ ਦਾ ਜ਼ਰੂਰ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਖਿਆਲ ਗਾਇਨ ਵੀ ਭਾਰਤੀ ਨਹੀਂ। ਖਿਆਲ ਭਾਰਤੀ ਸ਼ਾਸ਼ਤਰੀ ਸੰਗੀਤ ਦੀ ਇਕ ਪ੍ਰਮੁੱਖ ਗਾਇਨ ਸ਼ੈਲੀ ਹੈ। ਇਸ ਦਾ ਜਨਮ ਮੁਸਲਿਮ ਯੁੱਗ ਵਿਚ ਹੋਇਆ ਜਿਸ ਵਕਤ ਅਰਬੀ-ਫ਼ਾਰਸੀ ਭਾਸ਼ਾਵਾਂ

Sri Satguru Jagjit Singh Ji eLibrary NamdhariElibrary@gmail.com

ਭਾਰਤ ਵਿਚ ਆਪਣੇ ਜੋਬਨ ਵਿਚ ਸਨ। ਇਸ ਕਾਰਨ ਇਸ ਦਾ ਨਾਮ ਖਿਆਲ ਪ੍ਰਸਿੱਧ ਹੋਇਆ।

ਮੁਹੰਮਦ ਸ਼ਾਹ ਰੰਗੀਲੇ (1719-1748) ਦੇ ਰਾਜ ਕਾਲ ਵਿਚ ਨੇਮਤ ਖਾਂ ਸਦਾਰੰਗ ਨਾਮਕ ਪੰਜਾਬੀ ਸੰਗੀਤਕਾਰ ਨੇ ਹਜ਼ਾਰਾ ਖਿਆਲ ਗੀਤਾ ਦੀਆਂ ਰਚਨਾਂਵਾਂ ਕੀਤੀਆਂ ਜੋ ਅਜ ਵੀ ਪ੍ਰਚਾਰ ਵਿਚ ਹਨ। ਸਦਾਰੰਗ ਨੇ ਖਿਆਲ ਰਚਨਾਂਵਾਂ ਆਪਣੇ ਸ਼ਾਗਿਰਦਾਂ ਨੂੰ ਸਿਖਾਈਆਂ ਜੋ ਬੜੀਆਂ ਪ੍ਰਸਿੱਧ ਹੋਈਆਂ। ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਵਿਚ ਇਸ ਸ਼ੈਲੀ ਨੂੰ ਪ੍ਰਫੁਲਿਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਖਿਆਲ ਰਚਨਾਂਵਾਂ ਭਾਰਤੀ ਭਾਸ਼ਾਵਾਂ ਵਿਚ ਪ੍ਰਾਪਤ ਹੁੰਦੀਆਂ ਹਨ। ਵਿਸ਼ੇਸ਼ ਤੌਰ ਤੇ ਪੰਜਾਬੀ, ਹਿੰਦੀ (ਬ੍ਰਿਜਭਾਸ਼ਾ), ਮਰਾਠੀ, ਰਾਜਸਥਾਨੀ, ਗੁਜਰਾਤੀ, ਭੋਜਪੁਰੀ ਆਦਿ। ਖਿਆਲ ਰਚਨਾਂਵਾਂ ਵਿਚ ਆਮ ਤੌਰ ਤੇ ਪ੍ਰਭੂ ਉਸਤਤੀ, ਗੁਰੂ ਮਹਿਮਾਂ, ਵਿਆਹ ਪ੍ਰਸੰਗ, ਕ੍ਰਿਸ਼ਨ ਲੀਲਾ, ਦੇਵੀ ਦੇਵਤਾ ਦੀ ਉਸਤਤ, ਸੰਗੀਤ ਸਿਧਾਂਤ ਆਦਿ ਸਾਹਿਤ ਪ੍ਰਾਪਤ ਹੁੰਦਾ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਜੌਨਪੁਰ ਦੇ ਸੁਲਤਾਨ ਹੁਸੈਨ ਸ਼ਰਕੀ (1458-1480) ਦੇ ਰਾਜਕਾਲ ਵਿਚ ਖਿਆਲ ਪ੍ਰਚਾਰ ਵਿਚ ਆਇਆ। "Kheyal Singing was invented by Sultan Hussain Sherki in the Fifteenth centruy and brought to the state of purfection by sadarang, the Darbari singer of Mohmad Shah of Delhi."

ਖਿਆਲ ਦੇ ਪ੍ਰਕਾਰ ਖਿਆਲ ਦੋ ਪ੍ਰਕਾਰ ਦੇ ਹੁੰਦੇ ਹਨ।

1. ਵੱਡਾ ਖਿਆਲ 2. ਛੋਟਾ ਖਿਆਲ

1. ਵੱਡਾ ਖਿਆਲ :- ਜਿਹੜਾ ਖਿਆਲ ਵਿਲੰਬਤ ਲੈਅ ਵਿਚ ਗਾਇਆ ਜਾਂਦਾ ਹੈ ਉਸ ਨੂੰ ਵੱਡਾ ਖਿਆਲ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਸਲੋ ਖਿਆਲ (Slow Kheyal) ਵੀ ਕਹਿੰਦੇ ਹਨ। ਇਸ ਖਿਆਲ ਨੂੰ ਤਿਲਵਾੜਾ, ਝੂਮਰਾ, ਏਕਤਾਲ, ਆੜਾ ਚਾਰਤਾਲ ਆਦਿ ਤਾਲਾਂ ਵਿਚ ਗਾਇਆ ਜਾਂਦਾ ਹੈ। ਵੱਡੇ ਖਿਆਲ ਦਾ ਸਥਾਈ ਅੰਤਰਾ ਗਾਣ ਤੋਂ ਬਾਅਦ ਆਕਾਰ ਦੁਆਰਾ ਸੁਰਾਂ ਦੀ ਬੜਤ ਕੀਤੀ ਜਾਂਦੀ ਹੈ। ਇਕ-ਇਕ ਸੁਰ ਨੂੰ ਨਾਲ ਜੋੜਦੇ ਹੋਏ ਅਗੇ ਵਧਿਆ ਜਾਂਦਾ ਹੈ। ਅਲਾਪ ਕਰਦੇ ਹੋਏ ਆਕਾਰ ਦਾ ਜਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰਾਗ ਵਾਚਕ ਸੁਰ ਸਮੂਹ ਦੁਆਰਾ ਸੁਰ ਵਿਸਥਾਰ ਲੈਅ ਅਤੇ ਤਾਲ ਬੱਧ ਰੂਪ ਵਿਚ ਕਰਨ ਤੋਂ ਬਾਅਦ ਬੋਲਤਾਨਾਂ, ਆਕਾਰ ਦੀਆਂ ਤਾਨਾਂ, ਸਰਗਮ ਤਾਨਾਂ, ਗਮਕ ਤਾਨਾਂ ਆਦਿ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਵੱਡਾ ਖਿਆਲ ਗਾਉਣ ਲਈ ਬੜਾ ਧੀਰਜ, ਅਤੇ ਕੰਠ ਉਤੇ ਚੰਗੇਰਾ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ।

2. ਛੋਟਾ ਖਿਆਲ :- ਵੱਡਾ ਖਿਆਲ ਸਮਾਪਤ ਕਰਨ ਦੇ ਨਾਲ ਹੀ ਬਿਨਾਂ ਰੁਕਿਆਂ ਛੋਟਾ ਖਿਆਲ ਆਰੰਭ ਕੀਤਾ ਜਾਂਦਾ ਹੈ। ਛੋਟੇ ਖਿਆਲ ਵਿਚ ਛੋਟੇ-ਛੋਟੇ ਅਲਾਪ, ਅਤੇ ਤਾਨਾਂ ਦਾ ਅਧਿਕ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੀ ਲੈਅ ਮੱਧ ਅਤੇ ਦਰੁਤ ਹੁੰਦੀ ਹੈ। ਗਤੀ ਚੰਚਲ ਅਤੇ ਰਚਨਾਂ ਬੜੀ ਕਲਾਤਮਕ ਹੁੰਦੀ ਹੈ। ਇਸ ਨੂੰ ਦਰੁਤ ਲੈਅ ਵਿਚ ਗਾਇਆ ਜਾਣ ਕਾਰਨ ਦੁਰਤ ਖਿਆਲ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਫਾਸਟ ਖਿਆਲ (Fast Kheyal) ਕਿਹਾ ਜਾਂਦਾ ਹੈ। ਇਸ ਖਿਆਲ ਨੂੰ ਤਿੰਨਤਾਲ, ਯੱਕਾ, ਝਪਤਾਲ, ਆਦਿ ਤਾਲਾਂ ਵਿਚ ਗਾਇਨ ਕੀਤਾ ਜਾਂਦਾ ਹੈ। ਵੱਡੇ ਖਿਆਲ ਅਤੇ ਛੋਟੇ ਖਿਆਲ ਦੀ ਸ਼ਬਦਾਵਲੀ ਵੱਖ ਹੁੰਦੀ ਹੈ। ਛੋਟੇ ਖਿਆਲਾਂ ਵਿਚ ਵਰਸ਼ਾ ਵਰਨਣ, ਕ੍ਰਿਸ਼ਨ ਲੀਲਾ, ਭਗਤੀ ਭਾਵ, ਗੁਰੂ

Sri Satguru Jagjit Singh Ji eLibrary NamdhariElibrary@gmail.com

ਮਹਿਮਾਂ, ਸਿੰਗਾਰ ਰਸ ਪ੍ਰਧਾਨ ਕਵਿਤਾ, ਆਦਿ ਪ੍ਰਕਾਰ ਦੀਆਂ ਰਚਨਾਵਾਂ ਜ਼ਿਆਦਾ ਸੁਨਣ ਵਿਚ ਆਉਂਦੀਆਂ ਹਨ। ਖਿਆਲ ਗਾਇਕਾਂ ਦੀ ਆਪਣੀ ਪਹਿਚਾਨ ਹੁੰਦੀ ਹੈ। ਉਹਨਾਂ ਦੇ ਗਾਉਣ ਦਾ ਜਾਂ ਆਵਾਜ਼ ਲਗਾਉਣ ਦਾ ਢੰਗ ਇਕ ਦੂਜੇ ਤੋਂ ਕੁੱਝ ਵੱਖ ਹੁੰਦਾ ਹੈ। ਖਿਆਲ ਗਾਇਕਾਂ ਦੇ ਕਈ ਘਰਾਣੇ ਵੀ ਹਨ। ਜਿਨਾ ਵਿਚੋਂ ਆਗਰਾ, ਪਟਿਆਲਾ, ਦਿੱਲੀ, ਬਨਾਰਸ, ਜੈਪੁਰ, ਸ਼ਾਮਚੋਰਾਸੀ, ਕਿਰਾਨਾ, ਗਵਾਲੀਅਰ ਘਰਾਣਾ ਆਦਿ ਪ੍ਰਸਿੱਧ ਹਨ। ਖਿਆਲ ਗਾਇਕਾਂ ਵਿਚ ਪੰਡਿਤ ਭੀਮਸੈਨ ਜੋਸ਼ੀ, ਪੰਡਿਤ ਜਸਰਾਜ, ਪ੍ਰਵੀਨ ਸੁਲਤਾਨਾ, ਕਿਸੋਰੀ ਅਮੋਨਕਰ, ਗੰਗੂਬਾਈ ਹੰਗਲ, ਰਾਜਨ-ਸਾਜਨ ਮਿਸਰਾ, ਬੰਧੂ, ਅੱਜ ਕਲ ਕਾਫੀ ਪ੍ਰਸਿੱਧ ਹਨ। ਇਹਨਾਂ ਤੋਂ ਪਹਿਲਾਂ ਉਕਾਰ ਨਾਥ ਠਾਕੁਰ, ਬੜੇ ਗੁਲਾਮ ਅਲੀ, ਖਾਂ, ਅਮੀਰ ਖਾਂ, ਸੋਹਣ ਸਿੰਘ, ਫਤਿਹਅਲੀ, ਆਸ਼ਿਕ ਅਲੀ, ਮਲਿਕ ਅਰਜੁਨ ਮਨਸੂਰ, ਰਸਿਕ ਲਾਲ ਅੰਧਾਰੀਆਂ, ਵਿਨਾਇਕ ਰਾਵ ਪਟਵਰਧਨ, ਕ੍ਰਿਸਨਾ ਰਾਵ ਸ਼ੰਕਰ ਪੰਡਿਤ ਆਪਣੇ ਜਮਾਨੇ ਦੇ ਪ੍ਰਸਿੱਧ ਖਿਆਲ ਗਾਇਕ ਹੋ ਚੁਕੇ ਹਨ।

ਟੱਪਾ :- ਖਿਆਲ ਗਾਇਨ ਸ਼ੈਲੀ ਤੋਂ ਬਾਅਦ ਟੱਪਾ ਗਾਇਨ ਸ਼ੈਲੀ ਦਾ ਪ੍ਰਚਾਰ ਹੋਇਆ। ਟੱਪਾ ਦਾ ਅਰਥ ਹੈ- ਉਛਲਨਾਂ, ਫੁਦਕਨਾਂ, ਛਲਾਂਗ ਮਾਰਨਾਂ ਆਦਿ। ਕਈ ਵਿਦਵਾਨਾਂ ਦੇ ਮੱਤ ਅਨੁਸਾਰ ਟੱਪਾ ਇਕ ਪ੍ਰਾਚੀਨ ਗਾਇਨ ਸ਼ੈਲੀ ਹੈ। ਭਾਰਤ ਵਿਚ ਸਾਰੰਗ ਦੇਵ ਦੇ ਸਮੇਂ ਵਿਚ ਪੰਜ ਪ੍ਰਕਾਰ ਦੀਆਂ ਗੀਤੀਆਂ ਪ੍ਰਚਲਿਤ ਸਨ ਸੁਧਾ, ਭਿਨਾਂ, ਗੌੜੀ, ਵੇਸਰਾ ਅਤੇ ਸਾਧਾਰਨੀ। ਟੱਪਾ ਦਾ ਪ੍ਰਾਚੀਨ ਰੂਪ ਵੇਸਰਾ ਸੀ। ਇਕ ਗਾਇਨ ਸ਼ੈਲੀ ਵਿਚ ਸੁਰਾਂ ਦਾ ਪ੍ਰਯੋਗ ਵੇਗ ਗਤੀ ਨਾਲ ਕੀਤਾ ਜਾਂਦਾ ਸੀ ਜਿਵੇਂ ਕਿ ਟੱਪਾ ਗਾਇਨ ਵਿੱਚ ਹੁੰਦਾ ਹੈ। ਇਸ ਲਈ ਉਸ ਸ਼ੈਲੀ ਨੂੰ ਵੇਗ-ਸੁਰਾ ਵੇਸਰਾ ਗੀਤੀ ਕਿਹਾ ਜਾਂਦਾ ਸੀ। ਇਹ ਕੇਵਲ ਇਕ ਅਨੁਮਾਨ ਹੀ ਹੋ ਸਕਦਾ ਹੈ ਕਿਉਂਕਿ 14 ਵੀਂ ਅਤੇ 15ਵੀਂ ਸਦੀ ਦੇ ਗ੍ਰੰਥਾਂ ਵਿਚ ਜਿਥੇ ਧਰੁਪਦ ਅਤੇ ਧਮਾਰ ਦਾ ਉਲੇਖ ਪ੍ਰਾਪਤ ਹੁੰਦਾ ਹੈ ਉਥੇ ਟੱਪੇ ਦਾ ਨਹੀਂ ਹੁੰਦਾ । ਕਿਹਾ ਜਾਂਦਾ ਹੈ ਕਿ ਲਖਨਊ ਦੇ ਨਵਾਬ ਆਸਿਰ ਉਲ-ਦੌਲਾ ਦੇ ਦਰਬਾਰ ਵਿਚ ਸ਼ੋਰੀ ਮੀਆਂ ਨਾਮਕ ਇਕ ਹੋਣਹਾਰ ਗਾਇਕ ਸਨ। ਸ਼ੋਰੀ ਮੀਆਂ ਮੂਲ ਰੂਪ ਵਿਚ ਪੰਜਾਬ ਦੇ ਨਿਵਾਸੀ ਸਨ। ਟੱਪਾ ਦੇ ਗੀਤਾ ਦੀ ਭਾਸ਼ਾ ਪੰਜਾਬੀ ਹੁੰਦੀ ਹੈ। ਇਸ ਲਈ ਇਹ ਕਹਿਣਾਂ ਗਲਤ ਨਹੀਂ ਹੋਵੇਗਾ ਕਿ ਇਸ ਦਾ ਜਨਮ ਸਥਾਨ ਪੰਜਾਬ ਹੀ ਸੀ ਭਾਵੇਂ ਇਸ ਦਾ ਪ੍ਰਚਾਰ ਲਖਨਊ, ਬਨਾਰਸ, ਗਵਾਲੀਅਰ ਆਦਿ ਸਥਾਂਨਾਂ ਉਤੇ ਜਿਆਦਾ ਹੋਇਆ ਪਰ ਸ਼ੋਰੀ ਮੀਆਂ ਦਾ ਸਮਾਂ 18ਵੀਂ ਸਦੀ ਹੈ ਇਸ ਲਈ ਮੰਨਿਆ ਜਾ ਸਕਦਾ ਹੈ ਕਿ ਟੱਪੇ ਦਾ ਜਨਮ ਤੇ ਪ੍ਰਚਾਰ ਵੀ 18 ਵੀਂ ਸਦੀਂ ਵਿਚ ਹੀ ਹੋਇਆ।

ਟੱਪਾ ਇਕ ਚੰਚਲ ਪ੍ਰਕਰਿਤੀ ਦੀ ਗਾਇਨ ਸ਼ੈਲੀ ਹੈ। ਇਹ ਸ਼ਾਸਤਰ ਦੇ ਕਠੋਰ ਨਿਯਮਾਂ ਤੋਂ ਮੁਕਤ ਹੈ। ਪਰ ਸਰਲ ਨਹੀਂ ਹੈ। ਹਰੇਕ ਗਾਇਕ ਟੱਪਾ ਨਹੀਂ ਗਾ ਸਕਦਾ। ਟੱਪਾ ਸ਼ੈਲੀ ਵਿਚ ਭਾਵ ਜਾਂ ਰਸ ਦੀ ਪ੍ਰਧਾਨਤਾ ਨਾ ਹੋ ਕੇ ਚੰਚਲਤਾ, ਬੋਲਤਾਨਾਂ ਦੁਆਰਾ ਚਮਤਕਾਰ ਉਤਪੰਨ ਕਰਨ ਵਲ ਜ਼ਿਆਦਾ ਬਲ ਦਿੱਤਾ ਜਾਂਦਾ ਹੈ। ਇਸ ਲਈ ਗਲੇ ਦਾ ਵਿਸ਼ੇਸ਼ ਅਭਿਆਸ ਕਰਨਾ ਪੈਦਾ ਹੈ। ਬੇਸ਼ਕ ਇਸ ਦਾ ਜਨਮ ਪੰਜਾਬ ਵਿਚ ਹੋਇਆ ਪਰ ਪੰਜਾਬ ਵਿਚ ਇਸ ਦਾ ਪ੍ਰਚਾਰ ਨਹੀਂ ਦੇ ਬਰਾਬਰ ਹੀ ਰਿਹਾ। ਖਿਆਲ ਦੀ ਤਰਾਂ ਹੀ ਇਸ ਦੇ ਦੋ ਭਾਗ ਹੁੰਦੇ ਹਨ ਸਥਾਈ ਅਤੇ ਅੰਤਰਾ। ਟੱਪਾ ਗਾਇਕ ਖਟਕਾ, ਮੁਰਕੀ, ਫੁਟਕਾ, ਗਮਕ ਅਤੇ ਚੰਚਲ ਛਿਪਰ ਤਾਨਾਂ ਵਿਚ ਪ੍ਰਵੀਨ ਹੁੰਦਾ ਹੈ। ਟੱਪਾ ਗਾਇਨ ਕਰਨ ਲਈ ਵਿਸ਼ੇਸ਼ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਟੱਪਾ ਤਾਲ 16 ਮਾਤਰੇ ਦਾ ਹੁੰਦਾ ਹੈ। ਇਸ ਨੂੰ ਪੰਜਾਬੀ ਤਿੰਨ ਤਾਲ ਵਿਚ ਵੀ ਗਾਇਆ ਜਾਂਦਾ ਹੈ। ਭਾਰਤ ਵਿਚ ਟੱਪਾ ਗਾਇਕ ਬਹੁਤ ਥੋੜੇ ਹਨ। ਜਿਨਾਂ ਦੇ ਨਾਂਮ ਉਗਲੀਆਂ ਉਤੇ

Sri Satguru Jagjit Singh Ji eLibrary NamdhariElibrary@gmail.com

ਗਿਣੇ ਜਾ ਸਕਦੇ ਹਨ। ਬੀਤੇ ਯੁੱਗ ਵਿਚ ਸਿਧੇਸ਼ਵਰੀ ਦੇਵੀ, ਰਸੂਲਨਬਾਈ, ਦੇਵ ਜੀ ਬੁਆ, ਸ਼ੰਕਰ ਰਾਵ, ਬੜੇ ਰਾਮਦਾਸ ਇਸ ਗਾਇਨ ਸ਼ੈਲੀ ਵਿਚ ਪ੍ਰਵੀਨ ਸਨ। ਅੱਜਕਲ ਗਿਰਜਾ ਦੇਵੀ, ਸਵਿਤਾ ਦੇਵੀ, ਸ੍ਰੀ ਐਲ.ਕੇ. ਪੰਡਿਤ ਇਸ ਗਾਇਕੀ ਨੂੰ ਗਾਉਂਦੇ ਹਨ। ਸਿਤਾਰ ਵਾਦਕ ਸ੍ਰੀ ਬੁੱਧਾ ਦਿਤਿਆ ਮੁਖਰਜੀ ਬੜੀ ਖੂਬੀ ਨਾਲ ਟੱਪਾ ਸ਼ੈਲੀ ਨੂੰ ਸਿਤਾਰ ਤੇ ਪ੍ਰਸਤੁਤ ਕਰਦੇ ਹਨ।

ਟੱਪਾ ਹਰ ਰਾਗ ਵਿਚ ਗਾਇਆ ਨਹੀਂ ਜਾਂਦਾ ਇਹ ਕੇਵਲ ਉਹਨਾਂ ਰਾਗਾਂ ਵਿਚ ਹੀ ਗਾਇਆ ਜਾਂਦਾ ਹੈ ਜਿਨਾਂ ਰਾਗਾਂ ਵਿਚ ਠੁਮਰੀ ਗਾਈ ਜਾਂਦੀ ਹੈ। ਜਿਵੇਂ ਕਾਫੀ, ਖਮਾਜ, ਝਿੰਝੋਟੀ, ਬਰਵਾ, ਭੈਰਵੀ, ਪੀਲੂ ਆਦਿ। ਇਹ ਸਿੰਗਾਰ ਰਸ ਪ੍ਰਧਾਨ ਸ਼ੈਲੀ ਹੈ। ਇਸ ਵਿਚ ਕੰਠ ਦਾ ਘੁਮਾਣ ਜ਼ਿਆਦਾ ਅਤੇ ਟਿਕਾਉ ਘੱਟ ਹੁੰਦਾ ਹੈ। ਟੱਪਾ ਦੀ ਉੱਤਪਤੀ ਬਾਰੇ ਆਮ ਧਾਰਨਾ ਹੈ, ਕਿ ਪੰਜਾਬ ਦੇ ਊਠ, ਵਾਹਕਾਂ ਦੁਆਰਾ ਇਸ ਦਾ ਜਨਮ ਹੋਇਆ। ਊਂਠ ਸਵਾਰ ਵਿਅਕਤੀ ਜਦੋਂ ਕਾਫਲੇ ਦੇ ਰੂਪ ਵਿਚ ਚਲਿਆ ਕਰਦੇ ਸਨ ਤੇ ਉਹਨਾਂ ਵਿਚੋਂ ਮਧੁਰ ਕੰਠ ਵਾਲਾ ਵਿਅਕਤੀ ਆਪਣੀ ਧੁਨ ਵਿਚ ਢੋਲਾ ਗਾਉਂਦਾ। ਊਠ ਸਵਾਰ ਦੇ ਗਲੇ ਵਿਚ ਸਵਾਰੀ ਦੇ ਹਿਲੋਰਿਆ ਕਾਰਨ ਕੰਪਨ ਉਤਪੰਨ ਹੋਣਾ ਕੁਦਰਤੀ ਗੱਲ ਹੈ। ਉਹਨਾਂ ਗੀਤਾਂ ਨੂੰ ਸ਼ੋਰੀ ਮੀਆਂ ਨੇ ਰਾਗ ਅਤੇ ਤਾਲ ਵਿਚ ਗਾ ਕੇ ਸੰਵਾਰਿਆ ਤੇ ਟੱਪਾ ਗਾਇਕੀ ਨਾਮ ਪ੍ਰਦਾਨ ਕੀਤਾ। ਇਸ ਬਾਰੇ ਲੇਖਕ ਨੇ ਆਪਣੀ ਪੁਸਤਕ "ਭਾਰਤੀਆਂ ਸੰਗੀਤ ਦੀ ਉਤਪਤੀ ਅਤੇ ਵਿਕਾਸ" ਵਿਚ ਖੋਜ ਉਪਰੰਤ ਉਲੇਖ ਕੀਤਾ ਹੈ।

ਠੁਮਰੀ :- ਠੁਮਰੀ ਇਕ ਹਾਵ-ਭਾਵ ਪ੍ਰਧਾਨ ਗਾਇਨ ਸ਼ੈਲੀ ਹੈ। ਇਸ ਦੇ ਜਨਮਦਾਤਾ ਗੁਲਾਮ ਨਬੀ ਸ਼ੋਰੀ ਦੇ ਹੀ ਘਰਾਣੇ ਦੇ ਲੋਕ ਸਨ। ਕਈ ਵਿਦਵਾਨਾਂ ਨੇ ਇਸ ਦਾ ਸੰਬੰਧ ਲਖਨਉ ਦਰਬਾਰ ਨਾਲ ਜੋੜਿਆ ਹੈ। ਅਲੱਗ-ਅਲੱਗ ਵਿਦਵਾਨਾਂ ਦੇ ਵਿਚਾਰਾਂ ਉਤੇ ਵਿਚਾਰ ਕਰਨ ਉਪਰੰਤ ਸਿੱਟਾ ਨਿਕਲਦਾ ਹੈ ਕਿ ਇਸ ਦਾ ਉਦਭਵ ਅਵਧ ਦੇ ਕਿਸੇ ਮਹਾਨ ਤੀਖਣ ਬੁਧੀ ਵਾਲੇ ਕਲਾਕਾਰ ਦੀ ਦੇਣ ਹੈ। ਉਸ ਸਮੇਂ ਗੁਲਾਮ ਰਸੂਲ ਅਤੇ ਉਸਦਾ ਪੁਤਰ ਗੁਲਾਮ ਨਬੀ ਸੋਰੀ ਹੀ ਇਸ ਦਰਬਾਰ ਵਿਚ ਉਚ ਕੋਟੀ ਦੇ ਸੰਗੀਤਕਾਰ ਸਨ। ਮੰਨਿਆ ਜਾ ਸਕਦਾ ਹੈ ਕਿ ਉਹਨਾਂ ਦੁਆਰਾ ਹੀ ਇਸ ਮਧੁਰ ਗਾਇਨ ਸ਼ੈਲੀ ਦਾ ਆਵਿਸ਼ਕਾਰ ਕੀਤਾ ਗਿਆ। ਠੁਮਰੀ ਅਧਿਕਤਰ ਪੰਜਾਬੀ ਤਾਲ, ਤਿੰਨ ਤਾਲ ਵਿਚ ਗਾਈ ਜਾਂਦੀ ਹੈ। ਪੰਜਾਬ ਅੰਗ ਦੀ ਠੁਮਰੀ ਦਾ ਆਧਾਰ ਇਥੋ ਦੀਆਂ ਲੋਕ ਧੁਨਾਂ ਮਾਹੀਆ, ਹੀਰ, ਪਹਾੜੀ, ਮੁਲਤਾਨੀ ਕਾਫੀ ਹੀ ਹਨ। ਲਖਨਉ, ਬਨਾਰਸ ਦੇ ਗਾਇਕ ਇਹਨਾਂ ਧੁਨਾਂ ਨਾਲ ਪੂਰਾ ਇਨਸਾਫ ਨਹੀਂ ਸਨ ਕਰ ਸਕਦੇ। ਉਹਨਾਂ ਨੂੰ ਠੁਮਰੀ ਦਾ ਆਧਾਰ ਉਥੋਂ ਦੀਆਂ ਲੋਕ ਧੁਨਾਂ-ਚੈਤੀ, ਕਜਰੀ, ਆਦਿ ਨੂੰ ਲਿਆ ਕੇ ਠੁਮਰੀ ਗਾਉਣ ਲਗੇ। ਇਸ ਤਰਾਂ ਦੋ ਤਰ੍ਹਾਂ ਦੀ ਠੁਮਰੀ ਦੇ ਅੰਗ ਪ੍ਰਸਿੱਧ ਹੋ ਗਏ।

1. ਪੰਜਾਬ ਅੰਗ 2. ਪੂਰਬ ਅੰਗ

1. ਪੰਜਾਬ ਅੰਗ :- ਪੰਜਾਬ ਅੰਗ ਦੀ ਠੁਮਰੀ ਵਿਚ ਇਰਾਦਾ, ਮੁਰਕੀ, ਫੰਦਾ, ਮੀਂਡ, ਸੂਤ, ਕਣ, ਖਟਕਾ, ਜਮਜਮਾ, ਇੱਕ ਸੁਰ ਦੇ ਦੋਨੋ ਰੂਪ (ਕੋਮਲ ਅਤੇ ਤੀਵਰ ਸੁਰ) ਆਦਿ ਹਰਕਤਾਂ ਆਮ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਠੁਮਰੀ ਗਾਇਨ ਦੇ ਨਾਲ ਪੰਜਾਬੀ ਤਿੰਨਤਾਲ, ਦੀਪਚੰਦੀ, ਕਹਿਰਵਾ, ਦਾਦਰਾ, ਆਦਿ ਤਾਲਾਂ ਦਾ ਪ੍ਰਯੋਗ ਹੁੰਦਾ ਹੈ। ਠੁਮਰੀ ਵਿਚ ਰਾਗ ਦੀ ਸੁਧਤਾਈ ਵਲ ਜਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਹੈ। ਕਈ ਗਾਇਕ ਠੁਮਰੀ ਗਾਉਂਦੇ ਹੋਏ ਹੋਰ ਰਾਗਾਂ ਦੇ ਸੁਰ ਲਗਾ ਕੇ ਵਚਿੱਤਰ ਰੋਚਿਕਤਾ ਅਤੇ ਭਾਵਕਤਾ ਉਤਪੰਨ ਕਰਦੇ ਹਨ। ਠੁਮਰੀ ਸਾਰੇ ਰਾਗਾਂ ਵਿਚ ਨਹੀਂ ਗਾਈ ਜਾਂਦੀ ਬਲਕਿ ਕੁਝ ਰਾਗਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਹੀ ਗਾਈ ਜਾਂਦੀ ਹੈ ਜਿਵੇਂ ਕਾਫ਼ੀ, ਭੈਰਵੀ, ਦੇਸ, ਝਿੰਝੋਟੀ, ਖਮਾਜ, ਪੀਲੂ, ਤਿਲਕ ਕਾਮੋਦ, ਬਰਵਾ, ਸੋਹਣੀ, ਪਹਾੜੀ, ਸਿੰਧੂਰਾ, ਆਸਾ, ਮਾਂਡ, ਤਿਲੰਗ ਆਦਿ। ਪਟਿਆਲਾ ਘਰਾਣੇ ਦੇ ਸੰਗੀਤਕਾਰ ਠੁਮਰੀ ਗਾਉਣ ਵਿਚ ਵੀ ਪ੍ਰਸਿੱਧ ਰਹੇ ਹਨ। ਉਸਤਾਦ ਬੜੇ ਗੁਲਾਮ ਅਲੀ ਖਾਂ ਨੇ ਪੰਜਾਬ ਅੰਗ ਦੀ ਠੁਮਰੀ ਨੂੰ ਭਾਰਤ ਵਿਚ ਹਰਮਨ ਪਿਆਰਾ ਬਨਾਉਣ ਵਿਚ ਬੜਾ ਯੋਗਦਾਨ ਪਾਇਆ ਹੈ। ਬਰਕਤ ਅਲੀ, ਮੁਨਵਰ ਅਲੀ, ਅਤੇ ਸ਼ਾਮ ਚੌਰਾਸੀ ਵਾਲੇ ਸਲਾਮਤ ਅਲੀ ਠੁਮਰੀ ਗਾਨ ਵਿਚ ਬੜੇ ਪ੍ਰਸਿੱਧ ਰਹੇ ਹਨ।

2. **ਪੂਰਬ ਅੰਗ** :- ਬਨਾਰਸ ਅਤੇ ਲਖਨਊ ਆਦਿ ਪ੍ਰਾਂਤਾਂ ਵਿਚ ਗਾਈ ਜਾਣ ਵਾਲੀ ਠੁਮਰੀ ਨੂੰ ਪੂਰਬ-ਅੰਗ ਦੀ ਠੁਮਰੀ ਕਿਹਾ ਜਾਂਦਾ ਹੈ। ਠੁਮਰੀ ਧੀਮੀ ਲੈਅ ਵਿਚ ਕਣ, ਮੀਂਡ, ਮੁਰਕੀ ਆਦਿ ਦਾ ਪ੍ਰਯੋਗ ਕਰਦੇ ਹੋਏ ਗਾਈ ਜਾਂਦੀ ਹੈ। ਨਵਾਬ ਵਾਜਿਦ ਅਲੀ ਸ਼ਾਹ ਆਪ ਵੀ ਠੁਮਰੀ ਗੀਤਾਂ ਦੀ ਰਚਨਾ ਕਰਨ ਵਿਚ ਮਾਹਿਰ ਸੀ। ਉਸਨੇ ਆਪਣਾਂ ਉਪਨਾਮ ਅਖਤਰ ਪੀਆਂ ਰਖਿਆ ਸੀ। ਅਨੇਕ ਗੀਤਕਾਰ ਠੁਮਰੀ ਗੀਤਾਂ ਦੀ ਰਚਨਾ ਕਰਨ ਲਈ ਪ੍ਰਸਿੱਧ ਸਨ। ਉਹ ਉਚ ਕੋਟੀ ਦੇ ਗਾਇਕ ਸਨ ਅਤੇ ਰਚਨਾਂਕਾਰ ਵੀ ਸਨ ਜਿੰਨਾਂ ਵਿਚੋਂ- ਪ੍ਰੇਮਪ੍ਰਿਆ, ਲਲਨ ਪ੍ਰਿਆ, ਅਮਰਪ੍ਰਿਆ, ਸਨਦ ਪ੍ਰਿਆ, ਕਦਰ ਪ੍ਰਿਆ ਆਦਿ ਪ੍ਰਮੁੱਖ ਨਾਮ ਸਨ। ਪੂਰਬ ਅੰਗ ਦੀ ਠੁਮਰੀ ਦੀਪਚੰਦੀ ਤਾਲ ਵਿਚ ਗਾਈ ਜਾਂਦੀ ਹੈ ਅਤੇ ਬਾਅਦ ਵਿਚ ਉਸਨੂੰ ਤਿੰਨ ਤਾਲ ਅਤੇ ਕਹਿਰਵਾ ਵਿਚ ਪ੍ਰੀਵਰਤਿਤ ਕਰ ਦਿੱਤਾ ਜਾਂਦਾ ਹੈ। ਇਸ ਗਾਇਨ ਸ਼ੈਲੀ ਦੇ ਖੇਤਰ ਵਿਚ ਬੰਦੇ ਹਸਨ ਸਿਧੇਸ਼ਵਰੀ ਦੇਵੀ, ਰਸੂਲਨਬਾਈ, ਬੇਗਮ ਅਖਤਰ, ਗਿਰਜਾ ਦੇਵੀ, ਸਵਿਤਾ ਦੇਵੀ, ਉਸਤਾਦ ਫੈਆਜ਼ ਖਾਂ, ਅਬਦੁਲ ਕਰੀਮ ਖਾਂ, ਸੋਭਾ ਗੌਟੂ ਆਦਿ ਨਾਂਮ ਵਰਨਣ ਯੋਗ ਹਨ। ਠੁਮਰੀ ਕੇਵਲ ਗਾਈ ਹੀ ਨਹੀਂ ਬਲਕਿ ਸਾਜਾਂ ਤੇ ਵਜਾਈ ਵੀ ਜਾਂਦੀ ਹੈ। ਪੰਡਿਤ ਰਵੀ ਸ਼ੰਕਰ (ਸਿਤਾਰ ਵਾਦਨ) ਉਸਤਾਦ ਵਿਲਾਇਤ ਖਾਂ (ਸਿਤਾਰ ਵਾਦਕ) ਠੁਮਰੀ ਵਜਾਉਣ ਵਿਚ ਸਿੱਧ ਹਸਤ ਸਨ। ਉਸਤਾਦ ਬਿਸਮਿਲਾ ਖਾਂ ਸਾਹਿਬ ਵੀ ਸ਼ਹਿਨਾਈ ਤੇ ਠੁਮਰੀ ਵਜਾਉਂਦੇ ਸਨ। ਇਸ ਤੋਂ ਇਲਾਵਾਂ ਠੁਮਰੀ ਨ੍ਰਿਤ ਲਈ ਬੜੀ ਪ੍ਰਸਿੱਧ ਹੈ। ਕਥਕ ਨ੍ਰਿਤਕਾਰ ਠੁਮਰੀ ਦੀ ਸ਼ਬਦਾਵਲੀ ਦੇ ਅਨੁਸਾਰ ਹਾਵ-ਭਾਵ ਪ੍ਰਗਟ ਕਰਦੇ ਹਨ ਜਿਸ ਨੂੰ ਬਤਾਵਾ ਕਿਹਾ ਜਾਂਦਾ ਹੈ। ਸ਼ੰਭੂ ਮਹਾਰਾਜ ਇਸ ਕਲਾ ਦੇ ਮਾਹਿਰ ਸਨ। ਤਬਲਾ ਵਾਦਕ ਵੀ ਠੁਮਰੀ ਗਾਇਕੀ ਲਈ ਵਿਸ਼ੇਸ ਪ੍ਰਕਾਰ ਦੇ ਟੁਕੜੇ ਤੇੜੇ ਵਜਾਉਂਦਾ ਹੈ। ਪਹਿਲਾਂ ਵਿਲੰਬਤ ਲੈਅ ਵਿਚ ਦੀਪਚੰਦੀ ਦਾ ਠੇਕਾ ਲਗਾਇਆ ਜਾਂਦਾ ਹੈ। ਫਿਰ ਤਿੰਨਤਾਲ, ਇਸ ਤੋਂ ਬਾਅਦ ਲੱਗੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਲੱਗੀਆਂ ਵਜਾਉਣ ਲਈ ਹੱਥ ਤਿਆਰ ਅਤੇ ਮਿਠਾਸ ਪੂਰਨ ਹੋਣਾ ਚਾਹੀਦਾ ਹੈ ਠੁਮਰੀ ਦੇ ਕੇਵਲ ਦੋ ਭਾਗ ਸਥਾਈ ਅਤੇ ਅੰਤਰਾ ਹੀ ਹੁੰਦੇ ਹਨ। ਗੀਤ ਦੇ ਬੋਲ ਬੜੇ ਭਾਵੁਕ ਅਤੇ ਸਿੰਗਾਰ-ਰਸ ਭਰਪੂਰ ਹੁੰਦੇ ਹਨ। ਇਸ ਵਿਚ ਛੋਟੀਆਂ-ਛੋਟੀਆਂ ਤਾਨਾਂ, ਸ਼ਬਦਾਂ ਦੇ ਅਨੁਸਾਰ ਸ਼ਬਦਾ ਦਾ ਅਲਾਪ ਕੀਤਾ ਜਾਂਦਾ ਹੈ। ਆਮ ਤੌਰ ਤੇ ਖਿਆਲ ਗਾਇਕ ਹੀ ਠੁਮਰੀ ਗਾਉਂਦੇ ਹਨ। ਸਾਰੇ ਖਿਆਲ ਗਾਇਕ ਇਸ ਸ਼ੈਲੀ ਵਿਚ ਪਾਰਾਂਗਤ ਨਹੀਂ ਹੁੰਦੇ ਕਿਉਂਕਿ ਇਸ ਲਈ ਬੜੀ ਲੋਹਦਾਰ ਆਵਾਜ ਦੀ ਜ਼ਰੂਰਤ ਹੁੰਦੀ ਹੈ।

ਤਰਾਨਾਂ :- 'ਤਰਾਨਾਂ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਦੀ ਉਤਪਤੀ ਤਰੁਨਮ ਸ਼ਬਦ ਤੋਂ ਹੋਈ ਹੈ। ਤਰਾਨਾਂ ਦਾ ਅਰਥ ਹੈ ਗੀਤ। ਜਦੋਂ ਸ਼ਾਇਰ ਆਪਣੀ ਨਜਮ ਨੂੰ ਗਾ ਕੇ ਪੜਦਾ ਹੈ ਤਾਂ ਉਸ ਨੂੰ ਤਰੁਨਮ ਕਿਹਾ ਜਾਂਦਾ ਹੈ। ਤਰਾਨਾਂ ਦੇ ਬੋਲ ਕੁਝ ਅਜਿਹੇ ਹੁੰਦੇ ਹਨ ਜਿਨਾਂ ਦਾ ਪ੍ਰਯੋਗ ਆਮ ਬੋਲਚਾਲ ਵਿੱਚ ਨਹੀਂ ਹੁੰਦਾ। ਇਸ ਵਾਸਤੇ ਇਹਨਾਂ ਨੂੰ ਅਰਥਹੀਨ ਸ਼ਬਦ ਕਿਹਾ ਜਾਂਦਾ ਹੈ। ਪਰ ਕਈ ਉਸਤਾਦਾਂ ਦਾ ਵਿਚਾਰ

Sri Satguru Jagjit Singh Ji eLibrary NamdhariElibrary@gmail.com

ਹੈ ਕਿ ਇਹ ਅਰਬੀ ਭਾਸ਼ਾ ਦੇ ਅੱਖਰ ਹਨ। ਤਰਾਨੇ ਦੇ ਬੋਲ ਕੁਝ ਇਸ ਪ੍ਰਕਾਰ ਹੁੰਦੇ ਹਨ :- ਤਾਦਾਰੇ, ਦਾਨੀ, ਦੀਮ, ਉਦਾਨੀ, ਤਦਾਨੀ, ਤਾਨੋਮ, ਤਾਨ ਦੇ ਆਦਿ। ਤਰਾਨੇ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਸੰਸਕ੍ਰਿਤ ਦੇ ਸ਼ਬਦ ਉਸ ਅਨੰਤ ਹਰੀ ਨਾਰਾਇਣ 'ਅਥਵਾ' ਉਸ ਨਰਾਇਣ ਅਨੰਤ ਹਰੀ ਦਾ ਵਿਗਾੜਿਆ ਹੋਇਆ ਰੂਪ ਹੈ। ਕਿਸੇ ਹੋਰ ਦਾ ਮਤ ਹੈ ਕਿ ਇਹ ਅਰਬੀ ਭਾਸ਼ਾ ਹੈ ਜਿਸ ਦਾ ਪ੍ਰਯੋਗ ਅਲਾਹ, ਨਬੀ, ਦੀ ਉਪਾਸਨਾ ਵਾਸਤੇ ਕੀਤਾ ਜਾਦਾ ਹੈ। ਤੀਸਰਾ ਮਤ ਕਹਿੰਦਾ ਹੈ ਕਿ ਇਸ ਦੇ ਬੋਲ ਅਰਥਹੀਨ ਹਨ ਜੋ ਕਿਸੇ ਤਾਲ ਲੈਅ ਵਿਚ ਗਾਏ ਜਾਂਦੇ ਹਨ। ਤਰਾਨਾਂ ਦੇ ਦੋ ਭਾਗ ਸਥਾਈ ਅਤੇ ਅੰਤਰਾ ਹੁੰਦੇ ਹਨ। ਕਈ ਤਰਾਨਿਆਂ ਦੇ ਅੰਤਰਿਆਂ ਵਿਚ ਫ਼ਾਰਸੀ ਦੇ ਸ਼ੇਅਰ ਵੀ ਹੁੰਦੇ ਹਨ। ਕਈ ਤਰਾਨਿਆਂ ਵਿਚ ਤਬਲਾ ਅਤੇ ਪਖਵਾਜ ਦੇ ਬੋਲ ਵੀ ਬੰਧੇ ਹੋਏ ਹੁੰਦੇ ਹਨ। ਇਹ ਗਾਨ ਸ਼ੈਲੀ ਲੈਅ-ਤਾਲ ਪ੍ਰਧਾਨ ਹੈ। ਇਸ ਨੂੰ ਖਿਆਲ ਗਾਇਕ ਛੋਟਾ ਖਿਆਲ ਗਾਉਣ ਤੋਂ ਬਾਅਦ ਹੀ ਗਾਉਂਦੇ ਹਨ ਆਮ ਤੌਰ ਤੇ ਤਰਾਨਾਂ ਦਰੁਤ ਲੈਅ ਵਿਚ ਗਾਇਆ ਜਾਂਦਾ ਹੈ। ਪੁਰਾਣੇ ਗ੍ਰੰਥਾਂ ਵਿਚ ਬਿਲੰਬਤ ਲੈਅ ਦੇ ਤਰਾਨੇ ਵੀ ਪ੍ਰਾਪਤ ਹੁੰਦੇ ਹਨ ਪਰ ਪ੍ਰਚਾਰ ਵਿਚ ਦਰੁਤ ਗਤੀ ਦੇ ਹੀ ਤਰਾਨੇ ਗਾਏ ਜਾਣ ਦਾ ਰਿਵਾਜ ਹੈ। ਤਰਾਨਾਂ ਵਿਚ ਰਾਗ, ਤਾਲ ਅਤੇ ਲੈਅ ਦਾ ਭਰਪੂਰ ਆਨੰਦ ਪਾਇਆ ਜਾਂਦਾ ਹੈ ਅਤੇ ਸ਼ਬਦਾਂ ਵਲ ਕੋਈ ਧਿਆਨ ਵੀ ਨਹੀਂ ਦਿੱਤਾ ਜਾਂਦਾ।

ਤਰਾਨੇ ਦੇ ਸੰਬੰਧ ਵਿਚ ਇਕ ਕਥਾ ਬੜੀ ਰੋਚਕ ਅਤੇ ਪ੍ਰਸਿੱਧ ਹੈ। ਜਦੋਂ ਦੇਵਗਿਰੀ ਦੇ ਗੋਪਾਲ ਨਾਇਕ ਨੂੰ ਅਲਾਉਦੀਨ ਖਿਲਜੀ ਦੇ ਸਾਹਮਣੇ ਦਰਬਾਰ ਵਿਚ ਪੇਸ਼ ਕੀਤਾ ਗਿਆ ਤਾਂ ਉਸਨੇ ਸੱਤ ਦਿਨ ਆਪਣਾ ਗਾਣਾ ਬਾਦਸਾਹ ਨੂੰ ਸੁਣਾਇਆ। ਅਲਾਉਦੀਨ ਖਿਲਜੀ ਦਾ ਦਰਬਾਰੀ ਅਮੀਰ ਖੁਸਰੋ ਸਿੰਘਾਸਨ ਦੇ ਪਿੱਛੇ ਛੁੱਪ ਕੇ ਬੈਠ ਕੇ ਉਸਦਾ ਸੰਗੀਤ ਸੁਣਦਾ ਰਿਹਾ। ਉਹ ਗੋਪਾਲ ਨਾਇਕ ਦੀ ਕਲਾ ਤੋਂ ਬੜਾ ਪ੍ਰਭਾਵਿਤ ਹੋਇਆ। ਅਠਵੇਂ ਦਿਨ ਅਮੀਰ ਖੁਸਰੋ ਨੇ ਗੋਪਾਲ ਨਾਇਕ ਦੇ ਰਾਗਾਂ ਨੂੰ ਕੁਝ ਅਜਿਹੇ ਸ਼ਬਦਾਂ ਵਿਚ ਪੇਸ਼ ਕੀਤਾ ਜਿਸ ਨੂੰ ਤਰਾਨਾ ਨਾਮ ਦਿੱਤਾ ਗਿਆ। ਕਿਉਂਕਿ ਗੋਪਾਲ ਨਾਇਕ "ਉੱਮ ਅਨੰਤ ਹਰੀ ਨਾਰਾਇਣ" ਸੰਸਕ੍ਰਿਤ ਦੇ ਸ਼ਬਦਾਂ ਦੁਆਰਾ ਆਪਣਾ ਅਲਾਪ ਆਰੰਭ ਕਰਦਾ ਸੀ। ਉਹਨਾਂ ਸ਼ਬਦਾਂ ਨੂੰ ਅਮੀਰ ਖੁਸਰੋ ਨੇ ਗਾਉਣ ਦਾ ਪ੍ਰਯਤਨ ਕੀਤਾ। ਉਹ ਬਿਗੜੇ ਹੋਏ ਸ਼ਬਦ ਤਰਾਨਾਂ ਦੇ ਨਾਮ ਨਾਲ ਪ੍ਰਸਿੱਧ ਹੋ ਗਏ। ਉਸ ਸੰਗੀਤ ਮੁਕਾਬਲੇ ਵਿਚ ਅਮੀਰ ਖੁਸਰੋ ਨੂੰ ਹੀ ਜਿਤ ਪ੍ਰਾਪਤ ਹੋਈ। ਵੈਸੇ ਤਾਂ ਹਰ ਖਿਆਲ ਗਾਇਕ ਤਰਾਨਾਂ ਗਾਉਂਦਾ ਹੈ ਪਰ ਕੁਝ ਕਲਾਕਾਰ ਇਸ ਵਿਚ ਵਿਸੇਸ਼ ਰੁਚੀ ਰਖਦੇ ਹਨ ਅਤੇ ਤਰਾਨਾਂ ਅਵਸ਼ ਗਾਉਂਦੇ ਹਨ। ਉਸਤਾਦ ਬਹਾਦਰ ਖਾਂ, ਤਾਨਰਸ ਖਾਂ, ਨਥੂ ਖਾਂ, ਨਿਸਾਰ ਹੁਸੈਨ ਖਾਂ, ਅਲੀਆ-ਫੱਤੂ, ਅਮੀਰ ਖਾਂ, ਵਿਨਾਇਕ ਰਾਵ ਪਟਵਰਧਨ ਵਿਸੇਸ਼ ਤੌਰ ਤੇ ਇਸ ਗਾਇਕੀ ਲਈ ਪ੍ਰਸਿੱਧ ਰਹੇ ਹਨ।

ਸਾਦਰਾ :- ਉੱਤਰੀ ਭਾਰਤੀ ਸੰਗੀਤ ਖੇਤਰ ਵਿਚ ਧਰੁਪਦ ਦੀ ਤਰਾਂ ਹੀ ਸਾਦਰਾ ਇਕ ਗਾਇਕੀ ਪ੍ਰਚਲਤ ਹੈ। ਸਾਦਰਾ ਦੀਆਂ ਰਚਨਾਂਵਾਂ ਝਪਤਾਲ ਵਿਚ ਗਾਈਆਂ ਜਾਂਦੀਆਂ ਹਨ। ਧਰੁਪਦ ਅੰਗ ਦੀ ਰਚਨਾਂ ਜੋ ਦਰੁਤ ਗਤੀ ਵਿਚ ਗਾਈ ਜਾਂਦੀ ਹੈ ਉਸਨੂੰ ਸਾਦਰਾ ਕਿਹਾ ਜਾਂਦਾ ਸੀ। ਇਸ ਦੇ ਸੰਬੰਧ ਵਿਚ ਇਕ ਵਿਦਵਾਨ ਦਾ ਕਥਨ ਇਸ ਪ੍ਰਕਾਰ ਹੈ :- *"A Sadra is like a Dhrupad, the time of the introduction into Indian music nad history of its development are not known, it is sung in the dast laya (Speed)" -Jhapzal.*

Sri Satguru Jagjit Singh Ji eLibrary NamdhariElibrary@gmail.com

ਆਮ ਵਿਦਵਾਨਾਂ ਦਾ ਮਤ ਹੈ ਕਿ ਝਪਤਾਲ ਵਿਚ ਗਾਈ ਜਾਣ ਵਾਲੀ ਰਚਨਾ ਨੂੰ ਸਾਦਰਾ ਕਿਹਾ ਜਾਂਦਾ ਹੈ। ਧਰੁਪਦ ਦਾ ਕਈ ਵਰ੍ਹੇ ਬੋਲਬਾਲਾ ਰਿਹਾ ਹੈ ਪਰ ਅਜਕਲ ਇਸ ਦਾ ਪ੍ਰਚਾਰ ਬਿਲਕੁਲ ਘੱਟ ਹੋ ਗਿਆ ਹੈ। ਜਿਹੜੇ ਧਰੁਪਦ ਮੱਧ ਜਾਂ ਦਰੁਤ ਗਤੀ ਦੇ ਝਪਤਾਲ ਵਿਚ ਗਾਏ ਜਾਂਦੇ ਸੀ ਉਹਨਾਂ ਨੂੰ ਹੀ ਖਿਆਲ ਦੇ ਰੂਪ ਵਿਚ ਗਾਉਣਾ ਆਰੰਭ ਕਰ ਦਿੱਤਾ। ਉਹਨਾਂ ਨੂੰ ਹੀ ਸਾਦਰਾ ਕਿਹਾ ਜਾਣ ਲੱਗ ਪਿਆ। ਸਾਦਰਾ ਦੇ ਚਾਰ ਭਾਗ ਸਥਾਈ, ਅੰਤਰਾ, ਸਚਾਰੀ, ਆਭੋਗ ਹੁੰਦੇ ਸਨ। ਖਿਆਲ ਗਾਇਕੀ ਵਾਲੇ ਝਪਤਾਲ ਦੇ ਕੇਵਲ ਦੋ ਹੀ ਭਾਗ ਹੁੰਦੇ ਹਨ। ਇਸ ਨੂੰ ਖਿਆਲ ਦੀ ਭਾਂਤੀ ਹੀ ਤਾਨਾਂ ਦਾ ਪ੍ਰਯੋਗ ਕਰਦੇ ਹੋਏ ਗਾਇਆ ਜਾਂਦਾ ਹੈ।

ਤਿਰਵਟ :- ਇਹ ਵੀ ਗਾਇਨ ਸ਼ੈਲੀ ਦਾ ਇਕ ਪ੍ਰਕਾਰ ਹੈ। ਇਸ ਵਿਚ ਤਰਾਨਾਂ, ਅਤੇ ਪਖਵਾਜ ਦੇ ਬੋਲ ਅਧਿਕ ਹੁੰਦੇ ਹਨ। ਸਥਾਈ ਦੀ ਭਾਸ਼ਾ ਸਾਹਿਤਕ ਹੁੰਦੀ ਹੈ ਅਤੇ ਅੰਤਰਾ ਪਖਵਾਜ ਦੀ ਪਰਨ, ਟੁੱਕੜਾ, ਜਾਂ ਤਿਹਾਈ ਯੁਕਤ ਹੁੰਦਾ ਹੈ। ਇਸ ਨੂੰ ਕੇਵਲ ਬਦਿਸ਼ ਦੇ ਰੂਪ ਵਿਚ ਹੀ ਸੁਣਾਇਆ ਜਾਂਦਾ ਹੈ। ਇਸ ਵਿਚ ਰਾਗ ਵਿਸਥਾਰ ਕਰਨ ਦੀ ਗੁੰਜਾਇਸ਼ ਘਟ ਹੀ ਹੁੰਦੀ ਹੈ। ਇਸ ਲਈ ਥੋੜੇ ਸਮੇਂ ਵਿਚ ਹੀ ਇਸ ਦੀ ਸਮਾਪਤੀ ਕਰ ਦਿੱਤੀ ਜਾਂਦੀ ਹੈ। ਅੱਜਕਲ ਇਸ ਦਾ ਪ੍ਰਚਾਰ ਵੀ ਬੜਾ ਘੱਟ ਗਿਆ ਹੈ।

ਦਾਦਰਾ :- ਦਾਦਰਾ ਇਕ ਤਾਲ ਦਾ ਨਾਮ ਹੈ। ਦਾਦਰਾ ਤਾਲ ਵਿਚ ਮਧੁਰ ਅਤੇ ਭਾਵੁਕ ਗੀਤ ਗਾਏ ਜਾਣ ਕਾਰਨ ਗਾਇਕੀ ਦਾ ਨਾਮ ਵੀ 'ਦਾਦਰਾ' ਪੈ ਗਿਆ। ਦਾਦਰਾ ਦਰਅਸਲ ਠੁਮਰੀ ਦੀ ਬਰਾਦਰੀ ਵਿਚੋ ਇਕ ਸ਼ੈਲੀ ਹੈ। ਠੁਮਰੀ ਅਤੇ ਦਾਦਰੇ ਦਾ ਬੜਾ ਗਹਿਰਾ ਅਤੇ ਨਜ਼ਦੀਕੀ ਰਿਸ਼ਤਾ ਹੈ। ਇਸ ਦਾ ਵਿਕਾਸ ਠੁਮਰੀ ਦੇ ਨਾਲ-ਨਾਲ ਹੀ ਹੋਇਆ। ਆਮ ਤੌਰ ਤੇ ਠੁਮਰੀ ਗਾਇਕ ਹੀ ਇਸ ਨੂੰ ਗਾਉਂਦੇ ਹਨ। ਦਾਦਰਾ ਗਾਨ ਲਈ ਦਾਦਰਾ ਤਾਲ ਅਤੇ ਕਹਿਰਵਾ ਤਾਲ ਹੀ ਵਰਤੋਂ ਵਿਚ ਆਉਂਦੇ ਹਨ। ਦਾਦਰਾ ਵਿਚ ਭਾਵਾਤਮਕ ਗੀਤ ਸ਼ਬਦਾਵਲੀ, ਤਾਲ ਰਾਗ ਅਤੇ ਮਧੁਰ ਸੁਰ ਸੰਗਤੀਆਂ ਦਾ ਸੁਮੇਲ ਬੜਾ ਮਨਮੋਹਕ, ਦਿਲਖਿਚਵਾਂ, ਅਤੇ ਕਲਾਤਮਕ ਹੁੰਦਾ ਹੈ। ਦਾਦਰਾ ਗਾਨ ਲਈ ਮਧੁਰ ਕੰਠ ਦੀ ਲੋੜ ਹੈ। ਇਸ ਵਿਚ ਰਾਗ ਦੀ ਸ਼ੁੱਧਤਾ ਵਲ ਘੱਟ ਅਤੇ ਰੰਜਕਤਾ ਵਲ ਅਧਿਕ ਧਿਆਨ ਦਿੱਤਾ ਜਾਂਦਾ ਹੈ। ਇਸ ਲਈ ਇਸ ਨੂੰ ਅਰਧ ਸ਼ਾਸਤਰੀ ਸੰਗੀਤ ਸ਼ੈਲੀ ਮੰਨਿਆਂ ਜਾਂਦਾ ਹੈ। ਦਾਦਰਾ ਗਾਉਂਦੇ ਹੋਏ ਕਈ ਰਾਗਾਂ ਦਾ ਮਿਸਰਨ ਕਰਨਾਂ ਬੜਾ ਲੁਭਾਵਨਾਂ ਪ੍ਰਤੀਤ ਹੁੰਦਾ ਹੈ। ਦਾਦਰਾ ਗਾਇਨ ਕਲਾਕਾਰ ਦੀ ਪ੍ਰਤਿਭਾ, ਕੰਠ ਦਾ ਸੁਰੀਲਾਪਨ, ਰਾਗ ਗਿਆਨ, ਕਲਪਨਾਂ, ਸ਼ਕਤੀ ਤਬੀਅਤ ਦੀ ਰੰਗੀਨਗੀ, ਦਿਮਾਗ ਦੀ ਸੰਪੂਰਨ ਸ਼ਕਤੀ ਤੇ ਨਿਰਭਰ ਕਰਦਾ ਹੈ। ਦਾਦਰਾ ਕੇਵਲ ਗਿਣੇ ਚੁਣੇ ਰਾਗਾਂ ਵਿਚ ਹੀ ਗਾਇਆ ਜਾਂਦਾ ਹੈ ਜਿਵੇਂ :- ਭੈਰਵੀ, ਖਮਾਜ, ਪੀਲੂ, ਦੇਸ, ਪਹਾੜੀ, ਤਿਲਕ ਕਾਮੋਦ, ਰਾਗ ਆਦਿ। ਬਨਾਰਸ ਵਿਖੇ ਇਸ ਦਾ ਬੜਾ ਪ੍ਰਚਾਰ ਹੋਇਆ। ਸ਼ਿਧੇਸਵਰੀ ਦੇਵੀ, ਰਸੂਲਨਬਾਈ, ਬੰਦੇ ਹਸਲ-ਨਾਹਨ ਵਾਲੇ, ਫ਼ੈਆਜ ਖਾਂ (ਆਗਰਾ ਘਰਾਣਾਂ) ਬੇਗਮ ਅਖਤਰੀ ਬਾਈ, ਨੈਨਾਦੇਵੀ, ਸਵਿਤਾ ਦੇਵੀ, ਰੰਗੀਲੀ, ਸੋਭਾ ਗੋਟੂ, ਗਿਰਜਾ ਦੇਵੀ ਨੇ ਇਸ ਸ਼ੈਲੀ ਵਿਚ ਮੁਹਾਰਤ ਪ੍ਰਾਪਤ ਕੀਤੀ। ਦਾਦਰਾ ਦਾ ਪ੍ਰਯੋਗ ਕਈ ਫਿਲਮਾਂ ਵਿਚ ਵੀ ਕੀਤਾ ਗਿਆ। ਗੁਲਾਮ ਮੁਹੰਮਦ, ਮਦਨ ਮੋਹਨ, ਖਿਆਮ, ਨੌਸਾਦ ਆਦਿ ਸੰਗੀਤ ਨਿਰਦੇਸ਼ਕਾਂ ਨੇ ਵੱਖ ਆਵਾਜਾਂ ਵਿਚ ਦਾਦਰੇ ਗਵਾਏ ਹਨ। ਲਤਾ ਮੰਗੇਸ਼ਕਰ, ਆਸ਼ਾ ਭੋਂਸਲੇ, ਮਨਾਡੇ ਨੇ ਬੜੇ ਖੂਬਸੂਰਤ ਅੰਦਾਜ਼ ਵਿਚ ਫਿਲਮੀ ਦਾਦਰੇ ਗਾਏ ਹਨ। ਫਿਲਮਾਂ ਵਿਚ ਆਮ ਤੌਰ ਤੇ ਮੁਜਰੇ ਦੇ ਰੂਪ ਵਿਚ ਦਾਦਰਾ ਗਾਇਨ ਸ਼ੈਲੀ ਦਾ ਗਾਇਨ ਕੀਤਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਭਜਨ :- ਭਗਤੀ ਭਾਵ ਨਾਲ ਭਰਪੂਰ ਕਾਵਿ ਰੂਪ ਸ਼ਬਦਾਵਲੀ ਜੋ ਸੰਤਾਂ ਮਹਾਂਪੁਰਸ਼ਾਂ ਦੁਆਰਾ ਰਚੀ ਗਈ ਹੁੰਦੀ ਹੈ, ਭਜਨ ਕਹਿਲਾਉਂਦੀ ਹੈ। ਵੈਦਿਕ ਕਾਲ ਵਿਚ ਅਜਿਹੀਆਂ ਰਚਨਾਵਾਂ ਉਸ ਸਮੇਂ ਦੀ ਪ੍ਰਚਲਿਤ ਭਾਸ਼ਾ ਸੰਸਕ੍ਰਿਤ ਵਿਚ ਕੀਤੀਆਂ ਜਾਂਦੀਆਂ ਸਨ। ਵੈਸ਼ਨਵ ਸੰਤਾ ਨੇ ਵਿਸ਼ਨੂੰ ਪਦਾਂ ਦੁਆਰਾ ਭਗਵਾਨ ਕ੍ਰਿਸ਼ਨ ਦੀਆਂ ਲੀਲਾਵਾਂ ਦਾ ਬੜਾ ਮਨੋਹਾਰੀ ਵਰਨਣ ਕੀਤਾ ਹੈ। ਅਸ਼ਟ ਛਾਪ ਦੇ ਕਵੀਆਂ ਨੇ ਜੋ ਸੰਗੀਤ ਕਲਾ ਦੇ ਵੀ ਗਿਆਤਾ ਸਨ ਭਜਨ ਕੀਰਤਨ ਦੀ ਮਹਿਮਾ ਦਾ ਬੜਾ ਬਖਾਨ ਕੀਤਾ ਹੈ। ਈਸ਼ਵਰ ਭਗਤਾਂ ਨੇ ਵੀ ਭਜਨ ਦੀ ਮਹਾਨਤਾ ਨੂੰ ਸਵੀਕਾਰ ਕਰਦੇ ਹੋਏ ਭਗਵਾਨ ਦੀ ਲੀਲਾ ਨੂੰ ਕਾਵਿ ਰੂਪ ਵਿਚ ਰਚਨਾ ਕੀਤੀ। ਉਹਨਾਂ ਪਦਾਂ ਨੂੰ ਰਾਗਾਂ ਤੇ ਆਧਾਰਿਤ ਰਚਿਆ ਤੇ ਗਾਇਆ। ਭਜਨ ਦਾ ਅਰਥ ਹੈ ਭਜਨਾਂ ਭਾਵ ਬਾਰ ਬਾਰ ਕਿਸੇ ਨੂੰ ਯਾਦ ਕਰਨਾ। ਭਜਨਾਂ ਦੁਆਰਾ ਈਸ਼ਵਰ ਦੀ ਮਹਿਮਾਂ ਨੂੰ ਯਾਦ ਕੀਤਾ ਜਾਂਦਾ ਹੈ ਕਿ ਇਸ ਲਈ ਅਜਿਹੀਆਂ ਪਦ ਰਚਨਾਵਾਂ ਨੂੰ ਭਜਨ ਕਿਹਾ ਗਿਆ ਹੈ। ਉੱਤਰੀ ਭਾਰਤ ਵਿਚ ਸਾਰੀਆਂ ਭਾਸ਼ਾਵਾਂ ਵਿਚ ਕਵੀਆਂ ਨੇ ਭਜਨੋ ਰਚਨਾਂ ਕੀਤੀ ਪਰ ਹਿੰਦੀ, ਅਵਧੀ, ਬਰਿਜ ਭਾਸ਼ਾ ਅਧਿਕ ਪ੍ਰਸਿੱਧ ਹਨ। ਭਜਨ ਕਈ ਸ਼ੈਲੀਆਂ ਵਿਚ ਗਾਇਆ ਜਾ ਸਕਦਾ ਹੈ- ਖਿਆਲ, ਠੁਮਰੀ, ਗੀਤ, ਸਾਦਰਾ, ਆਦਿ। ਜੋ ਕਲਾਕਾਰ ਜਿਸ ਸ਼ੈਲੀ ਵਿਚ ਨਿਪੁੰਨ ਹੁੰਦਾ ਹੈ ਉਹ ਉਸੇ ਸ਼ੈਲੀ ਵਿਚ ਭਜਨ ਗਾਉਂਦਾ ਹੈ। ਲੱਗਭਗ ਸਾਰੇ ਖਿਆਲ ਗਾਇਕ ਭਜਨ ਗਾਉਂਦੇ ਹਨ ਅਤੇ ਸ਼ਰੋਤੇ ਭਾਵ ਵਿਭੋਰ ਹੋ ਕੇ ਭਜਨ ਦਾ ਆਨੰਦ ਮਾਣਦੇ ਹਨ। ਓਂਕਾਰ ਨਾਥ ਠਾਕੁਰ , ਅਬਦੁਲ ਕਰੀਮ ਖਾਂ, ਭੀਮ ਸੈਨ ਜੋਸ਼ੀ, ਪੰਡਿਤ ਜਸਰਾਜ, ਸ੍ਰੀਮਤੀ ਲਕਸ਼ਮੀ ਸ਼ੰਕਰ, ਨਿਰਮਲਾ ਅਰੁਣ, ਕੁਮਾਰ ਗੰਧਰਵ, ਡੀ ਵੀ ਪੁਲਸਕਰ, ਸੁਭਲਖਸ਼ਮੀ, ਵਿਨਾਇਕ ਰਾਵ ਪਟਵਰਧਨ, ਸ਼ਾਸ਼ਤਰੀ ਰਾਗਾਂ ਵਿਚ ਭਜਨ ਗਾਉਣ ਵਿਚ ਮਾਹਰ ਹਨ। ਖਿਆਲ ਗਾਇਨ ਤੋਂ ਬਾਦ ਕੁਝ ਗਾਇਕ ਠੁਮਰੀ ਅਤੇ ਕਈ ਭਜਨ ਗਾਇਨ ਕਰਦੇ ਹਨ। ਅੱਜ-ਕੱਲ ਠੁਮਰੀ ਘੱਟ ਤੇ ਭਜਨ ਜ਼ਿਆਦਾ ਗਾਇਆ ਜਾਂਦਾ ਹੈ।

ਭਜਨ ਗਾਇਕ ਤਾਂ ਅਨੰਤ ਹਨ ਪਰ ਰਾਗਾਂ ਤੇ ਆਧਾਰਿਤ ਗਾਉਣ ਵਾਲਿਆਂ ਦੀ ਗਿਣਤੀ ਘੱਟ ਹੈ। ਭਗਤ ਕਵੀਆਂ ਵਿਚੋ ਮੀਰਾਂ ਬਾਈ, ਸੂਰਦਾਸ, ਰਵੀਦਾਸ, ਕਬੀਰ, ਬ੍ਰਹਮਾਨੰਦ, ਤੁਲਸੀਦਾਸ ਆਦਿ ਪ੍ਰਸਿੱਧ ਹਨ। ਇਹਨਾਂ ਦੀਆਂ ਰਚਨਾਵਾਂ ਬੜੀ ਸ਼ਰਧਾ ਨਾਲ ਗਾਈਆਂ ਤੇ ਸੁਣੀਆਂ ਜਾਂਦੀਆਂ ਹਨ। ਭਜਨ ਗਾਉਂਣ ਲਈ ਤਾਨਪੁਰਾ, ਹਾਰਮੋਨੀਅਮ, ਸਾਰੰਗੀ, ਤਬਲਾ ਆਦਿ ਸਾਜ਼ਾਂ ਦੀ ਵਰਤੋ ਕੀਤੀ ਜਾਂਦੀ ਹੈ। ਹਲਕੇ ਫੁਲਕੇ ਢੰਗ ਅਰਥਾਤ ਗੀਤ ਸ਼ੈਲੀ ਵਿਚ ਵੀ ਭਜਨ ਗਾਏ ਜਾਂਦੇ ਹਨ। ਇਹਨਾਂ ਭਜਨ ਗੀਤਾਂ ਨਾਲ ਕਈ ਸਾਜ਼ ਵਜਾਏ ਜਾਂਦੇ ਹਨ ਭਜਨਾਂ ਦਾ ਪ੍ਰਯੋਗ ਫਿਲਮਾਂ ਵਿਚ ਵੀ ਕੀਤਾ ਜਾਂਦਾ ਹੈ। ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਵਾਣੀ ਜੈਰਾਮ, ਅਨੁਰਾਧਾ ਪੌਡਵਾਲ, ਮਹਿੰਦਰਕਪੂਰ, ਨੇ ਗੀਤ ਸ਼ੈਲੀ ਵਿਚ ਬੜੇ ਸੁੰਦਰ ਭਜਨ ਗਾਏ ਹਨ। ਭਜਨ ਆਮ ਤੌਰ ਤੇ ਤਿੰਨਤਾਲ, ਦੀਪਚੰਦੀ, ਜਤਤਾਲ, ਖੇਮਟਾਤਾਲ, ਰੂਪਕਤਾਲ, ਕਹਿਰਵਾ ਅਤੇ ਦਾਦਰਾ ਆਦਿ ਤਾਲਾਂ ਵਿਚ ਗਾਇਆ ਜਾਂਦਾ ਹੈ।

ਸ਼ਬਦ :- ਸ਼ਬਦ ਦਾ ਅਰਥ ਧੁਨੀ, ਅੱਖਰ, ਵਾਣੀ, ਸੁਰ, ਕਲਾਮ, ਲਫ਼ਜ਼ ਆਦਿ ਹੈ। ਜਿਸ ਪ੍ਰਕਾਰ ਸੰਤਰੁਕਾ ਰਾਮ, ਨਾਮਦੇਵ ਆਦਿ ਦੀਆਂ ਭਜਨ ਰਚਨਾਵਾਂ ਨੂੰ ਅਭੰਗ ਅਤੇ ਸੁਰਦਾਸ, ਮੀਰਾਂ ਆਦਿ ਦੀਆਂ ਰਚਨਾਵਾਂ ਨੂੰ ਵਿਸ਼ਨੂੰ ਪਦ (ਭਜਨ) ਕਿਹਾ ਜਾਂਦਾ ਹੈ। ਉਸੇ ਤਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਛੰਦ ਬੱਧ ਰਚਨਾਵਾਂ ਨੂੰ ਸ਼ਬਦ ਕਿਹਾ ਜਾਂਦਾ ਹੈ। ਅਭੰਗ, ਭਜਨ, ਵਿਸ਼ਨੂੰ ਪਦ, ਦੋਸ਼, ਕਾਲ, ਭਾਸ਼ਾ ਦੇ

Sri Satguru Jagjit Singh Ji eLibrary NamdhariElibrary@gmail.com

ਪਰਿਵਰਤਨ ਕਾਰਨ ਇਹਨਾਂ ਰਚਨਾਵਾਂ ਨੂੰ ਸ਼ਬਦ ਕਿਹਾ ਜਾਣ ਲਗਾ। ਗੁਰੂ ਨਾਨਕ ਦੇਵ ਜੀ ਦੇ ਪੂਰਵ-ਵਰਤੀ ਨਿਰਗੁਣ ਉਪਾਸਕ ਭਗਤ ਕਬੀਰ ਜੀ ਨੇ ਵੀ ਆਪਣੇ ਪਦਾਂ ਲਈ ਸ਼ਬਦ ਸੰਗਿਆ ਦੀ ਵਰਤੋਂ ਕੀਤੀ ਸੀ। ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂਆਂ ਦੀ 15 ਭਗਤਾਂ ਅਤੇ 11 ਭੱਟਾਂ ਦੀ ਅਤੇ ਚਾਰ ਨਿਕਟਵਰਤੀਆਂ ਦੀ ਬਾਣੀ ਸ਼ਾਮਿਲ ਹੈ। ਇਹਨਾਂ ਭਗਤਾਂ, ਸੰਤਾਂ ਦੀ ਬਾਣੀ ਵਿਚ ਕਈ ਪ੍ਰਕਾਰ ਦੀਆਂ ਕਾਵਿ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ। ਸ਼ਲੋਕ, ਦੁਪਦੇ, ਚੌਪਦੇ, ਅਸ਼ਟਪਦੀ, ਪੜਤਾਲ, ਵਾਰ, ਬਾਰਮਾਹ, ਸਵਯੇ ਆਦਿ। ਇਸ ਸਾਰੀ ਬਾਣੀ ਨੂੰ ਸ਼ਬਦ ਕਿਹਾ ਜਾਂਦਾ ਹੈ। ਗੁਰੂ ਸਾਹਿਬ ਵਲੋਂ ਸ਼ਬਦਾਂ ਨੂੰ ਰਾਗਾਂ ਵਿਚ ਗਾਇਨ ਕਰਨ ਦਾ ਸੰਕੇਤ ਹੈ। ਸ਼ਬਦਾਂ ਨੂੰ ਕਈ ਗਾਇਨ ਸੈਲੀਆਂ ਵਿਚ ਗਾਉਣ ਦੀ ਪਰੰਪਰਾ ਗੁਰੂ ਸਾਹਿਬਾਨ ਨੇ ਤੇਰੀ, ਖਿਆਲ, ਧਰੁਪਦ, ਧਮਾਰ, ਕੱਵਾਲੀ ਗਾਇਨ ਸੈਲੀਆਂ ਤੇ ਆਧਾਰਿਤ ਸ਼ਬਦ ਗਾਇਨ ਕਰਨ ਦੀ ਰੀਤ ਵੀ ਗੁਰੂ ਸਾਹਿਬਾਨ ਨੇ ਹੀ ਸ਼ੁਰੂ ਕੀਤੀ। ਸਾਰੇ ਗੁਰੂ ਸਾਹਿਬਾਨ ਨੇ ਸ਼ਬਦ ਗਾਇਨ ਕਰਨ ਲਈ ਬਾਣੀ ਤੇ ਰਾਗ ਦਾ ਨਾਮ ਵੀ ਅੰਕਿਤ ਕੀਤਾ ਹੈ। ਸ਼ਬਦ ਗਾਇਨ ਦੀ ਇਕ ਵਿਸ਼ੇਸ਼ ਪਰੰਪਰਾ ਨੂੰ ਹੀ ਕੀਰਤਨ ਕਿਹਾ ਜਾਂਦਾ ਹੈ। ਵਰਤਮਾਨ ਯੁੱਗ ਵਿਚ ਗਾਇਕ ਸ਼ਬਦ ਗਾਇਨ ਦੀ ਇਹ ਪ੍ਰੰਪਰਾ ਵਿਕਸਤ ਰੂਪ ਧਾਰਣ ਕਰਦੀ ਜਾ ਰਹੀ ਹੈ ਅੱਜ ਕਲ ਗੁਰੂ ਗ੍ਰੰਥ ਸਾਹਿਬ ਦੀ ਨਿਰਧਾਰਿਤ ਪ੍ਰਣਾਲੀ ਅਨੁਸਾਰ ਰਾਗਾਂ ਤੇ ਆਧਾਰਿਤ ਸ਼ਬਦ ਗਾਇਨ ਦੀ ਪਰੰਪਰਾ ਦਾ ਪ੍ਰਚਾਰ ਅਤੇ ਪ੍ਰਸਾਰ ਜੋਰਾ ਤੇ ਹੈ। ਇਸੇ ਲਈ ਲੋੜ ਹੈ ਗੁਰਮਤਿ ਸੰਗੀਤ ਦੇ ਰਾਗਾਂ ਅਨੁਸਾਰ ਸ਼ਬਦ ਗਾਇਨ ਦੀ ਇਸ ਪ੍ਰੰਪਰਾ ਨੂੰ ਹੋਰ ਵੀ ਪ੍ਰਚਾਰਿਆ ਜਾਵੇ।

ਕੱਵਾਲੀ :- ਕੱਵਾਲੀ, ਅਰਬੀ ਦੇ ਸ਼ਬਦ ਕੌਲ ਤੋਂ ਉਤਪੰਨ ਹੋਇਆ ਹੈ। ਕੌਲ ਦਾ ਅਰਥ ਹੈ - ਮਹਾਪੁਰਸ਼ ਦਾ ਕਥਨ, ਪ੍ਰਵਚਨ, ਉਪਦੇਸ਼, ਵਚਨ, ਪ੍ਰਤਿਗਿਆ ਆਦਿ। ਕੱਵਾਲੀ ਮੁਸਲਿਮ ਸਮਾਜ ਦੀ ਇਕ ਪ੍ਰਮੁੱਖ ਗਾਇਕੀ ਹੈ। ਸੂਫੀ ਸੰਤਾਂ ਦੀਆਂ ਦਰਗਾਹਾਂ ਉਤੇ ਰਾਤ ਰਾਤ ਭਰ ਕੱਵਾਲੀਆਂ ਗਾਈਆਂ ਜਾਂਦੀਆਂ ਹਨ। ਕੱਵਾਲੀ ਇਕ ਸਮੂਹਗਾਨ ਹੈ। ਕੱਵਾਲੀ ਦੁਆਰਾ ਈਸ਼ਵਰ, ਪੈਗੰਬਰ ਜਾਂ ਹੋਰ ਧਾਰਮਿਕ ਸੰਤਾਂ ਦੀ ਉਸਤੱਤੀ ਦਾ ਗਾਨ ਕੀਤਾ ਜਾਂਦਾ ਹੈ। ਕੱਵਾਲੀ ਦੇ ਨਾਲ-ਨਾਲ ਹੱਥਾਂ ਨਾਲ ਤਾਲੀ ਵਜਾਈ ਜਾਂਦੀ ਹੈ ਅਤੇ ਤਾਲ ਲਈ ਤਬਲਾ ਜਾਂ ਢੋਲਕ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੱਵਾਲੀ ਵਿਚ ਸੁਰ, ਰਾਗ, ਤਾਲ, ਲੈਅ ਅਤੇ ਭਾਸ਼ਾ ਦਾ ਪ੍ਰਮੁੱਖ ਸਥਾਨ ਹੈ। ਰਾਗਾਂ ਦਾ ਗਿਆਨ ਰੱਖਣ ਵਾਲੇ ਕੱਵਾਲੀ ਗਾਇਕ ਆਪਣੇ ਗਾਇਨ ਵਿਚ ਰਾਗ ਪਰਿਵਰਤਨ ਵੀ ਕਰਦੇ ਰਹਿੰਦੇ ਹਨ। ਕੱਵਾਲ ਟੋਲੀ ਦਾ ਮੁਖੀਆਂ ਵਿਚ-ਵਿਚ ਸ਼ੇਅਰੋ ਸ਼ਾਇਰੀ ਵੀ ਕਰਦਾ ਰਹਿੰਦਾ ਹੈ। ਕਈ ਕੱਵਾਲ ਬੋਲ ਬਨਾਣ, ਬੋਲ ਬਾਂਟ, ਸਰਗਮ ਆਦਿ ਵੀ ਕਰਦੇ ਹਨ। ਉੱਚ ਕੋਟੀ ਦੇ ਕੱਵਾਲ ਗਾਇਕ ਆਪਣੇ ਗਾਇਨ ਵਿਚ ਸਰਗਮ, ਤਾਨਾਂ ਦਾ ਬੜਾ ਸੁੰਦਰ ਪ੍ਰਦਰਸ਼ਨ ਕਰਦੇ ਹਨ ਜੋ ਸਰੋਤਿਆਂ ਦੇ ਮਨਾਂ ਨੂੰ ਕੀਲ ਕੇ ਰਖਦਾ ਹੈ। ਕੱਵਾਲੀ ਇਕ ਗਾਇਨ ਸੈਲੀ ਹੈ ਜਿਸ ਵਿਚ ਕਿਸੇ ਭਾਸ਼ਾ ਦੇ ਵੀ ਗੀਤ ਗਾਏ ਜਾ ਸਕਦੇ ਹਨ। ਕੱਵਾਲੀ ਜੋ ਕਿਸੇ ਪੈਗੰਬਰ ਦੀ ਸਿਫਤ ਵਿਚ ਗਾਈ ਜਾਵੇ ਉਸਨੂੰ ਨਾਅਤ ਕਿਹਾ ਜਾਂਦਾ ਹੈ। ਹਿੰਦੂ ਸਮਾਜ ਵਿਚ ਵੀ ਕੱਵਾਲੀ ਗਾਨ ਦਾ ਪ੍ਰਚਾਰ ਹੈ। ਫ਼ਿਲਮਾਂ ਵਿਚ ਵੀ ਕੱਵਾਲੀ ਦਾ ਪ੍ਰਚਾਰ ਬੜੇ ਜੋਰ ਸ਼ੋਰ ਨਾਲ ਹੋ ਰਿਹਾ ਹੈ। ਪੁਰਸ਼ ਅਤੇ ਇਸਤਰੀ ਕੱਵਾਲ ਟੋਲੀਆਂ ਕੱਵਾਲੀ ਬੜੀ ਖੂਬੀ ਨਾਲ ਗਾਉਂਦੀਆਂ ਹਨ। ਕੱਵਾਲੀ ਗੀਤ ਦਾ ਵਿਸ਼ਾ ਧਾਰਮਿਕ ਨਾ ਹੋ ਕੇ ਦੇਸ ਪ੍ਰੇਮ, ਸਿੰਗਾਰ ਰਸ, ਇਸ਼ਕੀਆ ਵੀ ਹੋ ਸਕਦਾ ਹੈ। ਰੂਹਾਨੀ ਕੱਵਾਲੀਆਂ ਲੋਕ ਬੜੇ ਧਿਆਨ ਨਾਲ ਸੁਣਦੇ ਹਨ। ਅਨੇਕਾਂ ਦਰਗਾਹਾਂ ਉੱਤੇ ਮੁਕਰਰ ਦਿਨ ਤੇ ਕੱਵਾਲੀਆਂ ਗਾਈਆਂ ਜਾਂਦੀਆਂ ਹਨ। ਵਿਆਹ

Sri Satguru Jagjit Singh Ji eLibrary NamdhariElibrary@gmail.com

ਸ਼ਾਦੀ, ਸਮਾਜਕ ਉਤਸਵ ਉਤੇ ਵੀ ਕੱਵਾਲੀ ਦੀ ਮਹਿਫ਼ਿਲ ਲਗਾਈ ਜਾਂਦੀ ਹੈ। ਕੱਵਾਲੀ ਨਾਲ ਕੱਵਾਲੀ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਚਤੁਰੰਗ :- ਚਤੁਰੰਗ ਦਾ ਅਰਥ ਹੈ - ਜਿਸ ਗੀਤ ਦੇ ਚਾਰ ਅੰਗ ਹੋਣ। (1) ਖਿਆਲ (2) ਤਰਾਨਾ (3) ਸਰਗਮ (4) ਤਿਰਵਟ ਅਜਿਹਾ ਚਾਰ ਵੱਖ ਵੱਖ ਸ਼ੈਲੀਆਂ ਦਾ ਸਾਮੂਹਿਕ ਰੂਪ ਚਤੁਰੰਗ ਕਹਿਲਾਉਂਦਾ ਹੈ। ਚਤੁਰੰਗ ਦੇ ਚਾਰ ਭਾਗ ਸਥਾਈ, ਅਤੰਰਾ, ਸੰਚਾਰੀ ਅਤੇ ਆਭੋਗ ਹੁੰਦੇ ਹਨ। ਪਹਿਲੇ ਭਾਗ ਵਿਚ ਸ਼ਬਦ ਹੁੰਦੇ ਹਨ ਦੂਜਾ ਭਾਗ ਜੋ ਅੰਤਰਾ ਕਿਹਾ ਜਾਂਦਾ ਹੈ, ਉਸ ਵਿਚ ਤਰਾਨਾ ਦੇ ਬੋਲ ਹੁੰਦੇ ਹਨ। ਤੀਸਰਾ ਭਾਗ ਸੰਚਾਰੀ-ਜਿਸ ਵਿਚ ਰਾਗ ਦੇ ਸੁਰਾਂ ਦੀ ਸਰਗਮ ਹੁੰਦੀ ਹੈ। ਅੰਤਿਮ ਅਤੇ ਚੌਥਾ ਹਿਸਾ ਆਭੋਗ-ਇਸ ਵਿਚ ਮਿਰਦੰਗ ਦੇ ਬੋਲਾਂ ਦੀ ਪਰਣ ਹੁੰਦੀ ਹੈ। ਚਤੁਰੰਗ ਖਿਆਲ ਦਾ ਹੀ ਇਕ ਪ੍ਰਕਾਰ ਹੈ। ਇਸ ਵਿਚ ਤਾਨਾ ਦਾ ਪ੍ਰਯੋਗ ਘੱਟ ਕੀਤਾ ਜਾਂਦਾ ਹੈ।

ਲਕਸ਼ਣ ਗੀਤ :- ਅਜਿਹੀ ਗੀਤ ਰਚਨਾ ਜਿਸ ਵਿਚ ਰਾਗ ਦੇ ਲਕਸ਼ਣਾਂ ਦਾ ਵਰਨਣ ਕੀਤਾ ਗਿਆ ਹੋਵੇ। ਰਾਗ ਦੇ ਵਾਦੀ-ਸੰਵਾਦੀ ਸੁਰ, ਵਰਜਿਤ ਸੁਰ, ਸਮਾਂ, ਜਾਤੀ, ਆਦਿ ਦਾ ਉਲੇਖ ਕੀਤਾ ਗਿਆ ਹੋਵੇ ਉਸ ਗੀਤ ਨੂੰ ਲਖਸ਼ਣ ਗੀਤ ਕਿਹਾ ਜਾਂਦਾ ਹੈ। ਲਕਸ਼ਣ ਗੀਤ ਦੁਆਰਾ ਰਾਗ ਸੰਬੰਧੀ ਕਹੀਆਂ ਗੱਲਾਂ ਯਾਦ ਹੋ ਜਾਂਦੀਆਂ ਹਨ। ਇਹ ਵੀ ਖਿਆਲ ਦੀ ਹੀ ਤਰਾਂ ਗਾਇਆ ਜਾ ਸਕਦਾ ਹੈ। ਇਸ ਦੇ ਦੋ ਭਾਗ ਸਥਾਈ ਅਤੇ ਅੰਤਰਾ ਹੀ ਹੁੰਦੇ ਹਨ। ਲਕਸ਼ਣ ਗੀਤ ਕਾਫੀ ਪ੍ਰਾਚੀਨ ਗੀਤ ਸ਼ੈਲੀ ਹੈ ਪਰ ਇਸ ਦਾ ਪ੍ਰਚਾਰ, ਵਿਸਥਾਰ, ਅਤੇ ਵਿਕਾਸ ਦਾ ਸੇਹਰਾ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੇ ਸਿਰ ਬੱਝਦਾ ਹੈ। ਭਾਤਖੰਡੇ ਜੀ ਨੇ ਲੱਗਭਗ ਸਾਰੇ ਪ੍ਰਚਲਿਤ ਰਾਗਾਂ ਦੇ ਲਕਸ਼ਣ ਗੀਤ ਤਿਆਰ ਕੀਤੇ ਅਤੇ ਉਹਨਾਂ ਨੂੰ ਸੁਰਲਿੱਪੀ ਬੱਧ ਕਰ ਕੇ ਆਪਣੀਆਂ ਪੁਸਤਕਾਂ ਵਿਚ ਸਥਾਨ ਦਿਤਾ।

ਸਰਗਮ :- ਰਾਗ ਅਤੇ ਤਾਲ ਬੱਧ ਸੁਰ ਰਚਨਾਂ ਨੂੰ ਸਰਗਮ ਜਾਂ ਸਰਗਮ ਗੀਤ ਕਿਹਾ ਜਾਂਦਾ ਹੈ 'ਸਰਗਮ' ਤੋਂ ਹੀ ਇਸ ਦਾ ਅਰਥ ਸਪੱਸ਼ਟ ਹੋ ਜਾਂਦਾ ਹੈ। ਕਿਸੇ ਰਾਗ ਦੇ ਸੁਰਾਂ ਦੀ ਰਚਨਾਂ ਜੋ ਕਿਸੇ ਤਾਲ ਵਿਚ ਨਿਬੰਧ ਹੋਵੇ। ਇਸ ਵਿਚ ਕਵਿਤਾ ਅਰਥਾਤ ਸ਼ਬਦ, ਭਾਸ਼ਾ ਨਹੀਂ ਹੁੰਦੇ ਕੇਵਲ ਸਰਗਮ ਹੀ ਭਾਵ ਸੁਰ ਹੀ ਹੁੰਦੇ ਹਨ। ਸਰਗਮ ਗੀਤ ਭਿੰਨ-ਭਿੰਨ ਤਾਲਾਂ ਵਿਚ ਹੁੰਦੇ ਹਨ। ਇਹਨਾਂ ਦਾ ਯਾਦ ਕਰਨਾ ਬੜਾ ਲਾਹੇਵੰਦ ਹੁੰਦਾ ਹੈ। ਗੀਤ ਵਿਦਿਆਰਥੀ ਨੂੰ ਰਾਗ ਸਰੂਪ ਤੋਂ ਇਲਾਵਾ ਸੁਰ ਗਿਆਨ ਵੀ ਪ੍ਰਾਪਤ ਹੋ ਜਾਂਦਾ ਹੈ। ਸਰਗਮ ਵੱਡੀਆਂ ਮਹਿਫਲਾਂ ਵਿਚ ਨਹੀਂ ਗਾਏ ਜਾਂਦੇ। ਇਹਨਾਂ ਦਾ ਅਭਿਆਸ ਕੀਤਾ ਜਾਂਦਾ ਹੈ। ਸਰਗਮ ਗੀਤ ਹਰ ਤਰਾਂ ਦਾ ਹੁੰਦਾ ਹੈ। ਇਹਨਾਂ ਦੀਆਂ ਰਚਨਾਵਾਂ ਬੜੀਆਂ ਸੁੰਦਰ ਹੁੰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 8

ਮੁਲਾਂਕਣ

(Evaluation)

ਸਿੱਖਿਆ ਦੇ ਖੇਤਰ ਵਿਚ ਮੁਲਾਂਕਣ ਇਕ ਮਹੱਤਵ ਪੂਰਣ ਸਥਾਨ ਰਖਦਾ ਹੈ। ਕਿਉਂਕਿ ਇਹ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਕਰਨ ਵਿਚ ਸਹਾਇਕ ਹੁੰਦਾ ਹੈ। ਸਾਧਾਰਣ ਤੌਰ ਤੇ ਮੁਲਾਂਕਣ ਦਾ ਅਰਥ ਪ੍ਰੀਖਿਆ ਹੀ ਸਮਝਿਆ ਜਾਂਦਾ ਹੈ ਅਤੇ ਇਸ ਨੂੰ ਇਕ ਦਾਇਰੇ ਅੰਦਰ ਸੀਮਤ ਰਖਕੇ ਹੀ ਸੋਚ ਵਿਚਾਰ ਕੀਤੀ ਜਾਦੀ ਹੈ। ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨਾ, ਵਿਦਿਆਰਥੀਆਂ ਦੀ ਅਵਸਥਾ ਅਨੁਸਾਰ ਉਦੇਸ਼ਾਂ ਦੀ ਨਿਰੀਖਣ ਕਰਨਾ ਸਿੱਖਿਆ ਵਿਧੀਆਂ ਵਿਦਿਆਰਥੀਆਂ ਦੀਆਂ ਸਮੁਚੀਆਂ ਪ੍ਰਾਪਤੀਆਂ ਨੂੰ ਆਕਣਾਂ ਆਦਿ ਮੁਲਾਂਕਣ ਦੇ ਮੁੱਖ ਖੇਤਰ ਹਨ। ਸਿੱਖਿਆ ਦੀ ਵਰਤਮਾਨ ਦਾਰਸਨਿਕਤਾ (Philosophy) ਅਨੁਸਾਰ ਮੁਲਾਂਕਣ ਦੀ ਨਵੀਂ ਵਿਚਾਰਧਾਰਾ ਦੇ ਅੰਤਰਗਤ ਸਿੱਖਿਆ ਦਾ ਕਰਤਵ ਨਾਂ ਕੇਵਲ ਵਿਦਿਆਰਥੀਆਂ ਵਿਚ ਵਿਚਾਰ (Concept) ਸੂਚਨਾ (Information) ਪ੍ਰਕਿਰਤੀ ਸੁਭਾਅ (Habit) ਗੁਣ (Skill) ਆਦਿ ਦਾ ਵਿਕਾਸ ਕਰਨਾ ਹੀ ਹੈ ਬਲਕਿ ਵਿਦਿਆਰਥੀਆਂ ਵਿਚ ਵਰਤਾਉ (Attitude), (Appreciation) ਪ੍ਰਸ਼ੰਸਾ, ਰੁਚੀ (Interest) ਵਿਚਾਰ ਸ਼ਕਤੀ (Power of Thinking) ਆਦਿ ਦੇ ਵਿਕਾਸ ਤੇ ਵੀ ਬਲ ਦੇਣ ਲਈ ਪ੍ਰੇਰਿਤ ਕੀਤਾ ਗਿਆ ਹੈ।

ਇਸ ਤਰਾਂ ਤਾਂ ਕਈ ਸਦੀਆਂ ਤੋਂ ਸ਼ਾਸਤਰੀ ਸੰਗੀਤ ਦੀ ਸਿੱਖਿਆ ਤੇ ਪ੍ਰੀਖਿਆ ਗੁਰੂ ਸ਼ਿਸ਼ ਪ੍ਰੰਪਰਾ ਪ੍ਰਣਾਲੀ ਦੁਆਰਾ ਹੀ ਹੁੰਦੀ ਚਲੀ ਆ ਰਹੀ ਹੈ। ਇਸ ਗੁਰੂ ਸ਼ਿਸ਼ ਪ੍ਰਣਾਲੀ ਵਿਚ ਕ੍ਰਿਆਤਮਕ ਪੱਖ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਪਹਿਲੇ ਵਕਤਾਂ ਵਿਚ ਅਸਲੀ ਪ੍ਰੀਖਿਆ ਮਹਿਫਲ ਵਿਚ ਹੀ ਹੁੰਦੀ ਸੀ। ਗੁਣੀ ਜਨਾਂ ਦੀ ਮਹਿਫਲ ਵਿਚ ਉਸਤਾਦ ਆਪਣੇ ਸ਼ਾਗਿਰਦ ਨੂੰ ਪੇਸ਼ ਕਰਦਾ ਜਿਸ ਦੇ ਨਾਲ ਉਸ ਨੂੰ ਸੰਗੀਤ ਮਹਿਫਲਾਂ ਵਿਚ ਕਲਾ ਪੇਸ਼ ਕਰਨ ਦੀ ਆਗਿਆ ਵੀ ਮਿਲ ਜਾਂਦੀ। ਭਾਤਖੰਡੇ ਅਤੇ ਪੰਡਿਤ ਵਿਸ਼ਨੂੰ ਦਿਗੰਬਰ ਦੁਆਰਾ ਪ੍ਰੀਖਿਆ ਲਈ ਇਕ ਵਿਸ਼ੇਸ਼ ਕੋਰਸ ਤਿਆਰ ਕੀਤਾ ਗਿਆ ਜਿਸ ਵਿਚ ਕ੍ਰਿਆਤਮਿਕ ਅਤੇ ਸ਼ਾਸਤਰ ਪੱਖ ਸ਼ਾਮਿਲ ਕਰਕੇ ਵਿਦਿਆਰਥੀ ਦੀ ਪ੍ਰੀਖਿਆ ਲਈ ਜਾਂਦੀ ਅਤੇ ਅੰਕਾ ਦੇ ਆਧਾਰ ਤੇ ਡਵੀਜ਼ਨ ਆਦਿ ਦਿੱਤੀ ਜਾਂਦੀ। ਇਸ ਦੇ ਨਾਲ ਕਈ ਕਮਜ਼ੋਰ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰ ਜਾਂਦੇ ਹਨ ਅਤੇ ਕਈ ਯੋਗ ਵਿਦਿਆਰਥੀ ਘਟ ਅੰਕਾਂ ਨਾਲ ਹੀ ਪਾਸ ਹੁੰਦੇ ਹਨ। ਇਹਨਾਂ ਪ੍ਰੀਖਿਆਵਾਂ ਦੁਆਰਾ ਕੇਵਲ ਅਧਿਆਪਕ ਹੀ ਤਿਆਰ ਹੁੰਦੇ ਹਨ ਉੱਚ ਕੋਟੀ ਦੇ ਕਲਾਕਾਰ ਨਹੀਂ।

ਯੂਨੀਵਰਸਿਟੀ ਸੰਗੀਤ ਪ੍ਰੀਖਿਆ ਵਿਚ ਮੁਲਾਂਕਣ ਦਾ ਮਹੱਤਵਪੂਰਨ ਸਥਾਨ ਹੈ, ਕਿਉਂਕਿ ਯੂਨੀਵਰਸਿਟੀ ਸਤਰ, ਸਿੱਖਿਆ ਦੀ ਉਹ ਨੀਂਹ ਹੈ, ਜਿਸ ਉਤੇ ਕਿਸੇ ਵੀ ਵਿਸ਼ੇ ਦਾ ਸਿੱਖਿਆ ਭਵਨ ਖੜਾ ਹੁੰਦਾ ਹੈ, ਅਤੇ ਸਹੀ ਮੁਲਾਂਕਣ ਚੰਗੇ ਭਵਿੱਖ ਦੇ ਨਿਰਮਾਣ ਵਿਚ ਸਹਾਇਕ ਸਿੱਧ ਹੁੰਦਾ ਹੈ। ਸਕੂਲੀ ਵਿਦਿਆਰਥੀਆਂ ਦਾ ਮੁਲਾਂਕਣ ਉਨ੍ਹਾਂ ਹੀ ਮਹੱਤਵ ਰਖਦਾ ਹੈ। ਜਿਸ ਦੀ ਨੀਂਹ ਉਤੇ ਭਵਨ ਦੀ ਉਸਾਰੀ

Sri Satguru Jagjit Singh Ji eLibrary NamdhariElibrary@gmail.com

ਕਰਨੀ ਹੈ ਜੇਕਰ ਨੀਂਹ ਹੀ ਕਮਜ਼ੋਰ ਰਹੀ ਤਾਂ ਭਵਨ ਵਧੇਰੇ ਸਮੇਂ ਲਈ ਟਿਕ ਨਹੀਂ ਸਕੇਗਾ। ਬੱਚਿਆ ਦੇ ਮੁਲਾਕਣ ਵਲ ਬੜਾ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਮੂਲ+ਅੰਕਣ=ਮੁਲਾਕਣ। ਅਰਥਾਤ ਕਿਸੇ ਵਸਤੂ, ਕੰਮ, ਕਾਰਜ, ਪਰੀਸ਼ਰਮ, ਮਿਹਨਤ, ਦਾ ਅੰਕਾ ਵਿਚ ਮੂਲ। ਮੂਲ ਕਈ ਪ੍ਰਕਾਰ ਨਾਲ ਮਾਪਿਆ ਜਾ ਸਕਦਾ ਹੈ। ਸਿੱਖਿਆ ਪ੍ਰਣਾਲੀ ਵਿਚ ਮੁਲਾਂਕਣ ਕਿਸੇ ਢੰਗ ਦੀ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ। ਪ੍ਰੀਖਿਆਵਾਂ ਦੇ ਅਨੇਕਾਂ ਪ੍ਰਕਾਰ ਹਨ ਜੋ ਮੁੱਖ ਰੂਪ ਵਿਚ ਤਿੰਨ ਪ੍ਰਕਾਰ ਦੇ ਹੁੰਦੇ ਹਨ :-

ੳ) ਮੌਖਿਕ ਪ੍ਰੀਖਿਆ (ਜ਼ਬਾਨੀ - Oral)
ਅ) ਲਿਖਿਤ ਪ੍ਰੀਖਿਆ (ਲਿਖਤੀ - Writen)
ੲ) ਪ੍ਰਯੋਗੀ ਪ੍ਰੀਖਿਆ (ਕ੍ਰਿਆਤਿਮਕ - Practical)

ਪ੍ਰੀਖਿਆ :- ਸਿੱਖਿਆ, ਦਿਖਿਆ, ਪ੍ਰੀਖਿਆ ਇਕ ਆਮ ਕਹਾਵਤ ਹੈ। ਕਿਸੇ ਵਿਸੇ ਵਿਚ ਬਾਲਕ ਦੀਆਂ ਪ੍ਰਾਪਤੀਆਂ ਅਤੇ ਗਿਆਨ ਨੂੰ ਪਰਖਣ ਲਈ ਪ੍ਰੀਖਿਆ ਲਈ ਜਾਂਦੀ ਹੈ। ਕਿਸੇ ਲਕਸ਼ ਦੀ ਪ੍ਰਾਪਤੀ ਲਈ ਵਿਦਿਆ ਪ੍ਰਦਾਨ ਕੀਤੀ ਜਾਂਦੀ ਹੈ। ਕੋਈ ਬਾਲਕ ਉਸ ਵਿਸੇ ਜਾਂ ਵਿਦਿਆ ਵਿਚ ਕਿੰਨਾ ਮਾਹਰ ਹੋਇਆ ਹੈ ਜਾਂ ਉਹ ਉਸ ਵਿਸੇ ਬਾਰੇ ਕਿੰਨਾ ਗਿਆਨ ਪ੍ਰਾਪਤ ਕਰ ਚੁੱਕਿਆ ਹੈ। ਇਸ ਮੰਤਵ ਲਈ ਉਸਦੀ ਪ੍ਰੀਖਿਆ ਲਈ ਜਾਦੀ ਹੈ। ਇਸ ਦੇ ਨਾਲ ਉਸ ਦੇ ਸਿੱਖਿਆ ਸਤਰ, ਸੁਭਾਵਿਕ ਵਿਕਾਸ ਅਤੇ ਪ੍ਰਗਤੀ ਬਾਰੇ ਸਿਖਸ਼ਕ ਨੂੰ ਬਾਲਕ ਦੇ ਮਾਂ ਪਿਉ ਅਤੇ ਬਾਲਕ ਨੂੰ ਆਪ ਨੂੰ ਵੀ ਪਤਾ ਚਲ ਜਾਂਦਾ ਹੈ। ਪ੍ਰੀਖਿਆ ਦਾ ਮੁੱਖ ਉਦੇਸ਼ ਬਾਲਕ ਦੇ ਬੌਧਿਕ ਵਿਕਾਸ ਦਾ ਮੁਲਾਂਕਣ ਕਰਨਾ ਹੈ। ਪ੍ਰੀਖਿਆ ਸ਼ਬਦ ਦੀ ਉੱਤਪਤੀ ਅਤੇ ਅਰਥ ਇਕ ਵਿਦਵਾਨ ਦੇ ਅਨੁਸਾਰ ਪ੍ਰੀਖਿਆ (Examination) ਸ਼ਬਦ ਦੀ ਉੱਤਪਤੀ Examen ਸ਼ਬਦ ਤੋ ਹੋਈ ਹੈ। ਜਿਸ ਦਾ ਅਰਥ ਹੈ ਤਰਾਜੂ ਦਾ ਪਲੜਾ ਅਰਥਾਤ ਕਿਸੇ ਵਸਤੂ ਨੂੰ ਤੋਲਨਾਂ, ਜਾਂਚਨਾਂ, ਪਰਖਣਾਂ, ਮੁਲ ਪਾਉਣਾਂ ਹੈ। ਪ੍ਰੀਖਿਆ ਦਾ ਦੂਜੇ ਸ਼ਬਦਾਂ ਵਿਚ ਅਰਥ ਹੋਵੇਗਾ ਕਿਸੇ ਗਿਆਨ ਦੀ ਵਿਧੀ ਪੂਰਵਕ ਜਾਂਚ ਕਰਨੀ। ਇਹ ਜਾਂਚ ਕਿਸੇ ਬਾਹਰੀ ਵਿਦਵਾਨ, ਅਧਿਕਾਰੀ ਦੁਆਰਾ ਜਾਂ ਖੁਦ ਸ਼ਿਕਸ਼ਕ ਦੁਆਰਾ ਵੀ ਕੀਤੀ ਜਾ ਸਕਦੀ ਹੈ।

ਪ੍ਰੀਖਿਆ ਦੇ ਉਦੇਸ

1. ਵਿਦਿਆਰਥੀਆਂ ਦੀ ਬੁੱਧੀ ਕੌਸ਼ਲ ਅਨੁਸਾਰ ਪ੍ਰੀਖਿਆ ਦਾ ਵਿਧੀ ਪੂਰਵਕ ਆਯੋਜਨ ਕਰਨਾ।
2. ਵਿਦਿਆਰਥੀਆਂ ਦੀਆਂ ਕੰਮੀਆਂ, ਅਸਾਵਧਾਨੀਆਂ, ਅਣਗੌਲੀਆਂ ਵਿਸ਼ੇਸ਼ ਯੋਗਤਾਵਾਂ ਆਦਿ ਦਾ ਗਿਆਨ, ਕੇਵਲ ਪ੍ਰੀਖਿਆ ਦੇ ਦੁਆਰਾ ਹੀ ਹੋ ਸਕਦਾ ਹੈ।
3. ਪਾਠਕ੍ਰਮ ਦੀ ਸਫਲਤਾ ਅਤੇ ਉਪਯੋਗਤਾ ਦਾ ਗਿਆਨ ਪ੍ਰੀਖਿਆ ਦੁਆਰਾ ਜ਼ਰੂਰੀ ਹੈ।
4. ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਪ੍ਰੀਖਿਆ ਜ਼ਰੂਰੀ ਹੈ।
5. ਵਿਦਿਆਰਥੀਆਂ ਦੇ ਪੱਧਰ ਨੂੰ ਉਚੇਰਾ ਕਰਨ ਲਈ ਪ੍ਰੀਖਿਆ ਜ਼ਰੂਰੀ ਹੈ।
6. ਪ੍ਰੀਖਿਆ ਦੇ ਦੁਆਰਾ ਸਿੱਖਿਆ ਸਤਰ ਵਿਚ ਸਮਾਨਤਾ ਲਿਆਈ ਜਾ ਸਕਦੀ ਹੈ। ਇਕ ਸਤਰ ਸਥਾਪਿਤ ਕੀਤਾ ਜਾ ਸਕਦਾ ਹੈ।

ਪ੍ਰੀਖਿਆ ਦੇ ਮੁੱਖ ਢੰਗ

ੳ) ਮੌਖਿਕ ਪ੍ਰੀਖਿਆ :- ਇਹ ਪ੍ਰੀਖਿਆ ਜ਼ਬਾਨੀ ਅਤੇ ਵਿਅਕਤੀਗਤ ਹੁੰਦੀ ਹੈ। ਪ੍ਰੀਖਿਅਕ, ਪ੍ਰੀਖਿਆਰਥੀ

Sri Satguru Jagjit Singh Ji eLibrary NamdhariElibrary@gmail.com

ਪਾਸੋ ਪ੍ਰਸ਼ਨ ਪੁਛਦਾ ਹੈ ਅਤੇ ਵਿਦਿਆਰਥੀ ਉਸ ਪ੍ਰਸ਼ਨ ਦਾ ਉਤਰ ਤੁਰੰਤ ਦਿੰਦਾ ਹੈ। ਇਸ ਵਿਧੀ ਦੁਆਰਾ ਪ੍ਰੀਖਿਆਰਥੀ ਦੀ ਹਾਜ਼ਰ ਜਵਾਬੀ, ਯਾਦਾਸ਼ਤ ਅਤੇ ਵਿਸ਼ੇ ਸਬੰਧੀ ਗਿਆਨ ਦਾ ਪਤਾ ਚਲਦਾ ਹੈ।

1) **ਕਲਾਸ ਵਿਚ ਮੌਖਿਕ ਪ੍ਰੀਖਿਆ** :- ਇਸ ਵਿਧੀ ਵਿਚ ਅਧਿਆਪਕ ਸਾਰੇ ਬੱਚਿਆਂ ਨੂੰ ਸਵਾਲ ਪੁੱਛਦਾ ਹੈ ਫਿਰ ਕਿਸੇ ਇਕ ਨੂੰ ਉਸਦਾ ਉਤਰ ਦੱਸਣ ਲਈ ਕਹਿੰਦਾ ਹੈ। ਜੇ ਉਹ ਵਿਦਿਆਰਥੀ ਉੱਤਰ ਦੇਣ ਵਿਚ ਅਸਮਰਥ ਰਹਿੰਦਾ ਹੈ ਤਾ ਕਿਸੇ ਦੂਜੇ ਵਿਦਿਆਰਥੀ ਤੋ ਪੁਛਿਆ ਜਾਦਾ ਹੈ। ਇਸ ਦੇ ਨਾਲ ਸਾਰੀ ਜਮਾਤ ਉਤਸੁਕ ਰਹਿੰਦੀ ਹੈ। ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ ਵਧਦਾ ਹੈ।

2) ਪ੍ਰੀਖਿਅਕ ਹਰੇਕ ਵਿਦਿਆਰਥੀ ਨੂੰ ਵਾਰੀ-ਵਾਰੀ ਆਪਣੇ ਕੋਲ ਬੁਲਾ ਕੇ ਪ੍ਰਸ਼ਨ ਪੁੱਛਦਾ ਹੈ। ਇਸ ਵਿਧੀ ਵਿਚ ਜ਼ਰੂਰੀ ਨਹੀਂ ਕਿ ਪ੍ਰੀਖਿਅਕ ਹਰੇਕ ਪਾਸੋਂ ਇੱਕੋ ਹੀ ਪ੍ਰਸ਼ਨ ਪੁਛੇ। ਹਰ ਵਿਦਿਆਰਥੀ ਲਈ ਅਲੱਗ ਪ੍ਰਸ਼ਨ ਪੁਛਿਆ ਜਾ ਸਕਦਾ ਹੈ। ਇਸ ਲਈ ਵਿਦਿਆਰਥੀ ਵਿਚ ਵੱਧ ਤੋਂ ਵੱਧ ਅਤੇ ਜਲਦੀ ਸੋਚਣ ਦਾ ਗੁਣ ਪਣਪਦਾ ਹੈ।

3) ਬਹੁ ਪ੍ਰੀਖਿਆ ਵਿਧੀ :- ਇਕ ਪ੍ਰੀਖਿਆਰਥੀ ਪਾਸੋਂ ਇੱਕੋ ਸਮੇਂ ਤੇ ਇਕ ਤੋਂ ਵੱਧ ਪ੍ਰੀਖਿਅਕ ਵੀ ਪ੍ਰਸ਼ਨ ਪੁਛ ਸਕਦੇ ਹਨ। ਇਹ ਵਿਧੀ ਆਮ ਤੌਰ ਤੇ ਇੰਟਰਵਿਊ (Interview) ਸਾਖਸ਼ਾਤਾਕਾਰ ਵੇਲੇ ਅਪਣਾਈ ਜਾਂਦੀ ਹੈ।

4) ਇਸ ਵਿਧੀ ਦੁਆਰਾ ਛੋਟੇ ਛੋਟੇ (Objective Type) ਪ੍ਰਸ਼ਨ ਹੀ ਪੁਛੇ ਜਾ ਸਕਦੇ ਹਨ।

ਮੌਖਿਕ ਪ੍ਰੀਖਿਆ ਦੀਆਂ ਸੀਮਾਵਾਂ

1. ਪ੍ਰੀਖਿਆਰਥੀ ਨੂੰ ਮੌਕੇ ਤੇ ਹੀ ਉੱਤਰ ਦੇਣਾ ਹੁੰਦਾ ਹੈ। ਉਸ ਨੂੰ ਸੋਚਣ ਦਾ ਸਮਾਂ ਨਹੀਂ ਦਿੱਤਾ ਜਾਂਦਾ ਹੈ।
2. ਸਮੇਂ ਦੀ ਘਾਟ ਕਾਰਨ ਪ੍ਰੀਖਿਆਰਥੀ ਆਪਣੀ ਅਸਲੀ ਯੋਗਤਾ ਨਹੀਂ ਵਿਖਾ ਸਕਦਾ।
3. ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕਿਸੇ ਵਿਦਿਆਰਥੀ ਪਾਸੋਂ ਅਜਿਹੇ ਪ੍ਰਸ਼ਨ ਪੁਛੇ ਜਾਂਦੇ ਹਨ ਜਿਹੜੇ ਉਸ ਲਈ ਕਠਿਨ ਹੁੰਦੇ ਹਨ ਜਾਂ ਉਹ ਪ੍ਰਸ਼ਨ ਜੋ ਉਸ ਨੂੰ ਯਾਦ ਨਹੀਂ ਹੁੰਦੇ। ਇਸ ਕਰਕੇ ਕਈ ਵਾਰੀ ਦੇਖਿਆ ਗਿਆ ਹੈ ਕਿ ਕਈ ਵਿਦਿਆਰਥੀ ਕਲਾਸ ਵਿਚ ਬੜੇ ਵਧੀਆ ਨੰਬਰ ਪ੍ਰਾਪਤ ਕਰਦਾ ਹੈ ਪਰ ਮੌਖਿਕ ਪ੍ਰੀਖਿਆ ਵਿਚ ਅਸਫਲ ਰਹਿੰਦਾ ਹੈ।
4. ਕੇਵਲ ਛੋਟੇ ਪ੍ਰਸ਼ਨ ਹੀ ਪੁੱਛੇ ਜਾ ਸਕਦੇ ਹਨ। ਸਮੇਂ ਦੀ ਘਾਟ ਕਾਰਨ ਇਸ ਪ੍ਰੀਖਿਆ ਦੁਆਰਾ ਤੱਥਾਂ ਦੀ ਹੀ ਜਾਂਚ ਕੀਤੀ ਜਾ ਸਕਦੀ ਹੈ। ਉੱਤਰ ਨੂੰ ਜ਼ੋਰਦਾਰ, ਵਿਸਥਾਰ ਪੂਰਵਕ ਨਹੀਂ ਬਣਾਇਆ ਜਾ ਸਕਦਾ।
5. ਇਹ ਪ੍ਰੀਖਿਆ ਵਿਧੀ ਸੀਮਾਵਾਂ ਵਿਚ ਬੰਨੀ ਹੋਣ ਦੇ ਬਾਵਜੂਦ ਆਪਣਾ ਮਹੱਤਵ ਰੱਖਦੀ ਹੈ।

(ਅ) ਲਿਖਿਤ ਪ੍ਰੀਖਿਆ

ਲਿਖਿਤ ਪ੍ਰੀਖਿਆ ਵਿਚ ਪ੍ਰੀਖਿਆਰਥੀ ਨੂੰ ਕੁਝ ਪ੍ਰਸ਼ਨ ਦਿੱਤੇ ਜਾਂਦੇ ਹਨ ਜਿੰਨਾਂ ਦੇ ਉੱਤਰ ਉਹ ਆਪਣੀ ਪਸੰਦ ਜਾਂ ਇੱਛਾ ਅਨੁਸਾਰ ਨਿਯਤ ਸਮੇਂ ਵਿਚ ਕਾਗਜ਼ ਉੱਤੇ ਲਿਖਕੇ ਦਿੰਦਾ ਹੈ। ਲਿਖਿਤ ਪ੍ਰੀਖਿਆ ਵਿਚ ਕਈ ਪ੍ਰਸ਼ਨਾਂ ਵਿਚੋਂ ਕੁਝ ਪ੍ਰਸ਼ਨ ਚੁਣ ਲਏ ਜਾਂਦੇ ਹਨ। ਪ੍ਰਸ਼ਨ ਦੋ ਪ੍ਰਕਾਰ ਦੇ ਹੁੰਦੇ ਹਨ।

1. ਨਿਬੰਧਾਤਮਕ (Essay Type) 2. ਸੰਕੇਤਾਤਮਕ (Objective Type)

1. ਨਿਬੰਧਾਤਮਕ ਪ੍ਰੀਖਿਆ :- ਇਸ ਪ੍ਰੀਖਿਆ ਵਿਚ ਪ੍ਰੀਖਿਆਰਥੀ ਨੂੰ ਲਿਖਿਤ ਰੂਪ ਵਿਚ ਕੁਝ ਪ੍ਰਸ਼ਨ ਦਿੱਤੇ ਜਾਂਦੇ ਹਨ। ਪ੍ਰੀਖਿਆਰਥੀਆਂ ਨੂੰ ਆਪਣੀ ਸਹੂਲੀਅਤ ਅਨੁਸਾਰ ਉਹਨਾਂ ਵਿਚੋਂ ਚੋਣ ਕਰਕੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਮਨ ਦੇ ਭਾਵਾਂ ਨੂੰ, ਵਿਚਾਰਾਂ ਨੂੰ, ਜਾਣਕਾਰੀ ਨੂੰ ਵਿਸਥਾਰ ਨਾਲ ਸਮਝਾ ਕੇ ਲਿੱਖਣਾ ਹੁੰਦਾ ਹੈ। ਜਿਵੇਂ ਕੁਲ ਪ੍ਰਸ਼ਨ ਨੌ ਹਨ ਪਰ ਉਹਨਾਂ ਵਿਚੋਂ ਕੇਵਲ ਪੰਜਾਂ ਦੇ ਹੀ ਉੱਤਰ ਦੇਣੇ ਹੋਣ। ਇਸ ਪ੍ਰੀਖਿਆ ਵਿਧੀ ਦੇ ਲਾਭ :-

1. ਪ੍ਰੀਖਿਅਕ ਦਾ ਪ੍ਰੀਖਿਆ ਦੇ ਮੌਕੇ ਪ੍ਰੀਖਿਆਰਥੀ ਨਾਲ ਕੋਈ ਸਬੰਧ ਨਹੀਂ ਹੁੰਦਾ।
2. ਪ੍ਰੀਖਿਆਰਥੀਆਂ ਨੂੰ ਇਕੋ ਪ੍ਰਕਾਰ ਦੇ ਪ੍ਰਸ਼ਨ ਪੁਛੇ ਜਾਦੇ ਹਨ ਜਿਸ ਕਾਰਨ ਪ੍ਰੀਖਿਆ ਨਿਰਪੱਖ ਹੁੰਦੀ ਹੈ।
3. ਪ੍ਰਸ਼ਨ ਦਾ ਉੱਤਰ ਦੇਣ ਵੇਲੇ ਕਾਫੀ ਸਮਾਂ ਮਿਲ ਜਾਂਦਾ ਹੈ।
4. ਪ੍ਰਸ਼ਨਾਂ ਦੀ ਚੋਣ ਕੀਤੀ ਜਾ ਸਕਦੀ ਹੈ। ਆਪਣੀ ਪਸੰਦ ਦੇ ਪ੍ਰਸ਼ਨਾਂ ਦੇ ਉੱਤਰ ਹੀ ਦੇਣੇ ਹੁੰਦੇ ਹਨ।
5. ਬਾਲਕ ਦੀ ਬੌਧਿਕਤਾ ਦਾ ਵਿਕਾਸ ਹੁੰਦਾ ਹੈ। ਵਿਦਿਆਰਥੀ ਨੂੰ ਆਪਣੇ ਵਿਚਾਰ ਲਿਖਣ ਦਾ ਅਵਸਰ ਮਿਲਦਾ ਹੈ। ਆਪਣੀ ਵਿਚਾਰਧਾਰਾ ਨੂੰ ਕ੍ਰਮਬੱਧ ਲਿਖਣ ਦੀ ਟ੍ਰੇਨਿੰਗ ਮਿਲਦੀ ਹੈ।
6. ਵਿਦਿਆਰਥੀਆਂ ਦੇ ਅੰਦਰ ਛੁਪੀ ਕਲਾ ਪ੍ਰਗਟ ਹੋ ਕੇ ਸਾਹਮਣੇ ਆਉਂਦੀ ਹੈ।
7. ਆਸਾਨ ਤੇ ਕਠਿਨ ਪ੍ਰਸ਼ਨਾਂ ਦਾ ਫੈਸਲਾ ਹੋ ਜਾਂਦਾ ਹੈ।
8. ਪ੍ਰੀਖਿਆ ਦਾ ਰਿਕਾਰਡ ਰੱਖਿਆ ਜਾਂਦਾ ਹੈ ਜਿਸ ਤੋਂ ਬਾਲਕ ਦੀ ਮਾਨਸਿਕਤਾ ਤੇ ਪੱਧਰ ਦਾ ਪਤਾ ਲਗਦਾ ਹੈ।
9. ਪ੍ਰਾਪਤ ਅੰਕਾ ਬਾਰੇ ਬਾਲਕ ਦੇ ਮਾਂ ਪਿਉ ਨੂੰ ਸੂਚਨਾ ਹਿੱਤ ਪੱਤਰ ਭੇਜੇ ਜਾ ਸਕਦੇ ਹਨ। ਇਸ ਕਾਰਡ ਨੂੰ Report Card, Progress Card ਆਦਿ ਨਾਮ ਦਿੱਤੇ ਜਾਂਦੇ ਹਨ।
10. ਭਾਸ਼ਾ ਦਾ ਗਿਆਨ, ਲਿਖਾਈ ਦੀ ਸੁੰਦਰਤਾ ਵੱਧਦੀ ਹੈ।

ਕਈ ਲਾਭ ਹੋਣ ਦੇ ਬਾਵਜੂਦ ਇਸ ਪ੍ਰੀਖਿਆ ਪੱਧਤੀ ਵਿਚ ਵੀ ਉਣਤਾਈਆਂ ਅਤੇ ਦੋਸ਼ ਹਨ। ਕਈ ਵਿਦਵਾਨ ਆਪਣੇ ਤਰਕ ਇਸ ਪ੍ਰਕਾਰ ਦਿੰਦੇ ਹਨ।

1. ਇਹ ਇਕ ਰੱਟਾ ਲਗਾਉਣ ਦੀ ਕ੍ਰਿਆ ਹੈ। ਵਿਦਿਆਰਥੀ ਆਪਣੀ ਭਾਸ਼ਾ ਵਿਚ ਉੱਤਰ ਨਾ ਦੇ ਕੇ ਕਿਤਾਬਾਂ ਦੇ ਅਨੁਸਾਰ ਲੇਖਕ ਦੀ ਭਾਸ਼ਾ ਦਾ ਪ੍ਰਯੋਗ ਕਰਨ ਦਾ ਉਪਰਾਲਾ ਕਰਦਾ ਹੈ ਜਿਸ ਨਾਲ ਉਸਦੀ ਮੌਲਿਕਤਾ ਦੀ ਅਭਿਵਿਅਕਤੀ ਵਿੱਚ ਵਾਧਾ ਨਹੀਂ ਹੁੰਦਾ ਬਲਕਿ ਮੁਸ਼ਕਲ ਆ ਜਾਂਦੀ ਹੈ।
2. ਇਹ ਕੇਵਲ ਯਾਦ ਸ਼ਕਤੀ ਦੀ ਪ੍ਰੀਖਿਆ ਹੈ ਕਿਉਂਕਿ ਜਿਨਾਂ ਕਿਸੇ ਨੂੰ ਸਮਰਣ ਹੋਵੇਗਾ ਉਹਨਾਂ ਹੀ ਉਹ ਚੰਗਾ ਉੱਤਰ ਦੇ ਸਕੇਗਾ।
3. ਭਾਸ਼ਾ ਦੀ ਪ੍ਰਧਾਨਤਾ ਜਿਸ ਵਿਦਿਆਰਥੀ ਦਾ ਲੇਖ ਅਤੇ ਭਾਸ਼ਾ ਅਧਿਕ ਸੋਹਣੇ ਹੋਣਗੇ ਉਸਨੂੰ ਅਧਿਕ ਸਫਲਤਾ ਮਿਲਦੀ ਹੈ।
4. ਜਿੰਨਾਂ ਵਿਦਿਆਰਥੀਆਂ ਦਾ ਭਾਸ਼ਾ ਗਿਆਨ ਨਿਰਬਲ ਹੁੰਦਾ ਹੈ ਜਾਂ ਭਾਸ਼ਾ ਪ੍ਰਵਾਹ ਵਧੀਆਂ ਨਹੀਂ ਹੁੰਦਾ ਜਾਂ ਜਿੰਨਾਂ ਦੀ ਲਿੱਖਣ ਗਤੀ ਤੇਜ ਨਹੀਂ ਹੁੰਦੀ ਹੈ, ਉਹ ਇਸ ਪ੍ਰਕਾਰ ਦੀ ਪ੍ਰੀਖਿਆ ਵਿਚ ਘੱਟ ਹੀ ਸਫਲਤਾ ਪ੍ਰਾਪਤ ਕਰਦੇ ਹਨ। ਸੰਗੀਤ ਮੁਲਾਂਕਣ ਦਾ ਇਕ ਹੋਰ ਪੜਾਓ ਹੈ ਕ੍ਰਿਆਤਮਕ ਮੁਲਾਂਕਣ। ਇਹ ਮੁਲਾਂਕਣ ਮੰਚ ਪ੍ਰਦਰਸ਼ਨ ਦੁਆਰਾ ਕੀਤਾ ਜਾਂਦਾ ਹੈ।

ਮੰਚ ਪ੍ਰਦਰਸ਼ਨ :-

1. Stage Performance :- ਸੰਗੀਤ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਮੰਚ ਪ੍ਰਦਰਸ਼ਨ ਲਈ ਪ੍ਰੇਰਿਤ ਕਰੇ। ਕਈ ਅਧਿਆਪਕ ਆਪ ਵੀ ਇਸ ਪਖੋਂ ਕਮਜ਼ੋਰ

Sri Satguru Jagjit Singh Ji eLibrary NamdhariElibrary@gmail.com

ਹੁੰਦੇ ਹਨ। ਉਹ ਵਿਦਿਆਰਥੀਆਂ ਵਿਚ ਵੀ ਪ੍ਰਦਰਸ਼ਨ ਦੀ ਰੁਚੀ ਉਜਾਗਰ ਨਹੀਂ ਕਰਦੇ। ਇਹ ਕੋਈ ਸ਼ਲਾਘਾ ਵਾਲੀ ਗਲ ਨਾ ਹੋ ਕੇ ਅਵਗੁਣ ਹੀ ਕਿਹਾ ਜਾ ਸਕਦਾ ਹੈ। ਕਲਾਸ ਵਿਚ ਚੰਗੇ ਵਿਦਿਆਰਥੀ ਨੂੰ ਸਾਰੇ ਸਕੂਲ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਵੇਖਣ ਵਿਚ ਇਹ ਆ ਰਿਹਾ ਹੈ ਕਿ ਕਲਾਸ ਵਿਚ ਰਾਗ ਸਿਖਾਇਆ ਜਾਂਦਾ ਹੈ, ਪਰ ਮੰਚ ਲਈ ਗੀਤ, ਲੋਕ ਗੀਤ, ਸਮੂਹ ਗਾਨ, ਭਜਨ ਸ਼ਬਦ ਹੀ ਤਿਆਰ ਕਰਵਾਏ ਜਾਂਦੇ ਹਨ। ਹੋਰ ਆਈਟਮਾ ਦੇ ਨਾਲ ਉਹਨਾ ਨੂੰ ਰਾਗ ਗਾਨ-ਵਜਾਉਣ ਦਾ ਅਵਸਰ ਵੀ ਦਿੱਤਾ ਜਾਵੇ।

ਮੰਚ ਪ੍ਰਦਰਸ਼ਨ ਦੇ ਲਾਭ :-

1. ਵਿਦਿਆਰਥੀ ਨੂੰ ਆਪਣੇ ਕੋਰਸ ਦੇ ਰਾਗ ਉਤੇ ਚੰਗਾ ਅਧਿਕਾਰ ਹੋ ਜਾਂਦਾ ਹੈ।
2. ਸਾਸਤਰੀ ਸੰਗੀਤ ਲਈ ਦੂਜੇ ਵਿਦਿਆਰਥੀ ਦੇ ਮਨਾ ਵਿਚ ਬੈਠਾ ਭਰਮ ਦੂਰ ਹੋਵੇਗਾ। ਹੌਲੀ-ਹੌਲੀ ਬਹੁਤ ਸਾਰੇ ਵਿਦਿਆਰਥੀ ਕਲਾਸੀਕਲ ਸੰਗੀਤ ਸੁਣਨ ਲਈ ਤਿਆਰ ਹੋਣਗੇ।
3. ਸਾਸਤਰੀ ਸੰਗੀਤ ਦੀ ਲੋਕ ਪ੍ਰਿਅਤਾ ਵਿਚ ਵਾਧਾ ਹੋਵੇਗਾ।
4. ਵਿਦਿਆਰਥੀ ਦੇ ਗੁਣ ਦਾ ਦੂਜਿਆਂ ਨੂੰ ਪਤਾ ਲੱਗੇ ਗਾ ਤੇ ਉਸਦਾ ਸਤਿਕਾਰ ਵਧੇਗਾ।

ਮੁਲਾਂਕਣ ਦੇ ਕਈ ਹੋਰ ਵੀ ਪੜਾਉ ਹਨ ਜਿਵੇਂ :-

1. **ਕਲਾਸਰੂਮ ਮੁਲਾਂਕਣ** :- ਹਰੇਕ ਬੱਚੇ ਦੀ ਹਫਤਾਵਾਰੀ ਕਲਾਸ ਰੂਮ ਵਿਚ ਮੁਲਾਂਕਣ ਕੀਤਾ ਜਾਵੇ ਅਤੇ ਹਰ ਮਹੀਨੇ ਉਸਦੀ ਪ੍ਰਗਤੀ ਦਾ ਰਿਕਾਰਡ ਤਿਆਰ ਕੀਤਾ ਜਾਣਾ ਚਹੀਦਾ ਹੈ। ਜਬਾਨੀ, ਲਿਖਤੀ, ਟੈਸਟ ਲਿਆ ਜਾਵੇ। ਮਹੀਨੇ ਦੇ ਅੰਤ ਵਿਚ ਕ੍ਰਿਆਤਮਕ ਟੈਸਟ ਲਿਆ ਜਾਵੇ ਇਕ ਵਿਦਿਆਰਥੀ ਸਾਰੀ ਕਲਾਸ ਦੇ ਸਾਹਮਣੇ ਕਲਾ ਪੇਸ਼ ਕਰੇ। ਇਸ ਦੇ ਨਾਲ ਵਿਦਿਆਰਥੀ ਵਿਚ ਛੁਪੀ ਹੋਈ ਪ੍ਰਤੀਭਾ ਉਜਾਗਰ ਹੁੰਦੀ ਹੈ।
2. ਉਸਦਾ ਸੰਕੋਚੀ ਸੁਭਾ ਬਦਲਦਾ ਹੈ।
3. ਮਹਿਫਲ ਵਿਚ ਗਾਨ, ਵਜਾਉਂਦ ਦੀ ਕਲਾ ਉਨੱਤ ਹੁੰਦੀ ਹੈ।
4. ਸੁਰੀਲੇ ਤੇ ਬੇਸੁਰੇਪਨ ਦਾ ਗਿਆਨ ਹੁੰਦਾ ਹੈ।
5. ਬੱਚੇ ਵਿਚ ਹੌਸਲਾ (Confidence) ਉਤਪੰਨ ਹੁੰਦਾ ਹੈ।
6. ਅਧਿਆਪਕ ਨੂੰ ਬੱਚਿਆਂ ਦੀ ਪ੍ਰਗਤੀ ਦਾ ਪਤਾ ਲਗਦਾ ਹੈ।
7. ਜਿੰਨਾ ਬੱਚਿਆਂ ਵਿਚ ਸੰਗੀਤਕ ਰੁਚੀਆਂ ਹੁੰਦੀਆਂ ਹਨ। ਉਹ ਵਧੇਰੇ ਪਨਪਦੀਆਂ ਹਨ।
8. ਵਿਦਿਆਰਥੀ ਅੱਗੇ ਜਾ ਕੇ ਇਕ ਚੰਗਾ ਅਧਿਆਪਕ ਜਾਂ ਕਲਾਕਾਰ ਬਣ ਸਕਦਾ ਹੈ।
9. ਇੱਛਾ ਸ਼ਕਤੀ ਨੂੰ ਬਲ ਪ੍ਰਾਪਤ ਹੁੰਦਾ ਹੈ। ਕੁਝ ਕਰਨ ਦਾ ਚਾਅ ਪੈਦਾ ਹੁੰਦਾ ਹੈ।
10. ਵਿਦਿਆਰਥੀਆਂ ਵਿਚ ਇਕ ਦੂਜੇ ਤੋਂ ਵੱਧ ਚੜ ਕੇ ਮਿਹਨਤ ਕਰਨ, ਆਪਣੀ ਕਲਾ ਨੂੰ ਸੰਵਾਰਣ, ਜ਼ਿਆਦਾ ਸਿੱਖਣ ਦੀ ਲਗਨ ਪੈਦਾ ਹੁੰਦੀ ਹੈ।

3) ਬਾਹਰੀ ਪ੍ਰੀਖਿਆ (External Evaluation) :-

ਸਾਲ ਦੇ ਅੰਤ ਵਿਚ ਬੋਰਡ ਜਾਂ ਯੂਨੀਵਰਸਿਟੀ ਵਲੋਂ ਨਿਰਧਾਰਿਤ ਕੋਰਸ ਵਿਚੋਂ ਲਿਖਤੀ ਤੇ ਪ੍ਰਯੋਗੀ ਪ੍ਰੀਖਿਆ ਨਿਯਮਾਂ ਅਨੁਸਾਰ ਲੈ ਕੇ ਮੁਲਾਂਕਣ ਕੀਤਾ ਜਾਵੇ। ਸਾਰੇ ਸਾਲ ਵਿਖੇ ਵਿਦਿਆਰਥੀ

Sri Satguru Jagjit Singh Ji eLibrary NamdhariElibrary@gmail.com

ਦੀਆਂ ਪ੍ਰਾਪਤੀਆਂ ਦਾ ਮੁਲਾਂਕਣ ਉਸ ਵਿਚ ਸ਼ਾਮਲ ਕਰ ਦਿੱਤਾ ਜਾਵੇ।

ਸਿੱਖਿਆ ਵਿਚ ਮੁਲਾਂਕਣ ਦੀਆਂ ਨਵੀਆਂ ਵਿਚਾਰਧਾਰਾਵਾਂ ਦੇ ਸੰਦਰਭ ਵਿਚ ਇਹ ਜਰੂਰੀ ਹੋ ਜਾਂਦਾ ਹੈ ਕਿ ਉਘੇ ਵਿਦਵਾਨਾਂ ਦੀ ਸਾਂਝੀ ਬੈਠਕ ਬੁਲਾ ਕੇ ਮੁਲਾਂਕਣ ਪੱਧਤੀ ਉਤੇ ਵਿਚਾਰ ਕਰਕੇ ਘੋਖ ਕੀਤੀ ਜਾਵੇ। ਮੁਲਾਂਕਣ ਪ੍ਰਣਾਲੀ ਦੁਆਰਾ ਵਿਦਿਆਰਥੀ ਦਾ ਦੈਨਿਕ, ਸਪਤਾਹਿਕ, ਮਾਸਿਕ, ਤ੍ਰੈਮਾਸਿਕ, ਛਿਮਾਹੀ ਅਤੇ ਵਾਰਸ਼ਿਕ ਮੁਲਾਂਕਣ ਕੀਤਾ ਜਾਵੇ।

ਬੱਚਿਆਂ ਦੀ ਕਲਾ ਦਾ ਮੁਲਾਂਕਣ ਦਾ ਪੱਧਰ ਉਹਨਾਂ ਦੀ ਜਮਾਤ ਅਤੇ ਉਮਰ ਦੇ ਹਿਸਾਬ ਨਾਲ ਕੀਤਾ ਜਾਂਦਾ ਹੈ। ਛੋਟੀਆਂ ਕਲਾਸਾਂ ਦਾ ਪੱਧਰ ਹੇਠਲੇ ਦਰਜੇ ਦਾ ਹੁੰਦਾ ਹੈ ਅਤੇ ਵੱਡੀਆਂ ਕਲਾਸਾਂ ਦੇ ਵਿਦਿਆਰਥੀਆਂ ਦਾ ਪੱਧਰ ਉਚੇ ਦਰਜੇ ਦਾ ਹੁੰਦਾ ਹੈ। ਇਸ ਪੱਧਰ ਨੂੰ ਵੀ ਸਾਹਮਣੇ ਰਖਣਾ ਚਾਹੀਦਾ ਹੈ। ਅੱਠਵੀਂ, ਨੌਵੀਂ, ਦਸਵੀਂ ਸ਼ੇਣੀਆਂ ਦੇ ਵਿਦਿਆਰਥੀਆਂ ਦੀ ਸਮਝ ਬੂਝ ਵੀ ਉਹਨਾਂ ਦੀ ਸ਼ੇਣੀ ਦੇ ਅਨੁਸਾਰ ਹੀ ਹੁੰਦੀ ਹੈ। ਕਾਲਜ ਦੇ ਵਿਦਿਆਰਥੀਆਂ ਦਾ ਬੌਧਿਕ ਸਤਰ ਕਾਫੀ ਉਚਾ ਹੋ ਜਾਂਦਾ ਹੈ। ਐਮ.ਏ. ਦੇ ਵਿਦਿਆਰਥੀਆਂ ਦਾ ਪੱਧਰ ਹੋਰ ਚੰਗਾ ਹੋ ਜਾਂਦਾ ਹੈ। ਇਸ ਲਈ ਉਸ ਪੱਧਰ ਨੂੰ ਵੀ ਦੇਖਣਾ ਚਾਹੀਦਾ ਹੈ।

ਸੰਗੀਤਕਾਰ ਜਦੋਂ ਮੰਚ ਤੇ ਆਪਣੀ ਕਲਾ ਪ੍ਰਦਰਸ਼ਨ ਕਰਨ ਲਈ ਆਉਂਦਾ ਹੈ ਤਾਂ ਉਸਦਾ ਪੱਧਰ ਕਾਲਜ ਵਿਦਿਆਰਥੀਆਂ ਨਾਲੋਂ ਵੱਖਰਾ ਹੀ ਹੋਵੇਗਾ। ਰੇਡਿਉ ਤੇ ਵੀ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਕਲਾਕਾਰ ਦੀ ਕਲਾ ਦੇ ਅਨੁਸਾਰ ਉਸਨੂੰ ਗਰੇਡ ਦਿੱਤਾ ਜਾਂਦਾ ਹੈ। ਇਹ ਵੀ ਇਕ ਪ੍ਰਕਾਰ ਦਾ ਮੁਲਾਂਕਣ ਹੀ ਹੈ। ਸੁਰੀਲਾ, ਮਧੁਰ, ਸੁਧ ਰਾਗ, ਤਾਲ, ਅਤੇ ਹੋਰ ਕ੍ਰਿਆਵਾਂ ਨੂੰ ਸੁਣ ਕੇ ਕਲਾਕਾਰ ਦੀ ਕਲਾ ਪਰਖੀ ਜਾਂਦੀ ਹੈ। ਜਿਸ ਗਾਇਕ ਦਾ ਕੰਠ ਮਧੁਰ ਹੈ, ਬਾਣੀ ਦਾ ਉਚਾਰਣ ਸ਼ੁੱਧ ਹੈ ਰਾਗ ਦੀ ਸ਼ੁੱਧਤਾ ਕਾਇਮ ਹੈ, ਤਾਲ ਵਿਚ ਗਾਉਂਦਾ ਹੈ, ਤਾਨ ਪਲਟਾ ਸੁੰਦਰ ਢੰਗ ਨਾਲ ਲੈਦਾਂ ਹੈ, ਆਮ ਜਨਤਾ ਨੂੰ ਉਸਦਾ ਸੰਗੀਤ ਚੰਗਾ ਲਗਦਾ ਹੈ, ਤਾਂ ਉਸ ਨੂੰ ਉਚੇਰਾ ਗ੍ਰੇਡ 'ਏ' ਅਥਵਾ 'ਬੀ ਹਾਈ' ਦਿੱਤਾ ਜਾ ਸਕਦਾ ਹੈ। ਜੇਕਰ ਉਸਦੇ ਕੰਠ ਵਿਚੋਂ ਸਹੀ ਸੁਰ ਉਤਪੰਨ ਨਹੀਂ ਹੁੰਦੇ, ਬੇਤਾਲਾ ਗਾਉਂਦਾ ਹੈ, ਬੇਸੁਰਾ ਗਾਉਂਦਾ ਹੈ ਤਾ ਉਸਨੂੰ ਪਾਸ ਹੀ ਨਹੀਂ ਕੀਤਾ ਜਾ ਸਕਦਾ। ਜਿਹੜੇ ਸੰਗੀਤਕਾਰ ਮੰਚ ਪ੍ਰਦਰਸ਼ਨ ਵਿਚ ਸਫਲ ਹੁੰਦੇ ਹਨ ਉਹੀ ਆਮ ਜਨਤਾ ਦੀ ਨਜਰ ਵਿਚ ਵਡਿਆਈ ਦੇ ਯੋਗ ਸਮਝੇ ਜਾਂਦੇ ਹਨ। ਇਕ ਕਲਾਕਾਰ ਬਣਨ ਲਈ ਕਈ ਵਰੇ ਤਪਸਿਆ, ਮਿਹਨਤ ਅਤੇ ਘਾਲਣਾ ਘਾਲਣੀ ਪੈਦੀ ਹੈ ਫਿਰ ਜਾ ਕੇ ਇਕ ਉੱਚ ਕੋਟੀ ਦਾ ਸੰਗੀਤਕਾਰ ਬਣਦਾ ਹੈ। ਕਲਾਕਾਰ ਦਾ ਮੁਲਾਂਕਣ ਸਰੋਤੇ ਅਤੇ ਪੜਚੋਲੀਏ ਕਰਦੇ ਹਨ। ਵਿਦਿਆਰਥੀ ਦਾ ਮੁਲਾਂਕਣ ਅਧਿਆਪਕ ਨੂੰ ਹੀ ਕਰਨਾ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 9

ਲੈਅ

Lay, its emotional and aesthetic significance and essentials of training in Rhythm.

ਸਮਾਨ ਚਾਲ, ਗਤੀ, ਸਪੀਡ ਨੂੰ ਸੰਗੀਤ ਦੀ ਭਾਸ਼ਾ ਵਿਚ ਲੈਅ ਕਿਹਾ ਗਿਆ ਹੈ। ਈਸ਼ਵਰ ਦੀ ਰਚੀ ਹੋਈ ਕਾਇਨਾਤ ਇਕ ਲੈਅ ਵਿਚ ਚਲ ਰਹੀ ਹੈ। ਸੂਰਜ, ਚੰਦ, ਵਾਯੂ, ਜਲ, ਪ੍ਰਿਥਵੀ ਆਦਿ ਸ਼ਕਤੀਆਂ ਇੱਕ ਗਤੀ ਵਿਚ ਕ੍ਰਿਆਮਾਨ ਹਨ। ਦਿਨ-ਰਾਤ ਪ੍ਰਿਥਵੀ ਦੀ ਗਤੀ ਤੇ ਆਧਾਰਿਤ ਹਨ। ਮਨੁੱਖੀ ਸਰੀਰ ਵੀ ਗਤੀਸੀਲ ਹੈ ਇਸ ਦੇ ਅੰਗ ਵੀ ਇਕ ਵਿਸ਼ੇਸ਼ ਲੈਅ ਵਿਚ ਕੰਮ ਕਰ ਰਹੇ ਹਨ। ਦਿਲ ਦਾ ਧੜਕਨਾ, ਨਬਜ, ਅੱਖਾਂ ਦਾ ਝਪਕਣਾ, ਖ਼ੂਨ ਦਾ ਦੌੜਨਾ, ਚਲਨਾ, ਫਿਰਨਾ, ਦੌੜਨਾ ਆਦਿ ਵੀ ਇਕ ਲੈਅ ਵਿਚ ਹੀ ਹੁੰਦੇ ਹਨ। ਸਮੇਂ ਦੀ ਗਤੀ ਨੂੰ ਮਾਪਨ ਲਈ ਘੜੀ ਦਾ ਸਹਾਰਾ ਲਿਆ ਜਾਂਦਾ ਹੈ। ਘੜੀ ਦੀ ਟਿਕ-ਟਿਕ ਇਕ ਸਪੀਡ ਵਿਚ ਹੁੰਦੀ ਹੈ। ਇਸ ਟਿਕ-ਟਿਕ ਨੂੰ ਅਸੀ ਲੈਅ ਕਹਿੰਦੇ ਹਾਂ ਜਦੋਂ ਘੜੀ ਵਿਚ ਕੋਈ ਨੁਕਸ ਪੈਦਾ ਹੋ ਜਾਂਦਾ ਹੈ ਉਸਦੀ ਗਤੀ ਵਿਚ ਗੜਬੜ ਹੋ ਜਾਂਦੀ ਹੈ ਜਾਂ ਬਿਲਕੁਲ ਹੀ ਖੜੀ ਹੋ ਜਾਂਦੀ ਹੈ। ਇਸੇ ਤਰਾਂ ਜੱਦ ਤੱਕ ਮਨੁੱਖ ਦਾ ਸਰੀਰ ਤੰਦਰੁਸਤ ਹੁੰਦਾ ਹੈ ਉਸਦਾ ਸੁਆਸ, ਨਬਜ਼, ਦਿਲ ਦੀ ਧੜਕਨ ਸਭ ਕੁਝ ਨਿਸਚਿਤ ਗਤੀ ਵਿਚ ਚਲਦੇ ਹਨ ਪਰ ਜਦੋਂ ਸਰੀਰ ਵਿਚ ਕੋਈ ਖਰਾਬੀ ਆ ਜਾਂਦੀ ਹੈ ਤੱਦ ਉਸਦੇ ਉਪਰੋਕਤ ਅੰਗਾਂ ਦੀ ਗਤੀ ਵੀ ਭੰਗ ਹੋ ਜਾਂਦੀ ਹੈ। ਜਿਸ ਵਕਤ ਇਹ ਗਤੀ ਰੁਕ ਜਾਂਦੀ ਹੈ ਉਸ ਸਮੇਂ ਸਰੀਰ ਇੱਕ ਲਾਸ਼ ਬਣ ਜਾਂਦਾ ਹੈ। ਲੈਅ ਦਾ ਮਹੱਤਵ ਹਰ ਕੰਮ ਵਿਚ ਹੈ। ਮੋਟਰ, ਕਾਰ, ਹਵਾਈ ਜਹਾਜ, ਰੇਲਗੱਡੀ, ਬੱਸ, ਟਾਂਗਾ, ਸਾਈਕਲ, ਮੀਟਰ, ਬਿਜਲੀ ਦਾ ਮੀਟਰ, ਪਾਣੀ ਦਾ ਮੀਟਰ, ਬਿਜਲੀ ਦਾ ਪੰਖਾ, ਆਦਿ ਹਜ਼ਾਰਾਂ ਚੀਜਾਂ ਲੈਅ ਵਿਚ ਹੀ ਚਲਦੀਆਂ ਹਨ। ਮਸ਼ੀਨਰੀ ਵਿਚ ਖਰਾਬੀ ਹੋਣ ਤੇ ਉਸਦੀ ਵਿਗੜੀ ਹੋਈ ਚਾਲ ਤੋਂ ਪਤਾ ਲਗ ਜਾਂਦਾ ਹੈ ਕਿ ਕੁਝ ਨੁਕਸ ਪੈ ਗਿਆ ਹੈ।

ਸੰਗੀਤ ਵਿੱਚ ਤਾਲ ਦਾ ਮਹੱਤਵ ਪੂਰਣ ਸਥਾਨ ਹੈ। ਸਾਰਾ ਸੰਗੀਤ ਤਾਲ ਤੇ ਹੀ ਆਧਾਰਿਤ ਹੈ। ਗਾਇਨ, ਵਾਦਨ, ਨ੍ਰਿਤ ਤਿੰਨੇ ਕਲਾਵਾਂ ਦੀ ਕ੍ਰਿਆ ਵਿਚ ਜੋ ਸਮਾਂ ਲਗਦਾ ਹੈ ਉਸਨੂੰ ਕਾਲ ਕਹਿੰਦੇ ਹਨ ਅਤੇ ਉਸ ਕਾਲ ਨੂੰ ਮਾਪਣ ਲਈ ਜੋ ਸਾਧਨ ਜਾਂ ਪੈਮਾਨਾ ਵਰਤਿਆ ਜਾਂਦਾ ਹੈ ਉਸ ਨੂੰ ਤਾਲ ਕਹਿੰਦੇ ਹਨ। ਤਾਲ ਇਕ ਅਜਿਹਾ ਮਾਧਿਅਮ ਹੈ, ਜਿਸ ਦੁਆਰਾ ਸੰਗੀਤ ਦੀਆਂ ਵੱਖ-ਵੱਖ ਕਲਾਵਾਂ ਨੂੰ ਮਾਪਿਆ ਜਾਂਦਾ ਹੈ। ਤਾਲ ਵਿਚ ਇਕ ਵਿਸ਼ੇਸ਼ ਲੈਅ ਹੁੰਦੀ ਹੈ। ਲੈਅ ਮੁੱਖ ਰੂਪ ਵਿਚ ਤਿੰਨ ਪ੍ਰਕਾਰ ਦੀ ਹੁੰਦੀ ਹੈ।

1. ਵਿਲਬੰਤ ਲੈਅ 2. ਮੱਧ ਲੈਅ 3. ਦਰੁਤ ਲੈਅ

ਹਰੇਕ ਰਚਨਾ ਦੀ ਲੈਅ ਵੱਖ ਹੁੰਦੀ ਹੈ। ਮਸੀਤਖਾਨੀ ਗਤ, ਠੁਮਰੀ, ਵੱਡਾ ਖਿਆਲ, ਧਰੁਪਦ ਆਦਿ ਵਿਲੰਬਤ ਲੈਅ ਵਿਚ ਸ਼ੋਭਾ ਦਿੰਦੇ ਹਨ। ਇਸ ਲੈਅ ਵਾਸਤੇ ਤਾਲ ਵੀ ਨਿਰਧਾਰਿਤ ਹਨ। ਮੱਧ ਲੈਅ ਵਿਚ ਰਜਾਖਾਨੀ ਗੱਤ, ਛੋਟਾ ਖਿਆਲ, ਧਮਾਰ, ਟੱਪਾ, ਦਾਦਰਾ, ਗਜ਼ਲ ਆਦਿ ਸ਼ੈਲੀਆਂ ਦਾ

Sri Satguru Jagjit Singh Ji eLibrary NamdhariElibrary@gmail.com

ਗਾਇਨ ਵਾਦਨ ਕੀਤਾ ਜਾਂਦਾ ਹੈ। ਦਰੁੱਤ ਲੈਅ ਜਿਸ ਦੀ ਗਤੀ ਕਾਫੀ ਤੇਜ਼ ਹੁੰਦੀ ਹੈ। ਇਸ ਗਤੀ ਵਿਚ ਗਾਇਨ-ਵਾਦਨ ਵੀ ਤੇਜ ਤੇਜ ਕੀਤਾ ਜਾਂਦਾ ਹੈ। ਤਰਾਨਾ, ਦਰੁੱਤ ਖਿਆਲ, ਝਾਲਾ ਆਦਿ ਦਰੁਤ ਗਤੀ ਵਿਚ ਹੀ ਸਭਾਏਮਾਨ ਹੁੰਦੇ ਹਨ। ਇਸ ਲੈਅ ਵਿਚ ਪ੍ਰਦਰਸ਼ਨੀ ਕਰਨ ਲਈ ਬੜੀ ਕਠਿਨ ਮਿਹਨਤ ਕਰਨੀ ਪੈਦੀ ਹੈ। ਦਰਸਕ ਵੀ ਇਸ ਦਾ ਭਰਪੂਰ ਆਨੰਦ ਮਾਣਦੇ ਹਨ। ਭਾਰਤੀ ਸੰਗੀਤ ਵਿਚ ਸੁੰਦਰਤਾ ਪ੍ਰਾਪਤੀ ਲਈ ਲੈਅ ਦੇ ਨਾਲ ਹੋਰ ਵੀ ਉਪਕਰਣਾਂ ਦੀ ਜ਼ਰੂਰਤ ਹੁੰਦੀ ਹੈ।

ਬੰਦਿਸ਼ ਜਾਂ ਸੁਰ ਰਚਨਾ, ਅਲਾਪ, ਤਾਨ, ਅਲੰਕਾਰ, ਬੋਲਤਾਨ, ਮੁਰਕੀ, ਮੀਡ, ਖਟਕਾ, ਗਮਕ, ਕਣ, ਅਵਿਰਭਾਵ, ਤਿਰੋਭਾਵ, ਕਾਕੂ ਆਦਿ। ਆਕਰਸਕ ਬੰਦਿਸ਼ ਲਈ ਸੁਰ ਲਗਾਵ, ਨਿਆਸ, ਸੁਰ ਸੰਗਤੀ ਆਦਿ ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਰਾਗ ਦਾ ਸਰੂਪ ਪ੍ਰਗਟ ਕਰਨ ਲਈ ਅਲਾਪ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਤਾਨ ਦਾ ਪ੍ਰਯੋਗ ਰਾਗ ਵਿਚ ਵਚਿੱਤਰਤਾ ਅਤੇ ਚਮਤਕਾਰ ਉਤਪੰਨ ਕਰਦਾ ਹੈ। ਤਾਨ ਦਾ ਆਪਣਾ ਇਕ ਖ਼ਾਸ ਸਥਾਨ ਹੈ ਇਹ ਜਿੰਨੀ ਤਿਆਰ ਅਤੇ ਮਧੁਰ ਹੋਵੇਗੀ ਉਨੀ ਹੀ ਰੰਜਕਤਾ ਪ੍ਰਦਾਨ ਕਰੇਗੀ। ਅਲੰਕਾਰ ਸੁਰਾਂ ਦੀ ਵਿਸ਼ਿਸਟ ਰਚਨਾ ਜਿਸ ਤੋਂ ਰਾਗ ਦਾ ਸੁੰਦਰ ਸਰੂਪ ਪ੍ਰਗਟ ਹੁੰਦਾ ਹੈ। ਅਲੰਕਾਰ ਇਕ ਸਵਰ ਰੂਪੀ ਗਹਿਣਾ ਹੈ ਜਿਸ ਦੀ ਸਾਧਨਾ ਦੁਆਰਾ ਰਾਗ ਸੰਗੀਤ ਦਾ ਸੁਹਜ ਸੁਆਦ ਮਾਣਿਆ ਜਾ ਸਕਦਾ ਹੈ। ਤਾਨਾਂ ਦੇ ਅਨੇਕਾ ਪ੍ਰਕਾਰ ਹੁੰਦੇ ਹਨ ਜਿਸ ਵਿਚ ਅਲੰਕਾਰ ਮੁੱਖ ਭੂਮਿਕਾ ਨਿਭਾਉਂਦੇ ਹਨ। ਸਵਰ ਰਚਨਾ ਦੀ ਬੰਦਿਸ ਦੁਗਣ, ਚੌਗੁਣ, ਤਿਗੁਣ, ਆੜ ਕੁਆੜ ਆਦਿ ਨੂੰ ਭਿੰਨ ਭਿੰਨ ਲੈਅਕਾਰੀਆਂ 'ਚ ਗਾਉਂਣ, ਬਜਾਉਣ ਦੀ ਕ੍ਰਿਆ ਨੂੰ ਲੈਅਕਾਰੀ ਕਿਹਾ ਜਾਂਦਾ ਹੈ। ਲੈਅਕਾਰੀ ਦਾ ਪ੍ਰਦਰਸਨ ਧਰੁਪਦ, ਧਮਾਰ, ਤਰਾਨਾ, ਆਦਿ ਗਾਇਨ ਸੈਲੀਆਂ ਵਿਚ, ਸਿਤਾਰ, ਸੋਰਦ, ਆਦਿ ਸਾਜ਼ਾਂ ਦੁਆਰਾ, ਨ੍ਰਿਤ ਅਤੇ ਤਬਲਾ ਜਾਂ ਪਖਾਵਜ ਵਾਦਨ ਵਿਚ ਵੱਖ ਵੱਖ ਲੈਅ-ਕਾਰੀਆਂ ਦਾ ਪ੍ਰਦਰਸਨ ਕੀਤਾ ਜਾਂਦਾ ਹੈ ਜਿਸ ਰਾਹੀ ਸੰਗੀਤ ਵਿਚ ਇਕ ਵਿਲੱਖਣ ਕਿਸਮ ਦੀ ਸੁੰਦਰਤਾ ਉਤਪੰਨ ਹੁੰਦੀ ਹੈ। ਸੰਗੀਤਕਾਰ ਪ੍ਰਦਰਸਨ ਸਮੇਂ ਸਵਰ-ਲੈਅ-ਤਾਲ ਦੇ ਸੰਗਮ ਵਿਚ ਲੀਨ ਹੋ ਕੇ ਆਨੰਦ ਵਿਭੋਰ ਹੋ ਆਪਣੇ ਭਾਵਾ ਨੂੰ ਮੂਰਤ ਰੂਪ ਦੇਣ ਦੀ ਚਾਹ ਵਿੱਚ ਭਿੰਨ-ਭਿੰਨ ਤਰ੍ਹਾਂ ਦੀ ਧਵਨੀ ਉਤਪੰਨ ਕਰਦਾ ਹੈ ਜੋ ਕਿ ਰਸ ਦੀ ਉਤੱਪਤੀ ਕਰਨ ਵਿਚ ਸਹਾਇਕ ਹੁੰਦੀ ਹੈ। ਉਪਰੋਕਤ ਤੱਤਾਂ ਤੋਂ ਸਹਿਜ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸੰਗੀਤ ਵਿਚ ਸੁੰਦਰਤਾ ਉਤਪੰਨ ਕਰਨ ਲਈ ਲੈਅ ਦਾ ਕਿੰਨਾ ਮਹੱਤਵ ਹੈ। ਰਸ ਹੀਨ ਸੰਗੀਤ ਆਨੰਦ ਉਤਪੰਨ ਨਹੀਂ ਕਰਦਾ। ਸੰਗੀਤ ਵਿਚ ਸੰਦੁਤਾ, ਰਸ, ਆਨੰਦ ਪੈਦਾ ਕਰਨ ਲਈ ਸਵਰ, ਤਾਲ, ਲੈਅ ਦੀ ਸਾਧਨਾ ਆਵਸ਼ਕ ਹੈ। ਸ਼ਬਦਾਂ ਨੂੰ ਲੈਅ ਵਿਚ ਬੋਲਣਾਂ ਅਤੇ ਲੈਅ ਹੀਨ ਬੋਲਨਾ, ਦੋਨਾਂ ਦਾ ਪ੍ਰਭਾਵ ਅਲੱਗ ਅਲੱਗ ਹੁੰਦਾ ਹੈ। ਹਰ ਸ਼ੈਲੀ ਦੇ ਗੀਤਾ ਦੀ ਗਤੀ ਵੱਖ ਹੋਣ ਕਾਰਨ ਉਸਦਾ ਪ੍ਰਭਾਵ ਵੀ ਵੱਖ ਹੀ ਹੁੰਦਾ ਹੈ। ਲੈਅ ਹੀ ਕਿਸੇ ਗੀਤ ਨੂੰ ਭਾਰਤੀ ਸੰਗੀਤ ਸ਼ੈਲੀ ਦਾ ਬਣਾ ਸਕਦੀ ਹੈ ਅਤੇ ਲੈਅ ਹੀ ਉਸ ਗੀਤ ਨੂੰ ਪੱਛਮੀ ਸੰਗੀਤ ਦਾ ਲੈਅ ਦੇ ਪ੍ਰਗਟਾਵੇ ਲਈ ਤਾਲ ਵਾਦ ਪ੍ਰਯੋਗ ਕੀਤੇ ਜਾਂਦੇ ਹਨ ਤਬਲੇ ਦੀ ਸੰਗਤ ਨਾਲ ਇਕ ਗੀਤ ਹੋਰ ਪ੍ਰਭਾਵ ਪਾਉਂਦਾ ਹੈ ਅਤੇ ਉਹੀ ਗੀਤ ਢੋਲਕੀ ਜਾਂ ਡਰਮ ਦੀ ਸੰਗਤ ਨਾਲ ਕੁਝ ਹੋਰ ਹੀ ਭਾਵ ਪ੍ਰਗਟ ਕਰਦਾ ਹੈ। ਗਜ਼ਲ ਨੂੰ ਤਬਲੇ ਦਾ ਪ੍ਰਯੋਗ ਕਰਦੇ ਹੋਏ ਗਾਇਆ ਜਾਂਦਾ ਹੈ ਅਤੇ ਢੋਲਕੀ ਦੁਆਰਾ ਨਹੀਂ ਕਿਉਂਕਿ ਦੋਨਾ ਉਤੇ ਭਾਵੇਂ ਇਕੋ ਤਾਲ ਹੀ ਕਿਉਂ ਨਾ ਵਜਾਇਆ ਜਾਵੇ ਪਰ ਉਹਨਾਂ ਦਾ ਪ੍ਰਭਾਵ ਵੱਖਰਾ ਵੱਖਰਾ ਹੀ ਹੋਵੇਗਾ। ਧਰੁਪਦ, ਧਮਾਰ, ਗਾਇਨ ਨਾਲ ਪਖਾਵਜ ਦੀ ਸੰਗਤ ਅਤੀ ਸੁੰਦਰ ਪ੍ਰਤੀਤ ਹੁੰਦੀ ਹੈ ਪਰ ਤਬਲਾ ਜਾਂ ਢੋਲਕੀ ਉਤੇ ਵਜਾਇਆ ਗਿਆ ਉਹੀ ਤਾਲ ਧਰੁਪਦ ਦਾ ਸਹੀ ਅਤੇ ਵਧੀਆ ਸਰੂਪ ਪ੍ਰਗਟ ਕਰਨ ਵਿਚ ਅਸਫਲ ਰਹਿੰਦੇ ਹਨ। ਇਸੇ ਪ੍ਰਕਾਰ ਲੋਕ ਗੀਤਾਂ ਨਾਲ ਲੋਕ ਤਾਲ

Sri Satguru Jagjit Singh Ji eLibrary NamdhariElibrary@gmail.com

ਯੰਤਰ ਹੀ ਮੇਲ ਖਾਂਦੇ ਹਨ। ਲੋਕ ਗੀਤਾਂ ਦੀ ਗਤੀ ਅਤੇ ਰਚਨਾਵਾ ਲੋਕ ਯੰਤਰਾਂ ਨਾਲ ਅਧਿਕ ਪ੍ਰਭਾਵਸ਼ਾਲੀ ਹੁੰਦੇ ਹਨ। ਲੋਕ ਨਾਚ ਨਾਲ ਵਜਦੇ ਢੋਲ ਦੀ ਥਾਪ ਉਤੇ ਨਚਦੇ ਹੋਏ ਗਭਰੂਆਂ ਨੂੰ ਵੇਖ ਕੇ ਦਰਸ਼ਕਾਂ ਦੇ ਹੱਥ ਪੈਰ ਆਪ ਮੁਹਾਰੇ ਹੀ ਹਰਕਤ ਕਰਨ ਲਗ ਪੈਦੇ ਹਨ। ਇਹ ਤਾਲ ਅਤੇ ਲੈਅ ਦਾ ਹੀ ਪ੍ਰਭਾਵ ਹੁੰਦਾ ਹੈ। ਕਿਸੇ ਸਾਜ ਤੇ ਦਰੁਤ ਗਤੀ ਵਿਚ ਵਜਦੇ ਹੋਏ ਤਾਲ ਦੇ ਨਾਲ ਸ਼ਰੋਤਿਆਂ ਦੇ ਸਿਰ ਹਿੱਲਣ ਲਗ ਪੈਦੇ ਹਨ ਇਹ ਵੀ ਲੈਅ ਦੇ ਪ੍ਰਭਾਵ ਦਾ ਸਿੱਟ ਹੁੰਦਾ ਹੋ।

ਸੰਗੀਤ ਵਿਚ ਸੁਰ ਅਤੇ ਤਾਲ ਦਾ ਬਰਾਬਰ ਦਾ ਮਹੱਤਵ ਹੈ। ਜੇਕਰ ਸੰਗੀਤ ਵਿਚ ਸੁਰ ਸ਼ਰੀਰ ਹੈ ਤਾਂ ਤਾਲ ਉਸਦੀ ਆਤਮਾ ਹੈ ਅਤੇ ਲੈਅ ਸ਼ਰੀਰ ਵਿਚ ਹੋਣ ਵਾਲੇ ਰਕਤ ਸੰਚਾਰ ਦੀ ਗਤੀ ਹੈ। ਸ਼ਰੀਰ ਦੇ ਚਲਣ ਲਈ ਆਤਮਾ ਦਾ ਸਹਾਰਾ ਜਰੂਰੀ ਹੈ ਇਸ ਤੋਂ ਬਿਨਾ ਸਰੀਰ ਮਿੱਟੀ ਦੇ ਸਮਾਨ ਹੈ। ਇਸ ਤਰਾਂ ਹੀ ਤਾਲ ਤੋਂ ਵਿਹੀਨ ਸੁਰ ਜਾਂ ਸੰਗੀਤ ਬੇਜਾਨ ਹੈ। ਉੱਤਮ ਸੰਗੀਤਕਾਰ ਉਹੀ ਪ੍ਰਵਾਨਿਆ ਜਾਂਦਾ ਹੈ ਜਿਸ ਨੂੰ ਸੁਰ ਅਤੇ ਤਾਲ ਦੇ ਪੂਰਣ ਮਿਰਦੰਗ ਰਾਗ ਦਾ ਅਧਿਕਾਰ ਹੋਵੇ। ਹਰ ਉਸ ਵਜਾਏ ਜਾਨ ਵਾਲੇ ਤਾਲ ਜਿਵੇ ਧਮਾਰ, ਚੌਤਾਲ ਦਾ ਆਪਣਾ ਆਪਣਾ ਰਸ ਹੁੰਦਾ ਹੈ ਜਿਸ ਪ੍ਰਕਾਰ ਸੂਲਤਾਲ, ਤੀਵਰਾ, ਮਤ ਤਾਲ ਆਦਿ ਵੀਰ ਰਸ ਪ੍ਰਧਾਨ ਹੁੰਦੇ ਹਨ। ਸਿੰਗਾਰ ਰਸ ਪ੍ਰਧਾਨ ਰਚਨਾਂਵਾਂ ਨਾਲ ਤਿੰਨ ਤਾਲ, ਕਹਿਰਵਾ, ਦਾਦਰਾ, ਖੇਮਟਾ, ਇਕਤਾਲ ਆਦਿ ਵਜਾਏ ਜਾਂਦੇ ਹਨ ਕਿਉਂਕਿ ਇਹ ਤਾਲ ਸਿੰਗਾਰ ਰਸ ਵਿਚ ਵਾਧਾ ਕਰਦੇ ਹਨ। ਦੀਪ ਚੰਦੀ, ਰੂਪਕ ਆਦਿ ਕਰੁਣਾਰਸ ਦੀ ਉਤਪਤੀ ਕਰਦੇ ਹਨ। ਵਿਲੰਬਤ ਲੈਅ ਵਿਚ ਚਾਰਤਾਲ, ਏਕਤਾਲ, ਆੜਾਚਾਰਤਾਲ, ਝਪਤਾਲ ਆਦਿ ਵਿਚ ਨਿਬੰਧ ਰਚਨਾਂਵਾਂ ਭਗਤੀ ਰਸ, ਸ਼ਾਂਤ ਰਸ ਦੀ ਵਰਖਾ ਕਰਦੀਆਂ ਹਨ। ਭਗਤੀ ਰਸ ਦੀਆਂ ਰਚਨਾਵਾ ਧੁਮਾਲੀ, ਪੰਜਾਬੀ ਤਿੰਨ ਤਾਲ ਆਦਿ ਵਿਚ ਬੜੀਆਂ ਸੁਭਾਏ ਮਾਨ ਪ੍ਰਤੀਤ ਹੁੰਦੀਆਂ ਹਨ। ਟੱਪਾ ਵਰਗੀ ਚੰਚਲ ਗਾਈਨ ਸ਼ੈਲੀ ਵਾਸਤੇ ਟੱਪਾ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੱਵਾਲੀ ਗਾਇਨ ਦੇ ਨਾਲ ਕੱਵਾਲੀ ਤਾਲ ਦੀ ਵਰਤੋਂ ਹੁੰਦੀ ਹੈ। ਗਾਇਨ ਵਿਚ ਸਾਹਿਤ ਦਾ ਵੀ ਬੜਾ ਮਹੱਤਵ ਪੂਰਣ ਸਥਾਨ ਹੈ। ਜਿਸ ਰਸ ਦੀ ਕਵਿਤਾ ਹੋਵੇ ਉਸੇ ਰਸ ਦਾ ਰਾਗ ਚੁਨਣਾਂ ਚਾਹੀਦਾ ਹੈ ਅਤੇ ਉਸੇ ਰਸ ਨੂੰ ਦਰਸਾਉਣ ਵਾਲੀ ਲੈਅ ਕਾਇਮ ਕਰਨੀ ਚਾਹੀਦੀ ਹੈ। ਲੈਅ ਨੂੰ ਪ੍ਰਗਟ ਕਰਨ ਲਹੀ ਤਾਲ ਚੋਣ ਕਰਨਾ ਜ਼ਰੂਰੀ ਹੈ। ਸਾਹਿਤ, ਰਾਗ ਅਤੇ ਤਾਲ ਵਿਚ ਰਸ ਦਾ ਹੋਣਾ ਬੜਾ ਜ਼ਰੂਰੀ ਹੈ ਤਾਂ ਹੀ ਅਸਲੀ ਸੰਗੀਤ ਦਾ ਆਨੰਦ ਉਤਪੰਨ ਹੁੰਦਾ ਹੈ। ਕਈ ਰਚਨਾਵਾਂ ਵਿਲੰਬਤ ਲੈਅ ਵਿਚ ਕਈ ਮੱਧ ਲੈਅ ਵਿਚ ਅਤੇ ਕਈ ਦਰੁੱਤ ਗਤੀ ਵਿਚ ਸੁੰਦਰ ਪ੍ਰਤੀਤ ਹੁੰਦੀਆਂ ਹਨ। ਇਕ ਰਚਨਾ ਨੂੰ ਹੌਲੀ ਗਤੀ ਵਿਚ ਗਾਉਂਦੇ ਹੋਏ ਜਦੋਂ ਦਰੁੱਤ ਗਤੀ ਵਿਚ ਗਾਇਆ ਜਾਵੇ ਤਾਂ ਲੈਅ ਦੇ ਬਦਲ ਜਾਣ ਨਾਲ ਹੀ ਰਸ ਵਿਚ ਵੀ ਪਰੀਵਰਤਨ ਹੋ ਜਾਂਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਲੈਅ ਦਾ ਭਾਵਾਂ ਅਤੇ ਰਸ ਤੋਂ ਇਲਾਵਾ ਕਿਸੇ ਚੀਜ ਨੂੰ ਸਰੁਚਤੀ ਪੂਰਣ ਬਣਾਉਣ ਵਿਚ ਇਕ ਮਹੱਤਵ ਪੂਰਣ ਸਥਾਨ ਹੈ। ਭਾਰਤ ਵਿਚ ਦੋ ਸੰਗੀਤ ਪੱਧਤੀਆਂ ਪ੍ਰਚਲਿਤ ਹਨ। ਹਿੰਦੁਸਤਾਨੀ ਸੰਗੀਤ ਪੱਧਤੀ ਅਤੇ ਦਖੱਣੀ ਸੰਗੀਤ ਪਧੱਤੀ। ਦੋਨਾਂ ਪਧੱਤੀਆਂ ਦੀ ਰਾਗ ਸ਼ੈਲੀ ਦੇ ਨਾਲ ਤਾਲ ਸ਼ੈਲੀ ਵੀ ਭਿੰਨ ਹੈ। ਹਿੰਦੁਸਤਾਨੀ ਸੰਗੀਤ ਪਧੱਤੀ ਵਿਚ ਅਤੀ ਵਿਲੰਬਤ ਲੈਅ ਵਿਚ ਵੀ ਖਿਆਲ ਗਾਇਨ ਅਥਵਾ ਸਿਤਾਰ, ਸੋਰਦ, ਵੀਨਾਂ ਵਾਦਨ ਕੀਤਾ ਜਾਦਾ ਹੈ ਪਰ ਦੱਖਣੀ ਵਿਚ ਅਜਿਹਾ ਨਹੀਂ ਹੁੰਦਾ ਦੱਖਣੀ ਸੰਗੀਤ ਪੱਧਤੀ ਵਿਚ ਮਧ ਅਤੇ ਦਰੁਤ ਲੈਅ ਦੀ ਪ੍ਰਧਾਨਤਾ ਰਹਿੰਦੀ ਹੈ। ਉਹਨਾਂ ਦੀਆਂ ਰਚਨਾਵਾਂ ਵੀ ਉਸ ਪ੍ਰਕਾਰ ਦੀਆਂ ਹੀ ਹੁੰਦੀਆਂ ਹਨ। ਇਸ ਲੈਅ ਭਿੰਨਤਾ ਕਾਰਨ ਮਨੁੱਖ ਦੇ ਦਿਲ-ਦਿਮਾਗ ਉਤੇ ਪ੍ਰਭਾਵ ਵੀ ਵੱਖ ਹੀ ਹੁੰਦਾ ਹੈ। ਪਛੱਮੀ ਸੰਗੀਤ ਵਿਚ ਤਾਲ ਦਾ ਇਕ ਵਖੱਰਾ ਹੀ ਸਰੂਪ ਦਿਖਾਈ ਦਿੰਦਾ ਹੈ। ਚੰਚਲ ਗਤੀ ਪ੍ਰਧਾਨ, ਤਾਲ ਡਰਮ ਉਤੇ

Sri Satguru Jagjit Singh Ji eLibrary NamdhariElibrary@gmail.com

ਵਜਾਏ ਜਾਂਦੇ ਹਨ ਜਿਸ ਦਾ ਪ੍ਰਭਾਵ ਉਤੇਜਕ ਅਤੇ ਉਕਸਾਉ ਹੁੰਦਾ ਹੈ। ਜਦੋਂ ਕੋਈ ਪੰਜਾਬੀ ਜਾਂ ਹਿੰਦੀ ਗੀਤ ਪੱਛਮੀ ਲੈਅ ਵਿਚ ਗਾਇਆ ਜਾਵੇ ਤਾਂ ਉਸ ਦਾ ਸਰੂਪ ਹੋਰ ਦਾ ਹੋਰ ਹੀ ਬਣ ਜਾਂਦਾ ਹੈ ਅਤੇ ਉਸ ਦਾ ਪ੍ਰਭਾਵ ਸਾਡੇ ਭਾਵਾਂ ਤੇ ਵੀ ਪੈਂਦਾ ਹੈ। ਪੱਛਮੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼-ਯੰਤਰਾਂ ਤੋਂ ਸਿੱਧ ਹੁੰਦਾ ਹੈ ਕਿ ਉਸ ਰੂ-ਖੰਡ ਵਿਚ ਲੈਅ ਨੂੰ ਉਹ ਸਥਿਰਤਾ ਪ੍ਰਦਾਨ ਨਹੀਂ ਕੀਤੀ ਗਈ ਜੋ ਭਾਰਤੀ ਸੰਗੀਤ ਵਿਚ ਹੈ। ਆਦਿ ਕਾਲ ਤੋਂ ਹੀ ਭਾਰਤੀ ਸੰਗੀਤ ਵਿਚ ਅਤੀ ਵਿਲੰਬਤ ਲੈਅ ਜਾਂ ਧੀਮੀ ਗਤੀ ਵਿਚ ਆਪਣੀ ਕਲਾ ਪ੍ਰਦਰਸ਼ਿਤ ਕਰਨ ਦਾ ਸਿਲਸਿਲਾ ਚੱਲਿਆ ਆ ਰਿਹਾ ਹੈ। ਪਰ ਪੱਛਮੀ ਸੰਗੀਤ ਵਿਚ ਕਿਸੇ ਵੀ ਗਤੀ ਨੂੰ ਜ਼ਿਆਦਾ ਦੇਰ ਤੱਕ ਕਾਇਮ ਰੱਖਣ ਦਾ ਕੋਈ ਲੱਕਸ਼ਣ ਨਹੀਂ ਦਿਖਾਈ ਦਿੰਦਾ। ਭਾਰਤੀ ਸੰਗੀਤ ਹੀ ਕੇਵਲ ਅਜਿਹਾ ਸੰਗੀਤ ਹੈ ਜਿਸ ਵਿਚ ਲੈਅ ਦੀ ਬੜੀ ਮਹੱਤਤਾ ਹੈ ਕਿਉਂ ਕਿ ਭਾਰਤੀ ਸੰਗੀਤ ਦਾ ਮੂਲ ਸਰੋਤ ਅਧਿਆਤਮਕ ਹੈ। ਭਾਰਤੀ ਸੰਗੀਤ ਦੀ ਆਧਾਰ ਸ਼ਿਲਾ ਸਤਿਅਮ ਸ਼ਿਵਮ, ਸੁੰਦਰਮ ਤੇ ਟਿਕਾਈ ਗਈ ਹੈ। ਭਾਵ ਅਤੇ ਰਸ ਨੂੰ ਹੀ ਸੰਦਰਯ ਕਿਹਾ ਗਿਆ ਹੈ। ਕਿਸੇ ਸੰਗੀਤ ਰਚਨਾ ਵਿਚ ਸੁਰ, ਅਲੰਕਾਰ, ਤਾਨ ਆਦਿ ਕ੍ਰਿਆਵਾਂ ਦਾ ਜਿੰਨਾ ਮਹੱਤਵ ਹੈ ਉਹਨਾਂ ਹੀ ਕਿਸੇ ਗੀਤ ਵਿਚ ਸ਼ਬਦ, ਛੰਦ ਲੈਅ ਦਾ ਹੈ। ਲੈਅ ਤੋਂ ਬਿਨਾਂ ਕੋਈ ਵੀ ਰਚਨਾ ਮਹੱਤਵ ਹੀਣ ਰਹਿੰਦੀ ਹੈ। ਲੈਅ ਗੀਤ ਵਿਚ ਰਸ ਭਰ ਦਿੰਦੀ ਹੈ ਅਤੇ ਗੀਤ ਮਨੁੱਖੀ ਭਾਵਾਂ ਨੂੰ ਭਾਵ ਪੂਰਣ ਬਣਾ ਦਿੰਦਾ ਹੈ। ਜਿਸ ਦਾ ਸਿੱਟਾ ਸੁੰਦਰ ਰਸ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਰਸ ਹੀ ਸੰਗੀਤ ਸਾਧਨਾਂ ਦਾ ਲਕਸ਼ ਹੈ। ਇਸ ਲਖਸ਼ ਦੀ ਪ੍ਰਾਪਤੀ ਲਈ ਤਾਲ ਅਤੇ ਲੈਅ ਤੇ ਨਿਰੰਤਰਣ ਅਤੇ ਸੋਝੀ ਦਾ ਹੋਣਾ ਬੜਾ ਜ਼ਰੂਰੀ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 10

ਸੰਗੀਤ ਕਲਾਸ

ਸੰਗੀਤ ਸਿੱਖਿਆ ਵਿਚ ਸੰਗੀਤ ਕਲਾਸ ਦਾ ਖਾਸ ਮਹੱਤਵ ਹੈ। ਜਿਸ ਪ੍ਰਕਾਰ ਕਿਸੇ ਵਿਦਿਆਰਥੀ ਦਾ ਘਰ ਤੋਂ ਸਕੂਲ ਜਾਣਾ ਜਰੂਰੀ ਹੈ। ਇਸੇ ਤਰਾਂ ਵਿਦਿਆਰਥੀ ਦਾ ਕਲਾਸ ਵਿਚ ਬੈਠ ਕੇ ਸੰਗੀਤ ਸਿੱਖਿਆ ਪ੍ਰਾਪਤ ਕਰਨਾ ਜਰੂਰੀ ਹੈ। ਇਸ ਤੋਂ ਬਿਨਾ ਸਿੱਖਿਆ ਵਧੀਆਂ ਢੰਗ ਨਾਲ ਨਹੀਂ ਦਿੱਤੀ ਜਾ ਸਕਦੀ। ਵਿਦਿਆਰਥੀ ਘਰ ਤੋਂ ਮਨ ਵਿਚ ਧਾਰਕੇ ਸਕੂਲ ਜਾਂਦਾ ਹੈ ਕਿ ਉਸ ਨੇ ਕੁਝ ਨਾ ਕੁਝ ਨਵਾ ਗਿਆਨ ਪ੍ਰਾਪਤ ਕਰਨਾ ਹੈ। ਅਧਿਆਪਕ ਵੀ ਸਕੂਲ ਜਾਣ ਤੋਂ ਪਹਿਲਾਂ ਜਾ ਕਲਾਸ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਉਸ ਦਿਨ ਪੜ੍ਹਾਏ ਜਾਣ ਵਾਲੇ ਅਧਿਆਇ ਨੂੰ ਦਿਮਾਗ ਵਿਚ ਰਖ ਕੇ ਆਪਣਾ ਪਾਠ ਆਰੰਭ ਕਰਦਾ ਹੈ। ਵਧੀਆਂ ਤਰੀਕਾ ਤਾਂ ਇਹ ਹੈ ਕਿ ਅਧਿਆਪਕ ਆਪਣੀ ਪਾਠ ਯੋਜਨਾ ਤਿਆਰ ਕਰਕੇ ਨਾਲ ਲੈ ਕੇ ਜਾਵੇ ਪਰ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਪਾਠ ਯੋਜਨਾ ਉਸਦੇ ਆਪਣੇ ਦਿਮਾਗ ਵਿਚ ਤਿਆਰ ਕੀਤੀ ਹੁੰਦੀ ਹੈ। ਹਰੇਕ ਵਿਸ਼ੇ ਲਈ ਵਾਤਾਵਰਣ, ਸਹਾਇਕ ਸਮੱਗਰੀ, ਫਰਨੀਚਰ, ਅਤੇ ਕਲਾਸ ਰੂਮ ਦਾ ਮਾਹੌਲ ਬੜਾ ਜਰੂਰੀ ਹੈ। ਸਾਇੰਸ ਦੀ ਕਲਾਸ ਲਈ ਲੈਕਚਰ ਥੀਏਟਰ, ਪ੍ਰਯੋਗਸ਼ਾਲਾ, ਗੈਸ ਪਲਾਂਟ, ਸਟੋਰ ਕੀਪਰ ਅਤੇ ਹੋਰ ਚੀਜ਼ਾਂ ਦੀ ਜਰੂਰਤ ਹੁੰਦੀ ਹੈ। ਸਿੱਖਿਆ ਲਈ ਕਮਰਾ, ਬਲੈਕ, ਬੋਰਡ, ਬੈਂਚ, ਫੈਕਸ ਆਦਿ ਲੋੜੀਂਦੇ ਹਨ। ਸੰਗੀਤ ਸਿੱਖਿਆ ਕੁਰਸੀਆਂ ਜਾਂ ਬੈਂਚਾ ਤੇ ਬੈਠ ਕੇ ਨਹੀਂ ਦਿੱਤੀ ਜਾ ਸਕਦੀ। ਸਾਡਾ ਭਾਰਤੀ ਸੰਗੀਤ ਅੰਗਰੇਜ਼ੀ, ਸੰਗੀਤ ਤੋਂ ਵੀ ਵੱਖ ਹੈ। ਅੰਗਰੇਜ਼ੀ ਸੰਗੀਤ ਦੇ ਸਾਜ਼ ਕੁਰਸੀਆ ਤੇ ਬੈਠ ਕੇ ਬਜਾਏ ਜਾ ਸਕਦੇ ਹਨ ਕੁਝ ਖੜੇ ਹੋ ਕੇ ਪਰ ਭਾਰਤੀ ਸਾਜ ਬੈਠ ਕੇ ਹੀ ਪ੍ਰਯੋਗ ਕੀਤੇ ਜਾ ਸਕਦੇ ਹਨ। ਭਾਰਤੀ ਸੰਗੀਤ ਦਾ ਮੁਢਲਾ ਜਾ ਮੂਲ ਸਿਧਾਂਤ ਉਪਾਸਨਾ ਸੀ। ਉਪਾਸਨਾ ਸਾਡੇ ਦੇਸ਼ ਵਿਚ ਬੈਠ ਕੇ ਹੀ ਕੀਤੀ ਜਾਂਦੀ ਹੈ। ਗਿਰਜਾ ਘਰ ਵਿਚ ਬੈਚਾਂ ਉਤੇ ਬੈਠ ਕੇ ਬਾਇਬਲ ਦਾ ਪਾਠ ਕੀਤਾ ਜਾਂਦਾ ਹੈ ਅਤੇ ਗੀਤ ਖੜੇ ਹੋ ਕੇ ਗਾਏ ਜਾਂਦੇ ਹਨ ਅਤੇ ਪਿਆਨੋ ਕੁਰਸੀ ਤੇ ਬੈਠ ਕੇ ਵਜਾਇਆ ਜਾਂਦਾ ਹੈ। ਦੂਜੇ ਪਾਸੇ ਭਾਰਤੀ ਪਾਠ ਪੂਜਾ ਆਸਣ ਤੇ ਬੈਠ ਕੇ, ਕੀਰਤਨ, ਭਜਨ ਬੈਠ ਕੇ ਤੇ ਉਸੇ ਤਰਾਂ ਬੈਠਕੇ ਹੀ ਸਾਜ ਵਜਾਏ ਜਾਂਦੇ ਹਨ। ਆਪਣੀ ਸਭਿਆਤਾ ਦੇ ਅਨੁਸਾਰ ਉਥੋਂ ਦੇ ਵਸਨੀਕ ਉਸ ਦੇ ਅਨੁਸਾਰ ਹੀ ਆਪਣੀ ਜਰੂਰਤ ਦੀਆਂ ਕਾਢਾ ਕੱਢਦੇ ਰਹਿੰਦੇ ਹਨ।

ਸੰਗੀਤ ਸਿੱਖਿਆ ਦਾ ਕਮਰਾ ਦੂਜੇ ਪੜਾਏ ਜਾਣ ਵਾਲੇ ਵਿਸ਼ਿਆਂ ਤੋਂ ਥੋੜਾ ਜਿਹਾ ਅਲੱਗ ਹੋਣਾ ਚਾਹੀਦਾ ਹੈ ਤਾਂ ਕਿ ਸੰਗੀਤ ਅਭਿਆਸ ਕਰਨ ਸਮੇਂ ਦੂਜਿਆਂ ਦੇ ਕੰਮ ਵਿਚ ਮੁਸਕਿਲ ਨਾ ਆਵੇ। ਕਮਰਾ ਘੱਟ ਤੋਂ ਘੱਟ 24×30 ਫੁੱਟ ਹੋਣਾ ਚਾਹੀਦਾ ਹੈ। ਦਰਵਾਜਾ ਤੇ ਤਾਕੀਆਂ, ਰੋਸ਼ਨਦਾਨ ਹੋਣੇ ਚਾਹੀਦੇ ਹਨ। ਕਮਰੇ ਵਿਚ ਇਕ ਤਖਤ ਪੋਸ਼, ਜਿਸ ਉਤੇ ਗਦਾ ਚੱਦਰ, ਤਕੀਆ ਆਦਿ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਦੇ ਬੈਠਣ ਲਈ ਸਾਰੇ ਕਮਰੇ ਵਿਚ ਮੋਟੀ ਦਰੀ ਵਿਛੀ ਹੋਣੀ ਚਾਹੀਦੀ ਹੈ ਉਸ ਉਤੇ ਗਲੀਚਾ, ਕਮਰੇ ਦੇ ਇਕ ਪਾਸੇ ਅਧਿਆਪਕ ਲਈ ਮੇਜ ਅਤੇ ਕੁਰਸੀ ਅਤੇ ਇਕ ਅਲਮਾਰੀ ਤਾਂ ਕਿ ਵਿਦਿਆਰਥੀਆਂ ਦੀਆਂ ਕਾਪੀਆਂ ਆਦਿ ਬੈਠ ਕੇ ਪਰਖੀਆਂ ਜਾ ਸਕਣ ਹੋਣੀ ਚਾਹੀਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸ਼ੀਸ਼ਾ : ਇਕ ਵੱਡਾ ਸ਼ੀਸ਼ਾ ਸਾਹਮਣੇ ਇਸ ਢੰਗ ਨਾਲ ਰੱਖਿਆ ਜਾਵੇ ਤਾ ਕਿ ਵਿਦਿਆਰਥੀਆਂ ਨੂੰ ਉਹਨਾਂ ਦਾ ਮੁਦਰਾ ਦੋਸ਼ ਪਤਾ ਲਗ ਸਕੇ।

ਬਲੈਕਬੋਰਡ :- ਕਮਰੇ ਵਿਚ ਬਲੈਕ ਬੋਰਡ ਹੋਣਾ ਬੜਾ ਜ਼ਰੂਰੀ ਹੈ। ਬਲੈਕ ਬੋਰਡ ਦੀਵਾਰ ਨਾਲ ਟੰਗਿਆ ਹੋਇਆ ਜਾਂ ਈਜ਼ਲ ਸਟੈਂਡ ਵਾਲਾ ਹੋਣਾ ਚਾਹੀਦਾ ਹੈ। ਵਿਸ਼ੇਸ਼ ਸ਼ਬਦਾਵਲੀ ਅਤੇ ਨੋਟੇਸ਼ਨ ਹਮੇਸ਼ਾ ਲਿਖ ਕੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਅਤੇ ਸਿਖਾਉਣੀ ਚਾਹੀਦੀ ਹੈ।

ਅਲਮਾਰੀਆਂ :- ਸਾਜ਼ਾਂ ਨੂੰ ਰੱਖਣ ਵਾਸਤੇ ਖਾਸ ਪ੍ਰਕਾਰ ਦੀਆਂ ਅਲਮਾਰੀਆ ਸਟੀਲ ਜਾਂ ਲੱਕੜ ਦੀਆਂ ਹੋਣੀਆਂ ਚਾਹੀਦੀਆਂ ਹਨ। ਵਰਤੋਂ ਤੋਂ ਬਾਅਦ ਸਾਜ ਨਿਸਚਿਤ ਸਥਾਨ ਤੇ ਹੀ ਰਖਨੇ ਚਾਹੀਦੇ ਹਨ। ਸਭ ਤੋਂ ਪਹਿਲਾਂ ਜਿਹੜੀ ਕਲਾਸ ਦੇ ਵਿਦਿਆਰਥੀ ਕਮਰੇ ਵਿਚ ਆਉਣ ਉਹ ਅਲਮਾਰੀਆਂ ਵਿਚੋਂ ਸਾਜ਼ ਚੁਕਣ ਤੇ ਯੋਗ ਜਗ੍ਹਾ ਤੇ ਰੱਖਣ ਅਤੇ ਅੰਤਿਮ ਪੀਰੀਅਡ ਵਾਲੇ ਵਿਦਿਆਰਥੀ ਸਾਜਾਂ ਨੂੰ ਅਲਮਾਰੀਆਂ ਵਿਚ ਰਖਕੇ ਜਾਣ। ਇਸ ਤਰਾਂ ਸਾਜ਼ ਟੁੱਟਦੇ ਭੱਜਦੇ ਨਹੀਂ ਅਤੇ ਸਾਜ਼ ਚੰਗੀ ਹਾਲਤ ਵਿਚ ਰਹਿੰਦੇ ਹਨ। ਸਾਜ਼ ਸਿਲ ਤੋਂ ਬਚੇ ਰਹਿਣ ਨਾਲ ਜਿਆਦਾ ਸਮੇਂ ਤੱਕ ਕੰਮ ਆ ਸਕਦੇ ਹਨ।

ਚਿੱਤਰ :- ਸੰਗੀਤ ਵਿਭਾਗ ਦੇ ਕਮਰੇ ਵਿਚ ਸੰਗੀਤਕਾਰਾਂ ਦੇ ਚਿੱਤਰ ਲਗਾਉਣੇ ਚਾਹੀਦੇ ਹਨ। ਮਾਂ ਸਰਸਵਤੀ ਦਾ ਵੱਡਾ ਤੇਲ ਚਿੱਤਰ ਸਜਾ ਕੇ ਰਖਣਾ ਚਾਹੀਦਾ ਹੈ ਜਿਸ ਤੋਂ ਬੱਚੇ ਦੇ ਗਿਆਨ ਵਿਚ ਵਾਧਾ ਹੋ ਸਕੇ ਜਿਸਦੀ ਪੂਜਾ ਹਰ ਸੰਗੀਤਕਾਰ ਕਰਦਾ ਹੈ। ਦੀਵਾਰਾਂ ਤੇ ਗਾਇਨ ਜਾਂ ਵਾਦਨ ਕਰਦੇ ਹੋਏ ਵੱਖ ਵੱਖ ਉਚ ਕੋਟੀ ਦੇ ਸੰਗੀਤ ਕਾਰਾਂ ਅਤੇ ਸੰਗੀਤ ਸ਼ਾਸਤਰੀਆਂ ਦੇ ਵੀ ਚਿੱਤਰ ਲਗਾਣੇ ਚਾਹੀਦੇ ਹਨ। ਇਸ ਨਾਲ ਵਿਦਿਆਰਥੀਆਂ ਨੂੰ ਪ੍ਰੇਰਣਾ ਪ੍ਰਾਪਤ ਹੁੰਦੀ ਹੈ ਅਤੇ ਗਾਇਕਾਂ ਵਾਦਕਾਂ ਦੀ ਪਹਿਚਾਣ ਵੀ ਹੋ ਜਾਂਦੀ ਹੈ। ਰਾਗਾ ਦੇ ਥਿਆਨ ਚਿੱਤਰ, ਚਾਰਟ ਆਦਿ ਦੀ ਆਰਟ ਪੇਪਰ ਤੇ ਬਣਾ ਕੇ ਦੀਵਾਰਾਂ ਨਾਲ ਲਟਕਾਉਣੇ ਚਾਹੀਦੇ ਹਨ। ਕਮਰੇ ਦੇ ਬਾਹਰ ਇਕ ਬੋਰਡ ਹੋਣਾ ਚਾਹੀਦਾ ਹੈ ਜਿਸ ਉਤੇ ਸੰਗੀਤ ਪ੍ਰੋਗਰਾਮ, ਸੰਗੀਤ ਸਬੰਧੀ ਸੂਚਨਾਂ ਵਿਦਿਆਰਥੀਆਂ ਨੂੰ ਦਿੱਤੀ ਜਾ ਸਕੇ। ਕਿਸੇ ਕਲਾਕਾਰ ਦੀ ਮੌਤ ਹੋ ਗਈ ਹੈ, ਕਿਸੇ ਸੰਗੀਤਕਾਰ ਨੂੰ ਕਿਸੇ ਸਭਾ ਸੋਸਾਇਟੀ ਜਾਂ ਸਰਕਾਰ ਵਲੋਂ ਪੁਰਸਕਾਰ ਪ੍ਰਾਪਤ ਹੋਇਆ ਹੈ। ਇਕ ਲੱਕੜੀ ਦੇ ਤਖਤੇ ਉਤੇ ਮਖਮਲ ਚੜੀ ਹੋਵੇ ਉਸ ਉਤੇ ਸੰਸਥਾ ਵਿਚ ਹੋਏ ਪ੍ਰੋਗਰਾਮ ਦੇ ਫੋਟੋ ਲਗਾਏ ਜਾਣ ਤਾਂ ਕਿ ਭਾਗ ਲੈਣ ਵਾਲੇ ਵਿਦਿਆਰਥੀਆਂ ਬਾਰੇ ਦੂਜਿਆਂ ਨੂੰ ਸੂਚਨਾ ਪ੍ਰਾਪਤ ਹੋ ਸਕੇ ਅਤੇ ਉਹਨਾਂ ਨੂੰ ਉਤਸਾਹਿਤ ਕੀਤਾ ਜਾ ਸਕੇ ਅਜਿਹਾ ਕਰਨ ਨਾਲ ਭਾਗ ਨਾਂ ਲੈ ਸਕਣ ਵਾਲੇ ਵਿਦਿਆਰਥੀ ਜਾਂ ਆਮ ਕਿਸਮ ਦੇ ਵਿਦਿਆਰਥੀ ਵੀ ਕੁਝ ਕਰਨ ਦਾ ਹੌਸਲਾ ਪ੍ਰਾਪਤ ਕਰ ਸਕਦੇ ਹਨ।

ਵੱਧ ਤੋਂ ਵੱਧ ਸਾਜ :- ਵਿਭਾਗ ਵਿਚ ਸਿੱਖਣ ਵਾਲੇ ਵਿਦਿਆਰਥੀ ਕੇਵਲ ਗਾਇਨ ਅਤੇ ਵਾਦਨ (ਸਿਤਾਰ) ਹੀ ਸਿੱਖਦੇ ਵੇਖੇ ਗਏ ਹਨ। ਅਨੇਕਾਂ ਸਾਜ਼ ਕੇਵਲ ਕਿਤਾਬਾਂ ਦੇ ਪੰਨਿਆਂ ਦੀ ਸ਼ੋਭਾ ਬਣਕੇ ਰਹਿ ਜਾਂਦੇ ਹਨ। ਗਾਇਨ ਵਾਲੇ ਅਧਿਆਪਕ ਅਤੇ ਵਿਦਿਆਰਥੀ ਕੇਵਲ ਤਾਨਪੁਰਾ ਅਤੇ ਹਾਰਮੋਨੀਅਮ, ਤਬਲਾ ਤੋਂ ਇਲਾਵਾ ਕਿਸੇ ਹੋਰ ਸਾਜ਼ ਨਾਲ ਸਬੰਧ ਹੀ ਨਹੀਂ ਰੱਖਦੇ। ਇਹ ਧਾਰਨਾ ਬਿਲਕੁਲ ਗਲਤ ਹੈ। ਅਧਿਆਪਕ ਨੂੰ ਵੱਧ ਤੋਂ ਵੱਧ ਸਾਜ਼ਾਂ ਦਾ ਪਤਾ, ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਵਿਦਿਆਰਥੀਆਂ ਨੂੰ ਵੀ ਪ੍ਰੀਚਿਤ ਕਰਵਾਉਣਾ ਚਾਹੀਦਾ ਹੈ, ਜੇਕਰ ਅਧਿਆਪਕ ਨੂੰ ਆਪ ਹੀ ਨਹੀਂ ਪਤਾ ਤੇ ਉਹ ਆਪਣੇ ਵਿਦਿਆਰਥੀਆਂ ਨੂੰ ਵੀ, ਕੋਰੀ ਜਾਣਕਾਰੀ ਨਹੀਂ ਦੇ ਸਕਦਾ। ਅੱਜ ਦਾ ਵਿਦਿਆਰਥੀ ਹੀ ਕਲ ਦਾ ਅਧਿਆਪਕ ਹੈ। ਇਸ ਲਈ ਵਿਦਿਆਰਥੀ ਨੂੰ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨਾਂ ਚਾਹੀਦਾ ਹੈ। ਤਾ

Sri Satguru Jagjit Singh Ji eLibrary NamdhariElibrary@gmail.com

ਕਿ ਉਹ ਇਕ ਸਫ਼ਲ ਅਤੇ ਵਿਦਵਾਨ ਅਧਿਆਪਕ ਬਣ ਸਕੇ। ਕੇਵਲ ਪ੍ਰੀਖਿਆ ਪਾਸ ਕਰ ਲੈਣ ਨਾਲ ਕੋਈ ਵਿਦਵਾਨ ਨਹੀਂ ਹੋ ਜਾਂਦਾ। ਗਾਇਨ ਨਾਲ ਪ੍ਰਯੋਗ ਹੋਣਵਾਲੇ ਸਾਜਾਂ ਦਾ ਗਿਆਨ ਉਹਨਾਂ ਦੀ ਵਰਤੋਂ ਸੈਲੀ ਦਾ ਪਤਾ ਹੋਣਾ ਚਾਹੀਦਾ ਹੈ। ਸਾਰੰਗੀ, ਵਾਇਲਿਨ, ਬਾਂਸੁਰੀ, ਸੁਰਪੇਟੀ, ਦਿਲਰੁਬਾ, ਸੁਰਮੰਡਲ ਆਦਿ ਸਾਜ ਗਾਇਨ ਵਿਭਾਗ ਵਿਚ ਵੀ ਰਖਣੇ ਚਾਹੀਦੇ ਹਨ।

ਸਾਜ ਵਿਭਾਗ :- ਅੱਜ ਕੱਲ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿੱਚ ਸਿਤਾਰ ਸਾਜ ਦੀ ਵਿਦਿਆ ਤੋਂ ਇਲਾਵਾ ਸੰਗੀਤ ਗਾਇਨ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਵੀ ਜੋਰਾਂ ਤੇ ਹੈ। ਗੁਰਮਤਿ ਸੰਗੀਤ ਦੀ ਅਤੰਰਗਤ ਦਿਲਰੁਬਾ ਤਾਉਸ, ਮ੍ਰਿਦੰਗ ਅਤੇ ਰਬਾਬ ਦੀ ਸਿੱਖਿਆ ਵਿਸੇਸ ਤੌਰ ਤੇ ਦਿੱਤੀ ਜਾ ਰਹੀ ਹੈ। ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਦੇ ਵੱਖਰੇ ਵਿਭਾਗ ਸਥਾਪਤ ਕੀਤੇ ਗਏ ਹਨ ਅਤੇ ਵੱਖਰਾ ਸਾਜਾ ਦੀ ਲਾਇਬਰੇਰੀ ਵੀ ਸਥਾਪਤ ਕੀਤੀ ਗਈ ਹੈ ਜੋ ਵੱਡਾ ਉਪਰਾਲਾ ਹੈ ਇਸ ਤੋਂ ਇਲਾਵਾ ਜਿਸ ਵਿਚ ਵਿਦਿਆਰਥੀਆਂ ਦੀ ਵਧੇਰੇ ਸਿੱਖਿਆ ਦਿੱਤੀ ਜਾ ਸਕਦੀ ਹੈ। ਸੰਤੂਰ, ਜਲਤਰੰਗ, ਕਾਸ਼ਠਤਰੰਗ, ਨਲ ਤਰੰਗ, ਪਲੇਟ ਤਰੰਗ, ਸਾਰੰਗੀ, ਦਿਲਰੁਬਾ, ਵਾਇਲਨ, ਸੁਰਬਹਾਰ, ਸਰੋਦ, ਸ਼ਹਿਨਾਈ, ਬਾਂਸੁਰੀ ਅਤੇ ਹੋਰ ਸਾਜ ਕਲਾਸ ਰੂਮ ਵਿਚ ਰੱਖਣੇ ਚਾਹੀਦੇ ਹਨ। ਪ੍ਰਾਚੀਨ ਸਾਜ਼ ਅਤੇ ਨਵੀਨ ਸਾਜ ਉਤਸੁਕਤਾ ਉਤਪੰਨ ਕਰਦੇ ਹਨ। ਸਕੂਲ ਦਾ ਆਪਣਾ ਵਰਿੰਦ ਸਾਜੀ ਵੀ ਤਿਆਰ ਕੀਤਾ ਜਾ ਸਕਦਾ ਹੈ।

ਸਾਜਾਂ ਦੀ ਸਾਂਭ ਸੰਭਾਲ :- ਸਾਜਾਂ ਨੂੰ ਜ਼ਿਆਦਾ ਗਰਮੀ ਜਾਂ ਤਰਲ ਹੋਣਾਂ ਬਿਲਕੁਲ ਨਹੀਂ ਭਾਉਂਦੀ। ਬਰਸਾਤ ਦੇ ਦਿਨਾਂ ਵਿਚ ਸਾਜ ਖਰਾਬ ਹੋ ਜਾਂਦੇ ਹਨ। ਸਾਜ ਆਮ ਤੌਰ ਤੇ ਲਕੜੀ ਦੇ ਬਣੇ ਹੁੰਦੇ ਹਨ। ਚਮੜੇ ਵਾਲੇ ਸਾਜਾਂ ਦਾ ਚਮੜਾ ਫੱਟ ਵੀ ਜਾਂਦਾ ਹੈ। ਇਸ ਲਈ ਸਾਜਾਂ ਦੀ ਸਫਾਈ ਅਤੇ ਸੰਭਾਲ ਰਖਣੀ ਚਾਹੀਦੀ ਹੈ। ਸਾਜਾਂ ਨੂੰ ਅਲਮਾਰੀਆਂ ਅਤੇ ਬਕਸਿਆਂ ਵਿਚ ਰੱਖਣਾ ਚਾਹੀਦਾ ਹੈ। ਬਕਸਿਆਂ ਅਤੇ ਅਲਮਾਰੀਆਂ ਵਿਚ ਫਿਨਾਇਲ ਦੀਆਂ ਗੋਲੀਆਂ ਰਖਣੀਆਂ ਚਾਹੀਦੀਆਂ ਹਨ ਤਾਂ ਜੋ ਕੀੜਾ ਆਦਿ ਨਾ ਲਗੇ। ਹਰ ਸਾਲ ਸਾਜਾਂ ਦੀ ਮੁਰੰਮਤ ਵੀ ਕਰਵਾਉਣੀ ਚਾਹੀਦੀ ਹੈ। ਜਿਹੜੇ ਸਾਜ ਰੋਜ ਵਰਤੋਂ ਵਿਚ ਨਾ ਆਉਂਦੇ ਹੋਣ ਉਹਨਾਂ ਦੀਆਂ ਤਾਰਾਂ ਨੀਵੇਂ ਸੁਰਾਂ ਵਿਚ ਮਿਲਾ ਕੇ ਰਖਣੇ ਚਾਹੀਦੇ ਹਨ। ਸਾਜਾਂ ਨੂੰ ਸੁਰ ਵਿਚ ਮਿਲਾ ਕੇ ਰਖਣਾ ਚਾਹੀਦਾ ਹੈ ਜਿਸ ਨਾਲ ਅਧਿਆਪਕ ਅਤੇ ਵਿਦਿਆਰਥੀਆਂ ਤੋਂ ਇਲਾਵਾ ਬਾਹਰੀ ਵਿਅਕਤੀਆਂ ਤੇ ਵੀ ਚੰਗਾ ਪ੍ਰਭਾਵ ਪੈਂਦਾ ਹੈ। ਸਾਜਾਂ ਦੀ ਸੰਭਾਲ ਅਤੇ ਟਿਉਨਿੰਗ ਉਤੇ ਕਾਫੀ ਵਕਤ ਲਗ ਜਾਂਦਾ ਹੈ ਇਸ ਲਈ ਇਕ ਸਹਾਇਕ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਉਸ ਦੀ ਮੁੱਖ ਜਿੰਮੇਵਾਰੀ ਸਾਜਾਂ ਨੂੰ ਸੰਭਾਲਨਾਂ, ਸਾਜ਼ਾਂ ਨੂੰ ਟਿਊਨ ਕਰਨਾਂ, ਸਾਜ਼ਾ ਦੀ ਸਫਾਈ ਰਖਣਾਂ ਆਦਿ ਹੋਣੀ ਚਾਹੀਦੀ ਹੈ।

ਕਲਾਸ ਰੂਮ ਸੰਗੀਤ ਕਮਰੇ ਦਾ ਚੁਨਾਵ :- ਸੰਗੀਤ ਦਾ ਕਮਰਾ ਸਕੂਲ ਦੇ ਕਿਸ ਭਾਗ ਵਿਚ ਹੋਣਾ ਚਾਹੀਦਾ ਹੈ ਇਹ ਵੀ ਧਿਆਨਯੋਗ ਹੈ। ਜੇਕਰ ਸੰਗੀਤ ਰੂਮ ਹੋਰਨਾਂ ਵਿਸ਼ਿਆਂ ਦੀਆਂ ਕਲਾਸਾਂ ਦੇ ਬਿਲਕੁਲ ਨਾਲ ਲਗਦਾ ਹੋਵੇਗਾ ਤਾਂ ਹੋਰਨਾਂ ਕਲਾਸਾਂ ਦਾ ਨੁਕਸਾਨ ਹੋਵੇਗਾ। ਕਿਉਂਕਿ ਦੂਜੇ ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਕਰਦੇ ਸਮੇਂ ਮੁਸਕਲ ਆਵੇਗੀ। ਉਹ ਇਕਾਗਰਚਿਤ ਨਹੀਂ ਹੋ ਸਕਣਗੇ। ਉਹਨਾਂ ਦਾ ਧਿਆਨ ਸੰਗੀਤ ਵਲ ਖਿਚਿਆ ਜਾਵੇਗਾ। ਸੰਗੀਤ ਰੂਮ ਲਈ ਸਾਫ ਤੇ ਤਾਜੀ ਹਵਾ ਵੀ ਜਰੂਰੀ ਹੈ। ਰੋਸ਼ਨੀ ਅਤੇ ਧੁਪ ਦਾ ਕਮਰੇ ਵਿਚ ਆਉਣਾ ਵੀ ਜਰੂਰੀ ਹੈ। ਸਿਲਾਬੇ ਵਾਲੇ ਕਮਰੇ ਵਿਚ ਸਾਜ ਉਖੜ ਜਾਂਦੇ ਹਨ। ਉਹਨਾਂ ਨੂੰ ਬਾਰ ਬਾਰ ਮੁਰੰਮਤ ਕਰਵਾਉਣਾਂ ਪੈਂਦਾ ਹੈ। ਇਸ ਲਈ ਸੰਗੀਤ ਸਿਖਾਉਣ ਲਈ ਸਾਫ ਸੁਥਰੇ, ਖੁਲੇ ਹਵਾਦਾਰ, ਕਮਰੇ ਦਾ ਹੋਣਾ ਜਰੂਰੀ ਹੈ ਤਾਂ ਜੋ ਸਾਜ਼ ਵੀ ਸੁਰਖਿਅਤ ਰਹਿ ਸਕਣ।

Sri Satguru Jagjit Singh Ji eLibrary NamdhariElibrary@gmail.com

ਕਮਰੇ ਦਾ ਚੁਨਾਵ ਕਰਦੇ ਸਮੇਂ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾਵੇ ਕਿ ਕਮਰਾ ਖੁਲਾ ਹੋਵੇ ਦਰਵਾਜ਼ੇ ਖਿੜਕੀਆਂ ਰੋਸ਼ਨਦਾਨ ਕਾਫੀ ਮਾਤਰਾ ਵਿਚ ਹੋਣ ਅਤੇ ਕਮਰਾ ਹਵਾਦਾਰ ਹੋਵੇ। ਸੰਗੀਤ ਦੇ ਅਭਿਆਸ ਲਈ ਸਾਰਾ ਸ਼ਰੀਰ ਹੀ ਕੰਮ ਕਰਦਾ ਹੈ। ਪਰ ਫੇਫੜੇ ਬੜਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਸ ਲਈ ਫੇਫੜਿਆਂ ਨੂੰ ਸਾਫ, ਤਾਜਾ ਵਾਯੂ ਪ੍ਰਾਪਤ ਹੋਣੀ ਚਾਹੀਦੀ ਹੈ। ਸੰਗੀਤ ਕਮਰਾ ਵਿਦਿਆਲਿਆ ਦੇ ਇਕ ਪਾਸੇ ਹੋਵੇ ਤਾਂ ਸਾਰਿਆਂ ਨਾਲੋਂ ਵਧੀਆਂ ਰਹਿੰਦਾ ਹੈ। ਜੇਕਰ ਹੇਠਲੀ ਮੰਜਿਲ ਤੇ ਕਮਰਾ ਉਪਲਬੱਧ ਨਾਂ ਹੋਵੇ ਤਾਂ ਉਪਰਲੀ ਮੰਜਲ ਤੇ ਸੰਗੀਤ ਕਮਰਾ ਹੋਣਾ ਵੀ ਠੀਕ ਹੈ।

ਵਿਦਿਆਰਥੀਆਂ ਦਾ ਚੋਣ :- ਹਰ ਵਿਦਿਆਰਥੀ ਸੰਗੀਤ ਸਿੱਖਣ ਦੇ ਯੋਗ ਨਹੀਂ ਹੁੰਦਾ। ਜੋ ਵਿਦਿਆਰਥੀ ਗਾਇਨ ਵਿਸ਼ੇ ਦੀ ਚੋਣ ਕਰਦਾ ਹੈ ਉਸ ਦਾ ਕੰਠ ਜੇਕਰ ਬਹੁਤਾ ਹੀ ਬੇਸੁਰਾ, ਭੱਦਾ ਹੈ ਤਾਂ ਅਧਿਆਪਕ ਨੂੰ ਚਾਹੀਦਾ ਹੈ ਕਿ ਉਸੇ ਨੂੰ ਗਾਇਨ ਕਲਾਸ ਵਿਚ ਸ਼ਾਮਲ ਹੋਣ ਦੀ ਆਗਿਆ ਨਾਂ ਦੇਵੇ। ਸਾਜ਼ ਸੰਗੀਤ ਲਈ ਕੰਠ ਦੇ ਸੁਰੀਲੇਪਨ ਦੀ ਲੋੜ ਨਹੀਂ ਪਰ ਵਿਦਿਆਰਥੀ ਦੀ ਰੁਚੀ ਦਾ ਹੋਣਾ ਬੜਾ ਜ਼ਰੂਰੀ ਹੈ। ਸਾਜ਼ ਸੰਗੀਤ ਲਈ ਵੀ ਵਿਦਿਆਰਥੀਆਂ ਦੇ ਸੰਗੀਤਕ ਗਾਇਨ ਦੇਖਨਾ ਜਰੂਰੀ ਹੈ। ਜੇਕਰ ਉਹ ਆਪਣਾ ਪਾਠ ਵਜਾਕੇ ਸੁਣਾਉਣ ਵਿਚ ਅਧਿਆਪਕ ਦੀ ਸੰਤੁਸ਼ਟ ਕਰ ਦਿੰਦਾ ਹੈ ਤਾਂ ਉਸਨੂੰ ਸੰਗੀਤ ਵਿਸ਼ਾ ਚਾਲੂ ਰਖਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਕਿਉਂਕਿ ਵਾਦਨ ਸੰਗੀਤ ਵਿੱਚ ਸਾਜ਼ ਵਜਾਉਣ ਦੀ ਮੁਹਾਰਿਤ ਪ੍ਰਾਪਤ ਹੋਣਾ ਜਰੂਰੀ ਹੈ। ਇਸ ਦੇ ਉਲਟ ਹੋਣ ਦੀ ਦਸ਼ਾ ਵਿਚ ਵਿਦਿਆਰਥੀ ਨੂੰ ਕਿਸੇ ਹੋਰ ਵਿਸ਼ਾ ਚੁਣ ਲੈਣ ਦੀ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਪਰੈਕਟੀਕਲ ਵਿਸ਼ੇ ਵਿਚ ਸੁਰ ਅਭਿਆਸ ਬਹੁਤ ਜਰੂਰੀ ਹੈ।

ਵਿਦਿਆਰਥੀਆਂ ਦੀ ਸੰਖਿਆ :- ਸੰਗੀਤ ਇਕ ਕ੍ਰਿਆਤਮਿਕ ਅਤੇ ਅਭਿਆਸ ਕਰਨ ਦਾ ਵਿਸ਼ਾ ਹੈ। ਹਰ ਵਿਦਿਆਰਥੀ ਨੂੰ ਅਭਿਆਸ ਕਰਨ ਲਈ ਅਲੱਗ-ਅਲੱਗ ਸਾਜ ਚਾਹੀਦੇ ਹਨ। ਵਿਦਿਆਰਥੀਆਂ ਦੀ ਗਿਣਤੀ ਉਨੀ ਹੀ ਰੱਖਣੀ ਚਾਹੀਦੀ ਹੈ। ਜਿੰਨੇ ਸੰਸਥਾ ਵਿਚ ਸਾਜ ਹੋਣ। ਸਾਜ ਘੱਟ ਹੋਣ ਅਤੇ ਵਿਦਿਆਰਥੀ ਜ਼ਿਆਦਾ ਹੋਣ ਦੀ ਹਾਲਤ ਵਿਚ ਅਧਿਆਪਕ ਵਿਦਿਆਰਥੀਆਂ ਨਾਲ ਇਨਸਾਫ਼ ਨਹੀਂ ਕਰ ਸਕਦਾ। ਇਸ ਵਾਸਤੇ ਸੰਗੀਤ ਅਧਿਆਪਕ ਵਿਦਿਆਰਥੀਆਂ ਦੀ ਚੋਣ ਕਰਦੇ ਹੋਏ ਲੋੜੀਂਦੀ ਸੰਖਿਆ ਦਾ ਵੀ ਧਿਆਨ ਰਖੇ। ਇੱਕ ਕਲਾਸ ਵਿਚ ਵੱਧ ਤੋਂ ਵੱਧ ਦਸ ਵਿਦਿਆਰਥੀ ਹੀ ਹੋਣੇ ਚਾਹੀਦੇ ਹਨ। ਇਸ ਤੋਂ ਜ਼ਿਆਦਾ ਵਿਦਿਆਰਥੀਆਂ ਦਾ ਇੱਕ ਕਲਾਸ ਵਿਚ ਹੋਣਾਂ ਸਿਵਾਏ ਭੀੜ ਦੇ ਹੋਰ ਕੁਝ ਨਹੀਂ। ਛੋਟੀ ਕਲਾਸ ਵਿਚ ਹਰੇਕ ਪਾਸੋਂ ਪਾਠ ਸੁਣਿਆ ਜਾ ਸਕਦਾ ਹੈ। ਉਸ ਦੀਆਂ ਗਲਤੀਆਂ ਠੀਕ ਕੀਤੀਆਂ ਜਾ ਸਕਦੀਆਂ ਹਨ। ਅਧਿਆਪਕ ਹਰ ਵਿਦਿਆਰਥੀ ਵੱਲ ਧਿਆਨ ਦੇ ਸਕਦਾ ਹੈ। ਵਿਦਿਆਰਥੀ ਵੀ ਜਲਦੀ ਉਨੱਤੀ ਕਰ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 11

ਲੋਕ ਸੰਗੀਤ

ਲੋਕ ਸੰਗੀਤ ਜਨ ਸਾਧਾਰਣ ਦੀਆਂ ਆਂਤਰਿਕ ਭਾਵਨਾਵਾਂ ਦਾ ਪ੍ਰਤੀਕ ਹੈ। ਪ੍ਰਾਕ੍ਰਿਤਿਕ ਨਿਯਮਾਂ ਅਨੁਸਾਰ ਹਰੇਕ ਪ੍ਰਾਣੀ ਵਿਚ ਸੁੱਖ ਦੁੱਖ ਰੂਪੀ ਅਨੁਭੂਤੀਆਂ ਨੂੰ ਦੂਜਿਆਂ ਤੱਕ ਪ੍ਰਗਟ ਕਰਨ ਦੀ ਸੁਭਾਵਿਕ ਪ੍ਰਵਿਰਤੀ ਹੈ। ਅਜਿਹਾ ਆਦਿ ਕਾਲ ਤੋਂ ਹੀ ਹੁੰਦਾ ਆ ਰਿਹਾ ਹੈ। ਵੈਦਿਕ ਕਾਲ ਵਿਚ ਸ਼ਾਸਤਰੀ ਸੰਗੀਤ, ਸਰਲ ਸੰਗੀਤ, ਲੋਕ ਸੰਗੀਤ, ਫਿਲਮ ਸੰਗੀਤ ਆਦਿ ਸੰਗੀਤ ਦੇ ਭੇਦ, ਉਪਭੇਦ ਨਹੀਂ ਸਨ। ਸੰਗੀਤ ਸਬੰਧੀ ਸ਼ੈਲੀ ਭੇਦ ਸਮਾਜ ਦੀ ਰੁਚੀ ਅਨੁਸਾਰ ਬਾਅਦ ਵਿਚ ਹੋਂਦ ਵਿਚ ਆਏ। ਲੋਕ ਸੰਗੀਤ ਹੋਵੇ ਭਾਵੇ ਸ਼ਾਸਤਰੀ ਸੰਗੀਤ ਹੋਵੇ ਦੋਵੇਂ ਹੀ ਮਾਨਵ ਅਨੁਭੂਤਿਆ ਨੂੰ ਪ੍ਰਦਰਸ਼ਿਤ ਕਰਨ ਦਾ ਮਾਧਿਅਮ ਹਨ। ਲੋਕ ਸੰਗੀਤ ਮਾਨਵੀ ਭਾਵਾਂ ਨੂੰ ਪ੍ਰਗਟ ਕਰਨ ਦਾ ਇਕ ਅਜਿਹਾ ਮਾਧਿਅਮ ਅਥਵਾ ਸਾਧਨ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਕਿਸੇ ਵਿਸ਼ੇਸ਼ ਪ੍ਰਕਾਰ ਦਾ ਪ੍ਰਯਤਨ ਨਹੀਂ ਕਰਨਾ ਪੈਦਾ। ਇਸ ਲਈ ਲੋਕ ਸੰਗੀਤ ਨੂੰ ਪ੍ਰਾਕਿਰਤਕ ਸੰਗੀਤ ਦਾ ਭੇਦ ਮੰਨਿਆ ਜਾਂਦਾ ਹੈ। ਜਨ ਮਾਨਸ ਦੀਆਂ ਭਾਵਨਾਵਾਂ ਤੋਂ ਪ੍ਰੇਰਿਤ ਇਹ ਸੰਗੀਤ ਅਸਲ ਵਿਚ ਸ਼ਾਸ਼ਤਰੀ ਸੰਗੀਤ ਦੀ ਦਖਲ ਅੰਦਾਜੀ ਬਿਲਕੁਲ ਸਹਿਣ ਨਹੀਂ ਕਰਦਾ ਕਿਉਂਕਿ ਅਜਿਹਾ ਕਰਨ ਨਾਲ ਇਸ ਦੀ ਵਿੱਲਖਣਤਾ ਅਤੇ ਮੌਲਿਕਤਾ ਨਹੀਂ ਰਹਿੰਦੀ। ਇਸ ਦਰਿਸ਼ਟੀਕੋਣ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸ਼ਾਸਤਰੀ ਸੰਗੀਤ ਨਾ ਤਾਂ ਲੋਕ ਸੰਗੀਤ ਦਾ ਵਿਕਸਿਤ ਰੂਪ ਹੈ ਅਤੇ ਨਾਂ ਹੀ ਲੋਕ ਸੰਗੀਤ ਹੀ ਸ਼ਾਸਤਰੀ ਸੰਗੀਤ ਦਾ ਅਵਿਕਸਿਤ ਰੂਪ ਹੈ। ਬਲਕਿ ਇਹ ਦੋਵੇਂ ਭਾਰਤੀ ਸੰਗੀਤ ਦੇ ਦੋ ਅਲੱਗ-ਅਲੱਗ ਅੰਗ ਹਨ। ਕਈ ਵਿਦਿਵਾਨਾਂ ਦਾ ਮਤ ਹੈ ਕਿ ਸ਼ਾਸਤਰੀ ਸੰਗੀਤ ਦੀ ਉਤਪਤੀ ਲੋਕ ਸੰਗੀਤ ਤੋਂ ਹੋਈ ਜਿਵੇਂ ਪਹਿਲਾਂ ਕੱਚਾ ਮਾਲ ਹੁੰਦਾ ਹੈ ਫਿਰ ਉਸਨੂੰ ਲੋੜ ਅਨੁਸਾਰ ਢਾਲ ਕੇ ਵੱਖ-ਵੱਖ ਵਸਤੂਆਂ ਦਾ ਨਿਰਮਾਣ ਕੀਤਾ ਜਾਂਦਾ ਹੈ। ਜਿਵੇਂ ਮਿੱਟੀ ਤੋਂ ਘੜਾ ਬਣਾਇਆ ਜਾਂਦਾ ਹੈ ਤੇ ਉਸ ਤੋਂ ਪਾਣੀ ਠੰਢਾ ਪ੍ਰਾਪਤ ਹੁੰਦਾ ਹੈ। ਅੱਜ ਦੇ ਯੁਗ ਵਿਚ ਠੰਡਾ ਪਾਣੀ ਪ੍ਰਾਪਤ ਕਰਨ ਦੇ ਕਈ ਹੋਰ ਸਾਧਨ ਉਤਪੰਨ ਹੋ ਗਏ ਹਨ। ਹਵਾ ਦਾ ਜੀਵਨ ਵਿਚ ਮਹੱਤਵ ਇੰਨਾ ਅਧਿਕ ਹੈ ਕਿ ਮੁਨੱਖ ਦਾ ਜੀਉਣਾ ਇਸ ਤੋਂ ਬਿਨਾਂ ਮੁਹਾਲ ਹੈ। ਜਦੋਂ ਬਿਜਲੀ ਨਹੀਂ ਸੀ ਲੋਕ ਹੱਥ ਵਾਲੇ ਪੱਖੇ ਦਾ ਪ੍ਰਯੋਗ ਕਰਦੇ ਸਨ। ਅੱਜ ਵੀ ਜਿੱਥੇ ਬਿਜਲੀ ਨਹੀਂ ਹੁੰਦੀ ਉਥੇ ਹੱਥ ਵਾਲੇ ਪੱਖੇ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਇਕਾਦਸ਼ੀ ਦੇ ਅਵਸਰ ਉਤੇ ਘੜੀ ਅਤੇ ਪੱਖੇ, ਫਲ ਆਦਿ ਦਾਨ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਹਰ ਵਸਤੂ ਦਾ ਹਰ ਕਲਾ ਦਾ ਆਪਣਾ ਆਪਣਾ ਮਹੱਤਵ ਹੁੰਦਾ ਹੈ। ਲੋਕ ਸੰਗੀਤ ਦਾ ਪ੍ਰੇਰਣਾ ਸਰੋਤ ਜਨ ਸਾਧਾਰਣ ਹੈ। ਜਦਕਿ ਸ਼ਾਸਤਰੀ ਸੰਗੀਤ ਨਿਯਮਬੱਧ ਹੈ ਜਿਸ ਦਾ ਇਕ ਸ਼ਾਸਤਰ ਹੈ। ਸ਼ਾਸਤਰੀ ਸੰਗੀਤ ਦੇ ਲਈ ਸ਼ਾਸਤਰ ਦਾ ਗਿਆਨ ਅਤਿਆਵਸ਼ਕ ਹੈ। ਸ਼ਾਸਤਰੀ ਸੰਗੀਤ ਇਕ ਵਿਅਕਤੀ ਵਿਸ਼ੇਸ਼ ਦੀ ਸਾਧਨਾ ਹੈ।

ਸ਼ਾਸਤਰੀ ਸੰਗੀਤ ਅਥਵਾ ਦੂਸਰਾ ਕੋਈ ਵੀ ਸੰਗੀਤ ਕਿਉਂ ਨਾ ਹੋਵੇ ਉਸ ਵਿਚ ਪ੍ਰਯੋਗ ਹੋਣ ਵਾਲੇ ਸੁਰ ਤਾਂ ਉਹੀ ਹੁੰਦੇ ਹਨ ਪਰ ਸੁਰ ਦਾ ਪ੍ਰਯੋਗ ਸ਼ੈਲੀਆਂ ਵਿਚ ਭਿੰਨਤਾ ਉਤਪੰਨ ਕਰ ਦਿੰਦਾ ਹੈ। ਜਿਵੇਂ ਗੰਨੇ

Sri Satguru Jagjit Singh Ji eLibrary NamdhariElibrary@gmail.com

ਤੋਂ ਰਸ ਪ੍ਰਾਪਤ ਹੁੰਦਾ ਹੈ। ਇਸ ਰਸ ਤੋਂ ਗੁੜ, ਸ਼ਕਰ, ਖੰਡ ਆਦਿ ਬਣਾਏ ਜਾਂਦੇ ਹਨ। ਬਸ ਕੇਵਲ ਪ੍ਰਯੋਗ ਦਾ ਹੀ ਅੰਤਰ ਹੈ। ਮਨੁੱਖ ਦਾ ਜੀਵਨ ਸੁੱਖ ਅਤੇ ਦੁੱਖ ਰੂਪੀ ਚੱਕਰ ਦਾ ਇਕ ਸਿਲਸਿਲਾ ਹੈ। ਮਨੁੱਖੀ ਜੀਵਨ ਵਿਚ ਸੁਖਾਤਮਕ ਅਤੇ ਦੁਖਾਤਮਕ ਘਟਨਾਵਾਂ ਘਟਦੀਆਂ ਰਹਿੰਦੀਆਂ ਹਨ। ਇਸੇ ਸੁੱਖ ਦੁੱਖ ਦੀ ਅਨੁਭੂਤੀ ਨੂੰ ਪ੍ਰਗਟ ਕਰਨ ਦੀ ਪ੍ਰਵਿਰਤੀ ਬਣੀ ਰਹਿੰਦੀ ਹੈ। ਪਰ ਸੁੱਖ ਜਾਂ ਦੁੱਖ ਨੂੰ ਕਲਾ ਦੇ ਮਾਧਿਅਮ ਦੁਆਰਾ ਪ੍ਰਗਟ ਕਰਨ ਨਾਲ ਇਕ ਵਿਸੇਸ਼ ਪ੍ਰਕਾਰ ਦੀ ਅਨੁਭੂਤੀ ਹੁੰਦੀ ਹੈ।

ਲੋਕ ਸੰਗੀਤ ਦੀ ਉੱਤਪਤੀ ਕੁਦਰਤੀ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਉਹ ਸੰਗੀਤ ਜੋ ਸਾਧਾਰਨ ਜਨਤਾ ਦੁਆਰਾ ਗਾਇਆ, ਸੁਣਿਆ ਜਾਂ ਪਸੰਦ ਕੀਤਾ ਜਾਂਦਾ ਹੈ ਉਸਨੂੰ ਲੋਕ ਸੰਗੀਤ ਕਹਿੰਦੇ ਹਨ।

ਲੋਕ ਸੰਗੀਤ ਦੀਆਂ ਵਿਸੇਸ਼ਤਾਵਾਂ :-

1. ਲੋਕ ਧੁਨਾ ਆਮ ਤੌਰ ਤੇ 4-5 ਸੁਰਾਂ ਤੇ ਆਧਾਰਿਤ ਹੁੰਦੀਆਂ ਹਨ।
2. ਇਸ ਦੀ ਭਾਸ਼ਾ ਜਨ ਸਾਧਾਰਣ ਦੀ ਆਮ ਵਰਤੋਂ ਵਿਚ ਪ੍ਰਯੋਗ ਹੋਣ ਵਾਲੀ ਹੁੰਦੀ ਹੈ।
3. ਹਰੇਕ ਪ੍ਰਾਂਤ, ਖੇਤਰ, ਦੇਸ਼ ਦੇ ਲੋਕ ਗੀਤ ਉਥੇ ਦੀ ਗ੍ਰਾਮੀਨ ਬੋਲੀ (ਭਾਸ਼ਾ) ਵਿਚ ਹੁੰਦੇ ਹਨ।
4. ਲੋਕ ਸੰਗੀਤ ਲੈਅ ਪ੍ਰਧਾਨ ਹੁੰਦਾ ਹੈ।
5. ਲੋਕ ਸੰਗੀਤ ਵਿਚ ਸਾਜ਼ਾਂ ਦਾ ਪ੍ਰਯੋਗ ਵੀ ਉਸ ਪ੍ਰਾਂਤ ਦੇ ਲੋਕ ਸਾਜ਼ਾਂ ਦਾ ਹੀ ਕੀਤਾ ਜਾਂਦਾ ਹੈ।
6. ਲੋਕ ਸੰਗੀਤ ਦੀਆਂ ਧੁਨਾਂ ਬੜੀਆਂ ਸਰਲ ਅਤੇ ਦਿਲਖਿਚਵੀਆਂ ਹੁੰਦੀਆਂ ਹਨ।
7. ਲੋਕ ਸੰਗੀਤ ਵਿਚ ਰਾਗ ਦਾ ਕੋਈ ਵਿਸੇਸ਼ ਮਹੱਤਵ ਜਾਂ ਦਖਲ ਨਹੀਂ ਹੁੰਦਾ ਪਰ ਅਗਰ ਰਾਗ ਦਾ ਪਾਲਣ ਕਰ ਲਿਆ ਜਾਵੇ ਤਾਂ ਚੰਗਾ ਹੈ।
8. ਲੋਕ ਗੀਤਾਂ ਦੇ ਨਿਰਮਾਣ ਕਰਤਾ ਦਾ ਨਾਮ ਗੀਤ ਵਿਚ ਹੁੰਦਾ ਹੈ।

R.V. William ਦੇ ਅਨੁਸਾਰ : A Folk song is neither new nor old. It is like a forest tree with its roots hurried in the past by which continually part forth new branches, new leaves and new fruits. "

ਲੋਕ ਗੀਤ ਆਪਣੇ ਆਪ ਬਣਦੇ ਜਾਂਦੇ ਹਨ। ਜੀਵਨ ਦੇ ਹਰ ਉਤਸਵ ਨਾਲ ਸਬੰਧਤ ਗੀਤਾਂ ਦੀ ਰਚਨਾ ਆਪ ਮੁਹਾਰੇ ਹੁੰਦੀ ਰਹਿੰਦੀ ਹੈ। ਲੋਕ ਸੰਗੀਤ ਦੀ ਉਤਪਤੀ ਕਰੋੜਾ ਵਰ੍ਹੇ ਪੂਰਵ ਮਾਨਵ ਦੁਆਰਾ ਹੋਈ। ਗੀਤਾਂ ਦੇ ਨਿਰਮਾਣ ਤੋਂ ਬਾਅਦ ਕੁਝ ਖਾਸ ਵਿਅਕਤੀਆਂ ਦੁਆਰਾ ਉਹਨਾਂ ਦੀ ਸੁਰ ਰਚਨਾ ਤਿਆਰ ਕੀਤੀ ਗਈ। ਕੁਝ ਗੀਤਾਂ ਦੀਆਂ ਧੁਨਾਂ ਇੰਨੀਆਂ ਪ੍ਰਭਾਵਸ਼ਾਲੀ ਸਨ, ਜਿਸਨੇ ਕਿਸੇ ਵਿਸ਼ਿਸ਼ਠ ਵਿਅਕਤੀ ਨੂੰ ਪ੍ਰਭਾਵਿਤ ਕੀਤਾ। ਜਿਸਨੇ ਉਸਨੂੰ ਸ਼ਾਸਤਰ ਦਾ ਰੂਪ ਪ੍ਰਦਾਨ ਕਰਕੇ ਉਸਤੇ ਆਧਾਰਿਤ ਸੰਗੀਤ ਦੇ ਵਿਕਸਿਤ ਰੂਪ ਨੂੰ ਸ਼ਾਸਤਰੀ ਸੰਗੀਤ ਦਾ ਨਾਮ ਦਿੱਤਾ। ਸ਼ਾਸਤਰੀ ਸੰਗੀਤ ਨੂੰ ਲੋਕ ਸੰਗੀਤ ਦਾ ਵਿਕਸਿਤ ਰੂਪ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਸਦੀਆਂ ਤੋਂ ਦੋਵੇਂ ਆਪਣੀ ਆਪਣੀ ਨਿਵੇਕਲੀ ਪਹਿਚਾਣ ਬਣਾਈ ਰੱਖ ਕੇ ਚਲੇ ਆ ਰਹੇ ਹਨ। ਜਿਵੇਂ ਕਿਸੇ ਮਜ਼ਦੂਰ ਨੂੰ ਡਾਕਟਰ ਦੀ ਪੋਸ਼ਾਕ ਪਹਿਨਾ ਦਿੱਤੀ ਜਾਵੇ ਅਤੇ ਡਾਕਟਰ ਦੇ ਸਥਾਨ ਤੇ ਵੀ ਬਿਠਾ ਦਿੱਤਾ ਜਾਵੇ। ਵੇਖਣ ਨੂੰ ਤਾਂ ਉਹ ਡਾਕਟਰ ਲਗੇਗਾ ਪਰ ਗੱਲਬਾਤ ਵਿਚ ਉਸਦੇ ਗੁਣ ਪ੍ਰਗਟ ਹੋਣ ਤੋਂ ਨਹੀਂ ਰਹਿਣਗੇ। ਉਸ ਦੀ ਅਸਲੀਅਤ ਛੁਪੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਰਹਿ ਸਕਦੀ। ਜਿਵੇਂ ਸ਼ਹਿਰੀ ਅਤੇ ਪਿੰਡਾ ਦਾ ਕਲਚਰ, ਵੱਖਰਾ ਹੈ ਇਸ ਤਰਾ ਲੋਕ ਸੰਗੀਤ ਅਤੇ ਸ਼ਾਸ਼ਤਰੀ ਸੰਗੀਤ ਵਿਚ ਹੀ ਭੇਦ ਹੈ ਜੋ ਇਕ ਦੂਸਰੇ ਤੋਂ ਵਖਰਾ ਕਰਦੇ ਹਨ।

ਕਈ ਵਿਦਵਾਨਾ ਦਾ ਮਤ ਹੈ ਕਿ ਲੋਕ ਸੰਗੀਤ ਸ਼ਾਸਤਰੀ ਸੰਗੀਤ ਦੀ ਜਨਨੀ ਹੈ। ਕਈ ਰਾਗ ਜਿਵੇਂ ਮੁਲਤਾਨੀ, ਭੂਪਾਲੀ, ਪਹਾੜੀ, ਕਾਫੀ, ਜੰਗਲਾ, ਬਰਵਾ, ਤਿਲੰਗ, ਖਮਾਜ, ਮਾਡ, ਝਿੰਝੋਟੀ, ਤੋੜੀ, ਬੰਗਾਲ ਭੈਰਵ, ਆਸਾ, ਸਿਵਰੰਜਨੀ ਆਦਿ ਲੋਕ ਸੰਗੀਤ ਦੀ ਹੀ ਦੇਣ ਹਨ। ਪਰ ਇਹ ਦਲੀਲ ਸੌ ਫੀਸਦੀ ਸਹੀ ਨਹੀਂ ਕਿਉਂਕਿ ਹਰੇਕ ਲੋਕ ਗੀਤ ਦੀ ਤਰਜ ਵਿਚ ਚਾਰ, ਪੰਜ ਸੁਰ ਜਰੂਰ ਲਗਦੇ ਹੀ ਹਨ ਉਹ ਸੁਰ ਕਿਸੇ ਨਾ ਕਿਸੇ ਰਾਗ ਵਿਚ ਪ੍ਰਯੋਗ ਹੁੰਦੇ ਹੀ ਹਨ ਲੋਕ ਗੀਤਾਂ ਵਿਚ ਗ੍ਰਾਮੀਨ ਜਨਤਾ ਦੀ ਨਿਤਪ੍ਰਤੀ ਦੀਆਂ ਕ੍ਰਿਆਵਾ ਦਾ ਵਰਨਣ ਹੁੰਦਾ ਹੈ। ਜਿਵੇਂ ਖੂਹ ਤੋਂ ਪਾਣੀ ਭਰਨਾਂ, ਚਰਖਾ ਕਤਨਾ, ਫਸਲ ਕਟਨੀ ਜਾਂ ਬੀਜਨੀ, ਹਲ ਵਾਹੁਣਾ, ਵਿਆਹ ਸ਼ਾਦੀ ਦੇ ਗੀਤ, ਸ਼ਗਨ, ਗਾਨਾ, ਘੋੜੀ, ਬਰਾਤ ਦੀ ਮਿਲਨੀ, ਸਿਠਣੀਆ, ਸੁਹਾਗ, ਡੋਲੀ ਵਿਦਾਈ ਦੇ ਗੀਤਾ ਆਦਿ ਦਾ ਉਲੇਖ ਹੁੰਦਾ ਹੈ।

ਸਿੱਖਿਆ ਖੇਤਰ ਵਿਚ ਲੋਕ ਗੀਤਾਂ ਦਾ ਯੋਗਦਾਨ :-

1. ਲੋਕ ਗੀਤਾ ਦੁਆਰਾ ਫਸਲਾ ਦਾ ਗਿਆਨ ਜਿਵੇਂ ਮੱਕੀ, ਬਾਜਰਾ, ਕਣਕ, ਕਪਾਹ, ਜਵਾਰ, ਗੰਨਾ, ਗਵਾਰਾ, ਜੌ, ਛੋਲੇ, ਸਰੋਂ ਸਾਗ ਆਦਿ।
2. **ਫਲਾਂ ਦਾ ਗਿਆਨ** :- ਅੰਬ, ਕੇਲਾ, ਸੰਤਰਾ, ਜਾਮਨ, ਅਨਾਰ, ਸੇਬ, ਖਜੂਰ, ਆੜੂ, ਬੇਰ, ਪੀਲੂ।
3. **ਰੁਖਾਂ ਦਾ ਗਿਆਨ** :- ਟਾਹਲੀ, ਕਿੱਕਰ, ਬੋਹੜ, ਸ਼ਰੀਂਹ, ਪਿੱਪਲ, ਚੀਲ, ਦਿਆਰ, ਸਰੂ, ਚਿਨਾਰ, ਕਦਮ, ਜੰਡ, ਕਰੀਰ, ਤੂਤ (ਸ਼ਤੂਤ) ਬੇਰੀ।
4. ਪੰਛੀਆ ਦਾ ਲੋਕ ਗੀਤਾ ਵਿਚ ਬੜਾ ਵਰਨਣ ਹੁੰਦਾ ਹੈ। ਤੋਤਾ, ਮੈਨਾ, ਬਾਜ, ਚਿੜੀ, ਕਾਂ, ਕੋਇਲ, ਪਪੀਹਾ, ਇੱਲ, ਗਰੁੜ, ਲਾਲੀ ,ਉਲੂ, ਮੋਰ, ਕਬੂਤਰ, ਕੁੱਕੜ ਆਦਿ।
5. **ਜਾਨਵਰਾਂ ਦਾ ਗਿਆਨ** :- ਗਾਂ, ਮੱਝ, ਘੋੜਾ, ਹਾਥੀ, ਸ਼ੇਰ, ਗਿੱਦੜ, ਬੰਦਰ, ਊਠ, ਲੂੰਬੜ, ਕੁੱਤਾ, ਬਕਰਾ, ਭੇਡ, ਹਿਰਣ, ਸੂਅਰ, ਬਕਰੀ ਆਦਿ।
6. **ਵਸਤਰਾਂ ਅਤੇ ਸ਼ਸਤਰਾਂ ਦਾ ਵਰਨਣ** :- ਫੁਲਕਾਰੀ, ਚੁੰਨੀ, ਫੜੂਹੀ, ਚਾਦਰਾ, ਦਸਤਾਰ, ਘੱਘਰਾ, ਤਿਲੇਵਾਲੀ ਜੁਤੀ, ਸਲਵਾਰ, ਕਮੀਜ, ਕੁਰਤਾ, ਕੁਰਤੀ ਆਦਿ। ਸ਼ਸਤਰਾਂ ਵਿਚ ਤੀਰ, ਕਮਾਨ, ਤਲਵਾਰ, ਢਾਲ, ਤਰਕਸ਼, ਗੁਲੇਲ, ਖੰਜਰ, ਨੇਜਾ ਢਾਲਾਂ, ਖੰਡਾ, ਚਕਰ ਲੱਠ ਆਦਿ।
7. **ਗਹਿਣੇ** :- ਗਹਿਣਿਆ ਦਾ ਮਨੁੱਖੀ ਜੀਵਨ ਵਿਚ ਯੁਗਾਂ ਤੋਂ ਪ੍ਰਚਲਨ ਹੈ। ਇਸਤਰੀਆਂ ਨੂੰ ਗਹਿਣੀਆਂ ਨਾਲ ਅਧਿਕ ਸਨੇਹ ਹੁੰਦਾ ਹੈ। ਨਾਰੀ ਦੇ ਸ਼ਿੰਗਾਰ ਲਈ ਗਹਿਣੇ ਇਕ ਮਹੱਤਵਪੂਰਨ ਸਥਾਨ ਰੱਖਦੇ ਹਨ ਇਸਤਰੀ ਅਤੇ ਪੁਰਸ਼ਾ ਲਈ ਗਹਿਣੇ ਵੱਖ-ਵੱਖ ਹੁੰਦੇ ਹਨ ਪਰ ਨਾਰੀਆਂ ਦੇ ਗਿਹਣੇ ਵਧੇਰੇ ਅਤੇ ਹਰ ਅੰਗ ਲਈ ਹੁੰਦੇ ਹਨ। ਗਹਿਣਿਆਂ ਦੀ ਸੰਖਿਆ ਬਹੁਤ ਅਧਿਕ ਹੁੰਦੀ ਹੈ। ਇਹਨਾਂ ਦੀ ਘਾੜਤ ਸਮੇਂ ਦੇ ਨਾਲ ਬਦਲਦੀ ਰਹਿੰਦੀ ਹੈ। ਹਾਰ-ਸ਼ਿੰਗਾਰ ਇਸਤਰੀ ਜੀਵਨ ਦਾ ਇਕ ਪ੍ਰਮੁੱਖ ਅੰਗ ਹੈ। ਸ਼ਾਸਤਰਾ ਵਿਚ ਵੀ ਨਾਰੀ ਦੇ ਸੋਹਲਾ (ਸ਼ਿੰਗਾਰ) ਦਾ ਉਲੇਖ ਪ੍ਰਾਪਤ ਹੁੰਦਾ ਹੈ। ਲੋਕ ਗੀਤਾਂ ਵਿਚ ਵੀ ਇਹਨਾ ਗਹਿਣਿਆਂ ਦਾ ਵਰਨਣ ਕੀਤਾ ਜਾਣਾ ਸੁਭਾਵਿਕ ਲੋੜੀਦਾ ਅਤੇ ਢੁਕਵਾ ਅੰਸ਼ ਪ੍ਰਤੀਤ ਹੁੰਦਾ ਹੈ। ਕਿਸੇ ਦੇ ਸ਼ਿੰਗਾਰ ਦਾ ਵਰਨਣ ਕਰਦੇ ਹੋਏ ਉਸਦੇ ਸਹਜ ਨੂੰ

Sri Satguru Jagjit Singh Ji eLibrary NamdhariElibrary@gmail.com

ਵਧਾਉਣ ਵਾਲੇ ਗਹਿਣਿਆਂ ਦਾ ਵਰਨਣ ਅਤੀ ਜਰੂਰੀ ਹੈ। ਮਨੁੱਖ ਤਾਂ ਮਨੁੱਖ, ਪਸ਼ੂਆਂ ਨੂੰ ਸਜਾਉਣ ਲਈ ਵੀ ਗਹਿਣੇ ਵਰਤੇ ਜਾਂਦੇ ਹਨ। ਗਹਿਣੇ ਜਿਵੇਂ :- ਨੱਥ, ਕੋਕਾ, ਲੌਂਗ, ਚੂੜੀ, ਛੱਲਾ, ਟਿੱਕਾ, ਹਸਲੀ, ਬਾਜੂਬੰਦ, ਪਾਜੇਬ, ਹਾਰ, ਮੁੰਦਰੀ, ਕਲਿਪ, ਬੁੰਦੇ, ਕਾਟੇ, ਵਾਲੀਆਂ, ਨੌ ਲੱਖਾਂ ਹਾਰ, ਚੈਨੀ, ਪੋਂਡਲ, ਕੜਾ, ਚੂੜਾ, ਗਾਨੀ, ਤਵੀਤ, ਕਲੀਰਾ, ਕਲੀਚੜੀ, ਫੁਲ, ਗੋਖਰੂ, ਆਦਿ।

8. **ਫੁਲਾਂ ਦਾ ਵਰਨਣ** :- ਗੁਲਾਬ, ਕਲੀ, ਗੇਂਦਾ, ਚਮੇਲੀ, ਸੂਰਜਮੁਖੀ, ਸਰੋਂ, ਰਾਤ ਦੀ ਰਾਣੀ।
9. **ਫਰਨੀਚਰ** :- ਪਲੰਗ, ਪੀੜ੍ਹਾ, ਚੌਕੀ, ਮੰਜੀ, ਤਖਤਪੋਸ਼, ਸੰਦੂਕ, ਭੜੋਲੀ, ਚੌਗੋਰ, ਪੱਖੀ, ਸਰਪੋਸ, ਛਿਕੂ, ਮੂੜ੍ਹਾ, ਆਦਿ।
10. **ਰਿਸ਼ਤੇ-ਨਾਤੇ** :- ਮਾਂ, ਸੱਸ, ਸਹੁਰਾ, ਬਾਬੁਲ (ਪਿਤਾ) ਭਰਾ, ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ, ਧੀ, ਪੁੱਤਰ, ਦੇਵਰ, ਜੇਠ, ਦਰਾਨੀ, ਜਠਾਣੀ, ਨਨਾਣ, ਭਰਜਾਈ, ਮਾਮਾ, ਮਾਸੀ, ਚਾਚਾ, ਚਾਚੀ, ਦਾਦਾ, ਦਾਦੀ, ਨਾਨਾ, ਨਾਨੀ, ਤਾਇਆ, ਤਾਈ, ਮਾਸੀ, ਭੂਆ, ਮਿੱਤਰ, ਸਤਰੂ, ਗੁਵਾਂਡ, ਲਾਗੀ, ਚਾਕਰ ਆਦਿ।
11. **ਧਾਰਮਿਕ ਆਗੂ** :- ਕਈ ਲੋਕ ਗੀਤਾਂ ਵਿਚ ਦੇਸ਼ ਦੇ ਮਹਾਨ ਸ਼ਹੀਦ, ਧਾਰਮਿਕ, ਗੁਰੂ, ਪੀਰ, ਫਕੀਰ, ਧਾਰਮਕ ਸਥਾਨ, ਘਟਨਾਵਾਂ ਅਤੇ ਵਿਅਕਤੀਗਤ ਗੁਣਾਂ ਦੀ ਚਰਚਾ ਹੁੰਦੀ ਹੈ ਜਿਸਤੋਂ ਮਹਾਨ ਵਿਅਕਤੀ ਦੇ ਜੀਵਨ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਮਹਾਨ ਅਤੇ ਪਵਿੱਤਰ ਆਤਮਾਵਾਂ ਦੀ ਸਿੱਖਿਆਵਾਂ ਤੋਂ ਸਾਧਾਰਣ ਮਨੁੱਖ ਨੂੰ ਜੀਵਨ ਦੀ ਅਸਲੀਅਤ ਦਾ ਪਤਾ ਲਗਦਾ ਹੈ। ਪ੍ਰਮਾਤਮਾਂ ਦੀ ਹੋਂਦ ਵਿਚ ਵਿਸ਼ਵਾਸ ਅਤੇ ਇਕ ਚੰਗਾ ਨਾਗਰਿਕ ਬਨਣ ਦੀ ਪ੍ਰੇਰਣਾ ਪ੍ਰਾਪਤ ਹੁੰਦੀ ਹੈ। ਧਾਰਮਿਕ ਗੀਤ ਮਨੁੱਖੀ ਨਿਆਰ ਅਤੇ ਮਨੁਖਤਾ ਦਾ ਸੰਦੇਸ਼ ਦਿੰਦੇ ਹਨ। ਮਨੁੱਖ ਵਿਚ ਪ੍ਰੇਮ, ਪਿਆਰ, ਸੇਵਾ ਦਾ ਭਾਵ ਉਤਪੰਨ ਕਰਦੇ ਹਨ ਕਿਉਂਕਿ ਧਾਰਮਿਕ ਆਗੂ ਵਧੇਰੇ ਕਰਕੇ ਇਹੀ ਸਿੱਖਿਆ ਦਿੰਦੇ ਹਨ। ਜਿਸ ਨਾਲ ਮਨੁੱਖ ਦੀ ਅਧਿਆਤਮਿਕ ਉਨਤੀ ਹੁੰਦੀ ਹੈ।
12. **ਬਰਤਨ-ਭਾਂਡੇ ਆਦਿ** :- ਲੋਕ ਗੀਤਾਂ ਵਿਚ ਛੰਨਾ, ਕੌਲੀ, ਗਲਾਸ, ਚਾਟੀ, ਮਧਾਣੀ, ਪ੍ਰਾਂਤ, ਥਾਲੀ, ਗਾਗਰ, ਗੜਵੀ, ਚਿਮਟਾ, ਕੁੱਪਾ, ਘੜਾ ਆਦਿ ਘਰਾਂ ਵਿਚ ਆਮ ਵਰਤਨ ਵਾਲੇ ਭਾਂਡਿਆਂ ਦਾ ਵੀ ਲੋੜ ਅਨੁਸਾਰ ਪ੍ਰਯੋਗ ਕੀਤਾ ਜਾਂਦਾ ਹੈ।
13. **ਦੇਸ਼ ਪ੍ਰੇਮ** :- ਲੋਕ ਗੀਤ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਹਨ ਬਲਕਿ ਮੁਰਦਾ ਕੌਮ ਵਿਚ ਜਾਨ ਪਾਉਣ ਦਾ ਕੰਮ ਕਰਦੇ ਹਨ। ਦੇਸ਼ ਦੇ ਇਤਿਹਾਸ ਨੂੰ ਅਨਪੜ੍ਹ ਲੋਕਾਂ ਤੱਕ ਵੀ ਪਹੁੰਚਾ ਦਿੰਦੇ ਹਨ। ਜਿਹੜੀਆਂ ਕੁਰਬਾਨੀਆਂ ਇਕ ਪੜ੍ਹਿਆ ਲਿਖਿਆ ਵਿਅਕਤੀ ਭੁੱਲ ਜਾਂਦਾ ਹੈ। ਲੋਕ ਗੀਤ ਉਨ੍ਹਾਂ ਵਿਸੇਸ਼ ਘਟਨਾਵਾਂ ਨੂੰ ਅਮਰ ਕਰ ਦਿੰਦੇ ਹਨ। ਲੋਕਾਂ ਵਿਚ ਆਪਣੇ ਦੇਸ਼ ਲਈ ਪਿਆਰ ਦਾ ਜਜ਼ਬਾ ਪੈਦਾ ਕਰਦੇ ਹਨ। ਕਈ ਸ਼ਹੀਦਾਂ ਦੀਆਂ ਘੋੜੀਆਂ ਵੀ ਗਾਈਆ ਜਾਂਦੀਆ ਹਨ।
14. **ਮਨੋਰੰਜਨ** :- ਲੋਕ ਗੀਤ ਸਿੱਖਿਆ ਨੂੰ ਸਰਲ ਅਤੇ ਦਿਲਕਸ਼ ਬਣਾਉਣ ਵਿਚ ਸਹਾਇਕ ਹੁੰਦੇ ਹਨ। ਲੋਕ ਗੀਤ ਮਨੋਰੰਜਨ ਦਾ ਇਕ ਵੱਡਾ ਸਾਧਨ ਹਨ। ਸਵੇਰ ਤੋਂ ਸ਼ਾਮ ਤੱਕ ਮਨੁੱਖ ਕਿਸੇ ਨਾਂ ਕਿਸੇ ਰੁਝੇਵੇ ਵਿਚ ਗਰਸਿਆ ਰਹਿੰਦਾ ਹੈ। ਰਾਤ ਨੂੰ ਉਹ ਲੋਕਾਂ ਗੀਤਾਂ, ਲੋਕ ਗਾਥਾਵਾਂ ਦੁਆਰਾ ਆਪਣੀ ਥਕਾਵਟ ਦੂਰ ਕਰਦਾ ਹੈ। ਲੋਕ ਗੀਤਾਂ ਦੀਆਂ ਸਭਾਵਾਂ ਆਮ ਹੁੰਦੀਆਂ ਹਨ। ਜਿਸਦਾ ਆਨੰਦ ਹਰ ਤਬਕੇ ਦਾ ਵਿਅਕਤੀ ਉਠਾਉਂਦਾ ਹੈ। ਇਸ ਦੇ ਵਿਪਰੀਤ ਗਜ਼ਲ, ਠੁਮਰੀ ਜਾਂ

Sri Satguru Jagjit Singh Ji eLibrary NamdhariElibrary@gmail.com

ਸ਼ਾਸ਼ਤਰੀ ਸੰਗੀਤ ਦਾ ਲੁਤਫ ਕੇਵਲ ਉਚੇਰੀ ਰੁਚੀਆ ਵਾਲੇ ਹੀ ਮਾਣਦੇ ਹਨ। ਸਕੂਲ ਕਾਲਜ ਜਾਦੇ ਵਿਦਿਆਰਥੀ ਲੋਕ ਸੰਗੀਤ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਨ। ਸਕੂਲੀ ਸਿੱਖਿਆ ਦੇ ਨਾਲ ਨਾਲ ਉਹਨਾਂ ਦਾ ਮਨੋਰੰਜਨ ਵੀ ਹੁੰਦਾ ਰਹਿੰਦਾ ਹੈ। ਇਸ ਦੇ ਨਾਲ ਉਹਨਾਂ ਦਾ ਮਾਨਸਿਕ, ਸੰਸਕ੍ਰਿਤਕ, ਅਧਿਆਤਮਿਕ, ਸਮਾਜਿਕ ਅਤੇ ਸੁਹਜ-ਸਵਾਦ (ਐਸਥੈਟਿਕਸ) ਵਿਕਾਸ ਵੀ ਹੁੰਦਾ ਰਹਿੰਦਾ ਹੈ। ਅਧਿਆਤਮਿਕ ਵਿਕਾਸ ਤੋਂ ਬਿਨਾਂ ਮਨੁੱਖ ਅਧੂਰਾ ਰਹਿੰਦਾ ਹੈ ਅਤੇ ਉਸ ਦਾ ਮਨ ਭਟਕਦਾ ਹੀ ਰਹਿੰਦਾ ਹੈ। ਮਾਨਸਿਕ ਸ਼ਾਤੀ ਲਈ ਅਧਿਆਤਮਿਕ ਵਿਕਾਸ ਵੱਲ ਧਿਆਨ ਦੇਣਾ ਉਨਾਂ ਹੀ ਜਰੂਰੀ ਹੈ ਜਿੰਨਾ ਹੋਰ ਪੱਖਾਂ ਦੇ ਵਿਕਾਸ ਲਈ। ਜੀਵਨ ਵਿਚ ਮੰਨੋਰਜਨ ਬੜਾ ਲਾਹੇਵੰਦ ਅਤੇ ਜਰੂਰੀ ਹੈ। ਮਨੁੱਖੀ ਸਹਿਤ ਲਈ ਮਨੋਰੰਜਨ ਦੁਆਰਾ ਆਨੰਦ ਮਾਣਨਾਂ ਇਕ ਸੁਆਦਲੇ ਭੋਜਨ ਦੇ ਬਰਾਬਰ ਹੈ। ਮਨੋਰੰਜਨ ਮਨੁੱਖ ਨੂੰ ਨਿਰੋਗੀ ਬਣਾਉਂਦਾ ਹੈ। ਬੇਤੁਕੀਆਂ ਸੋਚਾਂ ਤੋਂ ਮੁਕਤ ਕਰਦਾ ਹੈ।

15. ਕਿਸੇ ਵੀ ਵਿਸੇ ਨੂੰ ਸਰਲ ਢੰਗ ਨਾਲ ਲੋਕ ਗੀਤਾ ਦੇ ਮਾਧਿਅਮ ਦੁਆਰਾ ਪੜ੍ਹਾਇਆ, ਸਿਖਾਇਆ ਜਾ ਸਕਦਾ ਹੈ।
16. ਕਿਸੇ ਵੀ ਦੇਸ਼ ਦੀ ਸੰਸਕਰਿਤੀ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਉਂਣ ਦਾ ਲੋਕ ਸੰਗੀਤ ਇਕ ਪ੍ਰਮੁੱਖ ਸਾਧਨ ਹੈ।

ਲੋਕ ਸੰਗੀਤ ਦੀਆਂ ਵਿਸੇਸ਼ਤਾਵਾਂ :-

1. ਲੋਕ ਸੰਗੀਤ ਸ਼ਬਦ ਪ੍ਰਧਾਨ ਹੁੰਦਾ ਹੈ।
2. ਰਾਗਦਾਰੀ ਇਸ ਵਿਚ ਜ਼ਰੂਰੀ ਨਹੀਂ, ਪਰ ਕਵਿਤਾ ਦਾ ਤਾਲਮਈ, ਭਾਵ ਪੂਰਣ ਹੋਣਾਂ ਜਰੂਰੀ ਹੈ।
3. ਲੋਕ ਗੀਤਾਂ ਦੀ ਧੁਨ ਤਿੰਨਾਂ ਸਪਤਕਾਂ ਵਿਚ ਗਾਈ ਜਾ ਸਕਦੀ ਹੈ ਪਰ ਜ਼ਿਆਦਾਤਰ ਇਹ ਇਕ ਵਿਸੇਸ਼ ਸੁਰ ਸਮੂਹ ਤੇ ਹੀ ਬਾਰ-ਬਾਰ ਘੁੰਮਦੀ ਹੈ।
4. ਲੋਕ ਗੀਤਾਂ ਦੀ ਕਵਿਤਾ 2,4,6,8,10,12 ਪੰਕਤੀਆਂ ਦੀ ਹੁੰਦੀ ਹੈ। ਇਕ ਲਾਈਨ ਦੀ ਧੁਨ ਵੱਖ ਹੁੰਦੀ ਹੈ ਅਤੇ ਉਸਦੇ ਬਾਅਦ ਫਿਰ ਮੁੱਖ ਪੰਕਤੀ ਤੇ ਆ ਜਾਣਾ ਹੁੰਦਾ ਹੈ। ਕਦੇ-ਕਦੇ ਉਚੇ ਸੁਰ ਵਿਚ ਗਾਉਂਣ ਤੋਂ ਬਾਅਦ ਫਿਰ ਨੀਚੇ ਦੇ ਸੁਰਾਂ ਵਿਚ ਆ ਮਿਲਣਾ ਹੁੰਦਾ ਹੈ।
5. ਲੋਕਾਂ ਗੀਤਾਂ ਵਿਚ ਕਿਸੇ ਸੁਰ ਵਿਸੇਸ਼ ਜਾਂ ਰਾਗ ਵਿਸੇਸ਼ ਦਾ ਕੋਈ ਮਹੱਤਵ ਨਹੀਂ ਹੁੰਦਾ।
6. ਲੋਕ ਗੀਤਾਂ ਵਿਚ ਸਮੇਂ ਦੀ ਕੋਈ ਪਾਬੰਦੀ ਨਹੀਂ ਜਿਸ ਤਰਾਂ ਹਰ ਰਾਗ ਦੇ ਗਾਉਂਣ-ਬਜਾਉਂਣ ਇਕ ਖਾਸ ਸਮਾਂ ਮੁਕਰਰ ਹੁੰਦਾ ਹੈ। ਲੋਕ ਗੀਤਾਂ ਵਿਚ ਅਜਿਹੀ ਕੋਈ ਪਾਬੰਦੀ ਨਹੀਂ। ਲੋਕ ਗੀਤ ਅਵਸਰ ਦੇ ਅਨੁਸਾਰ ਗਾਏ ਜਾਂਦੇ ਹਨ।

ਲੋਕ ਗੀਤ ਗਾਉਂਣ ਦੇ ਢੰਗ :- ਲੋਕ ਗੀਤ ਆਮ ਤੌਰ ਤੇ ਵਿਅਕਤੀਗਤ, ਦੋਗਾਣਾ (ਸਵਾਲ, ਜਵਾਬ) ਸਮੂਹ ਗਾਨ ਦੇ ਰੂਪ ਵਿਚ ਹੁੰਦੇ ਹਨ। ਪੁਰਸ਼ਾਂ ਦੇ ਅਤੇ ਇਸਤਰੀਆਂ ਦੇ ਗੀਤ ਵੱਖ-ਵੱਖ ਹੁੰਦੇ ਹਨ। ਇਸਤਰੀ ਪੁਰਸ਼ ਦੇ ਸਹਿਗਾਨ ਸਵਾਲ ਜਵਾਬ ਦੇ ਰੂਪ ਵਿਚ ਵੀ ਹੁੰਦੇ ਹਨ। ਕੁਝ ਗੀਤਾਂ ਨੂੰ ਇਕ ਵਿਅਕਤੀ ਗਾਉਂਦਾ ਹੈ ਤੇ ਦੂਸਰੇ ਉਸ ਦੁਆਰਾ ਗਾਈ ਪੰਕਤੀ ਨੂੰ ਦੁਹਰਾਦੇ ਹਨ। ਕਈ ਗੀਤ ਇਕ ਸਾਥ ਹੀ ਗਾਏ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਲੋਕ ਗੀਤਾਂ ਦੇ ਪ੍ਰਕਾਰ :- ਭਾਰਤ ਵਿਚ ਅਨੇਕਾਂ ਪ੍ਰਾਂਤ ਹਨ। ਇਕ-ਇਕ ਪ੍ਰਾਂਤ ਵਿਚ ਕਈ ਬੋਲੀਆ ਬੋਲੀਆ ਜਾਂਦੀਆਂ ਹਨ। ਹਰੇਕ ਬੋਲੀ ਬੋਲਣ ਵਾਲੇ ਸਮਾਜ ਦੇ ਵੱਖ-ਵੱਖ ਰੀਤੀ ਰਿਵਾਜ ਹੁੰਦੇ ਹਨ। ਜਨਮ, ਨਾਮ, ਮੁੰਡਨ, ਵਿਆਹ, ਮੋਤ, ਅਤੇ ਇਸ ਤੋਂ ਬਾਅਦ ਦੇ ਸੰਸਕਾਰਾਂ ਨਾਲ ਜੁੜੇ ਲੋਕ ਗੀਤ ਆਪਣੇ ਆਪਣੇ ਸਮਾਜ ਵਿਚ ਪ੍ਰਚਲਿਤ ਹੁੰਦੇ ਹਨ। ਸਮਾਜਿਕ, ਰਾਜਨੀਤਿਕ, ਧਾਰਮਿਕ ਉਤਸਵਾਂ ਨਾਲ ਜੁੜੇ ਲੋਕ ਗੀਤ, ਵੀਰਾਂ, ਬਲਵਾਨਾਂ, ਅਤੇ ਸੁਰਬੀਰਾਂ, ਆਸ਼ਕਾਂ ਦੇ ਕਿੱਸੇ ਲੋਕ ਗੀਤਾਂ ਰਾਂਹੀ ਜਨ ਸਾਧਾਰਣ ਦੇ ਮਨੋਰੰਜਨ ਅਤੇ ਗਿਆਨ ਵਿਚ ਵਾਧਾਂ ਹੁੰਦਾ ਹੈ। ਹਰੇਕ ਗੀਤ ਸ਼ੈਲੀ ਦੇ ਗਾਨ ਦਾ ਢੰਗ ਅੱਲਗ ਹੁੰਦਾ ਹੈ। ਕਈ ਲੋਕ ਗੀਤ ਆਪਣੀ ਨਵੇਕਲੀ ਪਹਿਚਾਨ ਰਖਦੇ ਸਨ ਅਤੇ ਉਹ ਕਿਸੇ ਵਿਸ਼ੇਸ਼ ਨਾਮ ਨਾਲ ਸੰਬੋਧਨ ਕੀਤੇ ਜਾਂਦੇ ਹਨ। ਜਿਵੇਂ :- ਹੀਰ, ਮਿਰਜ਼ਾ, ਸੱਸੀ ਪੁੰਨੂ, ਜੱਗਾ, ਪੂਰਣਭਗਤ, (ਪੂਰਣ) ਰਾਜਾ ਰਸਾਲੂ, ਜੁਗਨੀ, ਮਾਹੀਆ, ਪਹਾੜੀ ਕਜਰੀ, ਚੈਤੀ, ਆਲਾ-ਉਦਲ, ਲਾਵਣੀ, ਬੈਂਡ, ਬੋਲੀਆਂ, ਟੱਪਾ, ਸਿਠਣੀਆਂ, ਘੋੜੀ, ਲੋਰੀ ਆਦਿ।

ਲੋਕ ਗੀਤ ਦਾ ਮਹੱਤਵ :- ਭਾਰਤ 1947 ਈਸਵੀ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਇਸ ਤੋਂ ਪਹਿਲਾਂ ਇਥੇ ਅੰਗਰੇਜਾਂ ਦਾ ਸ਼ਾਸਨ ਸੀ। ਭਾਰਤ ਦੀ ਬਹੁਤੀ ਜਨ ਸੰਖਿਆ ਪਿੰਡਾਂ ਵਿਚ ਵਸਦੀ ਹੈ। ਅੰਗਰੇਜ਼ਾਂ ਨੇ ਭਾਰਤ ਦੀ ਸੰਸਕਰਿਤੀ ਨੂੰ ਪਰਫੁਲਤ ਕਰਨ ਲਈ ਕੋਈ ਯੋਗਦਾਨ ਨਹੀਂ ਪਾਇਆ, ਕਿਉਂਕਿ ਉਹਨਾਂ ਦਾ ਮੁੱਖ ਉਦੇਸ਼ ਭਾਰਤ ਤੇ ਰਾਜ ਕਰਨਾ ਅਤੇ ਆਪਣੇ ਦੇਸ਼ ਨੂੰ ਵਧੇਰੇ ਅਮੀਰ ਬਣਾਉਣਾ ਸੀ। ਭਾਰਤ ਦੀ ਅਜ਼ਾਦੀ ਤੋਂ ਬਾਅਦ ਸਾਡੇ ਸਿੱਖਿਆ ਸ਼ਾਸਤਰੀ ਦਾ ਧਿਆਨ ਸੰਗੀਤ ਕਲਾ ਵੱਲ ਵੀ ਗਿਆ। ਇਸ ਕਲਾ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਕਲਾ ਨੂੰ ਇਕ ਵਿਸ਼ੇ ਦੇ ਰੂਪ ਵਿਚ ਪ੍ਰਵਾਨ ਕੀਤਾ ਅਤੇ ਲੋਕ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਉਪਰਾਲਾ ਵੀ ਕੀਤਾ। ਅੱਜ ਭਾਰਤ ਦੇ ਲੋਕ ਕਲਾਕਾਰ ਦੂਜੇ ਦੇਸ਼ਾਂ ਵਿਚ ਭਾਰਤ ਦਰਸ਼ਨ ਮੇਲਿਆਂ ਵਿਚ ਭੇਜੇ ਜਾਂਦੇ ਹਨ, ਜਿੱਥੇ ਉਹ ਨਾਮ ਤੇ ਯਸ਼ ਪ੍ਰਾਪਤ ਕਰਦੇ ਹਨ ਉਥੇ ਉਹ ਆਪਣੇ ਦੇਸ਼ ਦੀ ਸੰਸਕ੍ਰਿਤੀ ਨੂੰ ਵਿਦੇਸ਼ਾਂ ਤੱਕ ਪਹੁੰਚਾ ਰਹੇ ਹਨ। 26 ਜਨਵਰੀ ਨੂੰ ਹਰ ਸਾਲ ਦਿੱਲੀ ਵਿਖੇ ਇੰਡਿਆ ਗੇਟ ਤੇ ਭਾਰਤ ਦੇ ਲੋਕਨਾਚਾਂ ਦਾ ਪ੍ਰਦਰਸ਼ਨ ਇਕ ਵਿਸ਼ਾਲ ਜਨ ਸਮੂਹ ਦੇ ਸਾਹਮਣੇ ਕੀਤਾ ਜਾਂਦਾ ਹੈ। ਜਿਸ ਦਾ ਆਨੰਦ ਮਾਨਣ ਲਈ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਲੋਕ ਪੁੱਜਦੇ ਹਨ। ਇਹ ਪ੍ਰੰਪਰਾ ਕਾਇਮ ਕਰਨ ਦਾ ਸਿਹਰਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੇ ਸਿਰ ਬੱਝਦਾ ਹੈ।

ਲੋਕ ਸੰਗੀਤ ਮਨੁੱਖੀ ਭਾਵਾਂ ਨੂੰ ਪ੍ਰਗਟਾਉਂਣ ਦਾ ਇਕ ਵਧੀਆਂ ਸਾਧਨ ਹੈ ਲੋਕ ਗੀਤਾਂ ਦੁਆਰਾ ਇਕ ਵਿਦਿਆਰਥੀ ਆਪਣੇ ਭਾਵਾਂ ਨੂੰ ਵਿਅਕਤ ਕਰਦਾ ਹੈ ਅਤੇ ਆਪਣੇ ਅੰਦਰ ਛੁਪੀ ਹੋਈ ਕਲਾ ਤੇ ਪ੍ਰਤਿਭਾ ਦਾ ਵਿਕਾਸ ਵੀ ਕਰਦਾ ਹੈ।

ਲੋਕ ਸੰਗੀਤ ਵਿਦਿਆਰਥੀਆਂ ਦੀ ਸ਼ਰਵਣ ਸ਼ਕਤੀ ਨੂੰ ਵਿਕਸਿਤ ਕਰਦਾ ਹੈ। ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਆਪਣੀ ਸੰਸਕਰਿਤੀ ਪਹੁੰਚਾਉਂਣ ਦਾ ਇਕ ਸਰਲ, ਸਿੱਧਾ ਅਤੇ ਪ੍ਰਭਾਵਸ਼ਾਲੀ ਰਸਤਾ ਹੈ। ਲੋਕ ਗੀਤਾਂ ਦੁਆਰਾ ਸਿੱਖਿਆ ਸੁਖਾਲੀ, ਮਨੋਰੰਜਕ ਬਣਾਈ ਜਾ ਸਕਦੀ ਹੈ। ਲੋਕ ਗੀਤ ਜਨ ਸਮੂਹ ਵਿਚ ਕਿਸੇ ਵਿਚਾਰ, ਸਕੀਮ, ਵਿਊਪਾਰ, ਪ੍ਰਚਾਰ ਲਈ ਸਹਾਇਕ ਅਤੇ ਪ੍ਰੇਰਣਾਂ ਦਾਇਕ ਹੁੰਦੇ ਹਨ। ਲੋਕ ਗੀਤਾਂ ਦੁਆਰਾ ਕਿਸੇ ਦੇਸ਼ ਦਾ ਇਤਿਹਾਸ, ਭੂਗੋਲ, ਸਮਾਜਿਕ ਅਥਵਾ ਆਰਥਿਕ, ਸਥਿਤੀ ਨੂੰ ਆਸਾਨੀ ਨਾਲ ਦੇਸ਼ ਵਾਸੀਆਂ ਤੱਕ ਪਹੁੰਚਾਇਆ ਜਾ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਿੱਖਿਆ ਖੇਤਰ ਵਿਚ ਲੋਕ ਸੰਗੀਤ ਨੂੰ ਵਧੇਰੇ ਮਹੱਤਵ ਦੇਣ ਬਾਰੇ ਕੁਝ ਵਿਚਾਰ

1. ਸ਼ਾਸਤਰੀ ਸੰਗੀਤ ਦੇ ਨਾਲ-ਨਾਲ ਉਹਨਾਂ ਦੇ ਕੋਰਸ ਵਿਚ ਲੋਕ ਸੰਗੀਤ ਵੀ ਇਕ ਹਿੱਸਾ ਹੋਣਾ ਚਾਹੀਦਾ ਹੈ।
2. ਰਾਸ਼ਟਰੀ ਭਾਵਨਾਂ ਉਜਾਗਰ ਕਰਨ ਲਈ ਪ੍ਰਾਇਮਾਰੀ ਅਤੇ ਸਕੈਂਡਰੀ ਦੇ ਵਿਦਿਆਰਥੀਆਂ ਨੂੰ ਦੇਸ਼ ਪ੍ਰੇਮ ਦੇ ਲੋਕ ਗੀਤ ਸਿਖਾਉਣੇ ਚਾਹੀਦੇ ਹਨ।
3. ਲੋਕ ਗੀਤਾਂ ਦੀ ਰਿਕਾਰਡਿੰਗ ਕਰਕੇ ਸੰਭਾਲ ਕਰਨੀ ਚਾਹੀਦੀ ਹੈ ਜੋ ਪੰਜਾਬੀ ਯੂਨੀਵਰਸਿਟੀ ਕਰ ਰਹੀ ਹੈ।
4. ਲੋਕ ਗੀਤਾਂ ਵਿਚ ਲੋਕ ਗਾਥਾ, ਲੋਕ ਵਿਚਾਰ, ਰੀਤੀ ਰਿਵਾਜ, ਅਤੇ ਗਾਨ ਸ਼ੈਲੀ ਪ੍ਰੰਪਰਾਗਤ ਹੋਣੀ ਚਾਹੀਦੀ ਹੈ।
5. ਲੋਕ ਗੀਤਾ ਦੀ ਭਾਸ਼ਾ ਜਨ ਸਾਧਾਰਨ (ਗ੍ਰਾਮੀਨ) ਦੀ ਬੋਲੀ ਹੋਣੀ ਚਾਹੀਦੀ ਹੈ।
6. ਗੀਤ ਰਚਨਾਂਕਾਰਾਂ ਨੂੰ ਅਜਿਹੇ ਗੀਤ ਲਿਖਣੇ ਚਾਹੀਦੇ ਹਨ ਜੋ ਵਿਦਿਆਰਥੀਆਂ ਦੇ ਜੀਵਨ ਨਾਲ ਸੰਬੰਧ ਰੱਖਦੇ ਹੋਣ।
7. ਲੋਕ ਗੀਤਾਂ ਦੀਆਂ ਧੁਨਾਂ ਨਿਰੋਲ ਹੋਣੀਆਂ ਚਾਹੀਦੀਆਂ ਹਨ। ਉਹਨਾਂ ਵਿਚ ਕਿਸੇ ਹੋਰ ਪ੍ਰਾਂਤ ਜਾਂ ਦੇਸ਼ ਦੀ ਲੈਅ, ਤਾਲ ਨਹੀਂ ਝਲਕਣੀ ਚਾਹੀਦੀ। ਕਈ ਅਣ-ਜਾਣੂ ਕਲਾਕਾਰ ਇਕ ਦੂਜੇ ਤੋਂ ਅਗੇ ਨਿਕਲ ਜਾਣ ਦੀ ਹੋੜ ਵਿਚ ਆਪਣੀਆਂ ਲੋਕ ਧੁਨਾਂ ਵਿਚ ਮਿਸ਼ਰਨ ਕਰਦੇ ਵਧੇਰੇ ਨਾਮਨਾਂ ਖਟਨ ਦੀ ਲਾਲਸਾ ਵਿਚ ਅਸਲੀ ਲੋਕ ਧੁਨਾਂ ਦਾ ਮੂੰਹ ਮਹਾਦਰਾ ਵਿਗਾੜ ਦਿੰਦੇ ਹਨ। ਉਹ ਲੋਕ ਸੰਗੀਤ ਨਾਲ ਕਿੰਨਾ ਵੱਡਾ ਅਨਿਆ ਕਰਦੇ ਹਨ, ਉਹ ਨਹੀਂ ਜਾਣਦੇ।

8. ਲੋਕ ਸਾਜ਼ਾਂ ਦੀ ਵਰਤੋਂ :- ਲੋਕ ਗੀਤਾਂ ਨਾਲ ਲੋਕ ਸਾਜਾਂ ਦਾ ਪ੍ਰਯੋਗ ਬੜਾ ਜ਼ਰੂਰੀ ਹੈ। ਬਿਨਾਂ ਸਾਜ਼ਾਂ ਤੋਂ ਗੀਤ ਵਿਚ ਜਾਨ ਹੀ ਨਹੀਂ ਪੈਂਦੀ। ਲੋਕ ਗੀਤਾਂ ਲਈ ਲੋਕ ਸਾਜਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਵੇਂ :- ਢਾਡੀ ਜੱਥੇ ਵਾਰਾਂ ਗਾਉਂਦੇ ਹਨ ਉਹਨਾਂ ਨਾਲ ਅਤੇ ਢੱਢ ਦੀ ਵਰਤੋਂ ਕੀਤੀ ਜਾਂਦੀ ਹੈ। ਸਾਰੰਗੀ ਦੀ ਜਗ੍ਹਾ ਕੈਮਿਉ ਜਾਂ ਬਾਂਸੁਰੀ ਅਤੇ ਢੱਢ ਦੀ ਥਾਂ ਤੇ ਤਬਲਾ ਵਰਤਣ ਨਾਲ ਵਾਰ ਦੀ ਰੂਪ ਰੇਖਾ ਹੀ ਬਦਲ ਜਾਵੇਗੀ ਜਿਹੜੇ ਗੀਤ ਅਲਗੋਜ਼ੇ ਦੀ ਸੰਗੀਤ ਨਾਲ ਗਾਏ ਜਾਂਦੇ ਹਨ ਉਹਨਾਂ ਨਾਲ ਉਹੀ ਸਾਜ਼ ਵਜਾਏ ਜਾਣੇ ਚਾਹੀਦੇ ਹਨ ਵਾਇਲਨ ਨਹੀਂ। ਹਰ ਸਾਜ਼ ਦੀ ਬਣਤਰ ਤੇ ਉਸ ਵਿਚ ਨਿਕਲਨ ਵਾਲੀ ਆਵਾਜ਼ ਵੱਖ ਹੁੰਦੀ ਹੈ। ਇਕੋ ਸਾਜ਼ ਵਿਚ ਹਰ ਪ੍ਰਕਾਰ ਦੀ ਆਵਾਜ਼ ਨਹੀਂ ਨਿਕਲ ਸਕਦੀ। ਕਈ ਗੀਤ ਤੁੰਬੀ ਨਾਲ, ਕੁਝ ਸਾਰੰਗੀ ਨਾਲ ਅਤੇ ਕੁਝ ਅਲੋਗੋਜ਼ੇ ਨਾਲ ਗਾਉਂਣ ਦੇ ਨਾਲ ਉਸਦੇ ਸੁਹਪਣ ਵਿਚ ਵਾਧਾ ਕਰਦੇ ਹਨ।

ਲੋਕ ਨਾਚ :- ਭਾਰਤ ਦੇ ਅਨੇਕ ਪ੍ਰਾਂਤ ਹਨ। ਹਰ ਪ੍ਰਾਂਤ ਵਿਚ ਉਥੋ ਦੀ ਸੰਸਕ੍ਰਿਤੀ ਨੂੰ ਦਰਸਾਉਂਦੇ ਹਨ ਉਥੋ ਦੇ ਲੋਕ ਨ੍ਰਿਤ। ਲੋਕ ਨਾਚਾਂ ਦੀ ਆਪਣੀ ਆਪਣੀ ਵੇਸ਼ ਭੂਸ਼ਾ ਹੁੰਦੀ ਹੈ। ਵੇਸ਼ ਭੂਸ਼ਾ ਦਾ ਲੋਕ ਨ੍ਰਿਤ ਵਿਚ ਬੜਾ ਮਹੱਤਵ ਹੁੰਦਾ ਹੈ। ਲੋਕ ਨਾਚ ਆਪਣੇ ਪ੍ਰਾਂਤ ਦੀ ਸੰਸਕ੍ਰਿਤੀ ਦਾ ਪ੍ਰਗਟਾਵਾ ਕਰਦੇ ਹਨ। ਪੰਜਾਬ ਦਾ ਭੰਗੜਾ ਮਰਦਾ ਦਾ ਗਿੱਧਾ ਹੈ ਅਤੇ ਗਿੱਧਾ ਇਸਤਰੀ ਨਾਚ ਹੈ। ਗੁਜਰਾਤ ਦਾ ਗਰਬਾ, ਬੜਾ ਪ੍ਰਸਿੱਧ ਹੈ। ਹਿਮਾਚਲ, ਹਰਿਆਣਾ, ਰਾਜਸਥਾਨ, ਮਧ ਪ੍ਰਦੇਸ਼, ਆਸਾਮ, ਮਨੀਪੁਰ, ਬੰਗਾਲ ਆਦਿ ਪ੍ਰਾਂਤਾਂ ਦੇ ਲੋਕ ਨਰਿਤ ਵੱਖ ਵੱਖ ਹੀ ਹਨ। ਰਾਸ ਲੀਲੀ, ਵਰਿੰਦਾਬਨ ਦਾ ਪ੍ਰਸਿੱਧ ਲੋਕ ਨਾਚ ਹੈ। ਹਰੇਕ ਪ੍ਰਾਂਤ

Sri Satguru Jagjit Singh Ji eLibrary NamdhariElibrary@gmail.com

ਵਿਚ ਅਨੇਕਾਂ ਬੋਲੀਆਂ ਅਨੇਕਾਗੀਤ ਸੈਲੀਆਂ, ਅਨੇਕਾਂ ਸਾਜ਼ ਹੁੰਦੇ ਹਨ। ਨ੍ਰਿਤਾਂ ਦੇ ਨਾਲ ਨਾਲ ਗੀਤਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਇਹਨਾਂ ਨਰਿਤ ਗੀਤਾਂ ਦੀਆਂ ਧੁਨਾਂ ਨਾਚ ਦੀ ਗਤੀ ਦੇ ਅਨੁਸਾਰ ਹੀ ਹੁੰਦੀਆਂ ਹਨ। ਕਈ ਲੋਕ ਨਾਚ ਧੀਮੀ ਗਤੀ ਵਿਚ ਕਈ ਮਧ ਗਤੀ ਅਤੇ ਕਈ ਦਰੁਤ ਗਤੀ ਵਿਚ ਕੀਤੇ ਜਾਂਦੇ ਹਨ। ਕਈ ਨਾਚ ਆਰੰਭ ਤੋਂ ਅੰਤ ਤੱਕ ਇਕੋ ਗਤੀ ਵਿਚ ਅਤੇ ਕਈ ਧੀਮੀ ਗਤੀ ਤੋਂ ਆਰੰਭ ਹੋ ਕੇ ਦਰੁਤ ਗਤੀ ਤੇ ਸਮਾਪਤ ਹੁੰਦੇ ਹਨ। ਲੋਕ ਨਾਚ ਨਾਲ ਆਮ ਤੌਰ ਤੇ ਢੋਲ, ਢੋਲਕੀ, ਡਫ, ਖੰਜਰੀ, ਮੰਜੀਰੇ, ਸ਼ਹਿਨਾਈ, ਰਾਵਨ ਹੱਥਾ, ਪੁੰਗੀ, ਨਰਸਿੰਘਾ, ਕਾਟੇ, ਚਿਮਟਾ, ਘੜਾ, ਇਕਤਾਰਾ, ਦੋਤਾਰਾ, ਨਗਾਰਾ, ਤੂਤੀ, ਸੰਖ, ਅਲੋਗੋਜ਼ਾ, ਆਦਿ ਲੋਕ ਸਾਜ਼ਾ ਨਾਲ ਹੀ ਪ੍ਰਯੋਗ ਕੀਤੇ ਜਾਂਦੇ ਹਨ। ਗੀਤਾਂ ਅਤੇ ਨਾਚਾਂ ਨਾਲ ਆਮ ਤੌਰ ਤੇ ਕਹਿਰਵਾ, ਦਾਦਰਾ, ਖੇਮਟਾ, ਧੁਮਾਲੀ, ਦੀਪਚੰਦੀ, ਚਾਚੜ, ਕੱਵਾਲੀ, ਢੈਯਾ, ਰੂਪਕ ਆਦਿ ਤਾਲਾਂ ਦੀ ਵਰਤੋਂ ਹੁੰਦੀ ਹੈ।

ਹਰ ਪ੍ਰਾਂਤ ਦੇ ਲੋਕ ਨਾਚ ਦੀ ਵੇਸ਼ ਭਾਸ਼ਾ, ਉਥੋ ਦੀ ਬੋਲੀ ਦੀ ਤਰਾਂ ਵੱਖ ਹੀ ਹੁੰਦੀ ਹੈ। ਲੋਕ ਨਾਚ ਵਿਚੋਂ ਉਥੇ ਦੀ ਸੰਸਕ੍ਰਿਤੀ ਝਲਕਦੀ ਹੈ। ਪੰਜਾਬ ਇਕ ਅਨਾਜ ਉਪਜਾਊ ਪ੍ਰਾਂਤ ਹੈ। ਇਸ ਦੇ ਭੰਗੜੇ ਵਿਚ ਫਸਲਾਂ ਕੱਟਣ ਤੋਂ ਸੰਭਾਲ ਤੱਕ ਦਾ ਵਰਨਣ ਮਿਲਦਾ ਹੈ ਮਹਾਂਰਾਸ਼ਟਰ ਦੇ ਸਮੁੰਦਰੀ ਇਲਾਕਾ ਨਿਵਾਸੀ ਮਛੇਰਾ ਡਾਂਸ, ਭੀਲ ਜਾਤੀ, ਸ਼ਿਕਾਰੀ ਡਾਂਸ, ਆਪਣੀ ਆਪਣੀ ਵੇਸ, ਗਹਿਣੇ ਪਾ ਕੇ ਕਰਦੇ ਹਨ। ਮਧੁਰਾ ਦੇ ਲੋਕ ਹੋਲੀ ਪ੍ਰਧਾਨ ਜਾਂ ਰਾਸਲੀਲਾ ਕਰਦੇ ਹਨ। ਹਿਮਾਚਲੀ ਲੋਕ ਨਾਚ ਵਿਚ ਹਿਮਾਚਲੀ ਟੋਪੀ, ਰਾਜਸਥਾਨ ਵਿਚ ਰੰਗ ਬਿਰੰਗੀ ਪਗੜੀ ਧਾਰਨ ਕੀਤੀ ਜਾਂਦੀ ਹੈ। ਕਿਸੇ ਵਿਚ ਕਪੜੇ ਦੀ ਥੋੜ ਹੋਣ ਕਾਰਨ ਘਾਹ ਵਰਤਿਆਂ ਜਾਂਦਾ ਸੀ। ਕਿਸੇ ਪ੍ਰਾਂਤੀਆ ਨਾਚ ਵਿਚ ਪਛੂਆਂ ਦੇ ਸੁਖੇਟੇ ਵਰਤੇ ਜਾਂਦੇ ਹਨ। ਜਿਸ ਪ੍ਰਾਂਤ ਦੀਆਂ ਨਾਰੀਆਂ ਧੋਤੀ ਪ੍ਰਯੋਗ ਕਰਦੀਆਂ ਹਨ। ਉਹਨਾਂ ਦੇ ਰੰਗ ਅਤੇ ਬਨਣ ਦੀ ਸੈਲੀ ਵੱਖ ਹੁੰਦੀ ਹੈ। ਇਹ ਸਾਰੀਆਂ ਨਾਚ ਸੈਲੀਆਂ ਵਿਚ ਹਾਰ-ਸ਼ਿੰਗਾਰ, ਵਸਤਰ ਸੱਜਾ, ਬਣਾਉ ਸ਼ਿੰਗਾਰ, ਕੇਸ ਵਿਨਿਆਸ ਸੰਗੀਤ ਸਾਜ਼, ਗੀਤ ਭਾਸ਼ਾ, ਗੀਤ ਲੈਅ, ਇਕ ਦੂਜੇ ਤੋਂ ਭਿੰਨ ਹੁੰਦੀਆਂ ਹਨ। ਆਪਣੇ ਸ਼ਦੀ ਦੀ ਸੰਸਕ੍ਰਿਤੀ ਨੂੰ ਸਮਝਣ ਵਿਚ ਸਹਾਇਕ ਹੁੰਦੀਆਂ ਹਨ। ਇਸ ਲਈ ਭਾਸ਼ਾ, ਗਣਿਤ, ਵਿਗਿਆਨ, ਇਤਿਹਾਸ, ਭੂਗੋਲ ਆਦਿ ਵਿਸ਼ਿਆਂ ਦੇ ਨਾਲ-ਨਾਲ ਲੋਕ ਕਲਾਵਾਂ ਨੂੰ ਸਮਝਣਾਂ, ਉਹਨਾਂ ਬਾਰੇ ਜਾਣਨਾਂ ਅਤੇ ਉਨਾਂ ਦਾ ਆਨੰਦ ਮਾਨਣਾਂ ਮਨੁੱਖੀ ਜੀਵਨ ਦੇ ਵਿਕਾਸ ਲਈ ਬੜਾ ਸਹਾਇਕ ਅਤੇ ਲਾਹੇਵੰਦ ਹੈ।

ਲੋਕ ਸਾਜ਼ :- ਲੋਕ ਸੰਗੀਤ ਵਿਚ ਸਾਜ਼ਾ ਦਾ ਉਹਨਾਂ ਹੀ ਮਹੱਤਵ ਹੈ ਜਿੰਨਾਂ ਸ਼ਾਸਤਰੀ ਸੰਗੀਤ ਵਿਚ। ਸਾਜ ਗੀਤਾਂ ਵਿਚ ਰੰਗ ਭਰਦੇ ਹਨ ਅਤੇ ਇਕ ਵਾਤਾਵਰਣ ਬਣਾਉਣ ਵਿਚ ਸਹਾਇਕ ਹੁੰਦੇ ਹਨ। ਗੀਤ ਸੈਲੀ ਦੇ ਅਨੁਸਾਰ ਹੀ ਸਾਜ਼ ਚੋਣ ਕੀਤੀ ਜਾਂਦੀ ਹੈ। ਲੋਕ ਸੰਗੀਤ ਵਿਚ ਪ੍ਰਯੋਗ ਕੀਤੇ ਜਾਣ ਵਾਲੇ ਕੁਝ ਸਾਜ਼ਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।

ਕੁਝ ਲੋਕ ਸਾਜ਼ਾਂ ਬਾਰੇ ਜਾਣਕਾਰੀ :- "ਗੀਤ, ਵਾਦਅ ਤਥਾ ਨਿਤਯਮ ਤਿਯੰ ਸੰਗੀਤ ਮੁਚ ਅਤੇ।" ਗੀਤ, ਵਾਦਅ ਅਤੇ ਨ੍ਰਿਤ ਤਿੰਨਾ ਕਲਾਵਾਂ ਦਾ ਇੱਕਠਾ ਨਾਮ ਸੰਗੀਤ ਹੈ। ਭਾਵ ਸੰਗੀਤ ਵਿਚ ਤਿੰਨ ਕਲਾਵਾਂ ਮੰਨੀਆਂ ਜਾਂਦੀਆਂ ਹਨ। ਨਾਂਦ ਭੇਦ ਦੇ ਅਨੁਸਾਰ ਵਾਦਿਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਜਿਹਨਾਂ ਨੂੰ ਤਤ, ਘਨ, ਅਵਿਨਧ ਅਤੇ ਸੁਸ਼ਿਰ ਪ੍ਰਮਾਣ ਹੈ ਕਿ ਭਾਰਤ ਵਿਚ ਅਨੇਕਾਂ ਪ੍ਰਕਾਰ ਦੇ ਸਾਜ਼ ਸਦੀਆਂ ਪਹਿਲਾਂ ਵੀ ਪ੍ਰਚਲਿਤ ਸਨ। ਇਹਨਾਂ ਸਾਜ਼ਾਂ ਦੀ ਇਕ ਬੜੀ ਵੱਡੀ ਲਿਸਟ ਹੈ। ਸਮੇਂ-ਸਮੇਂ

Sri Satguru Jagjit Singh Ji eLibrary NamdhariElibrary@gmail.com

ਕੁਝ ਸਾਜ਼ ਅਲੋਪ ਹੁੰਦੇ ਗਏ ਅਤੇ ਨਵੇਂ ਪ੍ਰਚਾਰ ਵਿਚ ਆਉਂਦੇ ਰਹੇ। ਅੱਜ ਕਈ ਸਾਜ਼ ਵੇਖਣ ਅਤੇ ਪ੍ਰਯੋਗ ਵਿਚ ਨਹੀਂ ਆ ਰਹੇ ਕੇਵਲ ਉਹਨਾਂ ਦਾ ਨਾਮ ਹੀ ਪ੍ਰਾਪਤ ਹੁੰਦਾ ਹੈ। ਕੁਝ ਸਾਜ਼ ਬੜੇ ਘੱਟ ਪ੍ਰਚਾਰ ਵਿਚ ਹਨ ਅਤੇ ਕਈ ਸਾਜ਼ ਆਮ ਪ੍ਰਚਾਰ ਵਿਚ ਹਨ। ਭਾਰਤੀ ਸੰਗੀਤ ਵਿਦਵਾਨਾ ਨੇ ਸਾਜ਼ਾਂ ਨੂੰ ਚਾਰ ਸ਼ੇਣੀਆਂ ਵਿਚ ਵੰਡਿਆ ਹੈ। 1. ਤੱਤ 2. ਅਵਿਨਧ 3. ਘਨ 4. ਸੁਸ਼ਿਰ

1. ਤੱਤ ਸਾਜ਼ :- ਉਹ ਸਾਜ਼ ਜਿਹਨਾਂ ਦੀ ਧੁਨੀ ਤਾਰ ਜਾਂ ਤੁੰਬੀ ਤੋਂ ਉਤਪੰਨ ਹੁੰਦੀ ਹੈ। ਜਿਵੇਂ ਜਿਵੇਂ ਰਬਾਬ, ਸਰੰਦਾ, ਇਕਤਾਰਾ, ਦੋਤਾਰਾ, ਤਿੰਨ ਤਾਰਾਂ, ਸਿਤਾਰ, ਦਿਲਰੁਬਾ, ਸਾਰੰਗੀ, ਸੰਤੂਰ, ਤਾਰ ਸ਼ਹਿਨਾਈ, ਵੀਨਾਂ, ਸਰੋਦ ਆਦਿ।

2. ਅਵਿਨਧ ਸਾਜ਼ :- ਚੱਮੜੇ ਨਾਲ ਮੜੇ ਹੋਏ ਸਾਜ਼ ਨੂੰ ਅਧਿਕਤਰ ਅਵਿਨਧ ਸਾਜ਼ ਕਿਹਾ ਜਾਂਦਾ ਹੈ। ਇਹਨਾਂ ਸਾਜ਼ਾ ਤੋਂ ਤਾਲ ਦਾ ਕੰਮ ਲਿਆ ਜਾਂਦਾ ਹੈ। ਤੁਸੀਂ ਜਾਣਦੇ ਹੀ ਹੋ ਕਿ ਸੰਗੀਤ ਦਾ ਮੁੱਖ ਆਧਾਰ ਹੀ ਤਾਲ ਅਤੇ ਸੁਰ ਹੈ। ਤਾਲ ਹੀ ਸੰਗੀਤ ਰੂਪੀ ਸ਼ਸ਼ੀਰ ਦੀ ਜਾਨ ਹੈ। ਢੋਲ ਢੋਲਕੀ, ਤਬਲਾ, ਮਿਰਦੰਗ, ਖੋਲ, ਪਖਾਵਜ, ਨਗਾੜਾ, ਧੌਂਸਾ, ਨਾਲ, ਡਫ ਆਦਿ ਅਵਿਨਧ ਸਾਜ਼ ਹਨ।

3. ਘਨ :- ਇਹ ਸਾਜ਼ ਆਮ ਤੌਰ ਤੇ ਧਾਤ ਤੋਂ ਬਣਾਏ ਜਾਂਦੇ ਹਨ। ਜਿਵੇਂ ਮੰਜੀਰਾ, ਖੜਤਾਲ (ਕਰਤਾਲ) ਘੰਟਾ, ਮਰਾਕਸ, ਟੱਲੀਆਂ, ਘੁੰਘਰੂ ਆਦਿ।

4. ਸੁਸ਼ਿਰ ਸਾਜ਼ :- ਜਿਹਨਾਂ ਸਾਜ਼ਾ ਨੂੰ ਹਵਾ ਦੁਆਰਾ ਵਜਾਇਆ ਜਾਵੇ ਭਾਵੇ ਹਵਾ ਧੌਂਕਣੀ ਦੁਆਰਾ ਜਾਂ ਮੂਹ ਦੁਆਰਾ ਕੀਤੀ ਜਾਵੇ। ਜਿਵੇਂ ਬੰਸਰੀ, ਸ਼ਹਿਨਾਈ, ਹਾਰਮੋਨੀਅਮ, ਕਲਾਰਨੈਟ, ਸਕਸੋਫੋਲ, ਅਲਗੋਜ਼ਾ, ਸੰਖ ਆਦਿ।

ਇਹਨਾਂ ਸਾਜ਼ਾਂ ਵਿਚੋਂ ਕੁਝ ਨਿਰੋਲ ਸ਼ਾਸਤਰੀ ਸੰਗੀਤ ਲਈ ਹਨ ਅਤੇ ਕੁਝ ਲੋਕ ਸੰਗੀਤ ਲਈ ਨਿਰਧਾਰਿਤ ਹਨ। ਕੁਝ ਅਜਿਹੇ ਵੀ ਹਨ ਜੋ ਹਰ ਪਾਸੇ ਵਰਤੇ ਜਾ ਸਕਦੇ ਹਨ।

ਇੱਕਤਾਰਾ - ਤੱਤ ਸਾਜ਼ ਵਿਚੋਂ ਇਕਤਾਰਾ ਪ੍ਰਸਿਧ ਲੋਕ ਸਾਜ਼ ਹੈ। ਇਸ ਨੂੰ ਤੁੰਬੀ ਵੀ ਕਿਹਾ ਜਾਂਦਾ ਹੈ। ਇਸ ਦੀ ਕੇਵਲ ਇਕ ਹੀ ਤਾਰ ਹੁੰਦੀ ਹੈ। ਛੋਟੀ ਜਿਹੀ ਤੁੰਬੀ ਨਾਲ ਲਗਭਗ ਦੋ ਫੁੱਟ ਦੇ ਡਾਂਣ ਨਾਲ ਇਕ ਕਿੱਲੀ ਲਗਾ ਕੇ ਤਾਰ ਚੜ੍ਹਾ ਦਿੱਤੀ ਜਾਦੀ ਹੈ। ਇਹ ਸਾਜ਼ ਪੰਜਾਬ ਦੀ ਲੋਕ ਸੰਗੀਤ ਪਰੰਪਰਾ ਵਿਚ ਵੱਜਣ ਵਾਲਾ ਮਸਹੂਰ ਸਾਜ਼ ਹੈ। ਇਸ ਸਾਜ਼ ਵਿਚੋਂ ਕਈ ਲੋਕ ਗਾਇਕ ਆਪਣੇ ਗੀਤ ਦੇ ਅਨੁਸਾਰ ਤਾਲਬੱਧ ਤਰਜ਼ ਵੀ ਵਜਾਉਂਦੇ ਹਨ। ਦੂਜਾ ਕੰਮ ਇਹ ਸਾਜ਼ ਗਾਇਕ ਨੂੰ ਦਮ ਲੈਣ ਲਈ ਵੀ ਸਹਾਇਤਾ ਕਰਦਾ ਹੈ। ਗਾਇਕ ਗੀਤ ਦੀ ਪੰਗਤੀ ਗਾ ਕੇ ਆਪ ਚੁੱਪ ਕਰ ਜਾਂਦਾ ਹੈ ਤੇ ਉਸ ਦੀਆਂ ਉਗਲਾਂ ਤੁੰਬੀ ਤੇ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਦੋ ਤਾਰਾ :- ਇਹ ਇਕਤਾਰਾ ਸਾਜ਼ ਦੀ ਤਰਾਂ ਹੀ ਹੁੰਦਾ ਹੈ ਪਰ ਥੋੜਾ ਜਿਹਾ ਸਾਇਜ਼ ਵਿਚ ਵੱਡਾ ਹੁੰਦਾ ਹੈ। ਇਸ ਦੀਆਂ ਦੋ ਤਾਰਾਂ ਹੁੰਦੀਆਂ ਹਨ। ਸੜਕਾਂ ਉਤੇ ਭਿਖਾਰੀ ਵੀ ਇਸ ਦਾ ਪ੍ਰਯੋਗ ਕਰਦੇ ਹਨ। ਮੀਰਾਂ, ਸੁਰਦਾਸ, ਨਾਮਦੇਵ ਅਤੇ ਹੋਰ ਗਾਇਕ ਸੰਤ ਕਵੀਆਂ ਨੇ ਇਸ ਦਾ ਪ੍ਰਯੋਗ ਭਗਤੀ ਸੰਗੀਤ ਲਈ ਕੀਤਾ ਅਤੇ ਆਪਣੇ ਮਧੁਰ ਭਜਨਾਂ ਦੁਆਰਾ ਪ੍ਰਭੂ ਦਾ ਗੁਣਗਾਨ ਕੀਤਾ।

ਰਬਾਬ :- ਇਕ ਬੜਾ ਪ੍ਰਸਿੱਧ ਸਾਜ਼ ਹੈ ਭਾਵੇ ਅੱਜ ਇਹ ਪੰਜਾਬ ਵਿਚ ਵੇਖਣ ਨੂੰ ਨਹੀਂ ਮਿਲਦਾ ਕਸ਼ਮੀਰ

Sri Satguru Jagjit Singh Ji eLibrary NamdhariElibrary@gmail.com

ਦੇ ਲੋਕ ਗਾਇਕ ਇਸ ਦਾ ਪ੍ਰਯੋਗ ਕਰਦੇ ਹਨ। ਭਾਈ ਮਰਦਾਨਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਉਦਾਸੀਆਂ ਮੌਕੇ ਕੀਰਤਨ ਦੀ ਸੰਗਤ ਕਰਨ ਲਈ ਕਈ ਵਰੇ ਇਸ ਸਾਜ਼ ਦਾ ਮਧੁਰ ਸੰਗੀਤ ਸਾਰੇ ਸੰਸਾਰ ਵਿਚ ਗੁੰਜਾਇਆ। ਰਬਾਬ ਤੋਂ ਹੀ ਰਬਾਬੀ ਸ਼ਬਦ ਪ੍ਰਚਲਤ ਹੋ ਗਿਆ। ਜਿਹੜੇ ਮਰਾਸੀ ਜਾਤੀ ਦੇ ਲੋਕ ਗੁਰਦੁਆਰੇ ਵਿਚ ਗੁਰਬਾਣੀ ਕੀਰਤਨ ਰਬਾਬ ਨਾਲ ਕਰਨ ਲਗੇ ਉਹਨਾਂ ਨੂੰ ਰਬਾਬੀ ਨਾਮ ਨਾਲ ਪੁਕਾਰਿਆ ਜਾਣ ਲੱਗਾ। ਰਬਾਬ-ਸਾਰੰਗੀ ਅਤੇ ਸਰੋਦ ਦੇ ਮਧ ਦਾ ਇਕ ਸਾਜ਼ ਹੈ। ਰਬਾਬ ਦਾ ਜ਼ਿਕਰ ਪੁਰਾਤਨ ਗ੍ਰੰਥਾਂ ਤੋਂ ਇਲਾਵਾਂ ਗੁਰਬਾਣੀ ਵਿਚ ਆਮ ਮਿਲਦਾ ਹੈ। ਰਬਾਬ ਦੀ ਸ਼ਕਲ ਸਰੋਦ ਦੇ ਨਾਲ ਕਾਫੀ ਮਿਲਦੀ ਹੈ। ਕਈ ਵਿਦਵਾਨ ਇਹ ਸਾਜ਼ ਅਰਬ ਦਾ ਅਤੇ ਕੁਝ ਫਰਾਂਸ ਦਾ ਲੋਕ ਸਾਜ਼ ਮੰਨਦੇ ਹਨ। ਭਾਰਤ ਦੇ ਪੜੋਸੀ ਦੇਸ਼ ਅਫਗਾਨਿਸਤਾਨ ਵਿਚ ਅੱਜ ਵੀ ਰਬਾਬ ਹਰਮਨ ਪਿਆਰਾ ਸਾਜ ਹੈ। 15 ਵੀਂ ਸ਼ਤਾਬਦੀ ਵਿਚ ਇਸ ਸਾਜ਼ ਨੂੰ ਵਿਸ਼ੇਸ਼ ਪ੍ਰਸਿੱਧੀ ਮਿਲੀ, ਜਦੋਂ ਭਾਈ ਮਰਦਾਨਾਂ ਨਾਮਕ ਰਬਾਬੀ ਨੇ ਆਪਣੇ ਹੱਥਾਂ ਵਿਚ ਇਹ ਸਾਜ਼ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਦੇਸ਼ ਵਿਦੇਸ਼ ਦੀ ਯਾਤਰਾ ਕੀਤੀ ਅਤੇ ਕੀਰਤਨ ਵਿਚ ਇਸ ਨਾਲ ਸੰਗਤ ਕੀਤੀ ਅਤੇ ਬਾਬੇ ਨਾਨਕ ਨੇ ਰਬਾਬ ਦੀ ਮਿੱਠੀ ਧੁਨ ਦੇ ਨਾਲ ਜਿਥੇ ਉਸ ਦਾ ਗਾਇਨ ਰਬਾਬ ਦੀ ਸੰਗਤ ਨਾਲ ਕੀਤਾ ।ਰਬਾਬ ਦੋ ਤਰੀਕਿਆਂ ਨਾਲ ਵਜਾਇਆ ਜਾਂਦਾ ਹੈ। ਗਜ ਦੁਆਰਾ ਅਤੇ ਕਮਾਨੀ ਦੁਆਰਾ। ਅੱਜਕਲ ਕਸ਼ਮੀਰ ਅਤੇ ਅਫਗਾਨਿਸਤਾਨ ਵਿਚ ਅਘਾਤ ਦੁਆਰਾ ਵਜਾਇਆ ਜਾਣ ਵਾਲਾ ਰਬਾਬ ਹੀ ਦੇਖਣ ਨੂੰ ਮਿਲਦਾ ਹੈ। ਪਰੰਤੂ ਗੁਰਮਤਿ ਸੰਗੀਤ ਵਿਚ ਅੱਜ ਕਲ ਵੀ ਇਹ ਸਾਜ਼ ਦੀ ਵਰਤੋਂ ਹੋਣ ਲਗ ਪਈ ਹੈ।

ਬਾਂਸਰੀ :- ਭਾਰਤੀ ਸੰਗੀਤ ਦੇ ਸ਼ਸਿਰ ਸਾਜ਼ਾਂ ਵਿਚ ਇਕ ਪ੍ਰਮੁੱਖ ਸਾਜ਼ ਬਾਂਸੁਰੀ ਹੈ। ਇਹ ਬਹੁਤ ਪ੍ਰਾਚੀਨ ਅਤੇ ਪਿਆਰਾ ਸਾਜ਼ ਹੈ। ਸੰਗੀਤ ਗ੍ਰੰਥਾਂ ਤੋਂ ਇਲਾਵਾ ਮਹਾਂਭਾਰਤ ਸ੍ਰੀ ਮਦਭਾਗਵਤ, ਭਗਤ ਕਵੀਆਂ ਦੀ ਬਾਣੀ ਅਤੇ ਸੰਗੀਤ ਦੇ ਪਰਾਣੇ ਗ੍ਰੰਥਾਂ ਵਿਚ ਬਾਂਸੁਰੀ ਦਾ ਜ਼ਿਕਰ ਬੜਾ ਖੁਲ ਕੇ ਕੀਤਾ ਗਿਆ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਉਲੇਖ ਬਾਂਸਰੀ ਤੋਂ ਬਿਨਾਂ ਅਧੂਰਾ ਰਹਿ ਜਾਂਦਾ ਹੈ। ਇਸ ਸਾਜ਼ ਦੇ ਕਈ ਨਾਮ ਹਨ :- ਬੰਸਰੀ, ਮੁਰਲੀ, ਵੰਜਲੀ, ਬੇਨ, ਵੰਸੀ, ਬੰਸੀ, ਬਾਂਸਰੀ ਆਦਿ। ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਬੈਨ ਸ਼ਬਦ ਇਸ ਪ੍ਰਕਾਰ ਵਰਤਿਆ ਹੈ :-

ਕਹੂੰ ਗੀਤ ਕੋ ਗਵੈਆ ਕਹੂੰ ਬੈਨ ਕੋ ਬਜੈਆ।
ਕਹੂੰ ਨਿਰਤ ਕੋ ਨਚੈਆ ਕਹੂੰ ਨਰ ਕੋ ਆਕਾਰ ਹੋ।

ਇਸੇ ਤਰ੍ਹਾਂ ਮੀਰਾਂ ਬਾਈ ਅਤੇ ਸੁਰਦਾਸ ਜੀ ਨੇ ਬੰਸਰੀ ਸਾਜ਼ ਦਾ ਉਲੇਖ ਆਪਣੀਆਂ ਕਾਵਿ ਰਚਨਾਵਾਂ ਵਿੱਚ ਖੁੱਲ੍ਹ ਕੇ ਕੀਤਾ ਹੈ।

ਹੀਰ ਵਾਰਸ਼ ਸ਼ਾਹ ਵਿਚ ਲੇਖਕ ਨੇ ਇਸ ਨੂੰ ਵੰਝਲੀ ਕਿਹਾ ਹੈ। ਸ਼ਾਸ਼ਤਾਰੀ ਰਚਨਾਵਾਂ ਵਿਚ ਬਾਂਸੁਰੀ ਸ਼ਬਦ ਦਾ ਪ੍ਰਯੋਗ ਬਹੁਤ ਮਿਲਦਾ ਹੈ। ਲੋਕ ਗੀਤਾਂ, ਕਿੱਸਿਆਂ, ਸੂਫੀਆਨਾਂ ਕਲਾਮ ਵਿਚ ਵੀ ਇਸ ਦਾ ਜ਼ਿਕਰ ਆਮ ਪ੍ਰਾਪਤ ਹੁੰਦਾ ਹੈ। ਪਹਿਲਾਂ ਪਹਿਲ ਬਾਂਸੁਰੀ ਬਾਂਸ ਤੋਂ ਤਿਆਰ ਕੀਤੀ ਗਈ ਇਸ ਲਈ ਇਸ ਦਾ ਨਾਂਮ ਬਾਂਸੁਰੀ ਪਿਆ। ਬਾਅਦ ਵਿਚ ਲੋਹਾ, ਪਿਤੱਲ, ਤਾਂਬੇ ਦੀਆਂ ਵੀ ਬਾਂਸੁਰੀਆਂ ਬਨਣ ਲੱਗ ਪਈਆਂ। ਮਦਾਰੀ ਇਕ ਹੱਥ ਨਾਲ ਬਾਂਸੁਰੀ ਅਤੇ ਦੂਜੇ ਹੱਥ ਨਾਲ ਡਮਰੂ ਵਜਾ ਕੇ ਤਮਾਸ਼ਾ ਦਿਖਾਉਣ ਲਈ ਲੋਕ ਇੱਕਠੇ ਕਰਦਾ ਹੈ। ਭਜਨ, ਸ਼ਬਦ, ਗੀਤਾਂ ਵਿਚ ਇਸ ਦਾ ਪ੍ਰਯੋਗ ਸੁਹਾਵਨਾ ਲਗਦਾ ਹੈ। ਇਹ ਵੱਖ-ਵੱਖ ਅਕਾਰ ਦੀਆਂ ਹੁੰਦੀਆਂ ਹਨ। ਇਸ ਵਿਚ 6 ਸੁਰਾਖ ਹੁੰਦੇ ਹਨ। ਜਿੰਨਾਂ

Sri Satguru Jagjit Singh Ji eLibrary NamdhariElibrary@gmail.com

ਵਿਚੋਂ 12 ਸੁਰਾ ਦੀ ਉਤੱਪਤੀ ਕੀਤੀ ਜਾਂਦੀ ਹੈ। ਬਾਂਸੁਰੀ ਪ੍ਰਯੋਗ ਆਮ ਤੌਰ ਤੇ ਲੋਕ ਗਾਇਕੀ ਦੀ ਗਾਇਨ ਪਰੰਪਰਾ ਵਿਚ ਕੀਤਾ ਜਾਂਦਾ ਹੈ।

ਅਲਗੋਜਾ :- ਇਹ ਵੀ ਬਾਂਸੁਰੀ ਦਾ ਪ੍ਰਕਾਰ ਹੈ। ਇਹ ਨਿਰੋਲ ਲੋਕ ਸਾਜ਼ ਹੈ। ਦੋ ਬਾਂਸੁਰੀਆਂ ਨੂੰ ਇੱਕਠਿਆਂ ਵਜਾਇਆ ਜਾਂਦਾ ਹੈ। ਇਹ ਸਾਜ਼ ਗੀਤਾ ਦੇ ਸੁਰ ਅਤੇ ਲੈਅ ਕਾਇਮ ਰੱਖਣ ਵਿਚ ਸਹਾਇਤਾ ਕਰਦਾ ਹੈ। ਕਿੱਸਾ ਗਾਇਕ ਆਮ ਕਰਕੇ ਇਸ ਸਾਜ਼ ਦਾ ਪ੍ਰਯੋਗ ਕਰਦੇ ਹਨ।

ਸਾਰੰਗੀ :- ਪੰਜਾਬ ਵਿਚ ਸਾਰੰਗੀ ਦਾ ਰਿਵਾਜ ਬੜੇ ਜ਼ੋਰ ਨਾਲ ਰਿਹਾ ਹੈ। ਸਾਰੰਗੀ ਅਕਾਰ ਵਿਚ ਵੱਖ ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ। ਬੇਸ਼ਕ ਸਾਰੰਗੀ ਸ਼ਾਸਤਰੀ ਸੰਗੀਤ ਦਾ ਸਾਜ਼ ਹੈ ਪਰ ਇਹ ਸੁਗਮ ਅਤੇ ਲੋਕ ਸੰਗੀਤ ਵਿਚ ਵੀ ਵਰਤਿਆ ਜਾਂਦਾ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਦਾ ਨਾਮ ਸਾਰੰਗ ਦੇਵ ਦੁਆਰਾ ਈਜਾਦ ਕਰਨ ਕਾਰਨ ਪਿਆ ਤੇ ਸਾਰੰਗ ਦੇਵੀ ਵੀਨਾ ਜੋ ਬਾਅਦ ਵਿਚ ਸ਼ਾਰੰਗੀ ਅਤੇ ਫਿਰ ਸਾਰੰਗੀ ਹੋ ਗਿਆ ਅੱਜ ਵੀ ਪੰਜਾਬ ਦੇ ਬਜ਼ੁਰਗ ਇਸ ਨੂੰ ਸੌ+ਰੰਗੀ ਯਾਨੀ ਸੋ ਪ੍ਰਕਾਰ ਦੇ ਰੰਗ ਉਤਪੰਨ ਕਰਨ ਵਾਲੀ ਕਹਿੰਦੇ ਹਨ। ਇਸ ਦੀਆਂ ਮੁੱਖ ਤਿੰਨ ਤਾਰਾ ਹੁੰਦੀਆਂ ਹਨ ਮਥੇ ਦੀਆਂ 11 ਤਰਬਾਂ ਅਤੇ ਸਜੇ ਹੱਥ 24 ਤਰਬਾਂ ਦੀਆ ਖੁੰਟੀਆਂ ਹੁੰਦੀਆਂ ਹਨ। ਲੋਕ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਇਹ ਹੀ ਸਾਰੰਗੀ ਪ੍ਰਯੋਗ ਹੁੰਦੀ ਹੈ।

ਢੱਢ ਅਤੇ ਸਾਰੰਗੀ ਨਾਲ ਪੰਜਾਬ ਵਿਚ ਵਾਰਾਂ ਗਾਉਣ ਵਾਲਿਆਂ ਨੂੰ ਢਾਡੀ ਕਿਹਾ ਜਾਂਦਾ ਹੈ। ਢਾਡੀ ਜਥਾ ਵਾਰਾ ਗਾਇਨ ਕਰਨ ਵੇਲੇ ਸਾਰੰਗੀ ਅਤੇ ਢੱਡ ਦੀ ਵਰਤੋਂ ਕਰਦੇ ਹਨ। ਕਈ ਢਾਡੀ ਆਪਣੀ ਸਾਰੰਗੀ ਨੂੰ ਘੁੰਘਰੂ ਵੀ ਬਨ ਲੈਦੇ ਹਨ। ਢਾਢੀਵਾਰਾ ਦਾ ਗਾਇਨ ਗੁਰੂ ਹਰਿ ਗੋਬਿੰਦ ਸਾਹਿਬ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼ੁਰੂ ਹੋਇਆ। ਇਹ ਵਾਦਕ ਲੋਕ ਧੁਨਾ ਤੇ ਆਧਾਰਿਤ ਲੋਕ ਗਾਥਾਵਾਂ ਜਾਂ ਗੀਤ ਗਾਂਦੇ ਹਨ। ਗੁਰਦੁਆਰਿਆਂ ਵਿਚ ਵੀ ਢਾਡੀ ਜਥੇ ਵਾਰਾਂ ਬੜੇ ਮਧੁਰ ਸੁਰਾਂ ਵਿਚ ਗਾਉਂਦੇ ਹਨ। ਇਹ ਜਥਾਂ ਆਮ ਤੌਰ ਚਾਰ ਕਲਾਕਾਰਾਂ ਦਾ ਹੁੰਦਾ ਹੈ। ਇਸ ਦਾ ਪ੍ਰਯੋਗ ਆਮ ਲੋਕ ਗਾਇਕ ਕਰਦੇ ਹਨ ਜਾਂ ਲੋਕ ਢਾਢੀ ਵਾਰਾ ਗਾਇਨ ਵੇਲੇ ਕਰਦੇ ਹਨ।

ਸਾਰੰਦਾ :- ਇਸ ਸਾਜ਼ ਦਾ ਅਵਿਸਕਾਰ ਗੁਰੂ ਅਮਰ ਦਾਸ ਜੀ ਨੇ ਕੀਤਾ। ਇਸ ਸਾਜ਼ ਦਾ ਪ੍ਰਯੋਗ ਗੁਰੂਦੁਆਰਿਆ ਵਿਚ ਕੀਰਤਨ ਦੇ ਨਾਲ ਹੁੰਦਾ ਰਿਹਾ ਹੈ ਤੇ ਅੱਜ ਵੀ ਹੋ ਰਿਹਾ ਹੈ। ਗੋਇੰਦਵਾਲ ਇਕ ਚਿਤੱਰ ਵਿਚ ਗੁਰੂ ਅਰਜਨ ਦੇਵ ਜੀ ਇਹ ਸਾਜ਼ ਵਜਾ ਕੇ ਕੀਰਤਨ ਕਰਦੇ ਹੋਏ ਦਿਖਾਏ ਗਏ ਹਨ। ਪਾਕਿਸਤਾਨ ਵਿਚ ਮੁਨੀਰ ਸਰਹਦੀ ਨਾਮਕ ਕਲਾਕਾਰ ਇਸ ਸਾਜ਼ ਨੂੰ ਬਣਾਉਂਦਾ ਹੈ ਪਰ ਅੱਜਕਲ ਸੰਤ ਸੱਚਾ ਸਿੰਘ ਜੀ ਵਲੋਂ ਕਰਵਾਏ ਜਾਂਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਇਸ ਸਾਜ਼ ਨੂੰ ਕੀਰਤਨ ਨਾਲ ਵਜਾਇਆ ਜਾਂਦਾ ਹੈ ਦਰਬਾਰ ਸਾਹਿਬ ਵੀ ਇਸ ਸਾਜ਼ ਨੂੰ ਅੱਜ-ਕੱਲ ਕੀਰਤਨ ਦੀ ਸੰਗਤ ਵਿਚ ਬਜਾਇਆ ਜਾਂਦਾ ਹੈ।

ਡਮਰੂ :- ਜਿਸ ਤਰ੍ਹਾਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਬੰਸੀ ਨਾਲ, ਦੇਵੀ ਸਰਸਵਤੀ ਦਾ ਵੀਣਾ ਨਾਲ ਸਬੰਧ ਹੈ ਉਸੇ ਤਰਾਂ ਭਗਵਾਨ ਸੰਕਰ ਦਾ ਡਮਰੂ ਨਾਲ ਸਬੰਧ ਹੈ। ਕਿਹਾ ਜਾਂਦਾ ਹੈ ਕਿ ਸ਼ੰਕਰ ਜੀ ਤਾਂਡਵ ਨ੍ਰਿਤ ਕਰਦੇ ਸਮੇਂ ਡਮਰੂ ਬਜਾਇਆ ਕਰਦੇ ਸਨ। ਆਮ ਭਜਨਾਂ ਵਿਚ ਜਿੱਥੇ ਸ਼ੰਕਰ ਜੀ ਦਾ ਜ਼ਿਕਰ ਆਉਂਦਾ ਹੈ ਉਥੇ ਡਮਰੂ, ਸਿੰਗੀ, ਤ੍ਰਿਸੂਲ ਦਾ ਵਰਨਣ ਪ੍ਰਾਪਤ ਹੁੰਦਾ ਹੈ। ਪੰਜਾਬੀ ਭਾਸ਼ਾ ਵਿਚ ਇਸ ਨੂੰ ਡੌਰੂ ਵੀ

Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ। ਇਸ ਦਾ ਪ੍ਰਯੋਗ ਵੱਖ-ਵੱਖ ਪੱਧਰ ਤੇ ਹੁੰਦਾ ਹੈ ਅਤੇ ਇਸ ਦਾ ਆਕਾਰ ਅਤੇ ਪ੍ਰਯੋਗ ਵਿਚ ਕੁਝ ਅੰਤਰ ਹੁੰਦਾ ਹੈ।

ਢਾਡੀ ਜੱਥੇ ਦੋ ਡਮਰੂਆਂ ਦਾ ਪ੍ਰਯੋਗ ਕਰਦੇ ਹਨ। ਇਕ ਹੱਥ ਨਾਲ ਸਾਜ਼ ਨੂੰ ਪਕੜ ਕੇ ਰਖਦੇ ਹਨ ਅਤੇ ਦੂਜੇ ਹੱਥ ਦੀਆਂ ਉਂਗਲੀਆਂ ਨਾਲ ਤਾਲ ਬਜਾਉਂਦੇ ਹੋਏ ਗਾਉਂਦੇ ਹਨ। ਗੁਗੇ ਦੇ ਉਪਾਸਕ ਵੱਡੇ ਆਕਾਰ ਦਾ ਡੌਮਰੂ ਪ੍ਰਯੋਗ ਕਰਦੇ ਹਨ ਅਤੇ ਪਤਲੀ ਜਿਹੀ ਕੁੰਡੀਦਾਰ ਲੱਕੜੀ ਨਾਲ ਚੋਟ ਕਰਦੇ ਹੋਏ ਆਵਾਜ਼ ਉਤਪੰਨ ਕਰਦੇ ਹਨ। ਇਸ ਡੌਮਰੂ ਦਾ ਵਿਚਕਾਰਲਾ ਭਾਗ ਪਤਲਾ ਹੁੰਦਾ ਹੈ ਅਤੇ ਰੱਸੀ ਉਤੇ ਕੱਪੜਾ ਜਾਂ ਡੋਰੀ ਨਾਲ ਰੱਸੀਆਂ ਨੂੰ ਕਦੀ ਢਿੱਲਾ ਕਰਦੇ ਹਨ ਅਤੇ ਕਦੀ ਕਸਦੇ ਹਨ। ਅਜਿਹਾ ਕਰਨ ਨਾਲ ਸਾਜ਼ ਦੇ ਅੰਦੋਲਨਾਂ ਦੀ ਗਿਣਤੀ ਵਿਚ ਅੰਤਰ ਆਉਂਦਾ ਰਹਿੰਦਾ ਹੈ ਜਿਸ ਨਾਲ ਆਵਾਜ਼ ਵਿਚ ਫਰਕ ਪੈਦਾ ਰਹਿੰਦਾ ਹੈ।

ਮਦਾਰੀ ਵੀ ਡੌਮਰੂ ਦਾ ਪ੍ਰਯੋਗ ਕਰਦੇ ਹਨ। ਇਸ ਦੇ ਮੂੰਹਾਂ ਉਤੇ ਇਕ ਡੋਰੀ ਬੰਨੀ ਜਾਂਦੀ ਹੈ ਅਤੇ ਉਸਦੇ ਸਿਰਿਆਂ ਤੇ ਗੰਢ ਲਗਾ ਦਿੱਤੀ ਜਾਂਦੀ ਹੈ। ਮਦਾਰੀ ਜਦੋਂ ਇਕ ਹੱਥ ਨਾਲ ਉਸ ਨੂੰ ਘੁਮਾਉਂਦਾ ਹੈ ਤਾ ਗੰਢਾਂ ਵਾਲੇ ਸਿਰੇ ਚਮੜੇ ਨਾਲ ਟਕਰਾ ਕੇ ਧੁਨੀ ਉਤਪੰਨ ਕਰਦੇ ਹਨ। ਮਦਾਰੀ ਇਕ ਹੱਥ ਨਾਲ ਬੰਸੀ ਅਤੇ ਦੂਜੇ ਹੱਥ ਨਾਲ ਡੌਮਰੂ ਵਜਾਉਂਦਾ ਹੈ ਅਤੇ ਆਪਣੇ ਦੁਆਲੇ ਮਜਮੇ ਲਈ ਲੋਕ ਇਕੱਠੇ ਕਰਕੇ ਉਹਨਾਂ ਨੂੰ ਬਾਂਦਰ, ਭਾਲੂ ਜਾਂ ਜਾਦੂ ਦੇ ਖੇਲ ਦਿਖਾਉਂਦਾ ਹੈ।

ਡਫ :- ਡਫ ਸਾਜ਼ ਵੀ ਇਕ ਅਵਿਨਧ ਸਾਜ਼ ਹੈ ਜੋ ਤਾਲ ਦਾ ਕੰਮ ਦਿੰਦਾ ਹੈ। ਇਸ ਦਾ ਪ੍ਰਯੋਗ ਜ਼ਿਆਦਾ ਤਰ ਹੋਲੀ ਗੀਤਾਂ ਨਾਲ ਕੀਤਾ ਜਾਂਦਾ ਹੈ। ਲਕੱੜੀ, ਪਿਤੱਲ ਜਾਂ ਲੋਹੇ ਦੇ ਗੋਲ ਚੱਕਰ ਦੇ ਨਾਲ ਬਾਰੀਕ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਹ 2 ਪ੍ਰਕਾਰ ਦਾ ਹੁੰਦਾ ਹੈ। ਇਕ ਪ੍ਰਕਾਰ ਨੂੰ ਛੋਟੇ ਛੋਟੇ ਲੋਹੇ ਦੇ ਗੋਲ ਟੁਕੜੇ ਲਗਾਏ ਹੁੰਦੇ ਹਨ। ਗਲੀਆਂ ਵਿਚ ਮੰਗਤੇ, ਗੱਡਿਆਂ ਵਿਚ ਭਿਖਾਰੀ ਅਤੇ ਕਈ ਕਲਾਕਾਰ ਸਟੇਜ ਤੇ ਇਸ ਸਾਜ਼ ਦਾ ਪ੍ਰਯੋਗ ਕਰਦੇ ਹਨ।

ਢੋਲ :- ਢੋਲ ਸ਼ਬਦ ਦੀ ਉਤਪੱਤੀ ਫਾਰਸੀ ਦੇ 'ਦੋਹਲ' ਤੋਂ ਮੰਨੀ ਜਾਂਦੀ ਹੈ। ਢੋਲ ਦਾ ਨਾਮ ਲੈਦਿਆਂ ਹੀ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਭੰਗੜਾ ਸਾਹਮਣੇ ਆ ਜਾਂਦਾ ਹੈ। ਢੋਲ, ਬੜਾ ਪੁਰਾਣਾ ਸਾਜ਼ ਹੈ ਇਸ ਤੋਂ ਕਈ ਕੰਮ ਲਏ ਜਾਂਦੇ ਹਨ। ਇਸ ਦੀ ਆਵਾਜ਼ ਕਾਫ਼ੀ ਦਮਦਾਰ ਹੁੰਦੀ ਹੈ। ਸੰਦੇਸ਼ ਪਹੁੰਚਾਣ ਲਈ ਲੋਕ ਇੱਕਠੇ ਕਰਨ ਲਈ, ਮੁਨਾਦੀ ਕਰਨ ਲਈ, ਪਹਿਲਵਾਨਾਂ ਦੇ ਦੰਗਲ ਵਿਚ, ਪੀਰਾਂ ਫ਼ਕੀਰਾਂ ਦੀਆਂ ਸਮਾਧਾਂ ਉਤੇ ਇਸ ਦਾ ਬੋਲਬਾਲਾ ਰਹਿੰਦਾ ਹੈ। ਇਸ ਦੀ ਥਾਪ ਉਤੇ ਬੱਚੇ, ਬੱਚੇ ਤਾ ਕੀ ਘੋੜੇ ਤਕ ਨੱਚਦੇ ਹਨ। ਸ਼ਾਦੀ ਦੇ ਸਮੇਂ ਪਾਕਿਸਤਾਨ ਵਿਚ ਜਾਂਗਲੀ ਜਾਤੀ ਦੇ ਲੋਕ ਬੈਂਡ ਬਾਜ਼ਾਂ ਨਾ ਵਜਾ ਕੇ ਸਿਰਫ਼ ਢੋਲ ਵਜਾਇਆ ਕਰਦੇ ਸਨ। ਅੱਜ ਵੀ ਪੰਜਾਬ ਦੇ ਲੋਕ ਖੁਸ਼ੀ ਦੇ ਸਮੇਂ ਲੋਹੜੀ, ਸ਼ਾਦੀ ਅਤੇ ਹੋਰ ਸਮਾਜਿਕ ਅਵਸਰਾਂ ਤੇ ਢੋਲੀ ਨੂੰ ਬੁਲਾ ਕੇ ਨੱਚਦੇ, ਭੰਗੜਾ ਪਾਉਂਦੇ ਹਨ।

ਢੋਲਕੀ :- ਇਹ ਸਾਜ਼ ਪੰਜਾਬੀ ਗੀਤਾਂ ਦੀ ਰੂਹ ਹੈ। ਆਮ ਲੋਕਾਂ ਦਾ ਤਾਲ ਸਾਜ਼ ਢੋਲਕੀ ਹੈ। ਆਮ ਗਾਉਂਣਾ ਤੋਂ ਲੈ ਕੇ ਉਚ ਪੱਧਰ ਦੇ ਪ੍ਰੋਗਰਮਾਂ ਵਿਚ ਇਸ ਦਾ ਸਥਾਨ ਹੈ। ਮੰਦਰ, ਗੁਰਦੁਵਾਰਾ, ਰੇਡਿਉ, ਟੀਵੀ ਫਿਲਮ ਅਜਿਹੀ ਕੋਈ ਥਾਂ ਨਹੀਂ ਜਿੱਥੇ ਢੋਲਕੀ ਨਹੀ। ਲੋਡੀਜ਼ ਸੰਗੀਤ, ਘਰੇਲੂ ਕੀਰਤਨ, ਬੀਬੀਆਂ **ਦਾ ਸਤਸੰਗ,** ਭਾਵ ਇਹ ਹਰ ਥਾਂ ਤੇ ਕੰਮ ਦਿੰਦੀ ਹੈ। ਗੀਤ ਭਾਵੇ ਵਿਯੋਗ ਦਾ ਠਰੱਮੇਂ ਵਾਲਾ ਹੋਵੇ ਭਾਂਵੇ

Sri Satguru Jagjit Singh Ji eLibrary NamdhariElibrary@gmail.com

ਚਲੰਤ ਲੈਅ ਵਾਲਾ ਇਹ ਸਭ ਦਾ ਸਾਥ ਨਿਭਾਉਂਦੀ ਹੈ। ਵਿਆਹ ਸ਼ਾਦੀਆਂ ਵਿਚ ਇਕ ਸਖੀ ਢੋਲਕੀ ਵਜਾਉਂਦੀ ਹੈ ਅਤੇ ਦੂਜੀ ਚਮਚੇ ਜਾ ਗੀਟਾ ਲੈ ਕੇ ਢੋਲਕੀ ਉੱਤੇ ਮਾਰਦੀ ਹੈ। ਜਿਸ ਨਾਲ ਇਕ ਖਾਸ ਤਰ੍ਹਾਂ ਦੀ ਧੁਨ ਜਾ ਲੈਅ ਬਣਦੀ ਹੈ ਜਿਸ ਨਾਲ ਗਾਉਣ ਵਾਲਾ ਤੇ ਸੁਣਨ ਵਾਲੇ ਖੁਸ਼ੀ ਨਾਲ ਝੂਮਦੇ ਹਨ।

ਘੜਾ, ਗਾਗਰ :- ਖਾਲੀ ਘੜਾ ਜਾਂ ਗਾਗਰ ਦੇ ਮੂੰਹ ਉਤੇ ਇਕ ਹੱਥ ਨਾਲ ਥਾਪ ਦੇ ਕੇ ਅਤੇ ਦੂਜੇ ਹੱਥ ਨਾਲ ਛਲੇ ਨਾਲ ਵਜਾਇਆ ਜਾਂਦਾ ਹੈ ਜਿਸ ਨਾਲ ਤਾਲ ਦੀ ਉਤਪੱਤੀ ਹੁੰਦੀ ਹੈ। ਕਈ ਲੋਕ ਘੜੇ ਦੇ ਮੂੰਹ ਤੇ ਰਬੜ ਵੀ ਚੜਾ ਲੈਂਦੇ ਹਨ।

ਨਗਾਰਾ :- ਇਸ ਦਾ ਪ੍ਰਯੋਗ ਗੀਤਾ ਵਿਚ ਜਾਂ ਨਾਟਕਾ ਵਿਚ ਕੇਵਲ ਯੁੱਧਾਂ ਦਾ ਸੀਨ ਦਿਖਾਉਣ ਦੇ ਕੰਮ ਆਉਂਦਾ ਹੈ ਅਤੇ ਗੁਰਦੁਆਰਿਆਂ ਵਿਚ ਇਸ ਦਾ ਪ੍ਰਯੋਗ ਅਰਦਾਸ ਸਮੇਂ ਵੀ ਕੀਤਾ ਜਾਂਦਾ ਹੈ।

ਘਨ ਸਾਜ ਚਿਮਟਾ :- ਚਿਮਟਾ ਇਕ ਖਾਸ ਤਰ੍ਹਾਂ ਦਾ ਸਾਜ ਹੈ। ਘਰਾਂ ਤੋਂ ਲੈ ਕੇ ਸਾਧੂ ਸੰਨਿਆਸੀ ਨਾਲ ਇਸ ਦਾ ਸਬੰਧ ਹੈ। ਆਮ ਤੌਰ ਤੇ ਦੋ ਪ੍ਰਕਾਰ ਦੇ ਚਿਮਟਿਆਂ ਦਾ ਗੀਤਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਇਕ ਸਾਫ ਚਿਮਟਾ ਹੁੰਦਾ ਹੈ, ਇਕ ਹੱਥ ਨਾਲ ਇਸ ਦੇ ਸਿਰੇ ਤੇ ਲਗੇ ਹੋਏ ਕੁੰਡੇ ਤੋਂ ਤਾਲ ਉਤਪੰਨ ਕੀਤਾ ਜਾਂਦਾ ਹੈ ਅਤੇ ਦੂਜੇ ਹੱਥ ਨਾਲ ਦੋ ਪਤੀਆਂ ਨੂੰ ਆਪਸ ਵਿਚ ਟਕਰਾਉਣ ਦਾ ਕੰਮ ਕੀਤਾ ਜਾਂਦਾ ਹੈ। ਦੂਜੀ ਪ੍ਰਕਾਰ ਦੇ ਚਿਮਟੇ ਦੇ ਛੋਟੀਆਂ 2 ਪਤੀਆਂ ਕਿਲਾ ਨਾਲ ਲਾਈਆ ਹੁੰਦੀਆਂ ਹਨ ਜੋ ਝਨਕਾਰ ਉਤਪੰਨ ਕਰਦੀਆਂ ਹਨ। ਚਿਮਟਾ, ਗੁਰਦਵਾਰਿਆ ਵਿਚ ਧਾਰਮਿਕ ਕੀਰਤਨਾਂ ਵਿਚ ਸਾਧੂਆਂ ਸੰਤਾਂ, ਅਤੇ ਇਸਤਰੀ ਸਤਸੰਗਾ ਵਿਚ ਕੀਰਤਨ ਦੇ ਨਾਲ ਆਮ ਪ੍ਰਯੋਗ ਕੀਤਾ ਜਾਂਦਾ ਹੈ।

ਖੜਤਾਲ :- ਇਸ ਦਾ ਸਬੰਧ ਵੀ ਸਾਧੂ ਸੰਤਾਂ ਨਾਲ ਜਿਆਦਾ ਰਿਹਾ ਹੈ। ਇਹ ਲਕੜੀ ਤੋਂ ਬਣਾਈ ਜਾਂਦੀ ਹੈ ਅਤੇ ਵੱਖ-ਵੱਖ ਆਕਾਰ ਦੀ ਹੁੰਦੀ ਹੈ। ਕੀਰਤਨ ਕਰਨ ਵੇਲੇ ਖੜਤਾਲ ਦਾ ਪ੍ਰਯੋਗ ਇਕ ਲੈਅ ਰੱਖਣ ਲਈ ਕੀਤਾ ਜਾਂਦਾ ਹੈ।

ਛੈਣਾਂ :- ਇਹ ਤਾਂਬੇ, ਪਿਤੱਲ ਜਾਂ ਲੋਹੇ ਆਦਿ ਧਾਤਾਂ ਤੋਂ ਬਣਾਏ ਜਾਂਦੇ ਹਨ। ਇਹ ਕਈ ਅਕਾਰ ਦੇ ਹੁੰਦੇ ਹਨ। ਮਾਤਾ ਦੀਆ ਭੇਟਾ ਨਾਲ ਮੰਦਰਾ ਵਿਚ ਗੁਰਦੁਆਰਿਆਂ ਵਿਚ ਕੀਰਤਨ ਦੇ ਨਾਲ ਆਮ ਤੌਰ ਤੇ ਪ੍ਰਯੋਗ ਹੁੰਦੇ ਹਨ।

ਕੈਸ਼ਿਆ :- ਛੈਣਿਆਂ ਦਾ ਸਭ ਤੋਂ ਛੋਟਾ ਰੂਪ ਹੈ। ਭਜਨਾ-ਕੀਰਤਨ ਵਿਚ ਬੜੇ ਸੋਭਦੇ ਹਨ ਅਤੇ ਇਸ ਸਾਜ ਦਾ ਪ੍ਰਯੋਗ ਵੀ ਕੀਰਤਨ ਸਮੇਂ ਕੀਤਾ ਜਾਂਦਾ ਹੈ। ਤਬਲਾ, ਹਾਰਮੋਨੀਅਮ, ਮਿਰਦੰਗ ਸਾਜਾਂ ਦਾ ਪ੍ਰਯੋਗ ਲੋਕ ਸੰਗੀਤ ਵਿਚ ਵੀ ਕੀਤਾ ਜਾਂਦਾ ਹੈ ਅੱਜ ਕਲ ਹਾਰਮੋਨੀਅਮ ਇਕ ਅਜਿਹਾ ਸਾਜ ਬਣ ਗਿਆ ਹੈ ਜੋ ਹਰ ਸਭਾ ਸੋਸਾਇਟੀ ਦਾ ਮੱਖ ਅੰਗ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 12

ਸੌਂਦਰਯ ਸ਼ਾਸਤਰ ਅਥਵਾ ਸੌਂਦਰਯ ਬੋਧ

(Aesthetics)

ਐਸਥੈਟਿਕਸ ਸ਼ਬਦ ਗਰੀਕ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਮੂਲ ਧਾਤੂ Atotikos ਹੈ ਜੋ ਬਦਲ ਕੇ Aesthetics ਬਣ ਗਿਆ। ਇਸ ਸ਼ਬਦ ਦਾ ਅਰਥ ਹੈ ਇੰਦ੍ਰਯਸੁਖ ਦੀ ਚੇਤਨਾ। ਇਹ ਹੀ ਸ਼ਬਦ Aesthetics ਹੈ ਜਿਸ ਦਾ ਅਰਥ ਸੌਂਦਰਯ ਸ਼ਾਸਤਰ ਲਿਆ ਗਿਆ। ਪਹਿਲੇ-ਪਹਿਲ ਬਾਊਗਾਤੇ ਨੇ ਸੰਵੇਦਨਸ਼ੀਲ ਇੰਦਰਯ ਬੋਧ ਦੇ ਅਰਥ ਵਿਚ ਇਸ ਸ਼ਬਦ ਦਾ ਪ੍ਰਯੋਗ ਕੀਤਾ। ਹੀਗੇਲ ਨੇ ਕੋਮਲ ਕਲਾਵਾਂ ਦੇ ਦਰਸ਼ਨ ਦੇ ਅਰਥ ਵਿਚ ਫਿਰ ਕਿਸੇ ਨੇ ਕਾਵਿ ਅਤੇ ਪ੍ਰਕਿਰਤੀ ਦੇ ਵਿਸ਼ੇਸ਼ਨਾਤਮਕ ਰੂਪ ਵਾਸਤੇ ਅਤੇ ਫਿਰ ਕਿਸੇ ਨੇ ਕਲਾ ਕ੍ਰਿਤੀਆਂ ਦੇ ਮੂਲਾਂਕਣ ਵਾਸਤੇ ਇਸ ਸ਼ਬਦ ਦੀ ਵਰਤੋਂ ਵੀ ਕੀਤੀ। ਪਰ ਅੱਜ-ਕਲ੍ਹ ਇਹ ਸੌਂਦਰਯ ਅਨੁਭੂਤੀ ਦਾ ਮਹਾਨ ਖੇਤਰ ਹੋ ਨਿਬੜਿਆ ਹੈ। ਸੌਂਦਰਯ ਸ਼ਾਸਤਰ ਦੇ ਅਧਿਅਨ ਤੋਂ ਨਿਮਨ ਲਿਖਤ ਰੂਪ ਸਾਹਮਣੇ ਆਉਂਦੇ ਹਨ :-

1. ਸੌਂਦਰਯ ਸ਼ਾਸਤਰ ਬੋਧ ਤੋਂ ਪ੍ਰਾਪਤ ਸੌਂਦਰਯ ਭਾਵ ਦੇ ਮਨੋਮਯ ਆਨੰਦ ਦਾ ਵਿਸ਼ਲੇਸ਼ਣ ਕਰਨਾ ਹੈ।
2. ਸੌਂਦਰਯ ਸ਼ਾਸਤਰ ਦਾ ਸਿੱਟਾ ਸਾਰੀਆਂ ਕਲਾਵਾਂ ਨੂੰ ਸਨਮੁਖ ਕਰਕੇ ਕੱਢਿਆ ਜਾਂਦਾ ਹੈ ਜੋ ਕਿਸੇ ਇਕ ਕਲਾ ਤੇ ਆਧਾਰਿਤ ਨਹੀਂ।
3. ਰਸ ਅਤੇ ਸੌਂਦਰਯ ਇੱਕੋ ਹੀ ਚੀਜ਼ ਹੈ। ਜਿਵੇਂ ਲੈਅ ਵਿਚ ਤਾਲ ਦਾ ਮਹੱਤਵ ਹੈ ਉਸ ਤਰ੍ਹਾਂ ਹੀ ਰਸ ਵਿਚ ਸੌਂਦਰਯ ਦਾ। ਰਸ ਇਕ ਝਰਨੇ ਦੇ ਸਮਾਨ ਹੈ ਜੋ ਨਿਰੰਤਰ ਪ੍ਰਵਾਹਿਤ ਹੁੰਦਾ ਰਹਿੰਦਾ ਹੈ।

ਲਲਿਤ ਕਲਾਵਾਂ :- ਭਾਰਤੀ ਅਤੇ ਵਿਦੇਸ਼ੀ ਕਲਾ ਮਾਹਰਾਂ ਨੇ ਪੰਜ ਲਲਿਤ ਕਲਾਵਾਂ ਨੂੰ ਮਾਨਤਾ ਪ੍ਰਦਾਨ ਕੀਤੀ ਹੈ। ਇਹਨਾ ਨੂੰ ਕੋਮਲ ਕਲਾਵਾਂ ਵੀ ਕਿਹਾ ਜਾਂਦਾ ਹੈ। ਸਾਰੀਆਂ ਕਲਾਵਾਂ ਦੇ ਰੂਪ ਸਰੂਪ ਵੱਖ-ਵੱਖ ਹਨ ਪਰ ਉਦੇਸ਼ ਇੱਕੋ ਹੀ ਹੈ। ਕਲਾ ਦੁਆਰਾ ਆਨੰਦ ਪ੍ਰਾਪਤ ਕਰਨਾ। ਆਨੰਦ ਹੀ ਰਸ ਦਾ ਇਕ ਰੂਪ ਹੈ ਅਤੇ ਰਸ ਹੀ ਸੌਂਦਰਯ ਹੈ।

ਲਲਿਤ ਕਲਾਵਾਂ ਨਿਮਨਲਿਖਤ ਹਨ :-

1. ਸੰਗੀਤ 2. ਕਾਵਿ 3. ਚਿੱਤਰ ਕਲਾ 4. ਮੂਰਤੀ ਕਲਾ 5. ਵਸਤੂ ਕਲਾ

ਅਲੱਗ-ਅਲੱਗ ਕਾਲਾਂ ਵਿਚ ਕਲਾਵਾਂ ਦੀ ਗਿਣਤੀ ਵਿਚ ਅੰਤਰ ਆਉਂਦਾ ਰਿਹਾ ਹੈ। ਪ੍ਰਾਚੀਨ ਗ੍ਰੰਥਾਂ ਵਿਚ ਅਨੇਕਾਂ ਕਲਾਵਾਂ ਦਾ ਵਰਨਣ ਕੀਤਾ ਗਿਆ ਹੈ। ਅੱਜ ਦੇ ਯੁੱਗ ਵਿਚ ਕਈ ਕਲਾਵਾਂ ਸਮਾਪਤ ਹੋ ਚੁੱਕੀਆਂ ਹਨ ਅਤੇ ਨਵੀਆਂ ਜੁੜ ਗਈਆਂ ਹਨ। ਇਸ ਕਰਕੇ ਉਹ ਸਾਰੀਆਂ ਲਲਿਤ ਕਲਾਵਾਂ ਨਹੀਂ ਮੰਨੀਆਂ ਜਾਂਦੀਆਂ ਬਲਕਿ ਵੱਖ-ਵੱਖ ਕਿੱਤੇ ਹਨ। ਲਲਿਤ ਕਲਾ ਵਿਚ ਆਨੰਦ, ਰਸ ਸੌਂਦਰਯਬੋਧ ਦਾ ਸੰਜੀਵ ਹੋਣਾ ਲਾਜ਼ਮੀ ਹੈ।

Sri Satguru Jagjit Singh Ji eLibrary NamdhariElibrary@gmail.com

ਬੋਧ ਗ੍ਰੰਥਾਂ ਵਿਚ ਚੌਰਾਸੀ ਕਲਾਵਾਂ, ਜੈਨ ਗ੍ਰੰਥਾਂ ਵਿਚ ਬਹੱਤਰ ਕਲਾਵਾਂ ਕਿਸੇ ਗ੍ਰੰਥ ਵਿਚ 64, ਕਿਸੇ ਵਿਚ 86 ਕਲਾਵਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ। ਬਹੁਤ ਸਾਰੇ ਕਿੱਤਿਆਂ ਨੂੰ ਕਲਾ ਰੂਪ ਸਵੀਕਾਰ ਕਰਨ ਨਾਲ ਕਲਾਵਾਂ ਦੀ ਸੰਖਿਆ ਇੰਨੀ ਵੱਡੀ ਹੋ ਜਾਂਦੀ ਹੈ। ਭਾਰਤੀ ਸੰਗੀਤ ਦਾ ਆਧਾਰ ਰਾਗ ਹੈ। ਰਾਗ ਦੀ ਵਿਆਖਿਆ ਕਰਦੇ ਹੋਏ ਕਿਹਾ ਗਿਆ ਹੈ ਕਿ ਮਨੁੱਖ ਜਾਂ ਪ੍ਰਾਣੀ ਮਾਤਰ ਦੇ ਚਿਤ ਦਾ ਜੋ ਮਨੋਰੰਜਨ ਕਰੇ, ਉਹੀ ਰਾਗ ਹੈ। ਇਸ ਤੋਂ ਭਾਵ ਹੈ ਕਿ ਰਾਗ ਵਿਚ ਮਨੋਰੰਜਨ ਕਰਨ ਦੇ ਸੱਮੁਚੇ ਗੁਣ ਹੋਣੇ ਚਾਹੀਦੇ ਹਨ। ਜਿਸ ਰਾਗ ਰਚਨਾ ਵਿਚ ਮਨੋਰੰਜਨ ਕਰਨ ਵਾਲੇ ਤੱਤਵ ਦੀ ਘਾਟ ਹੋਵੇਗੀ ਉਹ ਰਾਗ ਨਹੀਂ ਕਿਹਾ ਜਾ ਸਕਦਾ। ਸ਼ਰੋਤਿਆਂ ਦਾ ਉਸ ਦੇ ਪ੍ਰਤੀ ਪ੍ਰਭਾਵ ਵੀ ਨਹੀਂ ਹੋਵੇਗਾ। ਗਾਇਨ, ਵਾਦਨ ਅਤੇ ਨ੍ਰਿਤ ਤਿੰਨੋ ਹੀ ਸੰਗੀਤ ਕਲਾ ਦੀ ਸੋਣੀ ਵਿਚ ਆਉਂਦੇ ਹਨ। ਸ਼ਬਦ, ਸੁਰ, ਤਾਲ ਮਿਲਕੇ ਮਨ ਦੀਆਂ ਭਾਵਨਾਂਵਾਂ ਨੂੰ ਉਜਾਗਰ ਕਰਦੇ ਹਨ। ਜਿਹੜੇ ਭਾਵ ਹਿਰਦੇ ਵਿਚ ਸੁਤੇ ਹੋਏ ਹੁੰਦੇ ਹਨ ਉਹਨਾਂ ਨੂੰ ਜਗਾਉਂਦੇ ਹਨ। ਭਿੰਨ-ਭਿੰਨ ਭਾਵਾਂ ਨੂੰ ਪ੍ਰਦਰਸ਼ਿਤ ਕਰਨ ਵਾਲੀਆਂ ਧੁਨੀਆਂ ਹੀ ਸੰਗੀਤ ਦੇ ਸੁਰਾਂ ਨੂੰ ਜਨਮ ਦਿੰਦੀਆਂ ਹਨ ਕਿਉਂਕਿ ਜਦੋਂ ਭਾਵ ਪ੍ਰਗਟ ਕਰਨ ਵੇਲੇ ਭਾਸ਼ਾ ਅਸਮਰਥ ਹੋ ਜਾਂਦੀ ਹੈ ਤਾਂ ਸੰਗੀਤ ਫੁੱਟ ਪੈਦਾ ਹੈ।

ਪੱਛਮੀ ਵਿਦਵਾਨ ਕਲਾ ਕੇਵਲ ਕਲਾ ਲਈ ਮੰਨਦੇ ਹਨ। (Art for Art sake) ਪਰ ਪੂਰਵ ਦੇ ਵਿਦਵਾਨ ਕਲਾ ਨੂੰ ਆਤਮਾਂ ਲਈ ਮੰਨਦੇ ਹਨ। ਕਲਾ ਦਾ ਸਾਧਾਰਣ ਸ਼ਬਦਾ ਵਿਚ ਅਰਥ ਹੈ ਆਨੰਦ ਦੇਣ ਵਾਲੀ ਕ੍ਰਿਆ। ਉਹ ਕ੍ਰਿਆ ਜੋ ਸਾਨੂੰ ਆਨੰਦ ਦੇਵੇ ਉਸ ਨੂੰ ਕਲਾ ਕਿਹਾ ਜਾਂਦਾ ਹੈ। ਕਲਾ ਦੀ ਉਤਪੱਤੀ ਆਨੰਦ ਤੋਂ ਅਤੇ ਆਨੰਦ ਜੋ ਸੁੰਦਰ ਹੈ ਅਤੇ ਸਤ ਹੈ, ਕਲਿਆਣਕਾਰੀ ਹੈ ਜੋ ਨਵੀਨ ਹੈ, ਮੰਗਲਮਈ ਹੈ, ਮੰਗਲਕਾਰੀ ਹੈ, ਰਮਣੀਕ ਹੈ, ਖੂਬਸੂਰਤ ਹੈ, ਸੋਦਰਯਪੂਰਣ ਅਭਿਵਿਅਕਤੀ ਹੀ ਕਲਾ ਹੈ। ਇੰਦਰੀਆਂ ਰਾਂਹੀ ਜੋ ਜਾਣਿਆ ਜਾਵੇ ਸੁੰਦਰ ਰੂਪ ਵਿਚ ਵਿਅਕਤ ਕੀਤਾ ਜਾਵੇ, ਜਿਸ ਦਾ ਆਨੰਦ ਮਾਣਿਆ ਜਾਵੇ ਉਹ ਹੀ ਕਲਾ ਹੈ। ਸੁੰਦਰ ਸਿਰਜਨਾ ਦੀ ਭਾਵਨਾ ਹੀ ਕਲਾ ਦੀ ਜਨਮ ਦਾਤੀ ਹੈ। ਜਿਸ ਪ੍ਰਕਾਰ ਰੰਗ ਬਿਰੰਗੇ ਧਾਗੇ ਲੈ ਕੇ ਕੱਪੜਾ ਤਿਆਰ ਕੀਤਾ ਜਾਂਦਾ ਹੈ। ਸਾਧਾਰਣ ਕੱਪੜਾ ਲੈ ਕੇ ਉਸਨੂੰ ਰੰਗ ਬਿਰੰਗੇ ਧਾਗਿਆਂ ਦੀ ਕਢਾਈ ਦੁਆਰਾ ਸੁੰਦਰ ਸਰੂਪ ਪ੍ਰਦਾਨ ਕੀਤਾ ਜਾਂਦਾ ਹੈ, ਜੋ ਵੇਖਣ ਵਿਚ ਬੜਾ ਖੂਬਸੂਰਤ ਅਤੇ ਸੁੰਦਰ ਪ੍ਰਤੀਤ ਹੋਵੇ, ਕਲਾ ਦੀ ਭਾਵਨਾ ਨਾਲ ਜੁੜਿਆ ਹੋਇਆ ਹੋਵੇ। ਜਿਸ ਪ੍ਰਕਾਰ ਮੂਲ ਰੰਗ ਸੱਤ ਹੁੰਦੇ ਹਨ ਅਤੇ ਮੂਲ ਰਸਨਾ ਰਸ ਛੇ ਹੁੰਦੇ ਹਨ ਪਰ ਸਾਡੇ ਨੇਤਰ ਅਤੇ ਜੀਭ ਉਹਨਾਂ ਨਾਲ ਤ੍ਰਿਪਤ ਨਹੀਂ ਹੁੰਦੇ। ਉਹ ਅਣਗਿਣਤ ਰੰਗ ਅਤੇ ਰਸ ਰੂਪਾਂ ਦਾ ਆਨੰਦ ਮਾਨਣ ਦੀ ਕਾਮਨਾਂ ਰਖਦੇ ਹਨ। ਇਸੇ ਤਰਾਂ ਹੀ ਸਾਡੇ ਕੰਨ ਕੇਵਲ ਸਤ ਸੁਰਾਂ ਦੀਆਂ ਧੁਨੀਆਂ ਸੁਣਕੇ ਸੰਤੁਸਟ ਨਹੀਂ ਹੁੰਦੇ। ਹਰਖ, ਸ਼ੋਕ ਆਦਿ ਚਿਤ ਬਿਰਤੀਆਂ ਜੋ ਨਾਦ ਵਿਚ ਸਥਿਰ ਹੋ ਜਾਂਦੀਆਂ ਹਨ ਤਾਂ ਮਨੁੱਖ ਦੀ ਚੇਤਨਾ ਉਸ ਵਿਚ ਸਥਿਰ ਹੋ ਜਾਂਦੀ ਹੈ। ਜਦੋਂ ਕਰੁਣਾਂ ਭਾਵ ਪੂਰਨ ਰਾਗ ਸਾਨੂੰ ਸੁਣਾਈ ਦਿੰਦਾ ਹੈ ਤਾਂ ਸਾਡੇ ਮਸਤਕ ਵਿਚ ਕਰੁਣਾਂ ਵਾਲੇ ਭਾਵ ਉਤਪੰਨ ਹੋਣੇ ਸੁਰੂ ਹੋ ਜਾਂਦੇ ਹਨ। ਸਿੱਟੇ ਵਜੋਂ ਸਾਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਦੇਵੀ-ਦੇਵਤਿਆਂ ਦੀ ਜਾਂ ਸਾਧਾਰਣ ਜਨਤਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੀ ਭਾਵਨਾਂ ਤੋਂ ਗਾਇਨ, ਵਾਦਨ, ਨ੍ਰਿਤ, ਨਾਟਕ ਆਦਿ ਕਲਾਵਾਂ ਦਾ ਜਨਮ ਹੋਇਆ। ਮਨੁੱਖ ਨੇ ਪ੍ਰਕਰਿਤੀ ਦੀ ਨਕਲ ਕਰਕੇ ਬਹੁਤ ਕੁਝ ਸਿਰਜਨਾਂ ਕੀਤੀ ਹੈ। ਕਲਾਵਾਂ ਦੇ ਤਿੰਨ ਵਰਗ ਕੀਤੇ ਜਾ ਸਕਦੇ ਹਨ :-

1. ਉਦਾਰ ਕਲਾ 2. ਆਚਾਰ ਕਲਾ 3. ਲਲਿਤ ਕਲਾ

Sri Satguru Jagjit Singh Ji eLibrary NamdhariElibrary@gmail.com

1. **ਉਦਾਰ ਕਲਾ** :- ਮਨੁੱਖੀ ਜੀਵਨ ਵਿਚ ਉਪਯੋਗੀ ਕਲਾਵਾਂ ਜਿਵੇਂ ਜਿੰਨਾ ਦਾ ਮੁੱਖ ਉਦੇਸ ਮਨੁੱਖੀ ਜਰੂਰਤਾਂ ਦੀ ਪੂਰਤੀ ਕਰਨਾ ਹੈ। ਜਿਵੇਂ ਸੁਨਿਆਰ, ਲੋਹਾਰ, ਮਿਸਤਰੀ, ਦਰਜੀ, ਜੁਲਾਹਾ ਆਦਿ।

2. **ਆਚਾਰ ਕਲਾ** :- ਇਸ ਦੇ ਅੰਤਰਗਤ ਸ੍ਰਿਸਟਾਚਾਰ ਦੀ ਕਲਾ ਆਉਂਦੀ ਹੈ।

3. **ਲਲਿਤ ਕਲਾ** :- ਲਲਿਤ ਕਲਾ ਮਨੁੱਖ ਨੂੰ ਸੁੰਦਰਤਾ ਦੀ ਨਕਲ ਕਰਨ ਦੀ ਪ੍ਰੇਰਣਾ ਦਿੰਦੀ ਹੈ। ਲਲਿਤ ਕਲਾ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ।

1. ਅਚਲ ਲਲਿਤ ਕਲਾ 2. ਚਲ ਲਲਿਤ ਕਲਾ

ਅਚਲ ਲਲਿਤ ਕਲਾ :- ਇਹ ਸਥੂਲ ਰੂਪ ਵਿਚ ਹੁੰਦੀ ਹੈ। ਇਸ ਲਲਿਤ ਕਲਾ ਨੂੰ ਅਸੀਂ ਵੇਖ ਸਕਦੇ ਹਾਂ ਅਤੇ ਛੂਹ ਵੀ ਸਕਦੇ ਹਾਂ। ਇਸ ਦਾ ਸਰੂਪ ਸਥਿਰ ਹੁੰਦਾ ਹੈ। ਇਸ ਦੇ ਰੂਪ ਵਿਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਜਿਵੇਂ ਕੋਈ ਮੂਰਤੀ, ਮਹਲ, ਕਿੱਲਾ ਆਦਿ। ਇਸ ਕਲਾ ਦਾ ਸੁੰਦਰ ਨਮੂਨਾ ਤਾਜਮਹੱਲ ਹੈ। ਉਸ ਨੂੰ ਅਸੀਂ ਵੇਖ ਸਕਦੇ ਹਾਂ ਅਤੇ ਛੂਹ ਵੀ ਸਕਦੇ ਹਾਂ ਪਰ ਉਸ ਵਿਚ ਕੋਈ ਪਰਿਵਰਤਨ ਨਹੀਂ ਕਰ ਸਕਦੇ। ਮੂਰਤੀ ਕਲਾ, ਚਿੱਤਰ ਕਲਾ, ਵਸਤੂ ਕਲਾਵਾਂ, ਅਚਲ ਲਲਿਤ ਕਲਾ ਦੀ ਸ਼੍ਰੇਣੀ ਵਿੱਚ ਮੰਨੀਆਂ ਜਾਂਦੀਆ ਹਨ।

ਚਲ ਲਲਿਤ ਕਲਾ :- ਜਿਸ ਕਲਾ ਦੁਆਰਾ ਮਾਨਸਿਕ ਸੰਤੁਸਟੀ ਹੋਵੇ। ਜਿਸ ਨੂੰ ਵੇਖ, ਸੁਣਕੇ ਆਨੰਦ ਦੀ ਪ੍ਰਾਪਤੀ ਹੋਵੇ। ਉਸ ਨੂੰ ਅਸੀਂ ਛੂਹ ਨਹੀਂ ਸਕਦੇ ਕਿਉਂਕਿ ਉਹ ਅਮੂਰਤ ਹੁੰਦੀ ਹੈ। ਉਸ ਦਾ ਆਧਾਰ ਸੁੰਦਰ ਵਿਚਾਰ, ਖਿਆਲ, ਧਿਆਨ, ਕਲਪਨਾਂ, ਹੁੰਦਾ ਹੈ। ਇਸ ਦੇ ਅੰਤਰਗਤ ਸਾਹਿਤ ਅਤੇ ਸੰਗੀਤ, ਕਾਵਿ ਆਦਿ ਕਲਾਵਾਂ ਆਉਂਦੀਆਂ ਹਨ। ਬਾਹਰੀ ਜਗਤ ਜਾਂ ਕੁਦਰਤ ਦੇ ਸੁੰਦਰ ਸਰੂਪ ਅਸੀਂ ਆਪਣੇ ਮਨ ਵਿਚ ਉਤਾਰਦੇ ਹਾਂ ਉਹਨਾਂ ਨੂੰ ਮਨਮੋਹਕ ਰੂਪ ਦੇ ਕੇ ਸ਼ਰੋਤਿਆਂ ਦੇ ਸਨਮੁਖ ਪ੍ਰਸਤੁਤ ਕਰਦੇ ਹਾਂ। ਕਲਾ ਦੀ ਪ੍ਰਸਤੁਤੀ ਜਿੰਨੀ ਦਿਲ ਖਿਚਵੀਂ, ਨੇਤਰਾਂ ਨੂੰ ਸੁੰਦਰ ਲੱਗਣ ਵਾਲੀ ਹੋਵੇਗੀ ਉਹਨੀ ਹੀ ਉਹ ਕਲਾ ਪ੍ਰਸ਼ੰਸਾ ਪ੍ਰਾਪਤ ਕਰਨ ਵਿਚ ਸਫਲ ਹੋਵੇਗੀ। ਸੰਗੀਤ ਕਲਾ ਜਿੰਨੀ ਕੰਨਾਂ ਨੂੰ ਮਧੁਰ ਲਗੇਗੀ ਉਹਨੀ ਹੀ ਉਸਦੀ ਮਹਿਮਾਂ ਹੋਵੇਗੀ। ਲਲਿਤ ਕਲਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਭਾਗ- 1 ਸੰਗੀਤ ਕਲਾ

1. ਸੁਨਣਯੋਗ (ਸ਼ਰਵ) ਕੰਠ ਸੰਗੀਤ (ਗਾਇਨ) ਵਾਦਨ ਸੰਗੀਤ (ਵਾਦਨ) ਆਦਿ।

2. ਵੇਖਣ ਯੋਗ (ਦ੍ਰਿਸ਼) ਕੋਮਲ ਅਤੇ ਸੁੰਦਰ ਹਾਵ-ਭਾਵ ਪ੍ਰਦਰਸ਼ਿਤ ਕਰਨਾਂ (ਨ੍ਰਿਤ), ਨਾਟਕ, ਚਲ ਚਿੱਤਰ ਆਦਿ।

ਭਾਗ -2 ਕਾਵਿ ਅਤੇ ਸਾਹਿਤ ਕਲਾ

ਸੁੰਦਰ ਸ਼ਬਦਾਂ ਅਤੇ ਸੁੰਦਰ ਵਿਚਾਰਾਂ ਦੇ ਸੁਮੇਲ ਦੁਆਰਾ ਕਾਵਿ ਰਚਨਾਂ ਕਰਨਾਂ, ਕਹਾਣੀ, ਨਾਟਕ, ਅਫਸਾਨਾਂ, ਨਾਵਲ, ਆਦਿ ਰਚਨਾਵਾਂ ਲਿਖਣਾਂ ਜਿਸ ਨਾਲ ਮਨੁੱਖੀ ਜੀਵਨ ਵਿਚ ਸਹੁਜ ਸਵਾਦ, ਸੁੰਦਰਤਾ ਵਧੇ, ਪ੍ਰਫੁੱਲਿਤ ਹੋਵੇ ਅਤੇ ਕਲਾ ਦਾ ਵਿਕਾਸ ਹੋਵੇ।

Sri Satguru Jagjit Singh Ji eLibrary NamdhariElibrary@gmail.com

ਭਾਗ - 3 ਮੂਰਤੀ ਕਲਾ, ਚਿੱਤਰ ਕਲਾ ਅਤੇ ਵਾਸਤੂ ਕਲਾ :-

ਪੱਤਰ, ਲੋਹਾ, ਲੱਕੜ, ਹਾਥੀ ਦੰਦ, ਧਾਤ- (ਲੋਹਾ, ਸੋਨਾ, ਚਾਂਦੀ, ਕਾਸਾਂ, ਪਿੱਤਲ, ਤਾਂਬਾ, ਆਦਿ) ਦੁਆਰਾ ਕਿਸੇ ਕਲਾ ਕਰਿਤੀ ਦਾ ਰੂਪ ਪ੍ਰਦਾਨ ਕਰਨਾ। ਰੰਗਾਂ ਦੁਆਰਾ ਚਿੱਤਰ ਸਿਰਜਨਾਂ ਕਰਨਾ, ਭਵਨ ਨਿਰਮਾਣ ਆਦਿ। ਸੁੰਦਰ-ਸੁੰਦਰ ਕਲਾ ਕਰਿਤੀਆਂ ਨੂੰ ਵੇਖਣ ਵਾਸਤੇ ਮਨ ਵਿਚ ਇੱਛਾ ਉਤਪੰਨ ਹੁੰਦੀ ਹੈ। ਯਾਤਰੀ ਅਤੇ ਕਲਾ ਪਾਰਖੂ ਦੂਰੇ-ਦੂਰੇ ਚਲ ਕੇ ਮੂਰਤੀਆਂ ਅਤੇ ਭਵਨ ਵੇਖਣ ਲਈ ਜਾਂਦੇ ਹਨ। ਅਜੰਤਾ, ਅਲੋਰਾ ਦੀਆਂ ਗੁਫ਼ਾਵਾਂ, ਕਲਾ ਦਾ ਪ੍ਰਸਿੱਧ ਨਮੂਨਾਂ ਹਨ ਜਿਹਨਾਂ ਨੂੰ ਵੇਖਣ ਲਈ ਸੰਸਾਰ ਭਰ ਦੇ ਲੋਕ ਪੁਜਦੇ ਹਨ। ਪ੍ਰਾਚੀਨ ਕਾਲ ਅਤੇ ਮੱਧਕਾਲ ਵਿਚ ਬਣਾਏ ਗਏ ਭਵਨ, ਕਿਲੇ, ਮੂਰਤੀਆਂ, ਮੰਦਰ, ਅੱਜ ਦੇ ਮਨੁੱਖ ਲਈ ਇਕ ਵਿਸੇਸ਼ ਖਿੱਚ ਦਾ ਕਾਰਣ ਬਣ ਚੁੱਕੇ ਹਨ। ਕਲਾ ਉਹੀ ਹੈ ਜੋ ਸਦੀਵੀ ਹੋਵੇ, ਸੁੰਦਰ ਹੋਵੇ ਅਤੇ ਕਲਿਆਣਕਾਰੀ ਹੋਵੇ। ਅਚਲ ਕਲਾ ਆਪਣੇ ਸਥਾਨ ਤੇ ਸਥਿਰ ਰਹਿੰਦੀ ਹੈ ਇਸ ਨੂੰ ਵੇਖਣ ਲਈ, ਉਸਦਾ ਆਨੰਦ ਮਾਨਣ ਲਈ ਉਸਦੇ ਕੋਲ ਪੁਜਣਾਂ ਪੈਦਾ ਹੈ। ਸਾਰੀਆਂ ਲਲਿਤ ਕਲਾਵਾਂ ਆਪਣੇ ਆਪਣੇ ਸਥਾਨ ਤੇ ਮਹੱਤਵ ਰੱਖਦੀਆਂ ਹਨ। ਸੰਗੀਤ ਕਲਾ ਦਾ ਮਹੱਤਵ ਕਿਸੇ ਵੀ ਦੂਜੀ ਕਲਾ ਨਾਲੋਂ ਘੱਟ ਨਹੀਂ। ਸ੍ਰਿਸ਼ਟੀ ਦੇ ਕਣ-ਕਣ ਵਿਚ ਸੰਗੀਤ ਰਸਿਆ ਬਸਿਆ ਹੋਇਆ ਹੈ।

ਸੰਗੀਤ ਅਤੇ ਮਨੁੱਖ (Music and Human being) :- ਸੰਗੀਤ ਮਾਨਵ ਜੀਵਨ ਦਾ ਇਕ ਅਨਿੱਖੜਵਾਂ ਅੰਗ ਹੈ। ਇਹ ਉਸ ਦੇ ਦੁੱਖ ਸੁੱਖ ਦਾ ਸਾਥੀ ਹੈ। ਸੰਗੀਤ ਮਾਨਵ ਦੇ ਜਨਮ ਤੋਂ ਮੌਤ ਤੱਕ ਉਸਦਾ ਸਾਥ ਨਿਭਾਉਂਦਾ ਹੈ। ਈਸ਼ਵਰ ਨੂੰ ਰਿਝਾਉਂਣ ਲਈ, ਬੱਚੇ ਨੂੰ ਬਹਿਲਾਉਂਣ ਲਈ, ਨੌਜਵਾਨਾਂ ਦਾ ਸਾਥੀ ਅਤੇ ਵੱਡੀ ਉਮਰ ਦੇ ਪ੍ਰਾਣੀਆਂ ਲਈ ਸਹਾਰਾ ਬਣ ਜਾਂਦਾ ਹੈ। ਯੋਗੀਆਂ ਲਈ ਉਪਾਸਨਾ, ਰੋਗੀਆਂ ਲਈ ਦਵਾ, ਸੋਗੀਆਂ ਲਈ ਦਿਲਾਸਾ, ਬਾਜਾਰਾਂ, ਮੇਲਿਆਂ ਲਈ ਰੌਣਕ, ਫੌਜੀਆਂ ਲਈ ਉਤਸ਼ਾਹ, ਸ਼ਮਸ਼ਾਨ ਘਾਟ ਵਿਚ ਸਾਂਤਵਨਾਂ, ਸਮਾਜਿਕ ਆਯੋਜਨਾਂ ਲਈ ਮਨੋਰੰਜਨ, ਧਾਰਮਕ ਸਮਾਗਮਾਂ ਲਈ ਸ਼ਾਂਤੀਦਾਤਾ, ਅਤੇ ਆਸ਼ਕਾਂ ਲਈ ਮਿਲਾਪ ਦਾ ਕਾਰਣ ਹੋ ਨਿਬੜਦਾ ਹੈ। ਸੰਗੀਤ ਕਲਾ ਇਕ ਅਜਿਹਾ ਹੀ ਜਿਉਂਦਾ ਜਾਗਦਾ ਜਾਦੂ ਹੈ ਜਿਸ ਦੇ ਰਾਹੀ ਮਨੁੱਖ ਦੀਆਂ ਇੰਦਰੀਆਂ, ਦਿਲ, ਦਿਮਾਗ ਆਦਿ ਆਨੰਦ ਦੀ ਅਨੁਭੂਤੀ ਕਰਦੀਆਂ ਹਨ। ਸੰਗੀਤ ਹੋਰਨਾਂ ਲਲਿਤ ਕਲਾਵਾਂ ਤੋਂ ਅਲੱਗ ਨਹੀਂ ਬਲਕਿ ਕਲਾ ਦੇ ਪਰਿਵਾਰ ਦਾ ਇਕ ਮਹੱਤਵਪੂਰਣ ਅਤੇ ਪ੍ਰਮੁੱਖ ਅੰਗ ਹੈ। ਜਿਸ ਪ੍ਰਕਾਰ ਹਰ ਕਲਾਵਾਂ ਦੀ ਉਤੱਪਤੀ ਅਤੇ ਵਿਕਾਸ ਹੋਇਆ ਉਸੇ ਤਰਾਂ ਹੀ ਸੰਗੀਤ ਦਾ ਵੀ ਵਿਕਾਸ ਹੁੰਦਾ ਰਿਹਾ ਹੈ।

ਸੰਗੀਤ ਅਤੇ ਕਾਵਿ ਕਲਾ :- ਸੰਗੀਤ ਅਤੇ ਕਾਵਿ ਦੋਨੋਂ ਚਲ ਲਲਿਤ ਕਲਾਵਾਂ ਹਨ। ਇਹਨਾਂ ਦਾ ਆਪਸੀ ਸਬੰਧ ਅਟੂਟ ਹੈ। ਜਦੋਂ ਕਵਿਤਾ ਦਾ ਮਿਲਾਪ ਨਾਦ ਨਾਲ ਹੁੰਦਾ ਹੈ ਤਾਂ ਸੰਗੀਤ ਫੁਟ ਪੈਦਾ ਹੈ। ਮਿਲਟਨ ਨੇ ਇਹਨਾਂ ਨੂੰ ਸਿਸਟਰ ਆਰਟਸ (Sister Arts) ਕਿਹਾ ਹੈ। ਕਵਿਤਾ ਦੁਆਰਾ, ਵੀਰ ਰਸ, ਸਿੰਗਾਰ ਰਸ, ਕਰੁਣਾ ਰਸ, ਭਗਤੀ ਰਸ, ਸ਼ਾਂਤ ਰਸ, ਅਦਭੁਤ ਰਸ, ਹਾਸ ਰਸ ਦਾ ਪ੍ਰਗਟਾਵਾਂ ਕੀਤਾ ਜਾ ਸਕਦਾ ਹੈ। ਜਦੋਂ ਉਸ ਵਿਸੇਸ਼ ਰਸ ਦੀ ਕਵਿਤਾ ਨੂੰ ਉਸਦੇ ਨਾਲ ਮੇਲ ਖਾਂਦੇ ਸੰਗੀਤ ਦਾ ਸਹਾਰਾ ਮਿਲ ਜਾਂਦਾ ਹੈ ਤਾਂ ਉਹੀ ਕਵਿਤਾ ਮੂਰਤੀ ਮਾਨ ਹੋ ਉਠਦੀ ਹੈ ਕਿਉਂਕਿ ਜੇ ਕਵਿਤਾ ਦੇਹ ਹੈ ਤਾਂ ਸੰਗੀਤ ਉਸਦੀ ਆਤਮਾਂ ਹੈ। ਦੋਨਾਂ ਕਲਾਵਾਂ ਦੀਆਂ ਆਪਣੀਆ-ਆਪਣੀਆ ਸੀਮਾਂਵਾਂ ਹਨ। ਦੋਵਾਂ ਵਿਚ ਗਣਿਤ,

Sri Satguru Jagjit Singh Ji eLibrary NamdhariElibrary@gmail.com

ਗਤੀ, ਲੈਅ, ਧੁਨੀ ਪ੍ਰਯੋਗ ਹੁੰਦੀ ਹੈ। ਕਵਿਤਾ ਵਿਚ ਸ਼ਬਦਾ ਦੁਆਰਾ ਚਿੱਤਰਣ ਕੀਤਾ ਜਾਂਦਾ ਹੈ ਪਰ ਸੰਗੀਤ ਦਾ ਮੂਲ ਆਧਾਰ ਨਾਦ ਹੈ ਜੋ ਬੜਾ ਸੁਖਮ ਹੈ ਅਤੇ ਸਰਵ ਵਿਆਪੀ ਹੈ। ਇਸ ਲਈ ਸੰਗੀਤ ਦਾ ਦਰਜਾ ਕਾਵਿ ਕਲਾ ਨਾਲੋ ਉੱਚਾ ਹੈ। ਕਵਿਤਾ ਅਤੇ ਸੰਗੀਤ ਇਕ ਦੂਜੇ ਵਿਚ ਇੰਨੇ ਰਚੇ ਮਿਚੇ ਹੋਏ ਹਨ ਕਿ ਇਹਨਾਂ ਨੂੰ ਵੱਖ ਕਰਨਾ ਕਲਾ ਨੂੰ ਕਤਲ ਕਰਨ ਦੇ ਬਰਾਬਰ ਹੈ।

ਕਲਾ ਦਾ ਆਨੰਦਾ ਮਾਨਣਾਂ, ਉਸਦਾ ਰਸ ਪਾਨ ਕਰਨਾ ਹੀ ਐਸਥੇਟਿਕਸ ਹੈ। ਜਿਸ ਵਿਅਕਤੀ ਦਾ ਹਿਰਦੇ ਪੱਧਰ ਦਾ ਹੋਵੇ, ਉਸ ਦਾ ਦਿਮਾਗ ਸੰਤੁਲਿਤ ਨਾ ਹੋਵੇ, ਅਜਿਹਾ ਵਿਅਕਤੀ ਇਸ ਆਨੰਦ ਤੋਂ ਵਾਂਝਾ ਰਹਿ ਜਾਵੇ ਤਾਂ ਕੋਈ ਅਨਹੋਣੀ ਗੱਲ ਨਹੀਂ ਪਰ ਇਕ ਸੂਝਵਾਨ ਵਿਅਕਤੀ ਕਲ ਦਾ ਆਨੰਦ ਨਾਂ ਮਾਣ ਸਕੇ ਤਾਂ ਇਹ ਉਸਦੀ ਬਦਕਿਸਮਤੀ ਹੀ ਹੋਵੇਗੀ। ਇਸ ਤਰ੍ਹਾਂ ਕਲਾ ਦੇ ਨੌ ਰਸ ਮੰਨੇ ਜਾਦੇ ਹਨ :-

1. ਸ਼ਿੰਗਾਰ ਰਸ 2. ਹਾਸ ਰਸ 3. ਕਰੁਣ ਰਸ 4. ਰੌਦਰ ਰਸ 5. ਵੀਰ ਰਸ 6. ਵਿਭੁਤਸ ਰਸ 7. ਅਦਭੁਤ ਰਸ 8. ਭਿਆਨਕ ਰਸ 9. ਸ਼ਾਂਤ ਰਸ

ਸਾਰੀਆਂ ਕਲਾਵਾਂ ਵਿਚ ਇਹ ਰਸ ਵੇਖਣ-ਸੁਨਣ ਵਿਚ ਆਉਂਦੇ ਹਨ। ਹਰੇਕ ਰਸ ਦਾ ਵੱਖਰਾ-ਵੱਖਰਾ ਅਨੁਭਵ ਹੁੰਦਾ ਹੈ। ਮਨੁੱਖ ਨੂੰ ਕਲਾਵਾਂ ਵਿਚ ਇਹਨਾਂ ਰਸਾ ਦਾ ਆਨੰਦ ਮਾਨਣਾ ਚਾਹੀਦਾ ਹੈ। ਜੋ ਵਿਅਕਤੀ ਜਿੰਨਾਂ ਵੱਧ ਆਨੰਦ ਮਾਣਦਾ ਹੈ ਉਹ ਉਨਾਂ ਹੀ ਖੁਸ਼ ਨਸੀਬ ਤੇ ਕਲਾਕਾਰ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 13

ਸੰਗੀਤ ਅਤੇ ਹੋਰ ਲਲਿਤ ਕਲਾਵਾਂ

(Music and other Fine Arts)

ਕਲਾ ਕੇਵਲ ਕਲਾ ਦੇ ਵਾਸਤੇ ਹੈ (Art for Art sake) ਇਹ ਇਕ ਧਾਰਣਾ ਸੀ ਪਰ ਅੱਜ ਕਲਾ ਸਮਾਜ ਵਾਸਤੇ ਹੈ ਪਰ (Art for Society) ਕਲਾ ਦੇ ਸਬੰਧ ਵਿਚ ਧਾਰਨਾਂ ਭਾਵੇਂ ਕੋਈ ਵੀ ਕਿਉਂ ਨਾ ਹੋਵੇ ਪਰ ਉਸਦਾ ਮਕਸਦ ਇੱਕੋ ਹੀ ਹੈ - ਆਨੰਦ ਦੀ ਪ੍ਰਾਪਤੀ । ਕਲਾ ਈਸ਼ਵਰ ਦੀ ਦੇਣ ਹੈ ਅਤੇ ਮਾਨਵ ਦੀ ਕਰਿਤੀ ਹੈ । ਵਿਦਵਾਨਾਂ ਨੇ ਅਨੇਕ ਕਲਾਵਾਂ ਦਾ ਵੱਖ-ਵੱਖ ਗ੍ਰੰਥਾਂ ਵਿਚ ਉਲੇਖ ਕੀਤਾ ਹੈ ਪਰ ਮੁੱਖ ਰੂਪ ਵਿਚ ਪੰਜ ਲਲਿਤ ਕਲਾਵਾਂ ਹੀ ਸਵੀਕਾਰ ਕੀਤੀਆਂ ਗਈਆਂ ਹਨ । ਕਵਿਤਾ, ਸੰਗੀਤ ਕਲਾ, ਵਸਤੂ ਕਲਾ, ਮੂਰਤੀ ਕਲਾ, ਚਿੱਤਰ ਕਲਾ ਆਦਿ । ਕੋਮਲ ਕਲਾਵਾਂ ਦਾ ਮਨੁੱਖੀ ਮਨ, ਦਿਮਾਗ ਅਤੇ ਆਤਮਾਂ ਨਾਲ ਸਿੱਧਾ ਸਬੰਧ ਹੈ । ਕਿਸੇ ਵੀ ਵਿਸ਼ੇ ਨੂੰ ਪੜ੍ਹਨ ਜਾਂ ਲਿਖਣ ਲਈ ਕੋਮਲ ਕਲਾਵਾਂ ਬੜੀਆਂ ਸਹਾਇਕ ਹੁੰਦੀਆਂ ਹਨ । ਮਨੁੱਖੀ ਜਜ਼ਬਾਤਾਂ ਨੂੰ ਉਘਾੜ ਕੇ ਸਾਹਮਣੇ ਰੱਖਣ ਦਾ ਸਫਲ ਪ੍ਰਯਤਨ ਕਰਦੀਆਂ ਹਨ । ਜੀਵਨ ਵਿਚ ਸੋਹਜ ਭਰਦੀਆਂ ਹਨ ਜੀਵਨ ਦੀ ਜਾਂਚ ਅਤੇ ਸ਼ੌਕ ਪੈਦਾ ਕਰਦੀਆਂ ਹਨ । ਸੂਖਮ ਵਿਚਾਰਾਂ ਜਾਂ ਭਾਵਾਂ ਨੂੰ ਸਪਸ਼ਟ ਤੌਰ ਤੇ ਸਮਝਾਉਣ ਵਿਚ ਸਹਾਇਤਾ ਕਰਦੀਆਂ ਹਨ । ਜੈਨ ਗ੍ਰੰਥਾਂ ਵਿਚ 72, ਬੋਧ ਗ੍ਰੰਥਾਂ ਵਿਚ 84 ਅਤੇ ਉਪਨਸ਼ਿਦ ਵਿਚ 64 ਤੇ ਕਈਆਂ ਗ੍ਰੰਥ ਵਿਚ 86 ਕਲਾਵਾਂ ਮੰਨੀਆਂ ਹਨ । ਜੇ ਸਾਰੀਆਂ ਕਲਾਵਾਂ ਨੂੰ ਇਕ ਸਥਾਂਨ ਤੇ ਇਕੱਠਾ ਕਰ ਦਿੱਤਾ ਜਾਵੇ ਤਾਂ ਮਨੁੱਖੀ ਜੀਵਨ ਆਪਣੇ ਆਪ ਵਿਚ ਇਕ ਕਲਾ ਬਣ ਜਾਂਦਾ ਹੈ । ਕਲਾਵਾਂ ਨੂੰ ਮੁੱਖ ਰੂਪ ਵਿਚ ਇਸ ਪ੍ਰਕਾਰ ਵੰਡਿਆ ਜਾ ਸਕਦਾ ਹੈ ਉਦਾਰ ਕਲਾ, ਆਚਾਰ ਕਲਾ, ਲਲਿਤ ਕਲਾ ਆਦਿ ।

1. ਉਦਾਰ ਕਲਾ :- ਉਦਾਰ ਕਲਾ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਦੀਆਂ ਜਰੂਰਤਾਂ ਨੂੰ ਪੂਰਾ ਕਰਨਾਂ ਹੈ । ਇਹਨਾਂ ਦੀ ਸਹਾਇਤਾ ਨਾਲ ਅਨੇਕਾਂ ਪ੍ਰਾਣੀ ਆਪਣੀ ਉਦਾਰ ਪੂਰਤੀ ਕਰਦੇ ਹਨ । ਜੀਵਨ ਵਿਚ ਇਹਨਾਂ ਦਾ ਮਹੱਤਵ ਪੂਰਨ ਸਥਾਂਨ ਹੈ ਜਿਵੇਂ ਤਰਖਾਨ (ਲਕੜੀ ਦਾ ਕੰਮ ਕਰਨ ਵਾਲਾ) ਸੁਨਿਆਰਾ (ਸੋਨੇ ਦਾ ਕੰਮ ਕਰਨ ਵਾਲਾ) ਲੋਹਾਰ (ਲੋਹੇ ਦਾ ਕੰਮ ਕਰਨ ਵਾਲਾ) ਤਰਖਾਣ ਜਿਸ ਨੂੰ ਬਢਈ ਜਾਂ Carpenter ਵੀ ਕਿਹਾ ਜਾਂਦਾ ਹੈ, ਲੱਕੜੀ ਤੋਂ ਅਨੇਕਾਂ ਸੁੰਦਰ ਵਸਤੂਆਂ ਬਣਾਉਂਦਾ ਹੈ । ਇਮਾਰਤੀ ਕੰਮ ਇਹਨਾਂ ਦੇ ਹੀ ਜਿੰਮੇ ਹੈ । ਸੁਨਿਆਰ ਆਪਣੀ ਛੋਟੀ ਜਿਹੀ ਛੈਣੀ ਅਤੇ ਹਥੌੜੀ ਨਾਲ ਸੋਨੇ ਚਾਂਦੀ ਦੇ ਹਜ਼ਾਰਾਂ ਪ੍ਰਕਾਰ ਦੇ ਸੁੰਦਰ ਗਹਿਣੇ ਘੜਦਾ ਹੈ । ਇਹ ਗਹਿਣੇ ਮਨੁੱਖੀ ਜੀਵਨ ਦਾ ਸ਼ਿੰਗਾਰ ਹਨ । ਸ਼ਾਸਤਰਾਂ ਵਿੱਚ ਇਸਤਰੀਆਂ ਦੇ ਸੋਲ੍ਹਾਂ ਪ੍ਰਕਾਰ ਦੇ ਸ਼ਿੰਗਾਰਾਂ ਦਾ ਵਰਣਨ ਕੀਤਾ ਮਿਲਦਾ ਹੈ । ਇਸਤਰੀਆਂ ਨੂੰ ਆਪਣੇ ਗਹਿਣਿਆਂ ਨਾਲ ਵਿਸ਼ੇਸ਼ ਪ੍ਰੇਮ ਹੁੰਦਾ ਹੈ । ਹੋਵੇ ਵੀ ਕਿਉਂ ਨਾ ਜਿਹੜੇ ਉਸਦੀ ਦਿਖ ਨੂੰ ਦਿਲ ਖਿਚਵਾਂ ਬਣਾਉਂਦੇ ਹਨ । ਵਿਸ਼ੇਸ਼ ਤੌਰ ਤੇ ਵਿਆਹ ਸ਼ਾਦੀ ਦੇ ਅਵਸਰ ਤੇ ਇਹ ਗਹਿਣੇ ਸੋਹਜ ਨੂੰ ਚਾਰ ਚੰਨ ਲਾ ਦਿੰਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਇਸੇ ਤਰਾਂ ਲੋਹਾਰ ਦਾ ਆਪਣਾ ਮਹੱਤਵ ਹੈ। ਪਿੰਡਾਂ ਵਿਚ ਕਿਸਾਨਾਂ ਦਾ ਵਾਹ ਲੋਹਾਰ ਨਾਲ ਪਿਆ ਹੀ ਰਹਿੰਦਾ ਹੈ। ਖੁਰਪਾ, ਦਾਤਰੀ, ਕਹੀ, ਹੱਲ, ਰੇਂਤੀ, ਤਲਵਾਰ ਤੇ ਹੋਰ ਹਥਿਆਰ, ਟਰੰਕ, ਬਾਲਟੀ, ਪੇਟੀ, ਅਲਮਾਰੀ, ਟੱਬ, ਗਰਿਲ, ਬੀਮ ਤੋਂ ਛੁੱਟ ਵੱਡੇ-ਵੱਡੇ ਕਾਰਖਾਨਿਆਂ ਵਿਚ ਲੋਹੇ ਦਾ ਕੰਮ ਹੁਣ ਲੋਹਾਰ ਨਹੀਂ ਬਲਕਿ ਇੰਜੀਨੀਅਰ ਕਰਦੇ ਹਨ। ਜੁਲਾਹਾ ਹੁਣ ਪੁਰਾਣਾਂ ਸ਼ਬਦ ਹੋ ਗਿਆ ਹੈ। ਕੱਪੜੇ ਬੁਨਣਾਂ ਇਕ ਵੱਡਮੁਲੀ ਕਲਾ ਹੈ। ਅੱਜ ਦੇ ਯੁੱਗ ਵਿਚ ਖੱਡੀ ਦੇ ਸਥਾਨ ਤੇ ਮਿੱਲਾਂ ਵਿਚ ਕੱਪੜਾ ਬੁਣਿਆ ਜਾਂਦਾ ਹੈ। ਇਸ ਵਿਚ ਅਨੇਕਾਂ ਪ੍ਰਕਾਰ ਦੇ ਨਮੂਨੇ (Designs) ਤਿਆਰ ਕੀਤੇ ਜਾਂਦੇ ਹਨ। ਨਮੂਨੇ ਤਿਆਰ ਕਰਨ ਵਾਲੇ ਨੂੰ ਡਿਜ਼ਾਇਨਰ (Designer) ਕਿਹਾ ਜਾਂਦਾ ਹੈ। ਮਨੁੱਖੀ ਜੀਵਨ ਵਿਚ ਕੁੱਲੀ (House) ਗੁੱਲੀ (Bread) ਜੁੱਲੀ (Cloth) ਆਦਿ ਜ਼ਰੂਰੀ ਵਸਤੂਆਂ ਹਨ। ਸ਼ਰੀਰ ਨੂੰ ਗਰਮੀ, ਸਰਦੀ, ਬਰਸਾਤ ਤੋਂ ਬਚਾਉਂਣ ਲਈ ਕੱਪੜੇ ਦੀ ਬੜੀ ਜ਼ਰੂਰਤ ਹੈ। ਕੱਪੜਾ ਮਨੁੱਖੀ ਸ਼ਰੀਰ ਦੀ ਸੁੰਦਰਤਾ ਅਤੇ ਸੁਹਜ ਵਿਚ ਵਾਧਾ ਕਰਦਾ ਹੈ। ਮਨੁੱਖ ਆਪਣੀ ਪੁਸ਼ਾਕ ਤੋਂ ਵੀ ਪਹਿਚਾਣਿਆਂ ਜਾਂਦਾ ਹੈ। ਕੱਪੜਾ, ਪਹਿਰਾਵਾ, ਮਿਲਟਰੀ, ਪਾਦਰੀ, ਵਕੀਲ, ਜੱਜ, ਚਪੜਾਸੀ, ਟੀਟੀ, ਗਾਰਡ, ਅਮੀਰ, ਗਰੀਬ, ਭਿਖਾਰੀ, ਸਪੇਰਾ, ਸਾਧੂ, ਸੰਨਿਆਸੀ, ਸੁਹਾਗਣ, ਵਿਧਵਾ, ਆਦਿ ਦੀ ਹੋਂਦ ਦਾ ਪਤਾ ਦਿੰਦਾ ਹੈ। ਕੱਪੜਾ ਵੱਖ-ਵੱਖ ਪ੍ਰਾਂਤਾ ਅਤੇ ਵੱਖ-ਵੱਖ ਦੇਸ਼ਾ ਦੀ ਸੱਭਿਅਤਾ ਦਾ ਪ੍ਰਤੀਕ ਹੈ।

ਦਰਜੀ :- (Tailor) ਕੱਪੜੇ ਨੂੰ ਮਨੁੱਖੀ ਸ਼ਰੀਰ ਜਾਂ ਜ਼ਰੂਰਤ ਦੇ ਅਨੁਸਾਰ ਰੂਪ ਪ੍ਰਦਾਨ ਕਰਨਾਂ ਵੀ ਉਦਾਰ ਕਲਾ ਵਿਚ ਸ਼ਾਮਲ ਹੈ। ਜੁਲਾਹਾ ਤਾ ਕੇਵਲ ਕੱਪੜੇ ਦਾ ਥਾਂਨ ਤਿਆਰ ਕਰਦਾ ਹੈ ਪਰ ਦਰਜੀ ਉਸਨੂੰ ਇਕ ਮੂਰਤ ਰੂਪ ਪ੍ਰਦਾਨ ਕਰਦਾ ਹੈ ਜੋ ਸਾਡੇ ਜੀਵਨ ਵਿਚ ਰੋਜ਼ੀ ਰੋਟੀ ਦਾ ਮਸਲਾ ਹੱਲ ਕਰਨ ਦੇ ਨਾਲ ਨਾਲ ਮਨੁੱਖੀ ਸ਼ਖਸੀਅਤ ਨੂੰ ਉਘਾੜਦਾ ਹੈ।

ਰੰਗਸਾਜ :- ਰੰਗ ਦੀ ਕਲਾ ਦਾ ਆਪਣਾਂ ਹੀ ਇਕ ਸਥਾਂਨ ਹੈ। ਰੰਗ ਮਨੁਖੀ ਜੀਵਨ ਵਿਚ ਰੰਗ ਭਰਦੇ ਹਨ। ਮਕਾਨ ਨੂੰ ਰੰਗ ਕਰਨਾਂ, ਕੱਪੜੇ ਰੰਗਣਾਂ, ਕਾਰਖਾਨਿਆਂ ਵਿਚ ਤਿਆਰ ਹੋਣ ਵਾਲੀਆਂ ਵਸਤੂਆਂ ਨੂੰ ਰੰਗ ਕਰਨਾਂ, ਮੋਟਰਾਂ, ਗੱਡੀਆਂ, ਰੇਲਦੇ ਡੱਬੇ, ਫਰਨੀਚਰ ਦਾ ਰੰਗਣਾਂ, ਲਕੜੀ ਦਾ ਰੰਗਣਾਂ, ਕਈ ਪ੍ਰਕਾਰ ਦੇ ਰੰਗ ਹਨ ਜੋ ਵੱਖ-ਵੱਖ ਕਾਰੀਗਰਾਂ ਨੂੰ ਰੋਜ਼ਗਾਰ ਦਿੰਦੇ ਹਨ। ਸਾਜ਼ ਲਕੜੀ ਤੋਂ ਤਿਆਰ ਹੁੰਦੇ ਹਨ ਜੇ ਉਹਨਾਂ ਨੂੰ ਰੰਗ ਨਾਂ ਦਿੱਤਾ ਜਾਵੇ ਤਾਂ ਵੇਖਣ ਵਿਚ ਸੁੰਦਰ ਨਹੀਂ ਲਗਦੇ। ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ ਇਕ ਕਲਾ ਦਾ ਦੂਜੀ ਕਲਾ ਨਾਲ ਇਕ ਵਿਸ਼ੇਸ਼ ਸਬੰਧ ਬਣਿਆਂ ਹੋਇਆ ਹੈ। ਇਕ ਕਲਾ ਦੂਜੀ ਨਾਲ ਜੁੜੀ ਹੋਈ ਹੈ ਅਤੇ ਇਕ ਦੂਜੀ ਵਿਚ ਸਹਾਇਕ ਹੈ। ਮਨੁੱਖੀ ਜੀਵਨ ਵਿਚ ਸਾਰੀਆਂ ਕਲਾਵਾਂ ਦਾ ਯੋਗਦਾਨ ਹੈ। ਕਲਾਵਾਂ ਬਿੰਨਾਂ ਮਨੁੱਖੀ ਜੀਵਨ ਨੀਰਸ, ਸੁੰਨਾਂ ਅਤੇ ਅਧੂਰਾ ਹੈ।

ਲਲਿਤ ਕਲਾ :- ਲਲਿਤ ਕਲਾਵਾਂ ਦਾ ਖੇਤਰ ਬੜਾ ਵੱਡਾ ਤੇ ਵਿਸ਼ਾਲ ਹੈ। ਲਲਿਤ ਕਲਾ ਮਨੁੱਖੀ ਭਾਵਾਂ ਨੂੰ ਕਿਸੇ ਮੂਰਤ, ਅਮੂਰਤ ਰੂਪ ਵਿਚ ਪ੍ਰਗਟ ਕਰਦੀਆਂ ਹਨ। ਇਹ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ :-

1. ਅਚਲ ਕਲਾ 2. ਚਲ ਕਲਾ 3. ਆਚਾਰ ਕਲਾ

1. ਅਚਲ ਲਲਿਤ ਕਲਾ :- ਜੋ ਕਲਾ ਕਿਸੇ ਸਥਾਂਨ ਤੇ ਸਥਿਰ ਹੋਵੇ, ਜਿਸ ਨੂੰ ਸਾਡੇ ਨੇਤਰ ਵੇਖ ਸਕਣ,

Sri Satguru Jagjit Singh Ji eLibrary NamdhariElibrary@gmail.com

ਸਾਡੇ ਹੱਥ ਉਸਨੂੰ ਛੂ ਸਕਣ। ਜਿਸ ਦਾ ਰੂਪ ਸਥਾਈ ਹੋਵੇ। ਇਕ ਵਾਰ ਉਸਨੂੰ ਮੂਰਤ ਰੂਪ ਦੇਣ ਤੋਂ ਬਾਅਦ ਉਸ ਵਿਚ ਕੋਈ ਪਰੀਵਰਤਨ ਨਾਂ ਕੀਤਾ ਜਾਵੇ। ਇਸ ਵਰਗੀਕਰਨ ਵਿਚ ਮੂਰਤੀ ਕਲਾ, ਚਿੱਤਰ ਕਲਾ ਅਤੇ ਵਾਸਤੂ ਕਲਾ ਆਦਿ ਅਚਲ ਲਲਿਤ ਕਲਾ ਦੀ ਕੋਟੀ ਵਿਚ ਆ ਜਾਂਦੀਆਂ ਹਨ।


2. **ਚਲ ਲਲਿਤ ਕਲਾ** :- ਜਿਸ ਕਲਾ ਦੁਆਰਾ ਮਨ, ਆਤਮਾਂ ਦੀ ਤ੍ਰਿਪਤੀ ਹੋਵੇ, ਜੋ ਮਨੁਖੀ ਭਾਵਾਂ ਦਾ ਦਰਸਨ ਕਰਾਵੇ, ਸਮਾਜ ਅਤੇ ਦੇਸ਼ ਸਮੇਂ ਦੇ ਅਨੁਸਾਰ ਪ੍ਰਵਰਤਨਸ਼ੀਲ ਹੋਵੇ, ਉਸ ਨੂੰ ਚੱਲ ਲਲਿਤ ਕਲਾ ਕਿਹਾ ਜਾਂਦਾ ਹੈ। ਨਾਟਕ, ਕਾਵਿ ਅਤੇ ਸੰਗੀਤ ਇਸ ਖੇਤਰ ਦੀਆਂ ਕਲਾਵਾਂ ਹਨ। ਕਾਵਿ ਕਲਾ ਦੁਆਰਾ ਮਨੁੱਖੀ ਆਤਮਾਂ ਦੇ ਦੁਖ ਸੁਖ, ਖੁਸ਼ੀ, ਗਮੀ, ਵਿਚਾਰ, ਉਪਦੇਸ ਇਤਿਹਾਸ, ਦੀ ਸਿਰਜਨਾ ਕੀਤੀ ਜਾਂਦੀ ਹੈ। ਮਹਾਂਰਿਸੀ ਬਾਲਮੀਕ, ਤੁਲਸੀ, ਕਾਲੀਦਾਸ, ਗੁਰੂ ਨਾਨਕ ਦੇਵ ਅਤੇ ਹੋਰ ਅਨੇਕਾਂ ਕਵੀਆਂ ਨੇ ਆਪਣੇ ਭਾਵਾਂ ਦਾ ਪ੍ਰਦਰਸਨ ਕਰਨ ਦਾ ਢੰਗ ਸਿਖਾਇਆ। ਲਲਿਤ ਕਲਾ ਮਨੋਰੰਜਨ ਦਾ ਵੱਡਾ ਸਾਧਨ ਹੈ। ਭਾਵਾਂ ਦੀ ਪ੍ਰਦਰਸਨੀ ਕਰਨ ਦਾ ਸੋਮਾਂ ਹੈ। ਇਹ ਕਲਾ ਮਨੁੱਖ ਨੂੰ ਪ੍ਰੇਮ ਦਾ ਸੰਦੇਸ਼ ਦਿੰਦੀ ਹੈ।

3. **ਆਚਾਰ ਕਲਾ** (Art of Speech) :- ਆਚਾਰ, ਵਿਵਹਾਰ, ਸ਼੍ਰਿਸਟਾਚਾਰ ਆਦਿ ਵੀ ਇਕ ਕਲਾ ਹੈ। ਬੇਸ਼ਕ ਕੋਈ ਕਿਨਾਂ ਵੀ ਵੇਖਣ ਵਿਚ ਸੁੰਦਰ ਕਿਉਂ ਨਾਂ ਹੋਵੇ, ਧੰਨਵਾਨ ਹੋਵੇ, ਬਲਵਾਨ ਹੋਵੇ, ਵਿਦਵਾਨ ਹੋਵੇ ਜੇ ਉਸ ਵਿਚ ਆਚਾਰ ਜਾਂ ਸ਼੍ਰਿਸਟਾਚਾਰ ਦੀ ਕਲਾ ਦੀ ਘਾਟ ਹੈ ਤਾਂ ਸਭ ਬੇਕਾਰ ਅਤੇ ਨਿਗੁਣਾਂ ਹੋ ਜਾਂਦਾ ਹੈ। ਕੋਈ ਵੀ ਉਸ ਵਿਅਕਤੀ ਦੀ ਪ੍ਰਸ਼ੰਸਾ ਨਹੀਂ ਕਰਦਾ ਬਲ ਕਿ ਉਸਦੇ ਪਾਸ ਜਾਣਾਂ ਆਪਣੀ ਮਜ਼ਬੂਰੀ ਸਮਝਦਾ ਹੈ। ਅਧਿਆਪਕ ਦੇ ਪਾਸ ਕਿਸੇ ਵਿਦਿਆਰਥੀ ਦਾ ਆ ਕੇ ਪੁਛਣਾ ਅਤੇ ਅਧਿਆਪਕ ਦਾ ਉਸਨੂੰ ਸਮਝਾਉਣ ਦੀ ਬਜਾਏ ਨਿਰਾਦਰ ਕਰਨਾ ਅਭਦਰਤਾ ਕਿਹਾ ਜਾਵੇਗਾ। ਕਿਸੇ ਸੰਗੀਤਕਾਰ ਦਾ ਸ਼੍ਰਿਸਟਾਚਾਰ ਵਿਚ ਨਿਪੁਨ ਹੋਣਾਂ ਅਤੀ ਜ਼ਰੂਰੀ ਹੈ ਨਹੀਂ ਤਾਂ ਉਸ ਨੂੰ ਕੋਈ ਵੀ ਪ੍ਰੋਗਰਾਮ ਤੇ ਆਮੰਤਿਰਤ ਨਹੀਂ ਕਰੇਗਾ। ਪੁਰਾਣੇ ਕਲਾਕਾਰ ਬੇਸ਼ਕ ਕਿਸੇ ਸਕੂਲ, ਕਾਲਜ ਵਿਚ ਨਹੀਂ ਸਨ ਪੜ੍ਹਦੇ ਪਰ ਉਹਨਾਂ ਨੂੰ ਆਪਣੇ ਬਜੁਰਗਾਂ ਪਾਸੋਂ ਸ਼੍ਰਿਸਟਾਚਾਰ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਰਾਜਾ-ਮਹਾਰਾਜਾ ਆਪਣੇ ਬੱਚਿਆਂ ਨੂੰ ਵੇਧਣ ਤੋਂ ਸ਼੍ਰਿਸਟਾਚਾਰ ਦੀ ਸਿੱਖਿਆ ਦਿਲਾਇਆ ਕਰਦੇ ਸਨ। ਇਸ ਨੂੰ ਪਰਾਹੁਣਚਾਰੀ ਵੀ ਕਿਹਾ ਜਾਂਦਾ ਹੈ। ਅੱਜਕਲ ਹੋਟਲ ਮੈਨੇਜਮੈਂਟ ਦੇ ਕੋਰਸ ਵਿਚ ਇਸ ਕਲਾ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਸ਼੍ਰਿਸਟਾਚਾਰ ਜਿੱਥੇ ਕਿਸੇ ਨੂੰ ਆਪਣਾ ਬਣਾਂ ਲੈਂਦਾ ਹੈ ਉਥੇ ਇਹ ਕਮਾਈ ਦਾ ਸਾਧਨ ਵੀ ਹੈ। ਵਿਦਿਆਰਥੀ ਨੂੰ ਆਪਣੇ ਅਧਿਆਪਕਾਂ ਨਾਲ, ਅਧਿਆਪਕ ਨੂੰ ਆਪਣੇ ਮੁੱਖ ਅਧਿਆਪਕ, ਵਿਦਿਆਰਥੀਆਂ ਨਾਲ ਅਤੇ ਸਹਿ ਕਰਮਚਾਰੀਆਂ ਨਾਲ ਵਿਵਹਾਰ ਕਰਨ ਦੀ ਕਲਾ ਦਾ ਗਿਆਨ ਹੋਣਾਂ ਚਾਹੀਦਾ ਹੈ।

ਸੁਨਣ ਵਾਲੀ ਕਲਾ ਅਤੇ ਵੇਖਣ ਵਾਲੀ ਕਲਾ

ਚਲ ਕਲਾਵਾਂ ਦੇ ਅੰਤਰਗਤ ਸੰਗੀਤ ਅਤੇ ਸਾਹਿਤ ਕਲਾਵਾਂ ਮੰਨੀਆਂ ਜਾਂਦੀਆਂ ਹਨ। ਸੰਗੀਤ ਕਲਾ ਵਿਚ ਗਾਇਨ ਅਤੇ ਵਾਦਨ ਕਲਾਵਾਂ ਸੁਨਣ ਨਾਲ ਸਬੰਧਤ ਰਖਦੀਆਂ ਹਨ। ਨ੍ਰਿਤ ਅਤੇ ਨਾਟਕ ਕਲਾਵਾਂ ਵੇਖਣ ਨਾਲ ਸਬੰਧਤ ਹਨ।

Sri Satguru Jagjit Singh Ji eLibrary NamdhariElibrary@gmail.com



ਉਪਰੋਕਤ ਕਲਾਂਵਾਂ ਦਾ ਆਪਸ ਵਿਚ ਅਟੁੱਟ ਸਬੰਧ ਹੈ। ਇਹ ਇਕ ਦੂਜੇ ਨਾਲ ਘਿਉ ਖਿਚੜੀ ਦੀ ਤਰ੍ਹਾਂ ਘੁਲੀਆਂ ਮਿਲੀਆਂ ਹੋਈਆਂ ਹਨ। ਇਹ ਸੂਖਮ ਕਲਾਵਾ ਚਲ ਕਲਾਵਾ ਹਨ ਅਤੇ ਮਾਨਵ ਰੁਚੀ, ਸਮੇਂ, ਦੇਸ਼ ਦੇ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ, ਭਾਵ ਇਹਨਾ ਵਿਚ ਪਰਿਵਰਤਣ ਆਉਂਦਾ ਰਹਿੰਦਾ ਹੈ। ਜਿਵੇਂ ਆਰੰਭ ਵਿਚ ਵੇਦ ਮੰਤਰਾਂ ਦਾ ਉਚਾਰਨ, ਜਾਤੀ ਗਾਇਨ, ਆਲਪਤੀ ਗਾਨ, ਧਰੁਪਦ ਗਾਇਨ, ਸੁਧਾ, ਭਿੰਨਾ, ਗੋੜੀ, ਸਾਧਾਰਨ, ਬੇਸੁਰਾ, ਆਦਿ ਰੀਤੀਆਂ ਧਮਾਰ, ਖਿਆਲ, ਠੁਮਰੀ, ਤਰਾਨਾਂ, ਟੱਪਾ ਆਦਿ ਨਵੇਂ ਨਵੇਂ ਅੰਗ ਜੁੜਦੇ ਗਏ ਤੇ ਪੁਰਾਣੇ ਪਿਛੇ ਹਟਦੇ ਗਏ। ਜਿਵੇਂ ਇਕ ਮਨੁੱਖ 58 ਜਾਂ 60 ਸਾਲ ਤੱਕ ਨੌਕਰੀ ਕਰਦਾ ਹੈ ਤੇ ਫਿਰ ਮੁਕਤ ਕਰ ਦਿੱਤਾ ਜਾਂਦਾ ਹੈ। ਉਹ ਭਾਵੇ ਕਿੱਡਾ ਵੱਡਾ ਅਹੁਦੇਦਾਰ ਕਿਉਂ ਨਾ ਹੋਵੇ ਉਸਦੀ ਹੋਂਦ ਤਾਂ ਰਹਿੰਦੀ ਹੈ ਪਰ ਉਸਦੀ ਪ੍ਰਧਾਨਤਾ ਸਮਾਪਤ ਹੋ ਜਾਂਦੀ ਹੈ। ਜੋ ਵਿਅਕਤੀ ਆਪਣੇ ਕਿੱਤੇ ਵਿਚ ਨਾਮਨਾਂ ਖੱਟਦੇ ਹਨ ਉਹਨਾਂ ਦੇ ਬੁੱਢੇ ਹੋ ਜਾਣ ਤੇ ਜਾ ਮਰ ਜਾਣ ਤੇ ਉਸਦੀ ਸੰਤਾਨ ਚਾਹੇ ਤਾਂ ਉਸ ਖੇਤਰ ਨੂੰ ਅਗੇ ਵਧਾਏ ਜਾਂ ਉਸਨੂੰ ਨਾ ਪਸੰਦ ਕਰਕੇ ਕੋਈ ਦੂਜਾ ਪੈਦਾ ਕਰਦੀ ਹੈ। ਇਹ ਉਸਦੀ ਨਿੱਜੀ ਰੁਚੀ ਤੇ ਨਿਰਭਰ ਹੈ। ਅੱਜ ਕਲਾ ਦੇ ਖੇਤਰ ਵਿਚ ਅਥਾਹ ਤਬਦੀਲੀ ਆ ਚੁੱਕੀ ਹੈ ਪਰ ਉਸਦਾ ਮੂਲ ਤਾਂ ਉਹੀ ਪ੍ਰਾਚੀਨ ਹੀ ਹੈ। ਰਿਕਾਰਡਿੰਗ ਦੇ ਸਾਧਨ ਵੱਧ ਚੁੱਕੇ ਹਨ। ਮਸ਼ੀਨਰੀ, ਕੰਪਿਊਟਰ, ਵਿਧਿਤ ਯੰਤਰਾਂ ਦੀ ਭਰਮਾਰ ਹੋ ਗਈ ਹੈ। ਇੱਕੋ ਸਾਜ਼ ਯੰਤਰ ਦੁਆਰਾ ਅਨੇਕਾਂ ਸਾਜ਼ਾਂ ਦੀ ਆਵਾਜ਼ ਉਤਪੰਨ ਕੀਤੀ ਜਾ ਸਕਦੀ ਹੈ। ਇਕਾਂਕੀ ਪ੍ਰਦਰਸ਼ਨ ਦੁਆਰਾ ਕਲਾਕਾਰ ਨੂੰ ਸਹਾਇਤਾ ਤਾਂ ਪ੍ਰਾਪਤ ਹੋ ਸਕਦੀ ਹੈ ਪਰ ਉਸਨੂੰ ਆਪਣੀ ਸਾਧਨਾ ਉਵੇਂ ਹੀ ਕਰਨੀ ਪਵੇਗੀ। ਜਿਵੇਂ ਇਕ ਸ਼ਾਸ਼ਤਰੀ ਗਾਇਕ ਜਾਂ ਸਿਤਾਰ, ਸਰੋਦ, ਸਾਰੰਗੀ, ਬਾਂਸੁਰੀ, ਤਬਲਾ ਵਾਦਕ ਆਦਿ ਨੂੰ ਸਪੀਕਰ, ਲਾਇਟ, ਸਾਉਂਡ ਸਿਸਟਮ ਤਾਂ ਵਧੀਆਂ ਸਹਾਇਕ ਹੋ ਸਕਦੇ ਹਨ ਪਰ ਜੇ ਉਸਦੀ ਸਾਧਨਾ ਵਿਚ ਕਚਿਆਈ ਜਾਂ ਘਾਟ ਹੈ ਉਹ ਉਸ ਨੂੰ ਪੂਰਾ ਨਹੀਂ ਕਰ ਸਕਦੇ। ਨ੍ਰਿਤ ਕਲਾ ਵਿਚ ਨਾਟਕ ਜਾਂ ਨਾਟਕ ਵਿਚ ਨ੍ਰਿਤ ਦਾ ਸੰਯੋਗ ਹੋ ਸਕਦਾ ਹੈ। ਬਿਜਲੀ ਅਤੇ ਸਾਉਂਡ ਅਤੇ ਕੈਮਰਾ ਉਸ ਵਿਚ ਬੜੇ ਸਹਾਇਕ ਹੋ ਰਹੇ ਹਨ। ਮੰਚ ਪ੍ਰਦਰਸ਼ਨ ਵੇਲੇ ਲੋੜ ਅਨੁਸਾਰ ਸਾਜ਼ ਯੰਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਕਲਾ ਵਿਚ ਰੌਚਿਕਤਾ ਵੱਧ ਜਾਂਦੀ ਹੈ। ਪਰ ਜੇ ਕਲਾ ਹੋਵੇ ਹੀ ਨਾਂ ਤਾਂ ਸਾਜ਼ ਯੰਤਰ ਇਕ ਵਿਖਾਵਾ ਤੇ ਮਜ਼ਾਕ ਬਣਕੇ ਰਹਿ ਜਾਂਦੇ ਹਨ। ਇਸ ਲਈ ਕਲਾ ਸਾਧਨਾਂ ਆਵਸ਼ਕ ਹੈ ਸਾਜ਼ ਕੇਵਲ ਸਹਾਇਤਾ ਕਰਦੇ ਹਨ। ਇਸ ਕਰਕੇ ਕਲਾ ਨੂੰ ਸਾਧਨ ਲਈ ਰਿਆਜ਼ ਜਰੂਰੀ ਹੈ।

ਅੱਜ ਕਲ ਚਲ ਚਿੱਤਰ ਟੀ.ਵੀ. ਤੇ ਮੰਚ ਦੁਆਰਾ ਨਾਟਕ ਕਲਾ ਦਾ ਪ੍ਰਸਾਰ ਤੇ ਪ੍ਰਚਾਰ ਬਹੁਤ ਵੱਧ ਗਿਆ ਹੈ ਪਰ ਉਚ ਕੋਟੀ ਦੇ ਕਲਾਕਾਰ ਗਿਣੇ ਚੁਣੇ ਹੀ ਹਨ। ਕਿਉਂਕਿ ਕਾਠ ਦੀ ਹਾਂਡੀ ਅੱਗ ਉਤੇ ਅਧਿਕ ਦੇਰ ਨਹੀਂ ਟਿਕ ਸਕਦੀ। ਮਾਨਵ ਰੁਚੀਆਂ, ਸਮਾਜਕ ਲੋੜਾਂ, ਨਵੇਂ-ਨਵੇਂ ਆਵਿਸ਼ਕਾਰਾਂ ਦੀ ਪ੍ਰੇਰਣਾਂ ਕਾਰਨ ਚਲ ਕਲਾਵਾਂ ਵਿਚ ਪਰੀਵਰਤਨ ਆਉਂਣਾਂ ਸੁਭਾਵਿਕ ਹੀ ਹੈ।

Sri Satguru Jagjit Singh Ji eLibrary NamdhariElibrary@gmail.com

ਚਲ ਕਲਾ ਦਾ ਇਕ ਹੋਰ ਵੱਡਮੁੱਲਾ ਅੰਗ ਹੈ ਕਾਵਿ ਅਤੇ ਸਾਹਿਤ। ਸੰਗੀਤ ਅਤੇ ਕਾਵਿ ਦਾ ਅਟੁੱਟ ਸਬੰਧ ਹੈ। ਜਦੋਂ ਕਲਪਨਾ ਨਾਲ ਭਰੇ ਸੁੰਦਰ ਸ਼ਬਦ ਇਕ ਗੀਤ ਦਾ ਰੂਪ ਧਾਰਣ ਕਰ ਲੈਦੇ ਹਨ। ਉਸ ਸੁੰਦਰ ਕਾਵਿ ਨੂੰ ਕਿਸੇ ਮਧੁਰ ਆਵਾਜ਼ ਅਤੇ ਸਾਜ਼ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ ਤਾਂ ਇਕ ਅਜਿਹਾ ਨਾਦ ਉਤਪਨ ਹੁੰਦਾ ਹੈ ਜੋ ਮਾਨਵ ਹਿਰਦੇ ਦੀਆਂ ਤੰਤਰੀਆਂ ਨੂੰ ਝਨਕਾਰਿਤ ਕਰ ਦਿੰਦਾ ਹੈ। ਕਾਵਿ ਦਾ ਨਾਦ ਨਾਲ ਮਧੁਰ ਮਿਲਨ ਹੋਣ ਉਤੇ ਸੰਗੀਤ ਉਤਪੰਨ ਹੁੰਦਾ ਹੈ, ਜੋ ਦੋ ਕਲਾਵਾ ਦੇ ਮੇਲ ਦਾ ਸਿੱਟਾ ਹੈ। ਮਾਨਵ ਹਿਰਦੇ ਦੀਆਂ ਸੁਖਮ ਭਾਵਨਾਵਾਂ ਦਾ ਪ੍ਰਗਟਾਵਾ ਕਵਿਤਾ ਦੁਆਰਾ ਸਹਿਜ ਹੀ ਹੋ ਜਾਂਦਾ ਹੈ। ਕਵਿਤਾ ਵਿਚ ਵੀ ਸੰਗੀਤ ਦੀ ਭਾਂਤੀ ਨੌ ਰਸ ਹੁੰਦੇ ਹਨ। ਕਵਿਤਾ ਮਨੁੱਖ ਨੂੰ ਸਮੋਹਨ ਕਰਦੀ ਹੈ, ਸ਼ਾਂਤ ਵੀ ਕਰਦੀ ਹੈ, ਅਤੇ ਲੋੜ ਪੈਣ ਤੇ ਜੋਸ਼ ਵੀ ਭਰਦੀ ਹੈ। ਕਰੁਣਾ ਰਸ, ਭਗਤੀ ਰਸ ਦੀਆਂ ਰਚਨਾਵਾਂ ਜਦੋਂ ਸ਼ਬਦਾ ਦੇ ਨਾਲ ਮੇਲ ਖਾਂਦੇ ਹੋਏ ਸੁਰਾ ਵਿਚ ਢਾਲ ਦਿੱਤੀਆਂ ਜਾਂਦੀਆਂ ਹਨ ਤਾਂ ਮਨੁੱਖ ਦੀਆਂ ਅੱਖਾਂ ਤਰ ਹੋ ਜਾਂਦੀਆ ਹਨ। ਭਗਤੀ ਭਾਵ ਦੀਆਂ ਕਾਵਿ ਰਚਨਾਵਾਂ ਮਨੁੱਖ ਨੂੰ ਦੂਜੀ ਦੁਨੀਆਂ ਦੀ ਯਾਤਰਾ ਕਰਵਾ ਦਿੰਦੀਆ ਹਨ। ਕਵਿਤਾ ਨੂੰ ਜਦੋਂ ਮਧੁਰ ਕੰਠ ਅਤੇ ਸੁਰੀਲੇ ਸਾਜਾਂ ਦਾ ਸਹਾਰਾ ਮਿਲ ਜਾਂਦਾ ਹੈ ਤਾਂ ਉਹ ਇਕ ਸਾਕਾਰ ਰੂਪ ਧਾਰਨ ਕਰ ਲੈਂਦੀ ਹੈ। ਹਾਸ ਰਸ ਦੀਆਂ ਰਚਨਾਵਾ ਮਨੁੱਖੀ ਚਿੱਤ ਨੂੰ ਮਨੋਰੰਜਨ ਦਿੰਦੀਆ ਹਨ। ਹੱਸਨਾ ਆਦਮੀ ਲਈ ਇਕ ਵਧੀਆ ਖੁਰਾਕ ਹੈ। ਹਾਸ ਰਸ ਦੀ ਕਵਿਤਾ ਨੂੰ ਸੁਰ ਤਾਲ ਵੀ ਅਜਿਹਾ ਹੀ ਲੋੜੀਦਾ ਹੈ ਜੋ ਉਸਦੇ ਮੂਲ ਭਾਵ ਨੂੰ ਰੋਚਕ ਬਣਾਏ। ਵੀਰ ਰਸ ਦੀ ਕਵਿਤਾ ਕੰਮਜ਼ੋਰ ਦਿਲ ਨੂੰ ਵੀ ਦਲੇਰ ਬਣਾ ਦਿੰਦੀ ਹੈ। ਵੀਰ ਰਸ ਦੀ ਰਚਨਾ ਨੂੰ ਜਦੋਂ ਦਮਦਾਰ ਆਵਾਜ਼ ਵਿਚ ਗਾਇਆ ਜਾਂਦਾ ਹੈ ਅਤੇ ਉਸਦੇ ਨਾਲ ਜਦ ਤਾਲ ਆ ਮਿਲਦਾ ਹੈ ਤਾਂ ਉਸ ਕਵਿਤਾ ਦੀ ਨੁਹਾਰ ਬਦਲ ਜਾਂਦੀ ਹੈ। ਸਾਜਾਂ ਦੀਆ ਧੁਨੀਆਂ ਬੀਰ ਰਸ ਵਿਚ ਵਾਧਾ ਕਰਦੀਆਂ ਹਨ। ਮਨੁੱਖ ਵਿਚ ਆਪਣੇ ਯਤਨ ਲਈ ਪਿਆਰ ਅਤੇ ਕੁਰਬਾਨੀ ਦਾ ਜਜ਼ਬਾ ਉਭਾਰਨ ਵਿਚ ਮਹੱਤਵ ਪੂਰਨ ਭੂਮਿਕਾ ਨਿਭਾਉਂਦੀਆਂ ਹਨ। ਫੌਜਾਂ ਨੂੰ ਆਪਣੇ ਦੁਸ਼ਮਣ ਤੇ ਹਾਵੀ ਹੋਣ ਅਤੇ ਦੇਸ਼ ਲਈ ਜਾਨ ਵਾਰ ਦੇਣ ਦੀ ਪ੍ਰੇਰਨਾ ਮਿਲਦੀ ਹੈ। ਮੁਸਕਲਾਂ ਦਾ ਸਾਹਮਣਾ ਕਰਨ ਦਾ ਬਲ ਮਿਲਦਾ ਹੈ ਆਪਣੇ ਦੇਸ਼ ਦੇ ਬਹਾਦਰ ਯੋਧਿਆਂ ਦੀਆਂ ਵਾਰਾਂ ਸੁਣ ਕੇ, ਉਹਨਾਂ ਦੇ ਨਕਸ਼ੇ-ਕਦਮ ਤੇ ਚਲਣ ਦੀ ਪ੍ਰੇਰਨਾ ਮਿਲਦੀ ਹੈ। ਪੁਰਾਣੇ ਵਕਤਾਂ ਵਿਚ ਸੁਣਾ ਕੇ ਕਾਇਰ ਮਨੁੱਖ ਨੂੰ ਵੀ ਦਲੇਰ ਬਣਾਉਣ ਵਿਚ ਸਫਲ ਰਹੇ ਹਨ। ਸੰਗੀਤ ਇਸ ਮੰਤਵ ਲਈ ਬੜਾ ਸਹਾਇਕ ਸਿੱਧ ਹੁੰਦਾ ਹੈ। ਜਦੋਂ ਸ਼ਬਦ-ਮਧੁਰ ਆਵਾਜ਼ ਅਤੇ ਸੰਗੀਤ ਤਿੰਨੇ ਇਕ ਸਥਾਨ ਤੇ ਇੱਕਠੇ ਹੋ ਜਾਂਦੇ ਹਨ ਤਾਂ ਕਿ ਅਦਭੁੱਤ ਵਾਤਾਵਰਣ ਬਣ ਜਾਂਦਾ ਹੈ। ਸ਼ਿੰਗਾਰ ਰਸ ਨੂੰ ਸਭ ਤੋਂ ਵਧੇਰੇ ਉਚ ਸਥਾਨ ਪ੍ਰਾਪਤ ਹੈ। ਸੁੰਦਰਤਾ ਪ੍ਰਕਿਰਤੀ ਦੀ ਇਕ ਵੱਡਮੁਲੀ ਦੇਣ ਹੈ। ਕੁਦਰਤ ਦੀ ਸੁੰਦਰ ਰਚਨਾ ਨੂੰ ਆਪਣੀ ਕਲਪਣਾ ਦੁਆਰਾ ਸ਼ਬਦ ਰੂਪ ਵਿਚ ਢਾਲਣਾ ਇਕ ਵੱਡਾ ਹੁਨਰ ਹੈ। ਕਾਦਰ ਅਤੇ ਕੁਦਰਤ ਦੀ ਤਾਰੀਫ਼ ਕਰਦੇ ਹੋਏ ਕਾਵਿ ਰਚਨਾ ਕਰਨਾ ਵੀ ਈਸ਼ਵਰ ਦੀ ਕੀਰਤੀ ਗਾਇਨ ਹੀ ਹੈ। ਸੁੰਦਰ ਝਰਨੇ, ਨਦੀਆਂ, ਪਹਾੜ, ਚੰਦ, ਸੂਰਜ, ਤਾਰੇ, ਰੰਗ, ਸੁੰਦਰ ਸ਼ਰੀਰ, ਸਰੀਰ ਦੇ ਸੁੰਦਰ ਅੰਗ-ਅੱਖਾਂ, ਕੇਸ, ਕੱਦ, ਚਾਲ ਢਾਲ ਆਦਿ ਦੀ ਸਲਾਹੁਤਾ ਕਾਵਿ ਰੂਪ ਵਿਚ ਕਰਨਾ ਸ਼ਿੰਗਾਰ ਪ੍ਰਧਾਨ ਜਾਂ ਸ਼ਿਗਾਰ ਰਸ ਰਚਨਾ ਕਹੀ ਜਾਂਦੀ ਹੈ ਸ਼ਿੰਗਾਰ ਰਸ ਸਭ ਤੋਂ ਵੱਧ ਮਨੋਰੰਜਕ ਅਤੇ ਲੋਕ ਪ੍ਰਿਆ ਹੈ। ਅਜੋਕੀ ਕਵਿਤਾ ਨੂੰ ਸ਼ਿੰਗਾਰ ਰਸ ਵਿਚ ਹੀ ਗਾਉਣ ਨਾਲ ਉਸ ਵਿਚ ਚਾਰ ਚੰਦ ਲਗ ਜਾਂਦੇ ਹਨ ਸ਼ਾਸਤਰੀ ਸੰਗੀਤ ਵਿਚ ਠੁਮਰੀ, ਦਾਦਰਾ, ਗਜ਼ਲ ਆਦਿ ਗਾਇਨ ਸ਼ੈਲੀਆਂ ਇਸ ਰਸ ਨੂੰ ਪ੍ਰਗਟਾਉਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਕਾਵਿ ਅਤੇ ਸੰਗੀਤ ਦੋਵੇ ਕਲਾਵਾਂ ਗਤੀਸ਼ੀਲ ਹਨ। ਇਸ ਕਰਕੇ ਮਿਲਟਨ ਨੇ ਇਹਨਾਂ ਨੂੰ ਸਿਸਟਰ ਆਰਟਸ (Sister Arts) ਦਾ ਦਰਜਾ ਦਿੱਤਾ ਹੈ। ਹਿੰਦੋਸਤਾਨੀ ਸੰਗੀਤ ਅਤੇ ਕਵਿਤਾ ਦੋਵੇਂ ਕਲਾਵਾਂ ਇਕ ਪਰਿਵਾਰ ਦੇ ਦੋ ਸਰੋਤ ਹਨ। ਜਿਸ ਪ੍ਰਕਾਰ ਦੋ ਵੱਖ-ਵੱਖ ਚਸ਼ਮੇਂ ਇੱਕ ਸਥਾਨ ਤੋਂ ਮਿਲਕੇ ਨਦੀ ਦਾ ਰੂਪ ਧਾਰਨ ਕਰ ਲੈਂਦੇ ਹਨ। ਜਿਵੇਂ ਕਵਿਤਾ ਦੀਆਂ ਪੰਕਤੀਆਂ ਗਤੀਸ਼ੀਲਤਾ ਉਤਪੰਨ ਕਰਦੀਆਂ ਹਨ। ਇਸ ਤਰ੍ਹਾਂ ਹੀ ਸੰਗੀਤ ਦੇ ਸੱਤ ਸੁਰਾਂ ਦੀ ਆਰੋਹ-ਅਵਰੋਹ ਇਕ ਸੁਰ ਲਹਿਰੀ ਉਤਪੰਨ ਕਰਦੀ ਹੈ ਤੇ ਕਿਸੇ ਗੀਤ ਦੀ ਧੁਨ ਦੇ ਰੂਪ ਵਿਚ ਸਾਕਾਰ ਹੋ ਉਠਦੀ ਹੈ। ਕਵਿਤਾ ਅਤੇ ਸੰਗੀਤ ਦਾ ਸਬੰਧ ਦੇਹ ਅਤੇ ਆਤਮਾਂ ਦਾ ਹੈ। ਜੇਕਰ ਕਵਿਤਾ ਦੇਹ ਰੂਪ ਹੈ ਤਾਂ ਸੰਗੀਤ ਉਸ ਵਿਚ ਆਤਮਾਂ ਹੈ, ਚੇਤਨਾਂ ਹੈ, ਰੂਹ ਹੈ। ਸਮੇਂ ਸਮੇਂ ਸਿਰ ਮਨੁੱਖੀ ਵਿਚਾਰਧਾਰਾ ਪ੍ਰੀਵਰਤਨ ਹੁੰਦੀ ਰਹਿੰਦੀ ਹੈ। ਸਮਾਜ ਵਿਚ ਨੀਤ ਨਵੀਆਂ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਸਮਾਜਿਕ ਪਰਿਵਰਤਨ ਦੇ ਕਾਰਨ ਕਲਾ ਵਿਚ ਵੀ ਅਜਿਹਾ ਕੁਝ ਹੋਣਾ ਸੁਭਾਵਿਕ ਹੀ ਹੈ। ਗੁਰੂ ਗੋਬਿੰਦ ਸਿੰਘ, ਸ਼ਿਵਾਜੀ, ਝਾਂਸੀ ਦੀ ਰਾਣੀ, ਰਾਣਾਂ ਪ੍ਰਤਾਪ ਦੇ ਸਮੇਂ ਮੁਗਲਾਂ ਨਾਲ ਯੁੱਧ ਕਰਨ ਦਾ ਢੰਗ ਤਰੀਕਾ ਹੋਰ ਸੀ। ਅੰਗਰੇਜ਼ਾਂ ਦੇ ਸਮੇਂ ਵਿਚ ਕਈ ਕੁਝ ਬਦਲ ਗਿਆ। ਭਾਰਤ ਦੀ ਆਜ਼ਾਦੀ ਵੇਲੇ ਦੀ ਲੜਾਈ ਦਾ ਰੂਪ ਬਿਲਕੁਲ ਵੱਖਰਾ ਸੀ। ਚੰਡੀ ਦੀ ਵਾਰ ਅਤੇ ਭੂਸ਼ਨ ਦੀਆਂ ਰਚਨਾਵਾਂ ਨੂੰ ਜਦੋਂ ਯੋਧਿਆਂ ਦੇ ਸਾਹਮਣੇ ਗਾਇਆ ਜਾਂਦਾ ਸੀ ਤਾਂ ਵੀਰ ਰਸ ਨਾਲ ਭਰਪੂਰ ਇਕ ਇਕ ਸ਼ਬਦ ਯੋਧਿਆਂ ਵਿਚ ਜੋਸ਼ ਭਰ ਦਿੰਦੀਆਂ। ਭਗਤੀਕਾਲ (ਅਕਬਰ ਕਾਲ) ਵਿਚ ਗੁਰੂ ਨਾਨਕ ਦੇਵ, ਮੀਰਾਂ, ਸੁਰਦਾਸ, ਕਬੀਰ, ਤੁਲਸੀ ਆਦਿ ਦੀਆਂ ਕਾਵਿ ਰਚਨਾਵਾਂ ਮਾਨਵ ਦੇ ਜਲਦੇ ਹਿਰਦੇ ਉੱਤੇ ਮਲ੍ਹਮ ਦਾ ਫੈਹਾ ਰਖਦੀਆਂ ਹਨ। ਸੁਭਾਸ਼ ਚੰਦਰ, ਭਗਤ ਸਿੰਘ ਤੇ ਹੋਰ ਦੇਸ਼ ਦੀ ਆਜਾਦੀ ਦੇ ਪਰਵਾਨਿਆਂ ਦੀਆਂ ਘੋੜੀਆਂ ਕਾਵਿ ਰੂਪ ਵਿਚ ਲਿਖੀਆਂ ਗਈਆਂ ਜਿੰਨਾਂ ਨੂੰ ਗਾ-ਗਾ ਕੇ ਲੋਕਾਂ ਤਾਂਈ ਉਹਨਾਂ ਦੇ ਸੰਦੇਸ਼ ਨੂੰ ਪਹੁੰਚਾਇਆ ਗਿਆ। ਜਵਾਹਰ ਲਾਲ ਨਹਿਰੂ, ਮਹਾਤਮਾਂ ਗਾਂਧੀ, ਲਾਜਪਤ ਰਾਏ, ਵਲਭ ਭਾਈ ਪਟੇਲ ਆਦਿ ਆਜ਼ਾਦੀ ਦੇ ਘੁਲਾਟੀਆਂ ਦੀ ਸੋਚ ਕੁਝ ਵੱਖ ਸੀ। ਇਹਨਾਂ ਬਾਰੇ ਗੀਤ ਵੱਖਰੇ ਅੰਦਾਜ਼ ਵਿਚ ਰਚੇ ਗਏ। ਜਦੋਂ ਗੀਤ (ਕਾਵਿ) ਤੇ ਸੰਗੀਤ ਇੱਕ ਹੋ ਜਾਂਦੇ ਹਨ ਤਾਂ ਉਸ ਵਿਚੋਂ ਇੱਕ ਵਿਸ਼ੇਸ਼ ਪ੍ਰਕਾਰ ਦੇ ਰਸ ਦਾ ਸੰਚਾਰ ਹੁੰਦਾ ਹੈ। ਉਸ ਰਸ ਦਾ ਕੀ ਨਾਮ ਹੈ। ਇਹ ਸ਼ਬਦਾਵਲੀ ਤੇ ਨਿਰਭਰ ਕਰਦਾ ਹੈ।

ਹਕੀਕਤ ਤਾਂ ਇਹ ਹੈ ਕਿ ਦੋਵੇ ਕਲਾਵਾਂ ਇੱਕ ਦੂਜੇ ਤੇ ਨਿਰਭਰ ਕਰਦੀਆਂ ਹਨ। ਜਿਸ ਰਸ ਦੀ ਕਵਿਤਾ ਹੋਵੇ ਉਸੇ ਹੀ ਰਸ ਦਾ ਸੰਗੀਤ ਹੋਣਾਂ ਚਾਹੀਦਾ ਹੈ। ਇਸ ਦਾ ਮਾਨਵ ਹਿਰਦੇ ਤੇ ਗਹਿਰਾ ਪ੍ਰਭਾਵ ਪੈਦਾ ਹੈ। ਇਹੀ ਤਾਂ ਕਲਾ ਦਾ ਉਦੇਸ਼ ਹੈ।

ਸੰਗੀਤ ਅਤੇ ਚਿੱਤਰਕਾਰੀ

ਅਚੱਲ ਕਲਾਵਾਂ ਵਿਚੋਂ ਸਿਰਕੱਢ ਅਥਵਾ ਉਤਮ ਕਲਾ ਦਾ ਨਾਂਮ ਹੈ। ਚਿਤੱਰਕਲਾ ਇਹ ਇਕ ਸਥੂਲ ਕਲਾ ਹੈ। ਇਹ ਵਾਸਤੂ ਕਲਾ ਦੀ ਤਰਾਂ ਅਚਲ ਹੈ। ਸੰਗੀਤ ਵਿਚ ਜੋ ਮਨ ਦੇ ਭਾਵ ਸੁਰਾਂ ਰਾਂਹੀ ਅਤੇ ਕਵਿਤਾ ਵਿਚ ਸ਼ਬਦਾਂ ਦੁਆਰਾ ਪ੍ਰਗਟ ਦਰਸਾਏ ਜਾਂਦੇ ਹਨ। ਚਿੱਤਰਕਾਰ ਆਪਣੇ ਵਿਚਾਰ, ਮਨੋਭਾਵ, ਅੰਤਰੀਵ ਪ੍ਰਸੰਨਤਾ, ਅੰਤਰੀਵ ਦੁਖ, ਪੀੜਾ, ਗਮ, ਆਦਿ ਦਾ ਪ੍ਰਦਰਸ਼ਨ ਚਿੱਤਰਕਾਰੀ ਵਿਚ ਤਿੰਨ ਰੰਗਾਂ ਅਤੇ ਆਕਰਿਤੀਆਂ ਦੁਆਰਾ ਵਿਅਕਤ ਕਰਦਾ ਹੈ। ਇਸ ਕਲਾ ਦੀ ਵੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਜਿਸ ਨੂੰ ਦੇਖਣ ਲਈ ਦਰਸ਼ਕ ਬੜੀ ਵੱਡੀ ਗਿਣਤੀ ਅਤੇ ਉਤਸ਼ਾਹ ਨਾਲ ਆਉਂਦੇ ਹਨ। ਇਹ ਕਲਾ

Sri Satguru Jagjit Singh Ji eLibrary NamdhariElibrary@gmail.com

ਅੱਖਾਂ ਨਾਲ ਦੇਖਣ ਨਾਲ ਸਬੰਧਤ ਰੱਖਦੀ ਹੈ। ਸਰਵਣ ਦਾ ਇਸ ਨਾਲ ਕੋਈ ਸਬੰਧ ਨਹੀਂ ਜਦ ਕਿ ਸੰਗੀਤ ਦਾ ਸਰਵਣ ਅਤੇ ਵੇਖਣ ਇੰਦ੍ਰੀਆਂ ਨਾਲ ਆਨੰਦ ਮਾਣਿਆ ਜਾਂਦਾ ਹੈ। ਇਸ ਕਲਾ ਨੂੰ ਨੇੜੇ ਜਾ ਕੇ ਵੇਖਿਆ ਜਾਂਦਾ ਹੈ ਜਦ ਕਿ ਸੰਗੀਤ ਨੂੰ ਕੁਝ ਦੂਰੀ ਤੋਂ ਵੀ ਵੇਖਿਆ ਸੁਣਿਆ ਜਾ ਸਕਦਾ ਹੈ। ਸੰਗੀਤ ਨੂੰ ਭਾਵੇ ਕੋਈ ਧਿਆਨ ਨਾਲ ਨਾ ਵੀ ਸੁਣੇ ਪਰ ਕੋਈ ਵੀ ਮਧੁਰ ਸੁਰਾਂ ਦਾ ਮਜਾ ਲਏ ਬਿਨਾਂ ਨਹੀਂ ਰਹਿ ਸਕਦਾ। ਆਕ੍ਰਿਸ਼ਿਤ ਕਰਨ ਦੀ ਸ਼ਕਤੀ ਸੰਗੀਤ ਦੇ ਸੁਰਾਂ ਤੇ ਨਿਰਭਰ ਕਰਦੀ ਹੈ। ਅਣਜਾਨ ਵਿਅਕਤੀ ਵੀ ਕੋਈ ਮਿੱਠੀ ਗੀਤ ਦੇ ਧੁਨ ਸੁਣਕੇ ਉਸ ਨਾਲ ਗੁਣਗੁਣਾਂ ਉਠਦਾ ਹੈ। ਆਪਣੇ ਪੈਰ ਜਾਂ ਹੱਥ ਹਿਲਾਉਣ ਲੱਗ ਪੈਦਾ ਹੈ। ਕਈ ਵਾਰ ਤਾਂ ਸ਼ਰੇਤੇ ਨੱਚਣ ਵੀ ਲਗ ਪੈਦੇ ਹਨ। ਸੰਗੀਤ ਮਨੁੱਖ ਦੇ ਸੁਤੇ ਹੋਏ ਕਲਾਕਾਰ ਨੂੰ ਜਗਾ ਦਿੰਦਾ ਹੈ। ਸੰਗੀਤ ਮਨੁੱਖ ਤੇ ਹੀ ਕਿਉਂ ਬਲਕਿ ਬਨਸਪਤੀ ਅਤੇ ਡੰਡੂਆਂ ਤੇ ਵੀ ਪ੍ਰਭਾਵ ਪਾਉਂਦਾ ਹੈ। ਪਰ ਚਿੱਤਰਕਲਾ ਨੂੰ ਪਾਰਖੀ ਹੀ ਸਮਝ ਸਕਦਾ ਹੈ। ਇਹ ਇਕ ਸਥੂਲ ਕਲਾ ਹੈ ਤਰਾਂ ਨਾਲ ਵੇਖੀ ਜਾ ਸਕਦੀ ਹੈ। ਇਸ ਨੂੰ ਅਸੀਂ ਛੂਹ ਵੀ ਸਕਦੇ ਹਾਂ ਕਿਉਂਕਿ ਇਹ ਜੜ ਹੈ। ਸੰਗੀਤ ਸੁਖਮ ਕਲਾ ਹੈ। ਇਹ ਗਤੀਸੀਲ ਹੈ ਅਤੇ ਚਲ ਕਲਾ ਹੈ। ਦੂਜੇ ਪਾਸੇ ਚਿੱਤਰ ਕਲਾ ਸਥੂਲ ਹੈ, ਅਚਲ ਕਲਾ ਹੈ। ਜਿਹੜਾ ਚਿੱਤਰ ਇਕ ਵਾਰ ਤਿਆਰ ਹੋ ਗਿਆ ਹੈ ਉਹ ਸਮਿਆਂ ਬੱਧੀ ਉਸੇ ਹਾਲਤ ਵਿਚ ਹੀ ਰਹਿੰਦਾ ਹੈ ਪਰ ਸੰਗੀਤ ਵਿਚ ਭਾਵਾਂ ਦੀ ਪ੍ਰਬਲਤਾ ਹੋਣ ਕਾਰਨ ਤਬਦੀਲੀ ਆਉਂਦੀ ਰਹਿੰਦੀ ਹੈ।

ਸੰਗੀਤ ਅਤੇ ਮੂਰਤੀ ਕਲਾ :-

ਮੂਰਤੀ ਕਲਾ ਵੀ ਇਕ ਸਥੂਲ ਅਤੇ ਸਥਿਰ ਕਲਾ ਹੈ। ਇਹ ਇਕ ਅਚਲ ਕਲਾ ਹੈ। ਮੂਰਤੀ ਕਲਾ ਨਾਲ ਚਿੱਤਰ ਕਲਾ ਅਤੇ ਨ੍ਰਿਤ ਕਲਾ ਦਾ ਗਿਆਨ ਹੋਣਾਂ ਬੜਾ ਜਰੂਰੀ ਹੈ। ਨ੍ਰਿਤ ਕਰਦੀ ਹੋਈ ਮੂਰਤੀ ਬਣਾਉਣ ਲਈ ਮੂਰਤੀਕਾਰ ਨੂੰ ਉਸ ਨ੍ਰਿਤ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਉਹ ਉਸ ਮੂਰਤੀ ਨੂੰ ਸਹੀ ਰੂਪ ਪ੍ਰਦਾਨ ਕਰ ਸਕੇ। ਮਨੀ ਪੁਰੀ, ਭਰਤ ਨਾਟਿਅਮ ਜਾਂ ਕਥਕ ਨ੍ਰਿਤ ਦੀ ਮੂਰਤੀ ਬਣਾਉਣ ਵੇਲੇ ਕਲਾਕਾਰ ਨੂੰ ਉਸਦੀ ਵੇਸ਼ ਭੂਸ਼ਾ, ਹਾਵਭਾਵ, ਸਿੰਗਾਰ, ਹੱਥਾਂ, ਪੈਰਾਂ ਦੀ ਪੋਜੀਸ਼ਨ ਦਾ ਪਤਾ ਹੋਣਾਂ ਚਾਹੀਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਦੀ ਮੂਰਤੀ ਤਿਆਰ ਕਰਨ ਵੇਲੇ ਉਸਦੇ ਦਿਮਾਗ ਵਿਚ ਭਗਵਾਨ ਦਾ ਖੜੇ ਹੋਣਾਂ, ਬਾਂਸੁਰੀ ਪਕੜਨ ਦਾ ਅੰਦਾਜ, ਉਸ ਉਤੇ ਉਗਲੀਆਂ ਟਿਕਾਉਣ ਦਾ ਅੰਦਾਜ ਦਾ ਗਿਆਨ ਜ਼ਰੂਰੀ ਹੈ। ਸਰਸਵਤੀ ਮਾਂ ਦੀ ਮੂਰਤੀ ਤਿਆਰ ਕਰਨ ਵੇਲੇ ਮਾਂ ਦੀ ਵੇਸ਼ਭੂਸ਼ਾ, ਆਸਨ, ਵੀਣਾ ਦਾ ਪਕੜਣਾ, ਪੁਸਤਕ ਦਾ ਇਕ ਹੱਥ ਵਿਚ ਹੋਣਾਂ, ਆਦਿ ਗੱਲਾਂ ਦਾ ਚੰਗਾ ਗਿਆਨ ਹੋਣਾਂ ਚਾਹੀਦਾ ਹੈ। ਕਈ ਵਾਰ ਸਾਜ ਦੀ ਬਣਤਰ ਉਸਦੇ ਪਰਦੇ, ਉਸਦੀਆਂ ਤਾਰਾਂ ਜਾਂ ਉਸ ਉਤੇ ਹੱਥਾਂ ਦਾ ਰੱਖਣਾਂ ਸਹੀ ਨਾਂ ਹੋਣਕਾਰਨ ਮੂਰਤੀ ਪ੍ਰਭਾਵ ਨਹੀਂ ਪਾਉਂਦੀ ਬਲਕਿ ਦਰਸ਼ਕ ਉਸਦਾ ਮਜ਼ਾਕ ਉਡਾਉਂਦੇ ਹਨ। ਮੂਰਤੀ ਕਲਾ ਵੀ ਨੇਤਰਾਂ ਨਾਲ ਵੇਖੀ ਅਤੇ ਆਨੰਦ ਮਾਨਣ ਵਾਲੀ ਸਥੂਲ ਕਲਾ ਹੈ। ਦੂਜੇ ਪਾਸੇ ਸੰਗੀਤ ਇਕ ਸੁਖਮ ਕਲਾ ਹੈ ਜੋ ਨਾਂ ਤਾਂ ਅੱਖਾਂ ਨਾਲ ਵੇਖੀ ਜਾ ਸਕਦੀ ਹੈ ਅਤੇ ਨਾਂ ਹੀ ਛੂਹੀ ਜਾ ਸਕਦੀ ਹੈ, ਕਿਉਂਕਿ ਨਾਦ ਕੇਵਲ ਸੁਣਿਆ ਹੀ ਜਾ ਸਕਦਾ ਹੈ। ਨਾਦ ਨੂੰ ਸੁਣਕੇ ਉਸਦਾ ਆਨੰਦ ਮਾਣਿਆ ਜਾ ਸਕਦਾ ਹੈ। ਸੰਗੀਤ ਤਿੰਨ ਕਲਾਵਾਂ ਦਾ ਮਿਸ਼ਰਣ ਹੈ ਜਿਸ ਵਿਚ ਗਾਇਨ, ਵਾਦਨ ਅਤੇ ਨ੍ਰਿਤ ਦਾ ਸਮਾਵੇਸ਼ ਹੁੰਦਾ ਹੈ। ਨ੍ਰਿਤ ਕਲਾ ਇਕ ਅਜਿਹੀ ਕਲਾ ਹੈ ਜਿਸ ਨੂੰ ਅੱਖਾਂ ਨਾਲ ਵੇਖਿਆ ਵੀ ਜਾਂਦਾ ਹੈ। ਨ੍ਰਿਤ ਕਲਾ ਨਾਲ ਸਬੰਧਤ ਜਾਂ ਇਸ ਤੇ ਆਧਾਰਿਤ ਵਿਭਿੰਨ ਕਲਾਕਾਰਾਂ ਨੇ ਮੂਰਤੀਆਂ ਤਿਆਰ ਕੀਤੀਆਂ ਹਨ। ਮੂਰਤੀ ਕਲਾ

Sri Satguru Jagjit Singh Ji eLibrary NamdhariElibrary@gmail.com

ਕਈ ਧਾਤਾਂ ਤੋਂ ਤਿਆਰ ਕੀਤੀ ਜਾ ਸਕਦੀ ਹੈ। ਲੱਕੜ, ਲੋਹਾ, ਤਾਂਬਾ, ਚਾਂਦੀ, ਸੋਨਾ, ਪੱਥਰ, ਮਿੱਟੀ ਆਦਿ ਤੋਂ ਮੂਰਤੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਜਿਸ ਪ੍ਰਕਾਰ ਸੰਗੀਤ ਵਿਚ ਨੌ ਰਸ ਦਰਸਾਏ ਜਾਂਦੇ ਹਨ ਉਸੇ ਤਰਾਂ ਮੂਰਤੀ ਕਲਾ ਵਿਚ ਵੀ ਰਸਾਂ ਦਾ ਸੰਚਾਰ ਹੁੰਦਾ ਹੈ। ਕਿਸੇ ਯੋਧੇ ਦੀ ਮੂਰਤੀ, ਜਿਸ ਵਿਚ ਉਸ ਨੂੰ ਪੂਰੀ ਵਰਦੀ ਵਿਚ ਅਤੇ ਘੋੜੇ ਤੇ ਸਵਾਰ ਸ਼ਸ਼ਤਰਾਂ ਨਾਲ ਲੈਸ ਦਿਖਾਇਆ ਗਿਆ ਹੈ ਤਾਂ ਇਹ ਉਸ ਵਿਚ ਵੀਰ ਰਸ ਪ੍ਰਗਟਾਉਂਦਾ ਹੈ। ਕਿਸੇ ਮਾਂ ਦੀ ਗੋਦੀ ਵਿਚ ਬੱਚਾ ਜੋ ਦੁੱਧ ਪੀ ਰਿਹਾ ਹੈ, ਵਾਤਸਲਯ ਰਸ ਪ੍ਰਗਟ ਕਰਦਾ ਹੈ। ਦੋ ਪ੍ਰੇਮੀਆਂ ਦਾ ਮਿਲਨ ਸ਼ਿੰਗਾਰ ਰਸ ਦਾ ਪ੍ਰਗਟਾਵਾ ਕਰਦਾ ਹੈ ਕਿਸੇ ਪਿੱਪਲ ਦੇ ਦਰਖੱਤ ਥਲੇ ਬੈਠੇ ਤਾਂ ਸ਼ਾਂਤ ਰਸ ਡੁੱਲ-ਡੁੱਲ ਪੈਦਾ ਹੈ। ਮੂਰਤੀ ਕਲਾ ਵੀ ਰਸ ਦੀ ਪ੍ਰਦਰਸ਼ਨੀ ਕਰਨ ਵਿਚ ਕਿੰਨੀ ਸਹਾਇਕ ਅਤੇ ਸਫਲ ਹੈ। ਇਸ ਦਾ ਅਨੁਮਾਨ ਸਹਿਜ ਹੀ ਲਗਇਆ ਜਾ ਸਕਦਾ ਹੈ।

ਸੰਗੀਤ ਕਲਾ ਦਾ ਮਹੱਤਵ ਕਿਸੇ ਵੀ ਹੋਰ ਕਲਾ ਤੋਂ ਘੱਟ ਨਹੀਂ ਸੰਸਾਰ ਦੇ ਕਣ ਕਣ ਵਿਚ ਸੰਗੀਤ ਹੈ। ਜਿਸ ਪ੍ਰਕਾਰ ਬ੍ਰਹਿਮੰਡ ਵਿਚ ਬ੍ਰਹਮ ਸਮਾਇਆ ਹੋਇਆ ਹੈ ਉਸੇ ਤਰਾਂ ਸ੍ਰਿਸਟੀ ਦੇ ਕਣ-ਕਣ ਵਿਚ ਸੰਗੀਤ ਛੁਪਿਆ ਹੋਇਆ ਹੈ। ਸੰਗੀਤ ਮਾਨਵ ਜੀਵਨ ਦਾ ਇਕ ਅਟੁੱਟ ਅੰਗ ਹੈ। ਭਰਥ ਹਰੀ ਨੇ ਮਨੁੱਖ ਨਾਲ ਸੰਗੀਤ ਅਤੇ ਸਾਹਿਤ ਦਾ ਗਹਿਰਾ ਸਬੰਧ ਦੱਸਿਆ ਹੈ। ਉਹਨਾਂ ਦੇ ਕਥਨਾਂ ਅਨੁਸਾਰ ਉਹ ਮਨੁੱਖ ਜਿਸ ਨੂੰ ਸਾਹਿਤ ਅਤੇ ਸੰਗੀਤ ਕਲਾ ਨਾਲ ਲਗਾਉ ਨਹੀਂ ਉਹ ਪਸ਼ੂ ਦੇ ਸਮਾਨ ਦਸਦੇ ਹਨ।

ਸਾਹਿਤਯ ਸੰਗੀਤ ਕਲਾ ਵਿਹੀਨ,

ਸਾਖਸ਼ਾਤ ਪਸ਼ੂ ਪੁਛ ਵਿਸ਼ਾਣ ਹੀਨ।

ਇਕ ਵਿਦਵਾਨ ਸ੍ਰੀ ਸਮਪੂਰਣਾਂਨੰਦ ਦੇ ਕਥਨ ਮੁਤਾਬਿਕ ਕੋਮਲ ਕਲਾਵਾ ਵਿਚੋਂ ਸੰਗੀਤ ਦਾ ਸਥਾਂਨ ਸਭ ਤੋਂ ਉੱਚਾ ਹੈ। ਸੰਗੀਤ ਦੀ ਸੁਖਮਤਾ, ਉਸਦੇ ਸੂਖਮ ਨਾਦ ਅਤੇ ਸੁਖਮ ਕਲਪਨਾਂ ਅਥਵਾ ਵਿਚਾਰਾਂ ਦੀ ਉਡਾਨ ਉਤੇ ਨਿਰਭਰ ਕਰਦੀ ਹੈ। ਸੰਗੀਤ ਦਾ ਸਥਾਂਨ ਇਸ ਕਰਕੇ ਵੀ ਸਭ ਤੋਂ ਉੱਚਾ ਹੈ ਕਿ ਚਲਦੀ ਫਿਰਦੀ ਕਲਾ ਹੈ। ਜਿਥੇ ਵੀ ਸੰਗੀਤਕਾਰ ਬੈਠ ਜਾਂਦਾ ਹੈ ਉਥੇ ਜੰਗਲ ਵਿਚ ਮੰਗਲ ਕਰ ਦਿੰਦਾ ਹੈ। ਇਸ ਦੇ ਉਲਟ ਵਾਸਤੂ ਕਲਾ ਤੇ ਵੱਡੇ-ਵੱਡੇ ਸੁੰਦਰ ਵਿਸ਼ਾਲ ਭਵਨ ਇਕ ਸਥਾਂਨ ਤੇ ਖੜੇ ਹਨ। ਉਸਨੂੰ ਦੇਖਣ ਲਈ ਜਿਸ ਦੀ ਸਮੱਰਥਾ ਨਹੀਂ ਉਹ ਵੇਖ ਵੀ ਨਹੀਂ ਸਕਦਾ। ਸੰਗੀਤ ਦੀਆਂ ਸੁਰ ਲਹਿਰੀਆਂ ਸੱਪ ਨੂੰ ਝੂਮਣ ਲਾ ਦਿੰਦੀਆਂ ਹਨ। ਗਊਆਂ ਸੰਗੀਤ ਸੁਣਦੇ ਹੋਏ ਜਦ ਦੁੱਧ ਦਿੰਦੀਆਂ ਹਨ ਤਾਂ ਵਧੇਰੇ ਹੁੰਦਾ ਹੈ। ਪੌਦਿਆਂ ਤੇ ਵੀ ਵਿਗਿਆਨਕਾਂ ਨੇ ਖੋਜ ਕੀਤੀ ਹੈ ਤੇ ਇਸ ਸਿੱਟੇ ਤੇ ਪੁੱਜੇ ਹਨ ਕਿ ਦੋ ਪੌਦੇ ਇਕੋ ਦਿਨ ਇੱਕੋ ਜਿਹੇ ਆਕਾਰ ਤੇ ਗਮਲੇ ਵਿਚ ਰਖੇ ਸਮਾਨ ਢੰਗ ਨਾਲ ਉਹਨਾਂ ਦੀ ਦੇਖ ਰੇਖ ਕਰੋ, ਪਰ ਇਕ ਨੂੰ ਸੰਗੀਤ ਸੁਣਾਉ ਅਤੇ ਇਕ ਨੂੰ ਇਸ ਤੋਂ ਵਾਂਝੇ ਰੱਖੋ। ਥੋੜੇ ਦਿਨਾਂ ਬਾਅਦ ਇਸ ਦਾ ਨਤੀਜਾ ਸਾਮ੍ਹਣੇ ਆ ਜਾਵੇਗਾ। ਸੰਗੀਤ ਰੂਪੀ ਖੁਰਾਕ ਪ੍ਰਾਪਤ ਕਰਨ ਵਾਲਾ ਬੂਟਾ ਵਧੇਰੇ ਵੱਧਦਾ ਫੁੱਲਦਾ ਨਜਰ ਆਵੇਗਾ। ਅੰਤ ਵਿਚ ਅਸੀਂ ਇਸੇ ਸਿੱਟੇ ਤੇ ਪੁੱਜਦੇ ਹਾਂ ਕਿ ਕਾਵਿ ਕਲਾ, ਮੂਰਤੀ ਕਲਾ, ਵਸਤੂ ਕਲਾ ਆਦਿ ਵਿੱਚ ਸੰਗੀਤ ਸਰਵ ਸਰੇਸ਼ਠ ਕਲਾ ਹੈ।

Sri Satguru Jagjit Singh Ji eLibrary NamdhariElibrary@gmail.com

ਸੰਗੀਤਕਾਰ ਜਿੱਥੇ ਵੀ ਬੈਠ ਜਾਵੇ ਆਪਣੀ ਕਲਾ ਦੁਆਰਾ ਅਨੰਦ ਮਈ ਮਹੌਲ ਪੈਦਾ ਕਰ ਸਕਦਾ ਹੈ। ਸੰਗੀਤ ਦੁਆਰਾ ਦੇਸ਼ਾ ਦੇ ਆਪਸੀ ਸਬੰਧ ਸੁਦ੍ਰਿੜ ਬਣਾਉਂਣ ਦਾ ਹੀਲਾ ਵੀ ਕੀਤਾ ਜਾਂਦਾ ਹੈ। ਸੰਗੀਤ ਮਨ ਵਿਚ ਪਵਿਤਰਤਾ, ਮਾਨਵ ਮਿਤੱਰਤਾ ਅਤੇ ਸੰਸਾਰ ਵਿਚ ਏਕਤਾ ਦਾ ਸੰਚਾਰ ਕਰਦਾ ਹੈ। ਮੇਲ ਮਿਲਾਪ ਅਤੇ ਸ਼ਾਂਤੀ ਦਾ ਪ੍ਰਚਾਰ ਕਰਦਾ ਹੈ, ਸੰਦੇਸ਼ ਦਿੰਦਾ ਹੈ। ਡਾ. ਏ.ਸੀ. ਜੋਸ਼ੀ ਦਾ ਕਥਨ ਬਿਲਕੁਲ ਸਹੀ ਹੈ ਕਿ :- *"Music units men and civilizes life. It moves all hearts and refine the human mind."*

ਸੰਗੀਤ ਮਾਨਵ ਮਨ, ਹਿਰਦੇ ਆਤਮਾਂ ਤੇ ਸਿੱਧਾ ਪ੍ਰਭਾਵ ਪਾਉਂਦਾ ਹੈ। ਸੰਗੀਤ ਕਲਾ ਸੂਖਮ ਅਤੇ ਸੂਖਮ ਭਾਵਾ ਨੂੰ ਪ੍ਰਗਟ ਕਰਨ ਵਿਚ ਸਫਲ ਹੁੰਦੀ ਹੈ। ਇਸ ਕਰਕੇ ਵੀ ਸੰਗੀਤ ਦੂਜੀਆਂ ਲਲਿਤ ਕਲਾਵਾਂ ਤੋਂ ਸਰਵ ਸਰੇਸ਼ਠ ਮੰਨੀ ਜਾਂਦੀ ਹੈ। ਉਂਝ ਤਾਂ ਸਾਰੀਆਂ ਕਲਾਵਾ ਮਾਨਵ ਨੂੰ ਬੌਧਿਕ, ਸ਼ਰੀਰਕ, ਸਮਾਜਿਕ, ਸੰਸਕ੍ਰਿਤਕ, ਅਧਿਆਤਮਕ ਅਤੇ ਐਸਥੈਟਿਕ ਦੇ ਗੁਣਾਂ ਨਾਲ ਸੁਸ਼ੋਭਿਤ ਕਰਦੀਆਂ ਪਰ ਸੰਗੀਤ ਸਭ ਤੋਂ ਨੇੜੇ ਅਤੇ ਵੱਧ ਪ੍ਰਭਾਵਕਾਰੀ ਹੈ। ਕਿਸੇ ਵੀ ਦੇਸ਼ ਦੀ ਸੰਸਕਰਿਤੀ ਉਸ ਦੇ ਸੰਗੀਤ ਵਿਚ ਛੁਪੀ ਹੁੰਦੀ ਹੈ। ਮਹਾਨ ਵਿਦਵਾਨ ਡੈਮਨ ਦਾ ਕਥਨ ਬਿਲਕੁਲ ਸਹੀ ਹੈ ਕਿ ਜਦੋਂ ਕਿਸੇ ਦੇਸ਼ ਦੇ ਸੰਗੀਤ ਦੇ ਨਿਯਮ ਬਦਲੇ ਜਾਂਦੇ ਹਨ ਤਾਂ ਦੇਸ਼ ਦਾ ਅਨੁਸ਼ਾਸਨ ਹਿੱਲ ਜਾਂਦਾ ਹੈ। ਇਥੋ ਤਕ ਕਿ ਸਰਕਾਰਾਂ ਬਦਲ ਜਾਂਦੀਆਂ ਹਨ। ਇਸ ਵਾਸਤੇ ਆਪਣੇ ਦੇਸ਼ ਦੀ ਸੰਸਕਰਿਤੀ ਨਾਲ ਪਿਆਰ ਅਤੇ ਉਸਦੀ ਰੱਖਿਆ ਕਰਨ ਲਈ ਆਪਣੇ ਦੇਸ਼ ਦੇ ਸੰਗੀਤ ਨਾਲ ਪ੍ਰੇਮ ਕਰਨਾਂ ਅਤੇ ਉਸਦੀ ਸਾਧਨਾਂ ਕਰਨਾਂ ਉਸ ਦੇ ਨਾਗਰਿਕਾਂ ਦਾ ਪਹਿਲਾਂ ਧਰਮ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਅਧਿਆਇ - 14

ਸੰਗੀਤਕ ਸਾਜ਼

ਭਾਰਤੀ ਸੰਗੀਤ ਵਿਚ ਅਨੇਕਾਂ ਪ੍ਰਕਾਰ ਦੇ ਸਾਜ਼ ਪ੍ਰਯੋਗ ਕੀਤੇ ਜਾਂਦੇ ਹਨ। ਇਹ ਸਾਜ਼ ਲੋਹਾ, ਤਾਂਬਾ, ਪਿਤੱਲ, ਲਕੜੀ, ਮਿੱਟੀ, ਹੱਡੀ, ਆਦਿ ਧਾਤਾਂ ਤੋਂ ਤਿਆਰ ਕੀਤੇ ਜਾਂਦੇ ਹਨ। ਕੁਦਰਤ ਨੇ ਮਾਨਵ ਕੰਠ ਬੜਾ ਅਜੀਬ ਤੇ ਸੁਰੀਲਾ ਸਾਜ਼ ਬਣਾਇਆ ਹੈ ਜਿਸ ਵਿਚੋਂ ਬੜੀ ਮਨਮੋਹਕ ਧੁਨੀ ਨਿਕਲਦੀ ਹੈ। ਮਨੁੱਖ ਆਪਣੀ ਮਿਹਨਤ ਦੁਆਰਾ ਇਸ ਕੁਦਰਤੀ ਸਾਜ਼ ਵਿਚੋਂ ਭਾਂਤ-ਭਾਂਤ ਦੀਆਂ ਆਵਾਜ਼ਾਂ ਉਤਪੰਨ ਕਰ ਸਕਦਾ ਹੈ। ਦੂਜੇ ਪਾਸੇ ਮਨੁੱਖ ਦੁਆਰਾ ਬਣਾਏ ਗਏ ਸਾਜ਼ ਵੀ ਬੜੀਆਂ ਮਧੁਰ ਤੇ ਮਿੱਠੀਆਂ ਆਵਾਜ਼ਾਂ ਉਤਪੰਨ ਕਰਦੇ ਹਨ। ਸਾਜਾਂ ਵਿਚੋਂ ਧੁਨੀ ਜੋ ਸੁਨਣ ਵਾਲੇ ਦੇ ਦਿਲ ਨੂੰ ਟੁੰਬ ਲਵੇ, ਉਤਪੰਨ ਕਰਨ ਲਈ ਸਾਲਾਂਬੱਧੀ ਮਿਹਨਤ ਕਰਨੀ ਪੈਂਦੀ ਹੈ। ਉਸ ਮਿਹਨਤ ਦੇ ਸਦਕੇ ਸਾਜ਼ ਵਿਚੋਂ ਇਕ ਅਜਿਹੀ ਆਵਾਜ਼ ਉਤਪੰਨ ਹੁੰਦੀ ਹੋਈ ਜੋ ਵਾਦਕ ਨੂੰ ਕਲਾਕਾਰ ਦਾ ਰੁਤਬਾ ਬਖਸ਼ਦੀ ਹੈ। ਇਹ ਸਾਜ਼ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ, ਕਲਾਵਾਂ ਦੀ ਸ਼ੋਭਾ ਵਧਾਉਂਦੇ ਹਨ। ਸਾਜਾਂ ਤੋਂ ਬਿਨਾਂ ਸੰਗੀਤ ਅਧੂਰਾ ਹੈ। ਸਾਜ਼ ਸੰਗੀਤ ਵਿਚ ਰਸ ਭਰਦੇ ਹਨ। ਰਸ ਹੀ ਆਨੰਦ ਹੈ ਅਤੇ ਆਨੰਦ ਹੀ ਸੰਗੀਤ ਹੈ।

ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸੰਗੀਤ ਸਾਜ਼ਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ।

1. **ਤੱਤ ਸਾਜ਼** :- ਇਹ ਸਾਜ਼ ਲਕੜੀ, ਤੂੰਬਾ, ਪਿਤਲ, ਤਾਂਬਾ ਲੋਹਾ ਆਦਿ ਧਾਤਾਂ ਦੇ ਮਿਸ਼ਰਨ ਤੋਂ ਬਣਾਏ ਜਾਂਦੇ ਹਨ। ਇਹਨਾਂ ਸਾਜਾਂ ਦੇ ਢਾਂਚੇ ਨੂੰ ਲੋਹਾ, ਤਾਂਬਾ, ਪਿੱਤਲ, ਚਮੜਾ ਆਦਿ ਦੀਆਂ ਤਾਰਾਂ ਚੜ੍ਹਾ ਕੇ ਸੁਰਾਂ ਦੀ ਉਤਪਤੀ ਕੀਤੀ ਜਾਂਦੀ ਹੈ। ਇਸ ਸ਼੍ਰੇਣੀ ਸਾਜਾਂ ਦੀਆਂ ਤਾਰਾਂ ਨੂੰ ਉਂਗਲ ਉਤੇ ਮਿਜ਼ਰਾਬ ਚੜਾਕੇ, ਜਵਾ ਦਾ ਪ੍ਰਯੋਗ ਕਰਕੇ, ਲੱਕੜੀ ਜਾਂ ਸੈਲੋਲਾਇਡ ਦੀ ਪਤੀ ਦਾ ਪ੍ਰਯੋਗ ਕਰਕੇ ਵਜਾਇਆ ਜਾਂਦਾ ਹੈ। ਇਹਨਾਂ ਸਾਜਾਂ ਦੀ ਧੁਨੀ ਬਹੁਤੀ ਲੰਬੀ ਨਹੀਂ ਹੁੰਦੀ ਬਲਕਿ ਟੁੱਟਵੀ ਆਵਾਜ਼ ਉਤਪੰਨ ਹੁੰਦੀ ਹੈ। ਆਵਾਜ਼ ਲਗਾਤਾਰ ਨਹੀਂ ਹੁੰਦੀ। ਇਸ ਪ੍ਰਕਾਰ ਦੇ ਸਾਜ਼ ਜਿਵੇਂ ਸਿਤਾਰ, ਸਰੋਦ, ਬੈਂਜੋ, ਵੀਣਾਂ, ਇਕਤਾਰਾ, ਦੋਤਾਰਾ, ਤਾਨਪੁਰਾ, ਸੰਤੂਰ ਆਦਿ। ਇਹਨਾਂ ਸਾਜ਼ਾਂ ਨੂੰ Plucked Instruments ਵੀ ਕਿਹਾ ਜਾਂਦਾ ਹੈ।

ਦੂਜੀ ਕਿਸਮ ਦੇ ਸਾਜ਼ ਜੋ ਤੱਤ ਸਾਜ਼ ਦੀ ਸ਼੍ਰੇਣੀ ਦੇ ਹੀ ਹਨ ਪਰ ਉਹ ਗਜ਼ ਦੁਆਰਾ ਵਜਾਏ ਜਾਣ ਕਾਰਨ ਵਿਤਤ ਸਾਜ਼ ਕਹਿਲਾਉਂਦੇ ਹਨ। ਜਿਹੜੇ ਸਾਜ਼ਾਂ ਨੂੰ ਤਾਰਾਂ ਚੜਾਈਆਂ ਜਾਂਦੀਆਂ ਹਨ ਪਰ ਉਹਨਾਂ ਨੂੰ ਗਜ ਨਾਲ ਵਜਾਇਆ ਜਾਵੇ ਉਹ ਸਾਜ ਵਿਤਤ ਸਾਜ਼ ਕਹੇ ਜਾਂਦੇ ਹਨ। ਇਸ ਸ਼ੇਣੀ ਵਿਚ ਤਾਉਸ, ਦਿਲਰੁਬਾ, ਇਸਰਾਜ, ਸਾਰੰਗੀ, ਤਾਰ ਸ਼ਹਿਨਾਈ, ਵਾਇਲਨ, ਸਰੰਦਾ ਆਦਿ ਆਉਂਦੇ ਹਨ। ਇਹਨਾਂ ਸਾਜ਼ਾਂ ਦੀ ਆਵਾਜ਼ ਲੰਬੀ ਤੇ ਠਹਿਰਵੀ ਅਤੇ ਸਥਿਰ ਹੁੰਦੀ ਹੈ। ਜਿੰਨੀ ਦੇਰ ਤਾਰ ਉਤੇ ਗੱਜ ਚਲਦਾ ਰਵੇਗਾ ਉਹਨੀ ਦੇਰ ਆਵਾਜ਼ ਉਤਪੰਨ ਹੁੰਦੀ ਰਹੇਗੀ। ਧੁੰਨੀ ਦੀ ਲੰਬਾਈ ਗਜ਼ ਉਤੇ ਨਿਰਭਰ ਕਰਦੀ ਹੈ ਅਤੇ ਗਜ ਦਾ ਸੰਚਾਲਨ ਸਾਧਨਾਂ ਉਤੇ। ਸਾਧਕ ਦਾ ਕੰਟਰੋਲ ਜਿੰਨਾਂ ਗਜ ਉਤੇ ਹੋਵੇਗਾ ਉਨੀ ਹੀ ਮਿੱਠੀ, ਵਧੀਆਂ, ਮਨਮੋਹਕ ਤੇ ਲੰਬੀ ਧੁਨੀ ਸਾਜ਼ ਵਿਚੋਂ ਉਤਪੰਨ ਹੋਵੇਗੀ। ਤੱਤ ਸਾਜ਼ਾਂ ਨੂੰ Bowed

Sri Satguru Jagjit Singh Ji eLibrary NamdhariElibrary@gmail.com

Instruments ਵੀ ਕਿਹਾ ਜਾਂਦਾ ਹੈ। ਭਾਰਤ ਵਿਚ ਅੱਜਕਲ ਵਿਤਤ ਅਰਥਾਤ ਗਜਵਾਲੇ ਸਾਜ਼ਾਂ ਵਿਚੋਂ ਵਾਇਲਿਨ, ਦਿਲਰੁਬਾ ਅਤੇ ਸਾਰੰਗੀ ਵਧੇਰੇ ਪ੍ਰਚਲਤ ਹਨ। ਇਹ ਸਾਜ਼ ਮਾਨਵ ਕੰਠ ਦੀ ਪੂਰੀ ਤਰਾਂ ਨਕਲ ਕਰ ਸਕਦੇ ਹਨ ਇਸ ਲਈ ਇਹਨਾਂ ਦਾ ਪ੍ਰਯੋਗ ਗਾਇਨ ਸੰਗੀਤ ਵਾਸਤੇ ਵੀ ਕੀਤਾ ਜਾਦਾ ਹੈ।

2. **ਸੁਸ਼ਿਰ ਸਾਜ਼** :- ਇਸ ਸ਼੍ਰੇਣੀ ਦੇ ਸਾਜ਼ ਫੂਕ, ਹਵਾ ਦੁਆਰਾ ਵਜਾਏ ਜਾਂਦੇ ਹਨ। ਇਨਾਂ ਸਾਜ਼ਾਂ ਦਾ ਨਿਰਮਾਣ ਲੱਕੜੀ, ਬਾਂਸ, ਪਿੱਤਲ, ਚਮੜਾ, ਲੋਹਾ ਆਦਿ ਧਾਤਾਂ ਤੇ ਹੀ ਹੁੰਦਾ ਹੈ। ਕਿਸੇ ਧਾਤ ਦੁਆਰਾ ਬਣਾਏ ਗਏ ਸਾਜ਼ ਦੇ ਖੋਲ ਵਿਚ ਪੱਖੇ (ਥੋਕਣੀ) ਦੁਆਰਾ, ਮੂੰਹ ਦੁਆਰਾ, ਹਵਾ ਭਰੀ ਜਾਂਦੀ ਹੈ ਜਦੋਂ ਉਹ ਹਵਾ ਸਾਜ਼ ਵਿਚ ਰਖੇ ਗਏ ਸੁਰਾਖਾਂ ਤੋਂ ਬਾਹਰ ਨਿਕਲਦੀ ਹੈ ਤਾਂ ਉਹਨਾਂ ਵਿਚੋਂ ਆਵਾਜ਼ ਉਤਪੰਨ ਹੁੰਦੀ ਹੈ। ਇਸ ਸ਼੍ਰੇਣੀ ਵਿਚ ਹਾਰਮੋਨੀਅਮ, ਬਾਂਸੁਰੀ, ਸਹਿਨਾਈ, ਕਲਾਰਨੈਟ, ਸੈਕਸੋਫੋਨ, ਸੰਖ, ਬੀਨ, ਅਲਗੋਜ਼ਾ, ਸੁੰਦਰੀ, ਬਿਗੁਲ, ਮਾਊਥ ਆਰਗਨ, ਬੈਗ ਪਾਇਪ, ਬੈਂਡ ਵਿਚ ਪ੍ਰਯੋਗ ਹੋਣ ਵਾਲੇ ਕਈ ਸਾਜ਼ ਆਦਿ ਆਉਂਦੇ ਹਨ। ਇਹਨਾਂ ਸਾਜਾਂ ਨੂੰ ਹਵਾ ਦੁਆਰਾ ਵਜਾਏ ਜਾਣ ਕਾਰਨ Wind Instrument ਕਿਹਾ ਜਾਂਦਾ ਹੈ। ਇਹਨਾਂ ਸਾਜ਼ਾਂ ਦੀ ਆਵਾਜ਼ ਦੀ ਲੰਬਾਈ ਫੂਕ ਉਤੇ ਨਿਰਭਰ ਕਰਦੀ ਹੈ। ਵਾਦਕ ਨੂੰ ਆਪਣੀ ਫੂਕ ਉਤੇ ਕੰਟਰੋਲ ਕਰਨ ਵਾਸਤੇ ਕਈ ਸਾਲ ਮਿਹਨਤ ਕਰਨੀ ਹੁੰਦੀ ਹੈ। ਇਹ ਸਾਜ਼ ਵੀ ਗਾਇਨ ਸ਼ੈਲੀ ਦਾ ਅਨੁਕਰਨ ਕਰ ਸਕਦੇ ਹਨ।

3. **ਘਨ ਸਾਜ਼** :- ਇਸ ਸ਼੍ਰੇਣੀ ਦੇ ਸਾਜ਼ ਧਾਤ ਤੋਂ ਤਿਆਰ ਕੀਤੇ ਜਾਂਦੇ ਹਨ ਪਰ ਇਹਨਾਂ ਉਤੇ ਤਾਰਾਂ ਨਹੀਂ ਚੜਾਈਆਂ ਜਾਂਦੀਆਂ। ਇਹ ਸਾਜ਼ ਚੋਟ ਮਾਰਕੇ ਜਾਂ ਆਘਾਤ ਕਰਕੇ ਵਜਾਏ ਜਾਂਦੇ ਹਨ। ਜਿਵੇਂ ਜਲਤਰੰਗ, ਮੰਜੀਰਾ, ਖੜਤਾਲ, ਝਾਂਝ, ਨਲ ਤਰੰਗ, ਕਾਸ਼ਨ ਤਰੰਗ, ਬਲੋਟ ਤਰੰਗ, ਘੰਘਰੂ, ਪਿਆਨੋ ਆਦਿ। ਇਹਨਾਂ ਸਾਜ਼ਾਂ ਦੀ ਆਵਾਜ਼ ਟੁੱਟਵੀ ਹੀ ਹੁੰਦੀ ਹੈ।

4. **ਅਵਿਨਧ ਸਾਜ਼** :- ਚੌਥੀ ਸ਼ੇਣੀ ਦੇ ਸੰਗੀਤ ਸਾਜ਼ ਅਵਿਨਧ ਕਹੇ ਜਾਂਦੇ ਹਨ। ਇਹਨਾਂ ਸਾਜਾਂ ਦਾ ਸੰਗੀਤ ਵਿਚ ਬੜਾ ਮਹੱਤਵ ਹੈ। ਇਹ ਸਾਜ਼ ਮਿੱਟੀ ਪਿੱਤਲ, ਲੋਹਾ, ਲਕੜੀ ਤੋਂ ਤਿਆਰ ਹੁੰਦੇ ਹਨ। ਇਹਨਾਂ ਵਿਚ ਖੋਲ ਹੁੰਦਾ ਹੈ ਅਤੇ ਖੋਲ ਦੇ ਮੂੰਹ ਨੂੰ ਚਮੜੇ ਨਾਲ ਮੜਿਆ ਜਾਂਦਾ ਹੈ। ਵੱਖ-ਵੱਖ ਸਾਜ਼ ਵੱਖ-ਵੱਖ ਪ੍ਰਕਾਰ ਦੇ ਚਮੜੇ ਨਾਲ ਮੜੇ ਜਾਂਦੇ ਹਨ। ਇਹ ਸਾਜ਼ ਤਾਲ ਦੀ ਉੱਤਪਤੀ ਲਈ ਵਰਤੇ ਜਾਂਦੇ ਹਨ। ਤਾਲ ਸੰਗੀਤ ਦਾ ਇਕ ਅਨਿਖੱੜਵਾਂ ਅੰਗ ਹੈ ਜਿਸ ਤੋਂ ਬਿਨਾਂ ਸੰਗੀਤ ਨੀਰਸ ਰਹਿੰਦਾ ਹੈ। ਇਸ ਸ਼੍ਰੇਣੀ ਦੇ ਸਾਜਾਂ ਵਿਚ ਢੋਲ, ਢੋਲਕੀ, ਨਗਾਰਾ, ਧੌਸਾ, ਤਬਲਾ, ਪਖਾਵਜ, ਮਿਰਦੰਗ, ਢੱਡ, ਡਮਰੂ, ਖਜੰਰੀ, ਡਰੱਮ ਆਦਿ ਪ੍ਰਸਿੱਧ ਹਨ।

ਕੁਝ ਸਾਜ਼ਾਂ ਦੀ ਵਿਸਥਾਰ ਪੂਰਵਕ ਜਾਣਕਾਰੀ

ਸਿਤਾਰ :- ਆਧੁਨਿਕ ਕਾਲ ਵਿਚ ਇਹ ਸਾਜ਼ ਬੜਾ ਹੀ ਹਰਮਨ-ਪਿਆਰਾ ਹੈ। ਇਸ ਦੇ ਆਵਿਸ਼ਕਾਰ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ 13ਵੀਂ ਸਦੀ ਵਿਚ ਅਲਾਉਦੀਨ ਖਿਲਜੀ ਦੇ ਕਾਲ ਵਿਚ ਹਜਰਤ ਅਮੀਰ ਖੁਸਰੋ ਨੇ ਇਸ ਦਾ ਨਿਰਮਾਣ ਕੀਤਾ। ਇਸ ਦੀਆਂ ਤਿੰਨ ਤਾਰਾਂ ਹੁੰਦੀਆਂ ਸਨ। ਇਸ ਕਰਕੇ ਇਸ ਦਾ ਨਾਮ ਸਹ+ਤਾਰ ਰਖਿਆ ਗਿਆ। ਫਾਰਸੀ ਵਿਚ 'ਸਹਿ' ਦਾ ਅਰਥ ਤਿੰਨ ਹੁੰਦਾ ਹੈ। ਹੌਲੀ-ਹੌਲੀ ਇਸ ਦੀਆਂ ਤਾਰਾਂ ਦੀ ਗਿਣਤੀ ਸਤ ਹੋ ਗਈ। ਅੱਜ ਦੇ ਖੋਜੀ ਇਹ ਗੱਲ ਮੰਨਣ ਤੋਂ ਇਨਕਾਰ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ 18 ਵੀਂ ਸਦੀ ਦੇ ਮੁਹੰਮਦ ਸ਼ਾਹ ਰੰਗੀਲੇ ਦੇ ਕਾਲ ਵਿਚ ਖੁਸਰੋ ਖਾਂ ਨੇ ਇਸ ਦਾ

Sri Satguru Jagjit Singh Ji eLibrary NamdhariElibrary@gmail.com

ਆਵਿਸ਼ਕਾਰ ਕੀਤਾ ਸੀ। ਅਮੀਰ ਖੁਸਰੋ ਅਤੇ ਖੁਸਰੋ ਖਾ ਇਕੋ ਜਿਹੇ ਨਾਮ ਹੋਣ ਕਾਰਨ ਇਸ ਦੇ ਨਿਰਮਾਣ ਦਾ ਸਿਹਰਾ ਅਮੀਰ ਖ਼ਸਰੋ ਨੂੰ ਪ੍ਰਾਪਤ ਹੋ ਗਿਆ। ਖੁਸਰੋ ਖ਼ਾ ਨਾਲੋਂ ਅਮੀਰ ਖੁਸਰੋ ਵਧੇਰੇ ਪ੍ਰਸਿੱਧ ਹੈ ਅਤੇ ਉਸਨੂੰ ਕਈ ਹੋਰ ਸਾਜ਼ਾਂ, ਤਾਲਾਂ, ਰਾਗਾਂ ਅਤੇ ਕਵਾਲੀ ਦਾ ਨਿਰਮਾਤਾ ਵੀ ਕਿਹਾ ਜਾਂਦਾ ਹੈ। ਸਿਤਾਰ ਪਹਿਲਾਂ ਤੂੰਬੇ ਨੂੰ ਅੱਧਾ ਕੱਟ ਕੇ ਜਾਂ ਲੱਕੜੀ ਨੂੰ ਕੁਰੇਦ ਕੇ ਤਿਆਰ ਕੀਤੀ ਜਾਂਦੀ ਸੀ। ਪਰ ਅੱਜ ਇਸ ਦੀ ਸ਼ਕਲ ਸੂਰਤ ਵਿਚ ਕਾਫੀ ਤਬਦੀਲੀ ਆ ਚੁੱਕੀ ਹੈ। ਤੂਨ ਦੀ ਲਕੜੀ ਤੋਂ ਇਸ ਦੀ ਡਾਂਟ ਤਿਆਰ ਕੀਤੀ ਜਾਂਦੀ ਹੈ ਅਤੇ ਉਸਨੂੰ ਤੂੰਬੇ ਨਾਲ ਜੋੜਿਆ ਜਾਂਦਾ ਹੈ। ਜਿਸ ਨਾਲ ਇਸ ਦਾ ਵਜਨ ਕਾਫੀ ਘੱਟ ਹੁੰਦਾ ਹੈ ਅਤੇ ਆਵਾਜ਼ ਦੀ ਕੁਆਲਟੀ ਵਧੀਆ ਹੋ ਜਾਂਦੀ ਹੈ।

ਸਿਤਾਰ ਦੇ ਅੰਗ :-

1. **ਤੂੰਬਾਂ** :- ਇਹ ਸਿਤਾਰ ਦਾ ਮੁੱਖ ਭਾਗ ਹੈ। ਇਹ ਮਹਾਰਾਸ਼ਟਰ ਵਿਚ ਪੈਦਾ ਹੁੰਦੇ ਇਕ ਪ੍ਰਕਾਰ ਦੇ ਫਲ ਜਿਸ ਨੂੰ ਤੂੰਬਾ ਕਿਹਾ ਜਾਂਦਾ ਹੈ, ਪੋਠਾ ਜਿਸ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦਾ ਆਕਾਰ ਗੋਲ ਹੁੰਦਾ ਹੈ। ਕਾਰੀਗਰ ਵਿਅਕਤੀ ਉਸਨੂੰ ਵਿਉਂਤ ਅਨੁਸਾਰ ਕੱਟਕੇ ਉਸਦੀ ਸਹੀ ਸ਼ਕਲ ਤਿਆਰ ਕਰਦੇ ਹਨ। ਇਹ ਵਿਚੋਂ ਬਿਲਕੁਲ ਖਾਲੀ ਤੇ ਪੋਲਾ ਹੁੰਦਾ ਹੈ। ਇਹ ਵਜਨ ਵਿਚ ਬੜਾ ਹਲਕਾ ਹੁੰਦਾ ਹੈ। ਜਰਾ ਜਿੰਨੀ ਚੋਟ ਲਗਣ ਤੇ ਟੁਟ ਜਾਂਦਾ ਹੈ। ਇਸ ਹਿੱਸੇ ਨੂੰ ਖਾਸ ਤੌਰ ਤੇ ਸੰਭਾਲ ਕੇ ਰਖਣਾ ਪੈਦਾ ਹੈ। ਜਦੋਂ ਤਾਰਾਂ ਨੂੰ ਵਜਾਇਆ ਜਾਂਦਾ ਹੈ ਤਾਂ ਇਸ ਵਿਚੋਂ ਗੂੰਜ ਉਤਪੰਨ ਹੁੰਦੀ ਹੈ।

2. **ਡਾਂਡ** :- 'ਤੂਣ' ਦੀ ਲੱਕੜੀ ਨੂੰ ਕੁਰੇਦ ਕੇ ਇਕ ਪੋਲੀ ਡੰਡੀ ਤਿਆਰ ਕੀਤੀ ਜਾਂਦੀ ਹੈ। ਫਿਰ ਇਸ ਨੂੰ ਪਤਲੀ ਚਪਟੀ ਲੱਕੜੀ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਨੂੰ ਡਾਂਟ ਜਾਂ ਡਾਂਡ ਕਿਹਾ ਜਾਂਦਾ ਹੈ। ਇਹ ਚਾਰ ਫੁੱਟ ਲੰਬੀ ਤੇ ਤਿੰਨ ਇੰਚ ਚੌੜੀ ਹੁੰਦੀ ਹੈ। ਇਸ ਉਤੇ ਪਰਦੇ ਬੰਨ ਦਿੱਤੇ ਜਾਂਦੇ ਹਨ।

3. **ਗੁਲੂ** :- ਇਹ ਹਿੱਸਾ ਵੀ 'ਤੂਣ' ਦੀ ਲੱਕੜੀ ਤੋਂ ਤਿਆਰ ਕੀਤਾ ਜਾਂਦਾ ਹੈ। ਡਾਂਡ ਅਤੇ ਤੂੰਬੇ ਨੂੰ ਆਪਸ ਵਿਚ ਜੋੜਣ ਦਾ ਮਹੱਤਵ ਪੂਰਣ ਅੰਗ ਹੈ।

4. **ਲੰਗੋਟ** :- ਤੂੰਬੇ ਦੇ ਹੇਠ ਇੱਕ ਪਾਨ ਦੇ ਪੱਤੇ ਦੀ ਤਰਾਂ ਲਕੜੀ ਤੋਂ ਤਿਆਰ ਕੀਤਾ ਇੱਕ ਟੁਕੜਾ ਹੈ ਜਿਸ ਤੋਂ ਸਾਜ਼ ਦੀਆਂ ਤਾਰਾਂ ਸ਼ੁਰੂ ਹੋ ਕੇ ਖੁੰਟੀਆਂ ਵਲ ਜਾਂਦੀਆਂ ਹਨ। ਇਸ ਉਤੇ ਆਮ ਤੌਰ ਤੇ ਤਿੰਨ ਕਿੱਲ ਲਗੇ ਹੁੰਦੇ ਹਨ ਜਿੰਨਾਂ ਨਾਲ ਤਾਰਾਂ ਬੰਨੀਆਂ ਜਾਂਦੀਆਂ ਹਨ।

5. **ਤੱਬਲੀ** :- ਤੂੰਬਾਂ ਜੋ ਵਿਚੋਂ ਪੂਰੀ ਤਰਾਂ ਖਾਲੀ ਹੀ ਹੁੰਦਾ ਹੈ। ਉਸ ਉਤੇ ਇੱਕ ਲਕੜੀ ਦਾ ਢੱਕਣ ਜੋੜਿਆ ਜਾਂਦਾ ਹੈ। ਇਸ ਭਾਗ ਨੂੰ ਹੀ ਤਬਲੀ ਕਿਹਾ ਜਾਂਦਾ ਹੈ।

6. **ਘੁੜਚ** :- ਘੁੜਚ ਜਾਂ ਘੋੜੀ, ਲੱਕੜੀ ਜਾਂ ਹੱਡੀ ਤੋਂ ਤਿਆਰ ਕੀਤੀ ਜਾਂਦੀ ਹੈ। ਇਹ ਛੋਟੀ ਜਿਹੀ ਚੌਕੀ ਜਿਸ ਦੀ ਸ਼ਕਲ ਪੁਲੀ ਵਰਗੀ ਹੁੰਦੀ ਹੈ ਅਤੇ ਇਸ ਦੇ ਉਤੇ ਤਾਰਾਂ ਰਖੀਆਂ ਜਾਂਦੀਆਂ ਹਨ। ਘੋੜੀ ਨੂੰ ਤਬਲੀ ਉਤੇ ਟਿਕਾਇਆ ਜਾਂਦਾ ਹੈ। ਇਸ ਦੀ ਸ਼ਕਲ ਦੇ ਕਾਰਨ ਇਸ ਨੂੰ ਬਰਿਜ (Bridge) ਵੀ ਕਿਹਾ ਜਾਂਦਾ ਹੈ। ਇਹ ਹਾਥੀ ਦੰਦ, ਊਠ ਦੀ ਹੱਡੀ, ਬਾਰਾਂ ਸਿੰਗਾ ਤੋਂ ਤਿਆਰ ਕੀਤੀ ਜਾਂਦੀ ਹੈ। ਸਾਜ਼ ਦੀ ਆਵਾਜ ਘੋੜੀ ਉਤੇ ਬੜੀ ਨਿਰਭਰ ਕਰਦੀ ਹੈ। ਤਾਰਾਂ ਵਜਾਉਂਦੇ ਹੋਏ ਇਸ ਉਤੇ ਨਿਸ਼ਾਨ ਵੀ ਪੈ ਜਾਂਦੇ ਹਨ ਜਿਸ ਨਾਲ ਸਾਜ਼ ਦੀ ਆਵਾਜ਼ ਵਿਚ ਖੁਰਦਰਾਪਨ ਆ ਜਾਂਦਾ ਹੈ। ਜਿਸ ਲਈ ਉਸ ਹਾਲਤ ਵਿਚ ਕਾਰੀਗਰ ਘੋੜੀ ਨੂੰ ਰੇਤੀ ਨਾਲ ਰਗੜ ਕੇ ਠੀਕ ਕਰਦਾ ਹੈ। ਜਿਸ ਨੂੰ ਸੰਗੀਤ ਦੀ ਭਾਸ਼ਾ ਵਿਚ ਜਵਾਰੀ ਖੋਲਣਾ ਕਿਹਾ ਜਾਂਦਾ ਹੈ। ਜਵਾਰੀ ਖੋਲਣਾ ਹਰ ਇਕ ਦਾ ਕੰਮ ਨਹੀਂ। ਕਾਫੀ ਮਿਹਨਤ ਤੋਂ ਬਾਅਦ

Sri Satguru Jagjit Singh Ji eLibrary NamdhariElibrary@gmail.com

ਕਾਰੀਗਰ ਜਵਾਰੀ ਖੋਲਣ ਵਿਚ ਮਾਹਰ ਬਣਦਾ ਹੈ।

7. **ਪਰਦਾ** :- ਡਾਂਡ ਦੇ ਉਤੇ ਪਿਤੱਲ, ਲੋਹਾ ਜਾਂ ਚਾਂਦੀ ਦੇ ਮੋਟੇ ਮੋਟੇ ਤਾਰ ਦੇ ਟੁਕੜੇ ਬੰਨੇ ਜਾਦੇ ਹਨ ਜੋ ਅਰਧ-ਚੰਦਰ ਦੀ ਤਰਾਂ ਹੁੰਦੇ ਹਨ। ਇਹ ਸੁਰਾਂ ਦੀ ਉੱਤਪਤੀ ਕਰਨ ਵਿਚ ਸਹਿਯੋਗ ਦਿੰਦੇ ਹਨ। ਇਹਨਾਂ ਨੂੰ ਪਹਿਲੇ ਵਕਤ ਵਿਚ ਸੁੰਦਰੀ ਜਾ ਸਾਰਿਕਾ ਕਿਹਾ ਜਾਂਦਾ ਸੀ। ਇਹਨਾਂ ਨੂੰ ਤੰਦੀ ਜਾ ਨਾਇਲੋਨ ਦੇ ਧਾਗੇ ਨਾਲ ਕੱਸ ਕੇ ਬੰਨਿਆ ਜਾਦਾ ਹੈ। ਕੋਮਲ ਸੁਰ ਕਰਨ ਵੇਲੇ ਪਰਦੇ ਨੂੰ ਸਰਕਾ ਲਿਆ ਜਾਦਾ ਹੈ। ਆਮ ਤੌਰ ਤੇ ਸਿਤਾਰ ਦੇ ਪਰਦਿਆਂ ਦੀ ਗਿਣਤੀ 19 ਹੁੰਦੀ ਹੈ। ਕੋਈ 17 ਅਤੇ ਕੋਈ 20 ਵੀ ਪ੍ਰਯੋਗ ਕਰਦੇ ਹਨ।

8. **ਖੂੰਟੀਆਂ** :- ਲੱਕੜੀ ਤੋਂ ਤਿਆਰ ਕੀਤੀਆਂ ਗਈਆਂ ਕਿੱਲੀਆਂ ਜਿੰਨਾ ਨਾਲ ਤਾਰ ਲਪੇਟੇ ਜਾਦੇ ਹਨ। ਜ਼ਰੂਰਤ ਅਨੁਸਾਰ ਕਿੱਲੀ ਨੂੰ ਘੁਮਾ ਕੇ ਤਾਰ ਸੁਰ ਕੀਤੇ ਜਾਦੇ ਹਨ। ਸਿਤਾਰ ਦੀ ਹਰੇਕ ਤਾਰ ਵੱਖ-ਵੱਖ ਕਿੱਲੀ ਨਾਲ ਲਪੇਟੀ ਜਾਂਦੀ ਹੈ। ਮੁੱਖ ਸਤ ਤਾਰਾਂ ਵਾਸਤੇ ਵੱਡੀਆਂ ਅਤੇ ਤਰਬਾਂ ਵਾਸਤੇ ਛੋਟੀਆਂ ਕਿੱਲੀਆਂ ਹੁੰਦੀਆਂ ਹਨ। ਖੂੰਟੀਆਂ ਡਾਡ ਵਿੱਚ ਕਿੱਲੀ ਦੇ ਮੁਤਾਬਿਕ ਸੁਰਾਗ ਕਰਕੇ ਰਖੀਆਂ ਜਾਂਦੀਆਂ ਹਨ।

9. **ਤਾਰ ਗਹਿਨ** :- ਹੱਡੀ ਤੋਂ ਤਿਆਰ ਕੀਤਾ ਗਿਆ ਇਕ ਟੁੱਕੜਾ ਜਿਸ ਵਿਚੋਂ ਤਾਰਾਂ ਲੰਘਕੇ ਕਿੱਲੀਆਂ ਵਲ ਜਾਂਦੇ ਹਨ। ਇਸ ਵਿਚ ਸੁਰਾਖ ਹੁੰਦੇ ਹਨ। ਜਿੰਨਾ ਵਿਚੋਂ ਤਾਰਾਂ ਲੰਘਦੀਆਂ ਹਨ। ਇਸ ਨੂੰ ਤਾਰਦਾਨ ਵੀ ਕਿਹਾ ਜਾਂਦਾ ਹੈ।

10. **ਅੰਤਮੇਰੂ** :- ਤਾਰ ਗਹਿਨ ਦੇ ਨਾਲ ਹੀ ਇਕ ਦੂਸਰਾ ਹੱਡੀ ਦਾ ਟੁਕੜਾ ਹੁੰਦਾ ਹੈ ਜਿਸ ਉਤੋਂ ਲੰਘ ਕੇ ਤਾਰਾਂ 'ਤਾਰਦਾਨ' ਵਿਚ ਜਾਂਦੀਆਂ ਹਨ। ਇਸ ਨੂੰ ਅੰਤਮੇਰੂ ਕਿਹਾ ਜਾਂਦਾ ਹੈ। ਤਾਰ ਦੀ ਲੰਬਾਈ ਦਾ ਅੰਤ ਇੱਥੇ ਹੋਣ ਕਾਰਨ ਇਸ ਨੂੰ ਅੰਤਮੇਰੂ ਕਿਹਾ ਜਾਂਦਾ ਹੈ।

11. **ਮਣਕਾ** :- ਤਾਰਾਂ ਵਿਚ ਛੋਟੇ-ਛੋਟੇ ਮਣਕੇ ਪਿਰੋਏ ਜਾਂਦੇ ਹਨ। ਤਾਰ ਦੀ ਆਵਾਜ਼ ਲੋੜ ਅਨੁਸਾਰ ਠੀਕ ਕੀਤੀ ਜਾ ਸਕਦੀ ਹੈ। ਸਾਜ਼ ਸੁਰ ਕਰਨ ਵੇਲੇ ਥੋੜਾ ਅੰਤਰ ਠੀਕ ਕਰਨ ਵਿਚ ਇਹ ਮਣਕੇ ਬੜਾ ਕੰਮ ਦਿੰਦੇ ਹਨ।

12. **ਮਿਜ਼ਰਾਬ** :- ਲੋਹੇ ਦੀ ਤਾਰ ਤੋਂ ਬਣਾਈ ਹੋਈ ਇਕ ਵਿਸ਼ੇਸ਼ ਪ੍ਰਕਾਰ ਦੀ ਅੰਗੂਠੀ ਹੁੰਦੀ ਹੈ। ਇਸ ਨੂੰ ਤਰਜਨੀ ਉਂਗਲੀ ਤੇ ਚੜਾ ਕੇ ਤਾਰਾਂ ਵਜਾਈਆਂ ਜਾਂਦੀਆਂ ਹਨ।

13. **ਕੀਲ** :- ਡਾਂਡ ਦੇ ਇਕ ਕਿਨਾਰੇ ਉਤੇ ਦੋ ਕਿੱਲ ਲੱਗੇ ਹੁੰਦੇ ਹਨ। ਇਹ ਹੱਡੀ ਤੋਂ ਤਿਆਰ ਕੀਤੇ ਜਾਂਦੇ ਹਨ। ਇਹਨਾ ਉਤੇ ਤਾਰ ਟਿਕਾਈ ਜਾਂਦੀ ਹੈ। ਇਸ ਤਾਰ ਨੂੰ ਚਿਕਾਰੀ ਦੀ ਤਾਰ ਕਿਹਾ ਜਾਂਦਾ ਹੈ।

ਸਿਤਾਰ ਦੀਆਂ ਤਾਰਾਂ ਮਿਲਾਉਣ ਦੀ ਵਿਧੀ :-

ਪਹਿਲੀ ਤਾਰ :- ਇਹ ਤਾਰ ਸਟੀਲ ਦੀ ਹੁੰਦੀ ਹੈ। ਇਸ ਤਾਰ ਨੂੰ ਮੰਦਰ ਸਪਤਕ ਦੇ ਮਧਿਅਮ ਸੁਰ ਤੇ ਮਿਲਾਇਆ ਜਾਂਦਾ ਹੈ। ਇਸ ਤਾਰ ਨੂੰ 'ਬਾਜ ਦੀ ਤਾਰ' ਕਿਹਾ ਜਾਂਦਾ ਹੈ।

ਦੂਜੀ ਅਤੇ ਤੀਜੀ ਤਾਰ :- ਇਹ ਦੋਵੇਂ ਤਾਰ ਪਿੱਤਲ ਜਾਂ ਤਾਂਬੇ ਦੇ ਹੁੰਦੇ ਹਨ। ਇਹਨੂੰ ਮੰਦਰ ਸਪਤਕ ਦੇ ਸੜਜ ਤੇ ਸੁਰ ਕੀਤਾ ਜਾਂਦਾ ਹੈ। ਇਹ ਦੋਵੇਂ ਇਕੋ ਸੁਰ ਤੇ ਮਿਲਾਏ ਜਾਣ ਕਾਰਨ 'ਜੋੜੇ ਦੀ ਤਾਰ' ਕਹੇ ਜਾਂਦੇ ਹਨ।

ਚੌਥੀ ਤਾਰ :- ਇਹ ਤਾਰ ਸਟੀਲ ਦੀ ਹੁੰਦੀ ਹੈ। ਇਸ ਨੂੰ ਮੰਦਰ ਸਪਤਕ ਦੇ ਪੰਚਮ ਤੇ ਮਿਲਾਇਆ ਜਾਂਦਾ ਹੈ। ਇਸ ਤਾਰ ਨੂੰ ਪੰਚਮ ਦੀ ਤਾਰ ਕਿਹਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪੰਜਵੀ ਤਾਰ :- ਇਹ ਤਾਰ ਪਿੱਤਲ ਜਾਂ ਤਾਂਬੇ ਦੀ ਹੁੰਦੀ ਹੈ ਇਸ ਨੂੰ ਅਤੀ ਮੰਦਰ ਸਪਤਕ ਦੇ ਪੰਚਮ ਨਾਲ ਮਿਲਾਇਆ ਜਾਂਦਾ ਹੈ। ਕਈ ਲੋਕ ਇਸ ਨੂੰ ਗੰਧਾਰ ਨਾਲ ਵੀ ਮਿਲਾਉਂਦੇ ਹਨ। ਇਸ ਨੂੰ 'ਖਰਜ ਦਾ ਤਾਰ' ਕਿਹਾ ਜਾਂਦਾ ਹੈ।

ਛੇਵੀ ਤਾਰ :- ਇਹ ਤਾਰ ਸਟੀਲ ਦੀ ਹੁੰਦੀ ਹੈ। ਇਹ ਤਾਰ ਖੂੰਟੀ ਤੋਂ ਪਹਿਲਾਂ ਕਿੱਲ ਉਤੇ ਰਖੀ ਜਾਂਦੀ ਹੈ। ਇਸ ਨੂੰ ਮੱਧ ਸਤਕ ਦੇ ਸ਼ੜਜ ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ ਵੱਡੀ ਚਿਕਾਰੀ ਦਾ ਨਾਮ ਦਿੱਤਾ ਜਾਂਦਾ ਹੈ।

ਸਤਵੀ ਤਾਰ :- ਇਹ ਤਾਰ ਸਟੀਲ ਦੀ ਹੁੰਦੀ ਹੈ। ਇਹ ਸਭ ਤੋਂ ਪਤਲੀ, ਅਤੇ ਛੋਟੀ ਹੁੰਦੀ ਹੈ। ਇਹ ਤਾਰ ਕਿੱਲ ਉਤੇ ਟਿਕਾਈ ਜਾਂਦੀ ਹੈ। ਇਸ ਤਾਰ ਨੂੰ ਤਾਰ ਸਪਤਕ ਦੇ ਸ਼ੜਜ ਨਾਲ ਸੁਰ ਕੀਤਾ ਜਾਂਦਾ ਹੈ। ਇਸ ਨੂੰ ਪਪੀਹਾ ਜਾਂ ਚਿਕਾਰੀ ਦੀ ਤਾਰ ਕਿਹਾ ਜਾਂਦਾ ਹੈ।

ਤਰਬਾਂ :- ਸਿਤਾਰ ਦੀਆਂ ਮੁੱਖ ਸੱਤ ਤਾਰਾਂ ਤੋਂ ਛੁੱਟ ਪਰਦਿਆਂ ਦੇ ਹੇਠ ਗਿਆਰਾਂ ਤਾਰਾਂ ਹੋਰ ਵੀ ਹੁੰਦੀਆਂ ਹਨ। ਇਹਨਾਂ ਤਾਰਾਂ ਨੂੰ ਤਰਬਾਂ ਕਿਹਾ ਜਾਂਦਾ ਹੈ। ਇਹਨਾਂ ਤਾਰਾਂ ਨੂੰ ਰਾਗ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਦੇ ਅਨੁਸਾਰ ਸੁਰ ਕੀਤਾ ਜਾਂਦਾ ਹੈ। ਇਹ ਤਾਰਾਂ ਆਪਣੇ ਆਪ ਇਕ ਧੁਨੀ ਉਤਪੰਨ ਕਰਦੀਆਂ ਹਨ ਜਿਸ ਨੂੰ ਆਂਸ ਕਿਹਾ ਜਾਂਦਾ ਹੈ। ਬਾਜ ਦੀ ਤਾਰ ਤੇ ਜੋ ਸੁਰ ਵਜਾਇਆ ਜਾਂਦਾ ਹੈ ਉਸਦੀ ਪ੍ਰਤੀਧੁਨੀ ਤਰਬ ਦੀ ਤਾਰ ਆਪਣੇ ਹੀ ਕਰਦੀ ਹੈ ਜੋ ਸਾਜ਼ ਦੀ ਆਵਾਜ਼ ਨੂੰ ਵਧੇਰੇ ਸੁਹਾਨਾਂ ਤੇ ਮਧੁਰ, ਗੂੰਜਦਾਰ ਬਣਾ ਦਿੰਦੀ ਹੈ।

ਸਿਤਾਰ ਦੇ ਬੋਲ :- ਸਿਤਾਰ ਦੀਆਂ ਤਾਰਾਂ ਨੂੰ ਉਂਗਲੀ ਉਤੇ ਮਿਜ਼ਰਾਬ ਪਹਿਨ ਕੇ ਚੋਟ ਕੀਤੀ ਜਾਂਦੀ ਹੈ ਤੇ ਫਲਸਰੂਪ ਉਸ ਵਿਚੋ ਜਿਹੜੀ ਧੁਨੀ ਉਤਪੰਨ ਹੁੰਦੀ ਹੈ ਇਸ ਨੂੰ ਬੋਲ ਕਿਹਾ ਜਾਂਦਾ ਹੈ। ਸਿਤਾਰ ਦੇ ਮੁੱਖ ਦੋ ਹੀ ਬੋਲ ਹੁਦੇ ਹਨ ਦਾ ਅਤੇ ਰਾ।

ਦਾ :- ਪਹਿਲੀ ਤਾਰ ਜਿਸ ਨੂੰ ਬਾਜ ਦਾ ਤਾਰ ਕਿਹਾ ਜਾਂਦਾ ਹੈ ਬਾਹਰ ਤੋਂ ਅੰਦਰ ਵਲ ਉਸ ਉਤੇ ਮਿਜ਼ਰਾਬ ਦੀ ਚੋਟ ਕਰਨ ਨੂੰ 'ਦਾ' ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰ ਵਿਚ ਇਸ ਨੂੰ 'ਆਕਰਸ਼' ਪ੍ਰਹਾਰ ਕਿਹਾ ਜਾਂਦਾ ਹੈ।

ਰਾ :- 'ਦਾ' ਦੇ ਬਿਲੁਕਲ ਉੱਲਟ 'ਰਾ' ਦਾ ਬੋਲ ਵਜਾਇਆ ਜਾਂਦਾ ਹੈ। ਅੰਦਰ ਤੋਂ ਬਾਹਰ ਵੱਲ ਚੋਟ ਕਰਨ ਨਾਲ ਇਸ ਬੋਲ ਦੀ ਉਤਪੱਤੀ ਹੁੰਦੀ ਹੈ। ਸੰਗੀਤ ਸ਼ਾਸਤਰ ਵਿਚ ਇਸ ਨੂੰ 'ਅਪਕਰਸ' ਪ੍ਰਹਾਰ ਦਾ ਨਾਂਮ ਦਿੱਤਾ ਗਿਆ ਹੈ।

ਮਿਸ਼ਰਤ ਬੋਲ :- ਦਾ ਅਤੇ ਰਾ ਦੇ ਬੋਲ ਜਦੋਂ ਤੀਵਰ ਗਤੀ ਨਾਲ ਵਜਾਏ ਜਾਂਦੇ ਹਨ ਤਾਂ ਇਹਨਾਂ ਤੋਂ 'ਦਿਰ' 'ਦਾਰਾ' 'ਦਰਾ, ਦਰਾ ਦਰਾ, ਦਾਰਦਾਰ, ਦਾਰਾਰਦਾ, ਆਦਿ ਬੋਲ ਬਣਦੇ ਹਨ।

ਗੱਤ :- ਰਾਗ ਦੇ ਸੁਰਾਂ ਨੂੰ ਜਦੋਂ ਲੈਅ-ਤਾਲ ਵਿਚ ਨਿਬੱਧ ਕਰਕੇ ਵਜਾਇਆ ਜਾਂਦਾ ਹੈ ਤਾਂ ਉਸ ਰਚਨਾ ਨੂੰ ਗੱਤ ਕਿਹਾ ਜਾਂਦਾ ਹੈ। ਗੱਤ ਦੇ ਦੋ ਭਾਗ ਹੁੰਦੇਹਨ। 1. ਸਥਾਈ ਅਤੇ 2. ਅੰਤਰਾ। ਗੱਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :

1. ਮਸੀਤਖਾਨੀ ਗੱਤ ਅਤੇ 2. ਰਜ਼ਾਖਾਨੀ ਗੱਤ

1. ਮਸੀਤਖਾਨੀ ਗੱਤ :- ਇਸ ਗੱਤ ਦੇ ਬੋਲਾਂ ਨੂੰ ਵਿਲਬੰਤ ਲੈਅ ਵਿਚ ਵਜਾਇਆ ਜਾਂਦਾ ਹੈ। ਮਸੀਤ ਖਾਂ ਦੁਆਰ ਇਸ ਸੈਲੀ ਦਾ ਆਵਿਸਕਾਰ ਕੀਤੇ ਜਾਣ ਕਾਰਨ ਇਸ ਦਾ ਨਾਂਮ ਮਸੀਨਖਾਨੀ ਗੱਤ ਪੈ

Sri Satguru Jagjit Singh Ji eLibrary NamdhariElibrary@gmail.com

ਗਿਆ। ਇਸ ਦੇ ਬੋਲ ਦਿਰ ਦਾ ਦਿਰ ਰਾ ਦਾ ਦਾ ਰਾ, ਦਿਰ ਦਾ ਦਿਰ ਦਾ ਰਾ ਰਾ ਦਾ ਦਾ ਰਾ, ਹੁੰਦੇ ਹਨ। ਇਹ ਗਤ ਤੀਨ ਤਾਲ ਵਿਚ ਵਜਾਈ ਜਾਂਦੀ ਹੈ ਅਤੇ ਇਸ ਨੂੰ ਵਿਲੰਬਤ ਗੱਤ (Slow Gat) ਵੀ ਕਿਹਾ ਜਾਂਦਾ ਹੈ।

2. **ਰਜਾਖਾਨੀ ਗੱਤ** :- ਰਜਾਖਾਨ ਦੁਆਰਾ ਪ੍ਰਚਲਿਤ ਕੀਤੇ ਜਾਣ ਕਾਰਨ ਇਸ ਦਾ ਨਾਮ ਰਜਾਖਾਨੀ ਗੱਤ ਪ੍ਰਸਿੱਧ ਹੋ ਗਿਆ। ਇਸ ਦੇ ਬੋਲਾਂ ਦੇ ਕਈ ਪ੍ਰਕਾਰ ਹੁੰਦੇ ਹਨ। ਇਸ ਦੀ ਗਤੀ ਤੇਜ਼ ਅਤੇ ਪ੍ਰਕਿਰਤੀ ਚੰਚਲ ਹੁੰਦੀ ਹੈ। ਇਸ ਦਾ ਅਰੰਭ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੈ। ਇਸ ਵਿਚ ਦਿਰ ਦਿਰ ਦਾਰ ਦਾਰ ਦਾ 'ਦਾਰਾ ਦਾਰ ਦਾ, ਆਦਿ ਬੋਲਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਅਲਾਪ :- ਗੱਤ ਵਜਾਉਣ ਤੋਂ ਪਹਿਲਾਂ ਰਾਗ ਦੇ ਸੁਰਾਂ ਅਤੇ ਉਸਦੇ ਰੂਪ ਅਨੁਸਾਰ ਹੌਲੀ ਲੈਅ ਵਿਚ ਸੁਰਾਂ ਨੂੰ ਵਜਾਇਆ ਜਾਂਦਾ ਹੈ। ਮੀੜ, ਕਣ, ਕਰਿੰਤਨ ਆਦਿ ਦਾ ਪ੍ਰਯੋਗ ਕਰਦੇ ਹੋਏ ਸੁਰਾਂ ਨੂੰ ਖੂਬਸੂਰਤ ਢੰਗ ਅਤੇ ਗੰਭੀਰਤਾ ਨਾਲ ਵਜਾਇਆ ਜਾਂਦਾ ਹੈ।

ਜੋੜ ਅਲਾਪ :- ਇਸ ਅਲਾਪ ਨੂੰ ਲੈਅ ਵਿਚ ਵਜਾਇਆ ਜਾਂਦਾ ਹੈ। ਚਿਕਾਰੀ ਦਾ ਪ੍ਰਯੋਗ ਅਧਿਕ ਕੀਤਾ ਜਾਂਦਾ ਹੈ। ਸੁਰਾਂ ਦੇ ਸਮੂਹ ਬਣਾਏ ਜਾਂਦੇ ਹਨ। ਸੁਰਾਂ ਨੂੰ ਵਿਸ਼ੇਸ਼ ਗਤੀ ਵਿਚ ਵਜਾਇਆ ਜਾਂਦਾ ਹੈ। ਇਹ ਅਲਾਪ ਦਾ ਹੀ ਦੂਜਾ ਪ੍ਰਕਾਰ ਹੈ। ਜੋੜ ਅਲਾਪ ਤੋਂ ਬਾਅਦ ਝਾਲਾ ਵਜਾਇਆ ਜਾਂਦਾ ਹੈ।

ਝਾਲਾ :- ਰਾਗ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਨੂੰ ਲੈਅ ਬੱਧ, ਚਿਕਾਰੀ ਦਾ ਪ੍ਰਯੋਗ ਕਰਦੇ ਹੋਏ ਵਾਦਨ ਕਿਰਿਆ ਨੂੰ ਝਾਲਾ ਕਿਹਾ ਜਾਂਦਾ ਹੈ। ਝਾਲਾ ਦੁਰਤ ਗਤੀ ਵਿਚ ਵਜਾਇਆ ਜਾਂਦਾ ਹੈ। ਕਲਾਕਾਰ ਦਰੁਤ ਤੋਂ ਵੀ ਅਤੀਦਰੁਤ ਗਤੀ ਵਿਚ ਝਾਲਾ ਵਜਾਉਣ ਦਾ ਯਤਨ ਕਰਦਾ ਹੈ।

ਤਾਂਨਪੁਰਾ

ਕਲਾਸੀਕਲ ਗਾਇਨ ਵਾਲੇ ਦੇ ਨਾਲ ਇਕ ਸਾਜ਼ ਵਜਾਇਆ ਜਾਂਦਾ ਹੈ ਜਿਸ ਵਿਚੋਂ ਇਕ ਪ੍ਰਕਾਰ ਦੀ ਧੁੰਨ, ਆਵਾਜ਼ ਨਿਕਲਦੀ ਰਹਿੰਦੀ ਹੈ। ਇਸ ਸਾਜ਼ ਨੂੰ ਹੀ ਤਾਨਪੁਰਾ ਕਿਹਾ ਜਾਂਦਾ ਹੈ।

ਇਕ ਸ਼ਾਸਤਰੀ ਗਾਇਕ ਲਈ ਤਾਨਪੁਰਾ ਹੀ ਮਹੱਤਵਪੂਰਨ ਸਾਜ਼ ਹੈ। ਇਸ ਵਿਚੋਂ ਕੇਵਲ ਇਕ ਧੁਨੀ ਹੀ ਉਤਪੰਨ ਹੁੰਦੀ ਰਹਿੰਦੀ ਹੈ ਜੋ ਲਗਾਤਾਰ ਸੁਣਾਈ ਦਿੰਦੀ ਰਹਿੰਦੀ ਹੈ। ਇਸ ਸਾਜ਼ ਵਿਚੋਂ ਕੋਈ ਤਰਜ਼ ਜਾਂ ਸਰਗਮ ਨਹੀਂ ਨਿਕਲਦੀ। ਗਾਇਕ ਨੂੰ ਆਪਣੇ ਕੰਠ ਦੁਆਰਾ ਹੀ ਕਲਾ ਪ੍ਰਦਰਸ਼ਨੀ ਕਰਨੀ ਹੁੰਦੀ ਹੈ। ਤਾਨਪੁਰਾ ਕੇਵਲ ਉਸ ਦਾ ਧੁਨ ਸੁਰ ਕਾਇਮ ਰੱਖਣ ਵਿਚ ਸਹਾਇਤਾ ਕਰਦਾ ਹੈ। ਤਾਨਪੁਰੇ ਦੋ ਪ੍ਰਕਾਰ ਦੇ ਹੁੰਦੇ ਹਨ।

1. ਪੁਰਸ਼ ਤਾਨਪੁਰਾ (Male Tanpura) 2. ਇਸਤਰੀ ਤਾਨਪੁਰਾ (Female Tanpura) ਦੋਨਾਂ ਦੀ ਬਨਾਵਟ, ਸ਼ਕਲ, ਸਮਾਨ ਹੀ ਹੁੰਦੀ ਹੈ। ਦੋਨਾਂ ਦੇ ਸਾਇਜ਼ ਵਿਚ ਕੁਝ ਅੰਤਰ ਹੁੰਦਾ ਹੈ। ਪੁਰਸ਼ ਤਾਨਪੁਰਾ ਆਕਾਰ ਵਿਚ ਵੱਡਾ ਹੁੰਦਾ ਹੈ ਅਤੇ ਇਸਤਰੀ ਤਾਨਪੁਰਾ ਛੋਟਾ। ਦੋਨਾਂ ਦੀਆਂ ਤਾਰਾਂ ਦੀ ਮੋਟਾਈ ਵਿਚ ਵੀ ਅੰਤਰ ਹੁੰਦਾ ਹੈ ਕਿਉਂਕਿ ਇਸਤਰੀ ਅਤੇ ਪੁਰਸ਼ ਦੇ ਮੂਲ-ਸੁਰ ਵਿਚ ਅੰਤਰ ਹੁੰਦਾ ਹੈ।

ਬਣਾਵਟ :-

1. **ਤੂੰਬਾ** :- ਸ਼ਕਲ ਵਿਚ ਗੋਲਕਾਰ ਜੋ ਵਿਚੋਂ ਪੋਲਾ ਤੇ ਖਾਲੀ ਹੁੰਦਾ ਹੈ। ਪੋਲ ਦੇ ਕਾਰਨ ਉਸ ਵਿਚ ਗੂੰਜ ਉਤਪੰਨ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

2. ਤਬਲੀ :- ਤੂੰਬੇ ਦੇ ਉਪਰ ਇਕ ਲੱਕੜੀ ਤੋਂ ਤਿਆਰ ਕੀਤਾ ਹੋਇਆ ਢੱਕਣ ਹੁੰਦਾ ਹੈ। ਇਸ ਨੂੰ ਤਬਲੀ ਕਿਹਾ ਜਾਂਦਾ ਹੈ।

3. ਘੁੜਚ ਜਾਂ ਬਰਿਜ :- ਹੱਡੀ ਤੋਂ ਬਣਾਇਆ ਗਿਆ ਪੁਲੀ ਦੀ ਸ਼ਕਲ ਦਾ ਭਾਗ ਜਿਸ ਉਤੇ ਤਾਰਾਂ ਟਿਕਾਈਆਂ ਜਾਦੀਆਂ ਹਨ। ਇਸ ਨੂੰ ਘੋੜੀ, ਘੁੜਚ, ਜਾਂ ਬਰਿਜ ਕਿਹਾ ਜਾਂਦਾ ਹੈ।

4. ਧਾਗਾ :- ਬਰਿਜ ਤੋਂ ਉਪਰ ਤਾਰਾਂ ਦੇ ਹੇਠਾ ਧਾਗਾ ਰੱਖਿਆ ਜਾਂਦਾ ਹੈ। ਇਹ ਧਾਗਾ ਬੜਾ ਮਹੱਤਵਪੂਰਣ ਕੰਮ ਕਰਦਾ ਹੈ। ਤਾਨਪੂਰੇ ਦੀ ਆਵਾਜ਼ ਵਿਚ ਝਨਕਾਰ ਪੈਦਾ ਕਰਨ ਵਿਚ ਧਾਗਾ ਹੀ ਮੁੱਖ ਭੂਮਿਕਾ ਨਿਭਾਉਂਦਾ ਹੈ।

5. ਡਾਂਡ :- ਤੂੰਬੇ ਨਾਲ ਜੁੜੀ ਹੋਈ ਲੱਕੜੀ ਦੀ ਪੋਲੀ ਨੂੰ ਡਾਂਡ ਕਿਹਾ ਜਾਂਦਾ ਹੈ। ਤਾਨਪੂਰੇ ਦੀ ਡਾਂਡ ਗੋਲ ਹੁੰਦੀ ਹੈ। ਇਸ ਨਾਲ ਖਿੱਲੀਆਂ ਲਗਾਈਆਂ ਹੁੰਦੀਆਂ ਹਨ।

6. ਲੰਗੋਟ :- ਤੂੰਬੇ ਦੇ ਨਾਲ ਇਕ ਪਾਨ ਦੇ ਪੱਤੇ ਦੇ ਆਕਾਰ ਦਾ ਲੱਕੜੀ ਦਾ ਟੁੱਕੜਾ ਹੁੰਦਾ ਹੈ ਇਸ ਨਾਲ ਖਿੱਲ ਲਗਾਇਆ ਜਾਂਦਾ ਹੈ ਜਿਸ ਦੇ ਨਾਲ ਤਾਰਾਂ ਬੰਨ ਦਿੱਤੀਆਂ ਜਾਦੀਆਂ ਹਨ।

7. ਅੱਟੀ :- ਡਾਂਡ ਦੇ ਇਕ ਸਿਰੇ ਤੇ ਹੱਡੀ ਤੋਂ ਤਿਆਰ ਕੀਤਾ ਗਿਆ ਇਕ ਟੁਕੜਾ ਹੁੰਦਾ ਹੈ ਜਿਸ ਦੇ ਉਤੋਂ ਦੀ ਤਾਰਾਂ ਗੁਜਰਦੀਆਂ ਹਨ। ਇਸ ਨੂੰ ਅੱਟੀ ਕਿਹਾ ਜਾਂਦਾ ਹੈ।

8. ਤਾਰ ਗਹਿਣ :- ਅੱਟੀ ਦੇ ਨਾਲ ਬਿਲਕੁਲ ਉਸ ਸ਼ਕਲ ਦਾ ਇਕ ਹੋਰ ਹੱਡੀ ਦਾ ਟੁਕੜਾ ਹੁੰਦਾ ਹੈ। ਇਸ ਵਿਚ ਸੁਰਾਖ ਹੁੰਦੇ ਹਨ। ਉਹਨਾਂ ਸੁਰਾਖਾਂ ਵਿਚੋਂ ਲੰਘਕੇ ਤਾਰਾਂ ਖਿੱਲੀਆਂ ਵੱਲ ਜਾਂਦੀਆਂ ਹਨ।

9. ਖੁੰਟੀਆਂ ਜਾਂ ਖਿੱਲੀਆਂ :- ਤਾਨਪੂਰੇ ਦੀਆਂ ਕੇਵਲ ਚਾਰ ਤਾਰਾਂ ਹੀ ਹੁੰਦੀਆਂ ਹਨ। ਇਹਨਾਂ ਤਾਰਾ ਨੂੰ ਵੱਖ-ਵੱਖ ਖੁੰਟੀਆਂ ਨਾਲ ਬੰਨਿਆ ਜਾਂਦਾ ਹੈ। ਖਿੱਲੀਆਂ ਦੁਆਰਾ ਹੀ ਤਾਰਾਂ ਨੂੰ ਸੁਰ ਕੀਤਾ ਜਾਂਦਾ ਹੈ।

10. ਮਣਕਾ :- ਲੰਗੋਟ ਅਤੇ ਬਰਿਜ ਦੇ ਵਿਚਕਾਰ ਹਰੇਕ ਤਾਰ ਵਿਚ ਮਣਕਾ ਪਿਰੋਇਆ ਜਾਂਦਾ ਹੈ। ਇਹਨਾਂ ਮਣਕਿਆਂ ਦੀ ਸਹਾਇਤਾ ਨਾਲ ਤਾਨਪੂਰਾ ਸੁਰ ਕੀਤਾ ਜਾਂਦਾ ਹੈ। ਜਿਸ ਸਮੇਂ ਸੁਰ ਵਿਚ ਥੋੜਾ ਫਰਕ ਹੋਵੇ ਉਸ ਸਮੇਂ ਇਹ ਮਣਕੇ ਬੜਾ ਕੰਮ ਦਿੰਦੇ ਹਨ।

ਮਿਲਾਨ ਦੀ ਵਿਧੀ :- ਤਾਨਪੂਰੇ ਦੀਆਂ ਕੇਵਲ ਚਾਰ ਤਾਰਾਂ ਹੀ ਹੁੰਦੀਆਂ ਹਨ :-

ਪਹਿਲੀ ਤਾਰ :- ਇਹ ਤਾਰ ਸਟੀਲ ਦੀ ਹੁੰਦੀ ਹੈ। ਇਸ ਨੂੰ ਮੰਦਰ ਸਪਤਕ ਦੇ ਪੰਚਮ ਵਿਚ ਮਿਲਾਇਆ ਜਾਂਦਾ ਹੈ। ਇਸ ਲਈ ਇਸ ਨੂੰ ਪੰਚਮ ਦੀ ਤਾਰ ਕਿਹਾ ਜਾਂਦਾ ਹੈ। ਜਿਸ ਰਾਗ ਵਿਚ ਪੰਚਮ ਸੁਰ ਵਰਜਿਤ ਹੋਵੇ। ਉਸ ਸਮੇਂ ਇਸ ਤਾਰ ਨੂੰ ਮਧਿਅਮ ਸੁਰ ਵਿਚ ਮਿਲਾ ਦਿੱਤਾ ਜਾਂਦਾ ਹੈ।

ਦੂਜੀ ਤੇ ਤੀਜੀ ਤਾਰ :- ਤਾਨਪੂਰੇ ਦੀ ਦੂਸਰੀ ਤੇ ਤੀਸਰੀ ਤਾਰ ਨੂੰ ਮੱਧ ਸਪਤਕ ਦੇ ਸੜਜ ਨਾਲ ਮਿਲਾਇਆ ਜਾਂਦਾ ਹੈ। ਇਸ ਲਈ ਇਸ ਨੂੰ ਜੋੜੇ ਦੀ ਤਾਰ ਵੀ ਕਿਹਾ ਜਾਂਦਾ ਹੈ। ਇਹ ਤਾਰਾਂ ਸਟੀਲ ਦੀਆਂ ਹੁੰਦੀਆਂ ਹਨ।

ਚੌਥੀ ਤਾਰ :- ਇਹ ਤਾਰ ਪਿਤੱਲ ਜਾਂ ਤਾਂਬੇ ਦੀ ਹੁੰਦੀ ਹੈ। ਇਸ ਨੂੰ ਮੰਦਰ ਸਪਤਕ ਦੇ ਸੜਜ ਵਿਚ ਮਿਲਾਇਆ ਜਾਂਦਾ ਹੈ। ਇਸ ਨੂੰ 'ਖਰਜ' ਦਾ ਤਾਰ ਕਿਹਾ ਜਾਂਦਾ ਹੈ। ਇਸ ਤਰਾਂ ਤਾਨਪੂਰੇ ਦੀਆਂ ਤਾਰਾਂ

Sri Satguru Jagjit Singh Ji eLibrary NamdhariElibrary@gmail.com

ਪੰਚਮ, ਜੋੜਾ ਅਤੇ ਖਰਜ ਦੇ ਨਾਮ ਨਾਲ ਪ੍ਰਸਿੱਧ ਹਨ।

ਤਾਨਪੁਰਾ ਵਜਾਉਣ ਦੀ ਵਿਧੀ :- ਤਾਨਪੁਰਾ ਵਜਾਉਣ ਦੀ ਬਜਾਏ 'ਤਾਨਪੁਰਾ ਛੇੜਣਾਂ' ਕਿਹਾ ਜਾਂਦਾ ਹੈ। ਕਿਉਂਕਿ ਇਸ ਦੀਆਂ ਤਾਰਾਂ ਨੂੰ ਵਜਾਇਆ ਨਹੀਂ ਜਾਂਦਾ ਕੇਵਲ ਉਂਗਲੀਆਂ ਨਾਲ ਛੇੜਿਆ ਜਾਂਦਾ ਹੈ। ਸੱਜੇ ਹੱਥ ਦੀ ਵਿਚਕਾਰਲੀ ਉਂਗਲੀ ਨਾਲ ਤਾਨਪੁਰੇ ਦੀ ਪਹਿਲੀ ਤਾਰ ਅਰਥਾਤ ਪੰਚਮ ਦੀ ਤਾਰ ਨੂੰ ਛੇੜਿਆ ਜਾਂਦਾ ਹੈ। ਬਾਕੀ ਦੀਆਂ ਤਿੰਨ ਤਾਰਾ ਪਹਿਲੀ ਉਂਗਲੀ ਨਾਲ ਛੇੜੀਆਂ ਜਾਂਦੀਆਂ ਹਨ। ਤਾਰਾ ਨੂੰ ਇਕਠੀਆਂ ਨਾ ਛੇੜ ਕੇ ਵਾਰੀ ਵਾਰੀ ਇਕ ਇਕ ਕਰਕੇ ਲੈਅ ਵਿਚ ਛੇੜਿਆ ਜਾਂਦਾ ਹੈ।

ਤਾਨਪੁਰੇ ਦੀ ਬੈਠਕ :- ਤਾਨਪੁਰਾ ਕਈ ਪ੍ਰਕਾਰ ਨਾਲ ਪਕੜ ਕੇ ਛੇੜਿਆ ਜਾਂਦਾ ਹੈ।

1. ਖੱਬਾ ਗੋਡਾ ਉਲਟਾ ਕਰਕੇ ਅਤੇ ਸੱਜਾ ਉਪਰ ਉਠਾ ਕੇ, ਤਾਨਪੁਰਾ ਖੜਾ ਕਰਕੇ ਪ੍ਰਯੋਗ ਕੀਤਾ ਜਾਂਦਾ ਹੈ।
2. ਤਾਨਪੁਰਾ ਜਮੀਨ ਤੇ ਲਿਟਾ ਕੇ ਵੀ ਵਰਤਿਆ ਜਾਂਦਾ ਹੈ।
3. ਕਈ ਗਾਇਕ ਆਪ ਤਾਨਪੁਰਾ ਨਹੀਂ ਛੇੜਦੇ। ਉਨਾ ਦੇ ਪਿਛੇ ਦੇ ਸ਼ਾਗਿਰਦ ਤਾਨਪੁਰਾ ਖੜਾ ਕਰਕੇ ਛੇੜਦੇ ਰਹਿੰਦੇ ਹਨ। ਗਾਇਕ ਆਪਣੇ ਹੱਥਾਂ ਦੀ ਵਰਤੋਂ ਹਾਵ-ਭਾਵ ਦਰਸਾਉਣ ਲਈ ਮੁਕਤ ਰੱਖਦਾ ਹੈ।

ਤਬਲਾ (ਜੋੜੀ)

ਤਬਲਾ ਇਕ ਪ੍ਰਸਿੱਧ ਅਵਨਧ ਸੰਗੀਤ ਸਾਜ਼ ਹੈ। ਇਸ ਦੀ ਵਰਤੋਂ ਤਾਲ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਪ੍ਰਾਚੀਨ ਕਾਲ ਵਿਚ ਦੁੰਦਭੀ, ਭੇਰੀ, ਡਿਮਡਿਮ, ਡਮਰੂ, ਢੋਲ, ਨਗਾੜਾ, ਆਦਿ ਤਾਲ ਸਾਜ਼ ਸਨ। ਸ਼ਾਸਤਰੀ ਸੰਗੀਤ ਵਿਚ ਪਖਾਵਜ, ਮਿਰਦੰਗ ਅਤੇ ਤਬਲਾ ਹੀ ਪ੍ਰਮੁੱਖ ਤਾਲ ਸਾਜ਼ ਹਨ। ਧਰੁਪਦ, ਧਮਾਰ ਗਾਇਕੀ ਜਦੋਂ ਪ੍ਰਚਲਿਤ ਸੀ ਉਸਦੇ ਨਾਲ ਪਖਾਵਜ ਦੀ ਵਰਤੋਂ ਕੀਤੀ ਜਾਂਦੀ ਸੀ। ਖਿਆਲ ਗਾਇਨ ਸ਼ੈਲੀ ਦੇ ਪ੍ਰਚਾਰ ਦੇ ਨਾਲ ਨਾਲ ਤਬਲੇ ਦਾ ਵੀ ਚਲਨ ਅਧਿਕ ਹੋ ਗਿਆ। ਤਬਲੇ ਦੀ ਵਰਤੋਂ ਅਜਕਲ ਹਰ ਸਥਾਨ, ਹਰ ਸਾਜ਼, ਹਰ ਸ਼ੈਲੀ ਨਾਲ ਕੀਤੀ ਜਾਂਦੀ ਹੈ। ਹਿੰਦੋਸਤਾਨੀ ਸੰਗੀਤ ਦਾ ਪ੍ਰਮੁੱਖ ਤਾਲ ਯੰਤਰ ਤਬਲਾ ਹੀ ਹੈ।

ਤਬਲੇ ਦਾ ਜਨਮ ਤੇ ਵਿਕਾਸ :- ਇਸ ਦੀ ਉਤਪਤੀ ਦੇ ਬਾਰੇ ਕਿਹਾ ਜਾਂਦਾ ਹੈ ਕਿ ਅਲਾਉਦੀਨ ਖਿਲਜੀ ਦੇ ਦਰਬਾਰ ਵਿਚ ਅਮੀਰ ਖੁਸਰੋ ਪ੍ਰਸਿੱਧ ਵਿਦਵਾਨ ਸਨ। ਉਹਨਾਂ ਨੇ ਪਖਵਾਜ ਦੇ ਦੋ ਭਾਗ ਕਰਕੇ ਤਬਲੇ ਦਾ ਰੂਪ ਪ੍ਰਦਾਨ ਕੀਤਾ। ਤਬਲਾ ਸ਼ਬਦ ਦੀ ਉਤਪਤੀ ਬਾਰੇ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਇਹ "ਤਬਲ" ਫਾਰਸੀ ਸ਼ਬਦ ਤੋਂ ਤਬਲਾ ਸ਼ਬਦ ਦੀ ਉਤਪਤੀ ਹੋਈ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਦਿੱਲੀ ਦੇ ਸਿਧਾਰ ਖਾਂ ਨੇ ਇਸ ਦਾ ਆਵਿਸ਼ਕਾਰ ਕੀਤਾ। ਆਵਿਸ਼ਕਾਰ ਭਾਂਵੇ ਕਿਸੇ ਨੇ ਵੀ ਕੀਤਾ ਅੱਜ ਇਹ ਸਾਜ ਬੜਾ ਲੋਕ ਪ੍ਰਿਆ ਤੇ ਜਗਤ ਪ੍ਰਸਿੱਧ ਹੈ। ਤਬਲੇ ਦੇ ਵੀ ਕਈ ਘਰਾਣੇ ਹਨ। ਜਿਵੇਂ :- 1. ਦਿੱਲੀ ਘਰਾਣਾਂ 2. ਪੰਜਾਬ ਘਰਾਣਾਂ 3. ਬਨਾਰਸ ਘਰਾਣਾਂ 4. ਲਖਨਊ ਜਾਂ ਪੂਰਬ ਘਰਾਣਾਂ 5. ਅਜਰਾੜਾ ਘਰਾਣਾਂ ਆਦਿ ਪ੍ਰਸਿੱਧ ਹਨ। ਅੱਜਕਲ ਕਈ ਤਬਲਾ ਵਾਦਕ ਆਪਣੀ ਵਿਸ਼ੇਸ਼ ਵਾਦਨ ਸ਼ੈਲੀ ਕਾਰਨ ਪ੍ਰਸਿੱਧ ਹਨ। ਜਿਵੇਂ :- ਕੰਠੇ ਮਹਾਰਾਜ, ਕਿਸ਼ਨ ਮਹਾਰਾਜ, ਗੁਦਈ ਮਹਾਰਾਜ, ਅਲਾਰੱਖਾ ਖਾਂ, ਜ਼ਾਕਰ ਹੁਸੈਨ ਖਾਂ, ਕਰਾਮਤ ਖਾਂ, ਜਹਾਂਗਰੀ ਖਾਂ, ਅਹਿਮਦ ਜਾਨ ਥਿਰਕੈਵਾ। ਅੱਜ ਨਵੀਂ ਪੀੜੀ ਦੇ ਤਬਲਾ ਵਾਦਕ ਵੀ ਆਪਣਾਂ ਸਥਾਨ ਬਣਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਬਣਾਵਟ :- ਤਬਲਾ ਦੋ ਭਾਗਾਂ ਤੋਂ ਬਣਦਾ ਹੈ। ਇਸ ਲਈ ਇਸ ਨੂੰ ਤਬਲਾ ਜੋੜੀ ਵੀ ਕਿਹਾ ਜਾਂਦਾ ਹੈ। ਦਾਇਆ ਅਤੇ ਬਾਂਇਆ ਇਸ ਦੇ ਦੋ ਭਾਗ ਹਨ।

ਦਾਇਆਂ :- ਇਹ ਭਾਗ ਲੱਕੜੀ ਨੂੰ ਕੁਰੇਦ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦੇ ਮੂੰਹ ਉਤੇ ਚਮੜਾ ਮੜਿਆ ਜਾਂਦਾ ਹੈ ਜਿਸ ਨੂੰ ਪੁੜੀ ਜਾਂ ਪੁੜਾ ਕਿਹਾ ਜਾਂਦਾ ਹੈ। ਪੁੜੀ ਦੇ ਉਤੇ ਸਿਆਹੀ ਲਗਾਈ ਜਾਂਦੀ ਹੈ। ਪੁੜੀ ਨੂੰ ਚਮੜੇ ਦੀ ਡੋਰੀ ਨਾਲ ਕੱਸਿਆ ਜਾਂਦਾ ਹੈ ਜਿਸ ਨੂੰ ਦਿਵਾਲ ਜਾਂ ਦੁਆਲ ਕਹਿੰਦੇ ਹਨ। ਪੁੜੀ ਦੇ ਕਿਨਾਰੇ ਗੁੰਦੇ ਹੋਏ ਹੁੰਦੇ ਹਨ ਜਿਸ ਨੂੰ ਗਜਰਾਂ ਕਿਹਾ ਜਾਂਦਾ ਹੈ। ਸਿਆਹੀ ਤੇ ਚਾਂਟੀ ਦੇ ਵਿਚਕਾਰਲੇ ਭਾਗ ਨੂੰ ਲਵ ਕਿਹਾ ਜਾਂਦਾ ਹੈ। ਕੋਈ ਇਸ ਨੂੰ ਮੈਦਾਨ ਵੀ ਕਹਿੰਦੇ ਹਨ। ਤਬਲੇ ਦੇ ਹੇਠ ਗਜਰਾ ਹੁੰਦਾ ਹੈ। ਦੁਆਲ ਨੂੰ ਕਸਨ ਲਈ ਗੱਟੇ ਲਗਾਏ ਜਾਂਦੇ ਹਨ। ਜਿਹਨਾਂ ਦੁਆਰਾ ਤਬਲੇ ਦਾ ਸੁਰ ਉਚਾ ਜਾਂ ਨੀਵਾਂ ਕੀਤਾ ਜਾਂਦਾ ਹੈ। ਤਬਲਾ ਸੁਰ ਕਰਨ ਲਈ ਹਥੋੜੀ ਵਰਤੀ ਜਾਂਦੀ ਹੈ। ਤਬਲੇ ਦੇ ਇਸ ਭਾਗ ਨੂੰ ਠਰ *ਕਿਹਾ ਜਾਂਦਾ ਸੀ। ਇਸ ਵਿਚ ਅਨੇਕਾਂ ਬੋਲ ਨਿਕਲਦੇ ਹਨ।*

ਬਾਂਇਆਂ :- ਇਹ ਭਾਗ ਖੱਬੇ ਹੱਥ ਨਾਲ ਵਜਾਇਆ ਜਾਣ ਕਾਰਨ ਬਾਂਇਆ ਕਹਿਲਾਉਂਦਾ ਹੈ। ਇਸ ਨੂੰ ਮਦੀਨ, ਡੁੱਗੀ ਧਾਮਾਂ, ਆਦਿ ਨਾਮ ਦਿੱਤੇ ਜਾਂਦੇ ਹਨ। ਕੁਝ ਵਰੇ ਪਹਿਲਾਂ ਇਹ ਭਾਗ ਲਕੜੀ, ਮਿੱਟੀ ਤੋਂ ਤਿਆਰ ਕੀਤਾ ਜਾਂਦਾ ਸੀ ਪਰ ਅੱਜਕਲ ਇਹ ਪਿੱਤਲ, ਲੋਹਾ, ਤਾਂਬਾ, ਅਲਮੀਨੀਅਮ ਆਦਿ ਧਾਤਾਂ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਗੋਲਾਕਾਰ ਹੁੰਦਾ ਹੈ। ਇਸ ਅੰਦਰ ਪੋਲ ਹੁੰਦਾ ਹੈ। ਇਸ ਦੇ ਮੂੰਹ ਤੇ ਚਮੜੇ ਤੋਂ ਤਿਆਰ ਕੀਤਾ ਪੁੜਾ ਮੜਿਆ ਜਾਂਦਾ ਹੈ। ਪੁੜੇ ਤੇ ਸਿਆਹੀ ਲਗਾਈ ਜਾਂਦੀ ਹੈ। ਕੁਝ ਵਰੇ ਪਹਿਲਾਂ ਡੁਗੀ ਤੇ ਸਿਆਹੀ ਦੇ ਸਥਾਂਨ ਤੇ ਆਟਾ ਲਗਾਇਆ ਜਾਂਦਾ ਸੀ। ਪੁੜੇ ਨੂੰ ਦੀਵਾਨ ਨਾਲ ਕਸਿਆ ਜਾਂਦਾ ਹੈ।

ਮਿਰਦੰਗ (ਪਖਾਵਜ) :- ਇਹ ਭਾਰਤ ਦਾ ਪ੍ਰਾਚੀਨ ਤਾਲ ਯੰਤਰ ਹੈ। ਮਿਰਦੰਗ ਦਾ ਪ੍ਰਾਚੀਨ ਨਾਂਮ 'ਪੁਸਕਰ' ਸੀ। ਦੇਵਤਾ ਗੁਣ ਪੁਸਕਰ ਦਾ ਪ੍ਰਯੋਗ ਕਰਦੇ ਹੋਏ ਨ੍ਰਿਤ ਕਰਦੇ ਸਨ। ਪ੍ਰਾਚੀਨ ਕਾਲ ਦੀਆਂ ਮੂਰਤੀਆਂ ਵਿਚ ਇਹ ਸਾਜ ਆਮ ਦਿਖਾਈ ਪੈਂਦਾ ਹੈ। ਮਿਰਦੰਗ, ਮਰਦਲ ਦਾ ਨਾਮ ਹੀ ਪਖਾਵਜ ਨੂੰ ਪ੍ਰਾਪਤ ਹੋ ਗਿਆ। ਧਰੁਪਦ, ਧਮਾਰ ਦੇ ਪ੍ਰਚਾਰ ਵਿਚ ਕਮੀ ਆ ਜਾਣ ਕਾਰਣ ਇਸ ਦਾ ਵੀ ਪ੍ਰਚਾਰ ਘੱਟ ਗਿਆ। ਇਸ ਦਾ ਸਥਾਂਨ ਤਬਲੇ ਨੇ ਲੈ ਲਿਆ। ਭਾਰਤ ਵਿਚ ਅਨੇਕਾਂ ਪਖਾਵਜ ਵਾਦਕ ਹੋਏ ਜਿਹਨਾਂ ਨੂੰ ਪਖਾਵਜੀ ਕਹਿਕੇ ਪੁਕਾਰਿਆ ਜਾਂਦਾ ਹੈ। ਪਖਾਵਜ ਦੀ ਸ਼ਕਲ ਢੋਲਕੀ ਨਾਲ ਮਿਲਦੀ ਜੁਲਦੀ ਹੈ। ਇਸ ਦੇ ਇਕ ਪਾਸੇ ਆਟੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਵਿਚੋਂ ਪੋਲਾ ਹੁੰਦਾ ਹੈ। ਇਸ ਵਿਚੋਂ ਬੜੀ ਗੂੰਜਦਾਰ ਆਵਾਜ਼ ਨਿਕਲਦੀ ਹੈ। ਬੱਦਲ ਦੀ ਗਰਜਨ ਵਰਗਾ ਗੰਭੀਰ ਨਾਦ ਉਤਪੰਨ ਹੁੰਦਾ ਹੈ। ਇਸ ਦੇ ਬੋਲ ਤਬਲੇ ਨਾਲੋਂ ਬਿਲਕੁਲ ਵੱਖ ਹੁੰਦੇ ਹਨ। ਪਖਾਵਜ ਦੇ ਬੋਲ ਪ੍ਰਾਚੀਨ ਕਾਲ ਵਿਚ ਕ, ਖ, ਗ, ਘ, ਤ, ਥ, ਦ, ਧ ਆਦਿ ਹੁੰਦੇ ਸਨ ਪਰ ਆਧੁਨਿਕ ਕਲਾਕਾਰਾਂ ਨੇ ਬੋਲ ਵੱਖਰੇ ਕਾਇਮ ਕੀਤੇ ਹਨ। ਜਿਵੇਂ :- ਕ, ਤਾ, ਗਦੀ, ਗਿਨ, ਥਾ, ਧੀ, ਲਾਂਗ, ਆਦਿ। ਖੁਲ੍ਹੇ ਬੋਲ, ਬੰਦ ਬੋਲ ਅਤੇ ਥਾਪ ਆਦਿ ਬੋਲ ਇਸ ਯੰਤਰ ਤੇ ਵਜਾਏ ਜਾਂਦੇ ਹਨ।

ਵਾਇਲਨ :- ਇਹ ਇਕ ਪੱਛਮੀ ਸਾਜ਼ ਹੈ ਪਰ ਭਾਰਤ ਵਿਚ ਵੀ ਇਸ ਨੂੰ ਚੰਗੀ ਮਾਨਤਾ ਪ੍ਰਾਪਤ ਹੈ। ਇਸ ਦੇ ਆਵਿਸ਼ਕਾਰ ਬਾਰੇ ਵੱਖ-ਵੱਖ ਮਤ ਹਨ। ਜਿਹੜੇ ਵਿਅਕਤੀ ਇਸ ਨੂੰ ਵਿਦੇਸ਼ੀ ਸਾਜ ਮੰਨਦੇ ਹਨ ਉਹਨਾਂ ਦੇ ਅਨੁਸਾਰ ਇਸ ਦਾ ਜਨਮ 16 ਵੀਂ ਸਦੀ ਵਿਚ ਯੂਰਪ ਵਿਚ ਹੋਇਆ। ਦੂਜੇ ਮਤ ਅਨੁਸਾਰ ਇਹ

Sri Satguru Jagjit Singh Ji eLibrary NamdhariElibrary@gmail.com

ਨਿਰੋਲ ਭਾਰਤੀ ਸਾਜ਼ ਹੈ। ਉਹਨਾਂ ਦਾ ਮੰਨਣਾ ਹੈ ਕਿ ਲੰਕਾ ਪਤੀ ਰਾਵਨ ਨੇ ਤਾਰਾਂ ਵਾਲਾ ਇਕ ਯੰਤਰ ਬਣਾਇਆ ਜਿਸ ਨੂੰ ਗੱਜ ਦੁਆਰਾ ਵਜਾਇਆ ਜਾਦਾ ਸੀ। ਉਸ ਦਾ ਨਾਂਮ ਰਾਵਣ-ਅਸਤਰਮ ਰਖਿਆ ਗਿਆ। 11 ਵੀਂ ਸ਼ਤਾਬਦੀ ਵਿਚ ਇਹ ਭਾਰਤ ਤੋਂ ਪਰਸੀਆ, ਅਰੇਬੀਆ, ਸਪੇਨ ਤੋਂ ਹੁੰਦਾ ਹੋਇਆ ਯੂਰਪ ਪੁੱਜਾ। ਉਥੋਂ ਇਸ ਦਾ ਨਾਂਮ ਬੇਲਾ ਪ੍ਰਸਿੱਧ ਹੋਇਆ ਅਤੇ ਮੂਲ ਰੂਪ ਵਿਚ ਕੁਝ ਪਰਿਵਰਤਨ ਵੀ ਕਰ ਦਿੱਤਾ ਗਿਆ। ਇਕ ਹੋਰ ਪੱਛਮੀ ਵਿਦਵਾਨ ਦਾ ਮਤ ਹੈ ਕਿ 16 ਵੀਂ ਸਦੀ ਵਿਚ ਵਾਇਲ (Voil) ਨਾਮ ਦਾ ਇਕ ਯੰਤਰ ਬਣਾਇਆ ਗਿਆ। ਬਾਅਦ ਵਿਚ ਇਹ ਸਾਜ਼ ਕੁਝ ਪਰੀਵਰਤਨ ਕਰਨ ਤੋਂ ਬਾਅਦ ਵਾਇਲਿਨ ਦੇ ਰੂਪ ਵਿਚ ਪਰਚਾਰ ਵਿਚ ਆਇਆ। ਕੋਈ ਇਸ ਨੂੰ ਇਟਲੀ ਦਾ ਅਤੇ ਕੋਈ ਇਸ ਨੂੰ ਜਰਮਨ ਦਾ ਰਚਿਆ ਸਾਜ਼ ਕਹਿੰਦੇ ਸਨ। ਭਾਂਵੇ ਇਹ ਸਾਜ਼ ਵਿਦੇਸ਼ੀ ਹੈ ਜਾਂ ਭਾਰਤੀ ਹੈ ਪਰ ਹੁਣ ਇਹ ਭਾਰਤੀ ਸੰਗੀਤ ਖੇਤਰ ਵਿਚ ਬੜਾ ਰਚਮਿਚ ਗਿਆ ਹੈ ਅਤੇ ਭਾਰਤ ਦਾ ਹੀ ਇਕ ਸਾਜ਼ ਬਣ ਚੁਕਿਆ ਹੈ।

ਵਾਇਲਨ ਇਕ ਵਿਤਤ ਸਾਜ਼ ਹੈ ਜੋ ਗਜ ਦੁਆਰਾ ਵਜਾਇਆ ਜਾਂਦਾ ਹੈ। ਇਸ ਸਾਜ਼ ਤੇ ਭਾਰਤੀ ਸੰਗੀਤ ਦੀਆਂ ਸਾਰੀਆ ਸ਼ੈਲੀਆਂ ਵਜਾਈਆਂ ਜਾ ਸਕਦੀਆਂ ਹਨ। ਇਹ ਸਾਜ਼ ਕੰਠ ਸੰਗੀਤ ਦੀ ਸੰਗਤੀ ਵਾਸਤੇ ਅਤੇ ਇਕਾਕੀ ਵਾਦਨ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਇਸ ਦਾ ਪ੍ਰਯੋਗ ਫਿਲਮਾਂ ਵਿਚ ਸਭ ਤੋਂ ਵੱਧ ਹੁੰਦਾ ਹੈ।

ਬਣਾਵਟ :-

ਬੈਲੀ (Body) :- ਵਾਇਲਨ ਦਾ ਢਾਚਾ ਜੋ ਵਿਸੇਸ ਢੰਗ ਨਾਲ ਲਕੜੀ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦੇ ਅੰਦਰ ਪੋਲ ਹੁੰਦਾ ਹੈ ਜੋ ਗੂੰਜ ਉਤਪੰਨ ਕਰਦਾ ਹੈ। ਇਹ ਇਸ ਸਾਜ਼ ਦਾ ਸਰੀਰ ਹੀ ਹੈ ਇਸ ਵਾਸਤੇ ਇਸ ਨੂੰ ਬਾਡੀ ਕਿਹਾ ਜਾਂਦਾ ਹੈ।

ਫਿੰਗਰ ਬੋਰਡ (Finger Board) :- ਵਾਇਲਿਨ ਦੀ ਬੋਡੀ ਦੇ ਉਪਰ ਇਕ ਲੱਕੜੀ ਦੀ ਪਲੇਟ ਲਗੀ ਹੋਈ ਹੁੰਦੀ ਹੈ। ਇਸ ਪਲੇਟ ਉਤੇ ਖੱਬੇ ਹੱਥ ਦੀਆਂ ਉਗਲਾਂ ਤਾਰਾ ਉਤੇ ਰਖਕੇ ਸੁਰਾਂ ਦੀ ਉਤਪਤੀ ਕੀਤੀ ਜਾਂਦੀ ਹੈ।

ਟੇਲਪੀਸ (Tail Piece) :- ਇਕ ਟੁਕੜੇ ਵਿਚ ਚਾਰ ਸੁਰਾਖ ਹੁੰਦੇ ਹਨ। ਹਰ ਸੁਰਾਖ ਵਿਚ ਇਕ ਤਾਰ ਦਾ ਸਿਰਾ ਬੰਨਿਆ ਹੁੰਦਾ ਹੈ। ਅਰਥਾਤ ਇਥੋਂ ਤਾਰ ਦਾ ਆਰੰਭ ਹੁੰਦਾ ਹੈ।

ਐਡਜਸਟਰ (Adjuster) :- ਟੇਲ ਪੀਸ ਦੇ ਨਾਲ ਛੋਟੇ ਪੁਰਜੇ ਲਗਾ ਦਿੱਤੇ ਜਾਂਦੇ ਹਨ। ਇਨ੍ਹਾਂ ਦੀ ਸਹਾਇਤਾ ਨਾਲ ਸਾਜ਼ ਸੁਰ ਕੀਤਾ ਜਾਂਦਾ ਹੈ। ਥੋੜਾ ਅੰਤਰ ਹੋਵੇ ਤਾਂ ਐਡਜਸਟਰ ਤੋਂ ਹੀ ਟਿਉਨਿੰਗ ਕਰ ਲਈ ਜਾਂਦੀ ਹੈ।

ਐਂਡ ਪਿੰਨ (End Pin) :- ਵਾਇਲਨ ਦੇ ਹੇਠਲੇ ਭਾਗ ਵਿਚ ਇਕ ਛੋਟੀ ਜਿਹੀ ਕਿੱਲ ਲੱਗੀ ਹੋਈ ਹੁੰਦੀ ਹੈ। ਟੇਲ ਪੀਸ ਨੂੰ ਤੰਦੀ ਦੇ ਨਾਲ ਉਸ ਕਿਲ ਦੇ ਨਾਲ ਬੰਨ ਦਿੱਤਾ ਜਾਂਦਾ ਹੈ। ਕਈ ਲੋਕ ਇਸ ਨੂੰ ਬਟਨ ਵੀ ਕਹਿੰਦੇ ਹਨ।

ਬਰਿਜ (Bridge) :- ਟੇਲਪੀਸ ਤੋਂ ਆਰੰਭ ਹੋ ਕੇ ਤਾਰਾਂ ਕਿੱਲੀਆਂ ਵਲ ਜਾਂਦੀਆਂ ਹਨ। ਇਹ ਤਾਰਾਂ ਬਰਿਜ ਦੇ ਉਪਰ ਤੋਂ ਲੰਘ ਕੇ ਕਿੱਲੀਆਂ ਵੱਲ ਜਾਂਦੀਆਂ ਹਨ। ਵਾਇਲਨ ਦੀ ਬਰਿਜ ਛੋਟੀ ਅਤੇ ਹਲਕੀ ਹੁੰਦੀ ਹੈ। ਇਸ ਦੀ ਬਣਤਰ ਸਿਤਾਰ ਦੀ ਬਰਿਜ ਨਾਲੋਂ ਬਿਲਕੁਲ ਵੱਖ ਹੁੰਦੀ ਹੈ। ਇਹ ਬਰਿਜ ਬੈਠਵੀਂ ਨਾ ਹੋ ਕੇ ਖੜੀ ਅਵਸਥਾ ਵਿਚ ਰਖੀ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸਾਉਂਡ ਪੋਸਟ (Sound Post) :- ਇਹ ਬੈਲੀ ਦੇ ਅੰਦਰ ਅਤੇ ਬਰਿਜ ਦੇ ਹੇਠਾਂ ਲੱਗਾ ਹੁੰਦਾ ਹੈ। ਬੈਲੀ ਦੀ ਲੱਕੜੀ ਬੜੀ ਨਰਮ ਅਤੇ ਪਤਲੀ ਹੁੰਦੀ ਹੈ। ਬਰਿਜ ਦੇ ਉਪਰ ਤਾਰਾਂ ਦਾ ਦਬਾਅ ਪੈਂਦਾ ਹੈ। ਸਾਉਂਡ ਪੋਸਟ ਉਸਨੂੰ ਸਹਾਰਾਵੀ ਦਿੰਦਾ ਹੈ। ਇਹ ਸਾਉਂਡ ਪੋਸਟ ਆਵਾਜ਼ ਵਿਚ ਗੂੰਜ ਉਤਪੰਨ ਕਰਦਾ ਹੈ।

ਹੈਡ (Head) :- ਬੋਲਾ ਦਾ ਸਿਰਾ ਜੋ ਥੋੜਾ ਜਿੰਨਾਂ ਗੋਲ ਅਤੇ ਮੁੜਿਆ ਹੋਇਆ ਹੁੰਦਾ ਹੈ। ਫਿੰਗਰ ਬੋਰਡ ਇੱਥੇ ਸਮਾਪਤ ਹੁੰਦਾ ਹੈ। ਹੈਡ ਦੇ ਵਿਚ ਸੁਰਾਖ ਕਰਕੇ ਚਾਰ ਖੁੰਟੀਆਂ ਫਿੱਟ ਕੀਤੀਆਂ ਜਾਂਦੀਆਂ ਹਨ ਜਿੰਨਾਂ ਨਾਲ ਤਾਰਾਂ ਪਰੋਈਆਂ ਹੁੰਦੀਆਂ ਹਨ ਖੁੰਟੀਆਂ (Keu) ਇਹ ਗਿਣਤੀ ਵਿਚ ਚਾਰ ਹੁੰਦੀਆਂ ਹਨ। ਇਹ ਲੱਕੜੀ ਦੀਆਂ ਛੋਟੀਆਂ ਛੋਟੀਆਂ ਕਿੱਲੀਆਂ ਹੁੰਦੀਆਂ ਹਨ। ਇਹ ਹੈਡ ਵਾਲੇ ਸਥਾਨ ਤੇ ਲਗਾਈਆਂ ਜਾਂਦੀਆਂ ਹਨ ਇਹਨਾਂ ਨਾਲ ਤਾਰਾਂ ਬੰਨੀਆਂ ਜਾਂਦੀਆਂ ਹਨ। ਖੁੰਟੀਆ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ।

1. ਲੱਕੜ ਦੀਆਂ
2. ਪਿੱਤਲ ਦੀਆਂ

1. ਲੱਕੜ ਦੀਆਂ ਖੁੰਟੀਆਂ ਦਾ ਉਲੇਖ ਉੱਪਰ ਕਰ ਦਿੱਤਾ ਗਿਆ ਹੈ।

2. ਪਿੱਤਲ ਦੀਆਂ ਖੁੰਟੀਆਂ ਚਾਬੀਦਾਰ ਹੁੰਦੀਆਂ ਹਨ। ਇਹਨਾਂ ਵਿਚ ਪੇਚ ਲੱਗੇ ਹੋਏ ਹੁੰਦੇ ਹਨ। ਚਾਬੀ ਨੂੰ ਘੁਮਾਉਂਣ ਨਾਲ ਤਾਰਾਂ ਕੱਸੀਆਂ ਜਾਂ ਢਿੱਲੀਆਂ ਕੀਤੀਆਂ ਜਾਂਦੀਆਂ ਹਨ। ਇਹਨਾਂ ਦੀ ਸਹਾਇਤਾ ਨਾਲ ਤਾਰਾਂ ਸੁਰ ਕੀਤੀ ਜਾਂਦੀਆਂ ਹਨ।

ਸਾਉਂਡ ਹੋਲ (Sound Hole) :- ਬਰਿਜ ਦੇ ਦੋਨਾਂ ਪਾਸੇ ਬੈਲੀ ਦੇ ਵਿਚ ਦੋ ਸੁਰਾਖ ਹੁੰਦੇ ਹਨ ਇਨ੍ਹਾਂ ਦੀ ਆਕਰਿਤੀ ਅੰਗਰੇਜ਼ੀ ਦੇ ਐਸ (S) ਵਰਗੀ ਹੁੰਦੀ ਹੈ। ਬੋਲਾ ਦੀ ਆਵਾਜ਼ (ਗੂੰਜ) ਇਹਨਾਂ ਸੁਰਾਖਾਂ ਤੋਂ ਬਾਹਰ ਨਿਕਲਦੀ ਹੈ ਜੋ ਸਾਨੂੰ ਸੁਣਾਈ ਦਿੰਦੀ ਹੈ।

ਅੱਟੀ :- ਫਿੰਗਰ ਬੋਰਡ ਦੇ ਅੰਤ ਵਿਚ ਇਕ ਛੋਟਾ ਜਿਹਾ ਲੱਕੜੀ ਦਾ ਉੱਭਰਿਆ ਭਾਗ ਹੁੰਦਾ ਹੈ। ਇਸ ਦੇ ਉਪਰੋਂ ਤਾਰਾਂ ਗੁਜ਼ਰ ਕੇ ਖੁੰਟੀਆਂ ਵੱਲ ਜਾਂਦੀਆਂ ਹਨ। ਇਹ ਟੁੱਕੜਾ ਤਾਰਾਂ ਨੂੰ ਫਿੰਗਰ ਬੋਰਡ ਤੋਂ ਜ਼ਰਾ ਉੱਪਰ ਰੱਖਦਾ ਹੈ। ਇਸ ਤੋਂ ਬਿਨਾਂ ਤਾਰਾਂ ਵਿਚੋਂ ਆਵਾਜ਼ ਉਤਪੰਨ ਨਹੀਂ ਹੋ ਸਕਦੀ।

ਗਜ਼ (Bow) :- ਵਾਇਲਨ ਨੂੰ ਬਜਾਉਣ ਵਾਸਤੇ ਇਕ ਛੜੀ (Stikc) ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਨੂੰ ਭਾਰਤੀ ਭਾਸ਼ਾ ਵਿਚ ਗੱਜ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਬੋ (ਨਰਮ) ਕਹਿੰਦੇ ਹਨ। ਇਹ ਲੰਬਾਈ ਵਿਚ ਇਕ ਗਜ ਦੇ ਲਗਭਗ ਹੀ ਹੁੰਦਾ ਹੈ। ਬੋ ਦੇ ਕੁਝ ਭਾਗ ਹੁੰਦੇ ਹਨ ਜੋ ਨਿਮਨ ਲਿਖਤ ਹਨ।

ਵਾਲ (Hair) ਗਜ ਦੀ ਛੜੀ ਨੂੰ ਵਾਲ ਮੜੇ ਜਾਂਦੇ ਹਨ। ਇਹ ਵਾਲ ਘੋੜੇ ਦੇ ਹੁਦੇ ਹਨ। ਅੱਜਕਲ ਇਹ ਵਾਲ ਨਾਇਲਿਨ ਤੋਂ ਵੀ ਤਿਆਰ ਕੀਤੇ ਜਾਂਦੇ ਹਨ। ਵਾਲਾਂ ਵਾਲਾ ਹਿੱਸਾ ਤਾਰਾਂ ਉਤੇ ਰਗੜਿਆ ਜਾਂਦਾ ਹੈ ਜਿਸ ਨਾਲ ਆਵਾਜ਼ ਉਤਪੰਨ ਹੁੰਦੀ ਹੈ।

ਸਕਰਿਓ (Screw) :- ਇਹ ਇਕ ਪੇਚ ਹੁੰਦਾ ਹੈ ਜੋ ਗਜ਼ ਦੇ ਆਰੰਭ ਵਿਚ ਲੱਗਾ ਹੁੰਦਾ ਹੈ। ਇਸ ਨੂੰ ਘੁਮਾ ਕੇ ਵਾਲਾਂ ਨੂੰ ਕੱਸਿਆ ਜਾਂ ਢਿੱਲਾ ਕੀਤਾ ਜਾ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

ਨਟ (Nut) :- ਨਟ ਵਿਚ ਵਾਲ ਇਸ ਢੰਗ ਨਾਲ ਫਿੱਟ ਕੀਤੇ ਜਾਂਦੇ ਹਨ ਕਿ ਜਦੋਂ ਪੇਚ ਨੂੰ ਘੁਮਾਇਆ ਜਾਂਦਾ ਹੈ ਤਾਂ ਇਹ ਨਟ ਸਰਕਣ ਲੱਗਦਾ ਹੈ।

ਹੇਡ (Head) :- ਗਜ਼ ਦੇ ਅੰਤਿਮ ਭਾਗ ਨੂੰ ਹੇਡ ਕਿਹਾ ਜਾਂਦਾ ਹੈ। ਇੱਥੇ ਵਾਲ ਫਿੱਟ ਕੀਤੇ ਜਾਂਦੇ ਹਨ।

ਬਰੋਜਾਂ (Resin) :- ਬਿਰੋਜਾਂ ਗਜ ਦੇ ਵਾਲਾਂ 'ਤੇ ਘਸਾਇਆ ਜਾਂਦਾ ਹੈ। ਜਿਸ ਨਾਲ ਤਾਰਾਂ ਦੀ ਆਵਾਜ਼ ਬੜੀ ਸਾਫ਼ ਅਤੇ ਸੁੰਦਰ ਨਿਕਲਦੀ ਹੈ।

ਵਾਇਲਨ ਦੀਆਂ ਤਾਰਾਂ :- ਵਾਇਲਨ ਦੀਆਂ ਕੇਵਲ ਚਾਰ ਤਾਰਾਂ ਹੁੰਦੀਆਂ ਹਨ। ਇਹ ਤਾਰਾਂ ਆਮ ਤਾਰਾਂ ਵਰਗੀਆਂ ਨਹੀਂ ਹੁੰਦੀਆਂ। ਇਹਨਾਂ ਤਾਰਾਂ ਉਤੇ ਬੜੀ ਬਾਰੀਕ ਤਾਰ ਗੁੰਦੀ ਹੋਈ ਹੁੰਦੀ ਹੈ। ਤਾਰ ਦੇ ਇਕ ਪਾਸੇ ਬਾਰੀਕ ਜਿਹਾ ਨਟ ਬਣਿਆ ਹੁੰਦਾ ਹੈ ਜੋ ਟੇਲਪੀਸ ਵਿਚ ਰਸ ਜਾਂਦਾ ਹੈ। ਇਹਨਾਂ ਤਾਰਾਂ ਦੇ ਨਾਮ ਜੀ.ਡੀ.ਏ.ਈ. (G.D.A.E.) ਰੱਖੇ ਗਏ ਹਨ।

ਵਾਇਲਨ ਨੂੰ ਮਿਲਾਨ ਦੀ ਵਿਧੀ :- ਵਾਇਲਿਨ ਦੀਆਂ ਤਾਰਾਂ ਤਿੰਨ ਪ੍ਰਕਾਰ ਨਾਲ ਟਿਊਨ ਕੀਤੀਆਂ ਜਾਂਦੀਆਂ ਹਨ।

ਪਹਿਲਾ ਪ੍ਰਕਾਰ :-

ਪਹਿਲੀ ਤਾਰ :- ਮੰਦਰ ਸਪਤਕ ਦਾ ਪੰਚਮ
ਦੂਜੀ ਤਾਰ :- ਮਧ ਸਪਤਕ ਦਾ ਸ਼ੜਜ
ਤੀਜੀ ਤਾਰ :- ਮਧ ਸਪਤਕ ਦਾ ਪੰਚਮ
ਚੌਥੀ ਤਾਰ :- ਤਾਰ ਸਪਤਕ ਦਾ ਸ਼ੜਜ

ਦੂਜਾ ਪ੍ਰਕਾਰ :-

ਪਹਿਲੀ ਤਾਰ :- ਮੰਦਰ ਸਪਤਕ ਦਾ ਸ਼ੜਜ
ਦੂਜੀ ਤਾਰ :- ਮੰਦਰ ਸਪਤਕ ਦਾ ਪੰਚਮ
ਤੀਜੀ ਤਾਰ :- ਮਧ ਸਪਤਕ ਦਾ ਸ਼ੜਜ
ਚੌਥੀ ਤਾਰ :- ਮਧ ਸਪਤਕ ਦਾ ਪੰਚਮ

ਤੀਜਾ ਪ੍ਰਕਾਰ :-

ਪਹਿਲੀ ਤਾਰ :- ਮੰਦਰ ਸਪਤਕ ਦਾ ਮਧਿਅਮ
ਦੂਜੀ ਤਾਰ :- ਮੱਧ ਸਪਤਕ ਦਾ ਸ਼ੜਜ
ਤੀਜੀ ਤਾਰ :- ਮੱਧ ਸਪਤਕ ਦਾ ਪੰਚਮ
ਚੌਥੀ ਤਾਰ :- ਤਾਰ ਸਪਤਕ ਦਾ ਖੜਜ

ਅੱਜ ਕਲ ਭਾਰਤ ਵਿਚ ਤੀਜਾ ਪ੍ਰਕਾਰ ਹੀ ਤਾਰਾਂ ਨੂੰ ਸੁਰ ਕਰਨ ਵਾਸਤੇ ਪ੍ਰਚਾਰ ਵਿਚ ਹੈ।

ਇਸਰਾਜ, ਦਿਲਰੁਬਾ, ਤਾਊਸ :- ਉਪਰੋਕਤ ਤਿੰਨੋ ਸਾਜ਼ ਲਗਭੱਗ ਮਿਲਦੇ ਜੁਲਦੇ ਹੀ ਹਨ। ਇਹਨਾਂ ਦੀ ਬਣਤਰ ਵਿਚ ਥੋੜਾ-ਥੋੜਾ ਅੰਤਰ ਹੈ। ਇਹਨਾਂ ਦੇ ਅੰਗ ਸਮਾਨ ਹੀ ਹਨ।

ਪੇਟ ਦਾ ਤੂੰਬਾ :- ਇਹ ਭਾਗ ਲੱਕੜੀ ਨੂੰ ਕੁਰੇਦ ਕੇ ਤਿਆਰ ਕੀਤਾ ਜਾਂਦਾ ਹੈ। ਲੱਕੜੀ ਦੇ ਮੋਟੇ ਟੁਕੜੇ ਵਿਚ ਪੋਲ ਬਣਾਇਆ ਜਾਂਦਾ ਹੈ ਅਤੇ ਇਸ ਨੂੰ ਖੱਲ ਨਾਲ ਮੜਿਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਡਾਂਡ :- ਇਹ ਡਾਂਡ ਵੀ ਸਿਤਾਰ ਦੀ ਡਾਂਡ ਵਰਗੀ ਹੀ ਹੁੰਦੀ ਹੈ ਅਤੇ ਇਸ ਉੱਤੇ ਪਰਦੇ ਬੰਨੇ ਜਾਂਦੇ ਹਨ।

ਘੁਰਚ (Bridge) :- ਇਹ ਇਕ ਹੱਡੀ ਦਾ ਤਿਆਰ ਕੀਤਾ ਹੋਇਆ ਟੁੱਕੜਾ ਹੁੰਦਾ ਹੈ। ਜਿਸ ਦੇ ਉੱਪਰ ਤੋਂ ਤਾਰ ਲੰਘ ਕੇ ਕਿੱਲੀਆਂ ਵਲ ਜਾਂਦੇ ਹਨ। ਇਸ ਵਿਚ ਸੁਰਾਖ ਵੀ ਹੁੰਦੇ ਹਨ ਜਿੰਨਾ ਵਿਚੋਂ ਤਰਬ ਦੀਆਂ ਤਾਰਾਂ ਗੁਜਰਦੀਆਂ ਹਨ। ਇਸ ਨੂੰ ਘੋੜੀ ਜਾਂ ਬਰਿਜ ਵੀ ਕਿਹਾ ਜਾਂਦਾ ਹੈ।

ਘੱਟੀ :- ਅੰਤਿਮ ਸਿਰਾ ਜਿਸ ਉਤੋਂ ਤਾਰ ਗੁਜਰਦੇ ਹੋਏ ਤਾਰਗਹਨ ਵਿਚੋਂ ਲੰਘ ਕੇ ਖੁੰਟੀਆਂ ਤੱਕ ਜਾਂਦੀਆਂ ਹਨ।

ਖੁੰਟੀਆਂ :- ਤਾਰਾਂ ਨੂੰ ਬੰਨਣ ਅਤੇ ਕੱਸਣ ਜਾਂ ਢਿਲਾ ਕਰਨ ਲਈ ਵਰਤੀਆਂ ਜਾਂਦੀਆਂ ਹਨ।

ਲੰਗੋਟ :- ਸਾਜ਼ ਦੇ ਆਰੰਭ ਵਿਚ ਇੱਕ ਲੱਕੜੀ ਦਾ ਟੁਕੜਾ ਜੋੜਿਆ ਜਾਂਦਾ ਹੈ ਇਸ ਉਤੇ ਕਿੱਲ ਲਗਾਏ ਜਾਂਦੇ ਹਨ। ਉਹਨਾਂ ਕਿੱਲਾਂ ਨਾਲ ਤਾਰਾਂ ਬੰਨੀਆਂ ਜਾਂਦੀਆਂ ਹਨ।

ਗੱਜ :- ਇਹ ਸਾਜ਼ ਗੱਜ ਨਾਲ ਵੱਜਾਏ ਜਾਂਦੇ ਹਨ। ਲੱਕੜੀ ਨੂੰ ਥੋੜੀ ਅਜਿਹੀ ਤੀਰ ਦੀ ਸ਼ਕਲ ਪ੍ਰਦਾਨ ਕੀਤੀ ਜਾਂਦੀ ਹੈ ਇਸ ਤੇ ਵਾਲ ਮੜੇ ਜਾਂਦੇ ਹਨ। ਵਾਲਾਂ ਨੂੰ ਬਰੋਜ਼ਾ ਲਗਾਇਆ ਜਾਂਦਾ ਹੈ। ਗੱਜ ਜਦੋਂ ਤਾਰਾਂ ਉਤੋਂ ਰਗੜਿਆ ਜਾਂਦਾ ਹੈ ਤਾਂ ਉਹਨਾਂ ਵਿਚੋਂ ਮਧੁਰ ਆਵਾਜ਼ ਉਤਪੰਨ ਹੁੰਦੀ ਹੈ। ਗੱਜ ਸੱਜੇ ਹੱਥ ਨਾਲ ਚਲਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਉਂਗਲੀਆਂ ਪਰਦਿਆਂ ਉਤੇ ਚਲਦੀਆਂ ਹਨ।

ਪਰਦਾ :- ਪਿਤੱਲ ਜਾਂ ਸਟੀਲ ਤੋਂ ਬਣਾਏ ਜਾਂਦੇ ਹਨ। ਇਹਨਾਂ ਦੀ ਗਿਣਤੀ 16 ਹੁੰਦੀ ਹੈ। ਇਹ ਪਰਦੇ ਸਿਤਾਰ ਦੇ ਪਰਦਿਆਂ ਵਰਗੇ ਹੀ ਹੁੰਦੇ ਹਨ। ਕੋਮਲ ਸੁਰ ਬਣਾਉਣ ਵੇਲੇ ਪਰਦੇ ਖਿਸਕਾਉਣ ਦੀ ਲੋੜ ਨਹੀਂ ਹੁੰਦੀ। ਕੋਮਲ ਸੁਰ ਦੇ ਸਥਾਨ ਤੇ ਉਂਗਲੀ ਰਖਕੇ ਹੀ ਕੋਮਲ ਸੁਰ ਹੀ ਧੁਨੀ ਪ੍ਰਾਪਤ ਕਰ ਲਈ ਜਾਂਦੀ ਹੈ।

ਤਰਬ :- ਮੁੱਖਤਾਰਾਂ ਤੋਂ ਛੁੱਟ ਕਈ ਤਰਬ ਦੀਆਂ ਤਾਰਾਂ ਵੀ ਹੁੰਦੀਆਂ ਹਨ। ਕੁਝ ਤਰਬਾਂ ਡਾਂਡਾਂ ਦੇ ਕਿਨਾਰੇ ਤੇ ਲਗੀਆਂ ਖੁੰਟੀਆਂ ਨਾਲ ਬੰਨੀਆਂ ਜਾਂਦੀਆਂ ਹਨ। ਕੁਝ ਤਰਬਾਂ ਉਪਰ ਸਿਰੇ ਵਲ ਜਾਂਦੀਆਂ ਹਨ। ਇਹ ਤਰਬਾਂ ਆਵਾਜ ਵਿਚ ਗੂੰਜ ਉਤਪੰਨ ਕਰਦੀਆਂ ਹਨ।

ਦਿਲਰੁਬਾ ਅਤੇ ਤਾਉਸ ਸਾਜ਼ਾ ਇਕੋ ਸ਼ਰੇਣੀ ਦੇ ਹਨ ਪਰ ਇਹਨਾਂ ਦੀ ਬਣਤਰ ਵਿਚ ਥੋੜੀ-ਥੋੜੀ ਭਿੰਨਤਾ ਹੈ। ਇਹਨਾਂ ਦਾ ਪੇਟ ਜਾਂ ਤੁੰਬਾਂ ਅਲੱਗ-ਅਲੱਗ ਤਰੀਕੇ ਨਾਲ ਤਿਆਰ ਕੀਤੇ ਹੁੰਦੇ ਹਨ। ਇਸਰਾਜ ਦਾ ਤੁੰਬਾ ਛੋਟਾ, ਗੁਲਾਈ ਵਿਚ ਹੁੰਦਾ ਹੈ। ਦਿਲਰੁਬਾ ਦਾ ਪੇਟ ਚੌੜਾ ਅਤੇ ਵੱਡਾ ਹੁੰਦਾ ਹੈ। ਤਾਉਸ ਦਾ ਪੇਟ ਮੋਰ ਦੀ ਸ਼ਕਲ ਦਾ ਹੁੰਦਾ ਹੈ। ਇਸ ਨੂੰ ਤਿਆਰ ਕਰਨ ਲਈ ਲੱਕੜੀ ਦਾ ਵੱਡਾ ਟੁੱਕੜਾ ਲੋੜੀਂਦਾ ਹੈ ਉਸ ਵਿਚੋਂ ਪੋਲ ਬਣਾਇਆ ਜਾਂਦਾ ਹੈ ਅਤੇ ਬਾਹਰੀ ਭਾਗ ਉਤੇ ਮੋਰ ਦੇ ਪੰਖ ਅਤੇ ਉਸਦੀ ਗਰਦਨ ਬਣਾਈ ਜਾਂਦੀ ਹੈ। ਇਸਰਾਜ਼ ਦਾ ਚਲਨ ਬਹੁਤਾ ਬੰਗਾਲ ਵਿਚ ਹੈ। ਦਿਲਰੁਬਾ ਅਤੇ ਤਾਉਸ ਪੰਜਾਬ ਵਿਚ ਜ਼ਿਆਦਾ ਪ੍ਰਚਲਿਤ ਹੋਇਆ। ਅੱਜਕਲ ਇਹਨਾਂ ਸਾਜ਼ਾਂ ਦਾ ਪ੍ਰਚਾਰ ਦਰਬਾਰ ਸਾਹਿਬ ਕੀਰਤਨ ਦੇ ਨਾਲ ਹੋ ਰਿਹਾ ਹੈ ਪਰ ਗੁਰਮਤਿ ਸੰਗੀਤ ਵਿੱਚ ਦਿਲਰੁਬਾ ਅਤੇ ਤਾਉਸ ਸਾਜ਼ ਅੱਜ ਵੀ ਪ੍ਰਚਲਿਤ ਹੈ ਜੋ ਦਰਬਾਰ ਸਾਹਿਬ ਵਿਚ ਕੀਰਤਨ ਨਾਲ ਸੰਗਤੀ ਰੂਪ ਵਿੱਚ ਵਜਾਇਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅਧਿਆਇ - 15

ਪਾਠ ਯੋਜਨਾਂ

ਪਾਠ ਯੋਜਨਾਂ ਕੀ ਹੈ :-

ਵਿਦਿਆਰਥੀਆਂ ਅਤੇ ਅਧਿਆਪਕ ਦੁਆਰਾ ਪ੍ਰਤੀ ਦਿਨ ਕੀਤੀਆਂ ਜਾਣ ਵਾਲੀਆਂ ਕ੍ਰਿਆਵਾਂ ਅਤੇ ਵਿਸ਼ੇਸ਼ ਸਾਧਨਾਂ ਦਾ ਲੇਖਾਜੋਖਾ ਪਾਠ ਯੋਜਨਾਂ ਕਹਿਲਾਂਦਾ ਹੈ । ਇਹਨਾਂ ਕ੍ਰਿਆਵਾਂ ਦਾ ਮੁੱਖ ਮੰਤਵ ਇਹ ਹੈ ਕਿ ਵਿਦਿਆਰਥੀ ਘੱਟ ਸਮੇਂ ਵਿਚ ਵੱਧ ਤੋਂ ਵੱਧ ਗਿਆਨ ਸਫ਼ਲਤਾ ਪੂਰਵਕ ਪ੍ਰਾਪਤ ਕਰ ਸਕਣ । ਪਾਠ ਯੋਜਨਾਂ ਵਿਚ ਵਿਦਿਆਰਥੀਆਂ ਦੀਆਂ ਕ੍ਰਿਆਵਾਂ ਨੂੰ ਮੁੱਖ ਅਤੇ ਸਾਮਣੇ ਰੱਖਿਆ ਜਾਂਦਾ ਹੈ ਅਤੇ ਅਧਿਆਪਕ ਨੂੰ ਪਿਛੇ ।

ਪਾਠ ਯੋਜਨਾਂ ਤਿਆਰ ਕਰਨ ਵੇਲੇ ਧਿਆਨ ਦੇਣ ਯੋਗ ਗੱਲਾਂ :-

ਪਾਠ ਯੋਜਨਾਂ ਤਿਆਰ ਕਰਨ ਵੇਲੇ ਅਧਿਆਪਕ ਨੂੰ ਆਪਣੀ ਕਲਪਨਾਂ ਸ਼ਕਤੀ ਦੁਆਰਾ ਸੋਚਣਾਂ ਚਾਹੀਦਾ ਹੈ ਕਿ ਅਸ਼ੁੱਧ ਪਾਠ ਪੜਾਉਣ ਵਕਤ ਕਿਹੜੀਆਂ-ਕਿਹੜੀਆਂ ਕਠਨਾਈਆਂ ਆਉਣ ਦੀ ਸੰਭਾਵਨਾਂ ਹੈ । ਕਿਸੇ ਜਮਾਤ ਨੂੰ ਪੜਾਏ ਜਾ ਚੁੱਕੇ ਪਾਠ ਤੋਂ ਅੱਗੇ ਪੜਾਏ ਜਾਣ ਵਾਲੇ ਪਾਠ ਦੀ ਯੋਜਨਾਂ ਬਣਾਉਣ ਵੇਲੇ ਉਸਦੇ ਉਦੇਸ਼ ਅਤੇ ਵਿਸੇ ਵਸਤੂ ਦਾ ਸ਼ੁਮੇਲ ਹੋਣਾਂ ਲਾਜ਼ਮੀ ਹੈ । ਪਾਠ ਯੋਜਨਾਂ ਦੁਆਰਾ ਅਧਿਆਪਕ ਪਹਿਲਾਂ ਹੀ ਸਮਝ ਲੈਂਦਾ ਹੈ ਕਿ ਇਸ ਪਾਠ ਵਿਚ ਕੀ ਕੀ ਸਹਾਇਕ ਸਮੱਗਰੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ । ਇਸ ਤਰਾਂ ਉਹ ਉਸ ਸਹਾਇਕ ਸਮੱਗਰੀ ਦਾ ਸਫ਼ਲਤਾ ਪੂਰਵਕ ਪ੍ਰਯੋਗ ਕਰ ਸਕਦਾ ਹੈ । ਕਿਉਂਕਿ ਸਹਾਇਕ ਸਮੱਗਰੀ ਦਾ ਸਹਾਰਾ ਲੈ ਕੇ ਪੜਾਇਆ ਗਿਆ ਪਾਠ ਰੋਚਕ ਤੇ ਚਿਰੰਜੀਵੀ ਬਣ ਜਾਂਦਾ ਹੈ ।

ਪਾਠ ਯੋਜਨਾਂ ਦੁਆਰਾ ਅਧਿਆਪਕ ਦੀ ਸਿੱਖਿਆ ਵਿਧੀ ਅਤੇ ਪ੍ਰਵਿਧਿਆਂ ਨਿਸਚਿਤ ਹੋ ਜਾਂਦੀਆਂ ਹਨ । ਪੜਨਾਂ ਅਤੇ ਪੜਾਉਣਾਂ ਦੋਵੇਂ ਰੋਚਕ ਬਣ ਜਾਂਦੇ ਹਨ । ਪਾਠ ਯੋਜਨਾ ਅਧਿਆਪਕ ਨੂੰ ਆਤਮ ਵਿਸ਼ਵਾਸ ਪ੍ਰਦਾਨ ਕਰਦੀ ਹੈ । ਉਹ ਪਾਠ ਭੁੱਲਣ ਤੋਂ ਬਚਦਾ ਹੈ । ਪਾਠ ਪੜਾਉਣ ਵੇਲੇ ਇਕ ਮੋਰਚੇ ਤੇ ਖੜੇ ਫੌਜੀ ਦੀ ਤਰ੍ਹਾਂ ਤਿਆਰ ਹੁੰਦਾ ਹੈ । ਪਾਠ ਯੋਜਨਾ ਲੜੀਵਾਰ ਹੋਣ ਕਾਰਨ ਪੂਰਵ ਗਿਆਨ ਦੀ ਜਾਂਚ ਆਪਣੇ ਆਪ ਹੋ ਜਾਂਦੀ ਹੈ ਜੋ ਇਕ ਪ੍ਰਕਾਰ ਦੀ ਦੁਹਰਾਈ ਦਾ ਕੰਮ ਕਰਦੀ ਹੈ । ਪੂਰਵ ਗਿਆਨ ਤੋਂ ਨਵੀਨ ਗਿਆਨ ਵੱਲ ਕਦਮ ਵਧਾਉਣ ਵਿਚ ਸਹਾਇਤਾ ਕਰਦੀ ਹੈ । ਪਾਠ ਯੋਜਨਾਂ ਦੁਆਰਾ ਵਿਚਾਰ ਧਾਰਾ ਅਤੇ ਪ੍ਰੋਗਰਾਮ ਨਿਸਚਿਤ ਹੋ ਜਾਂਦੇ ਹਨ । ਪਾਠ ਯੋਜਨਾਂ ਬਹੁਤੀ ਵੱਡੀ ਨਹੀਂ ਹੋਣੀ ਚਾਹੀਦੀ । ਸਮੇਂ ਦਾ ਧਿਆਨ ਰਖਦੇ ਹੋਏ ਵਿਸਾ ਵਸਤੂ ਅਤੇ ਪ੍ਰਸ਼ਨਾਂ ਦੀ ਗਿਣਤੀ ਵਿਦਿਆਰਥੀਆਂ ਵਿਚ ਉਤਸਾਹਿਤ ਕਰਨ ਵਾਲੀ ਹੋਣੀ ਚਾਹੀਦੀ ਹੈ । ਪਾਠ ਯੋਜਨਾਂ ਲਈ ਸੋਚੇ ਹੋਏ ਪ੍ਰਸ਼ਨਾਂ ਤੋਂ ਇਲਾਵਾ ਵੀ ਕੋਈ ਪ੍ਰਸ਼ਨ ਪੁਛਿਆ ਜਾ ਸਕਦਾ ਹੈ ਅਤੇ ਵਿਦਿਆਰਥੀ ਦੀ ਸ਼ੰਕਾ ਦਾ ਸਮਾਧਾਨ ਕਰਨਾਂ ਚਾਹੀਦਾ ਹੈ ।

ਪਾਠ ਯੋਜਨਾਂ ਦੇ ਮੁੱਖ ਸਿਰਲੇਖ ਅਤੇ ਆਸ਼ਿਕ ਸਿਰਲੇਖ :-

ਸਭ ਤੋਂ ਪਹਿਲਾਂ ਪਾਠ ਯੋਜਨਾਂ ਦੇ ਮੁੱਖ ਸਿਰਲੇਖਾਂ ਦਾ ਸਥਾਂਨ ਕ੍ਰਮਵਾਰ ਤਿਆਰ ਕਰਨਾਂ ਚਾਹੀਦਾ

Sri Satguru Jagjit Singh Ji eLibrary NamdhariElibrary@gmail.com

ਹੈ। ਸਿਰਲੇਖ ਇਸ ਪ੍ਰਕਾਰ ਹਨ :-

ਪਾਠ ਯੋਜਨਾ ਕ੍ਰਮ ਨੰਬਰ Lesson No.
ਕਲਾਸ (Class) ਵਰਗ (Section)
ਮਿਤੀ..... (Date)
ਸਮਾਂ (Time)
ਵਿਸ਼ਾ (Subject)
ਉਪ ਵਿਸ਼ਾ (Topic)
ਸਹਾਇਕ ਸਮੱਗਰੀ (illustrative aids)
ਆਮ ਉਦੇਸ਼ (General Aims)
ਵਿਸ਼ੇਸ਼ ਉਦੇਸ਼ (Specific aim)
ਪੂਰਵ ਗਿਆਨ ਪ੍ਰੀਖਿਆ (Previous Knowledge Test)
ਉਦੇਸ਼ ਕਥਨ (Announcemwnt of the aim/topic)
ਪ੍ਰਸਤੁਤੀਕਰਨ (Presentation)
ਵਿਸ਼ਾ ਵਸਤੂ (Subject Matter)
ਪਾਠ ਵਿਧੀ (Method of teaching)
ਬਲੈਕ ਬੋਰਡ ਕ੍ਰਿਆ (Black Board works)
ਦੁਹਰਾਈ ਪੁਨਾਵਰਿਤੀ (Re-Capitulation)
ਘਰ ਦਾ ਕੰਮ (Home Work)

1. **ਕ੍ਰਮ ਨੰਬਰ** :- ਜਿੰਨੇ ਵੀ ਪਾਠ ਪੜਾਏ ਜਾ ਚੁਕੇ ਹਨ ਉਹਨਾਂ ਦੇ ਅੱਗੇ ਪਾਠ ਨੰਬਰ ਲਿਖਣਾਂ ਚਾਹੀਦਾ ਹੈ ਤਾਂ ਕਿ ਪਤਾ ਚਲ ਸਕੇ ਕਿ ਅਧਿਆਪਕ ਨੇ ਹੁਣ ਤੱਕ ਕੁਲ ਕਿੰਨੇ ਪਾਠ ਪੜਾਏ ਹਨ। ਪੁਸਤਕ ਵਿਚੋਂ ਇਕ ਪਾਠ ਦੇ ਇਕ ਤੋਂ ਵੱਧ ਵੀ ਪਾਠ ਬਣਾਏ ਜਾ ਸਕਦੇ ਹਨ।

2. **ਜਮਾਤ ਤੇ ਵਰਗ** :- ਜਿਸ ਕਲਾਸ ਅਤੇ ਵਰਗ ਨੂੰ ਪੜਾਉਣ ਲਈ ਪਾਠ ਯੋਜਨਾ ਬਣਾਈ ਹੈ ਉਸ ਨੂੰ ਉਚਿਤ ਸਥਾਨ ਤੇ ਲਿਖਣਾ ਚਾਹੀਦਾ ਹੈ ਜਿਵੇਂ ਕਲਾਸ 9 ਵੀਂ ਵਰਗ ਡੀ।

3. **ਮਿਤੀ** :- ਜਿਸ ਦਿਨ ਉਹ ਪਾਠ ਪੜਾਇਆ ਗਿਆ ਹੈ ਉਸ ਦਿਨ ਦੀ ਮਿਤੀ ਲਿਖਣੀ ਚਾਹੀਦੀ ਹੈ।

4. **ਪੀਰੀਅਡ** :- ਸਕੂਲ ਦੀ ਸਮੇਂ ਸਾਰਣੀ ਅਨੁਸਾਰ ਜਿਸ ਪੀਰੀਅਡ ਵਿਚ ਉਹ ਕਲਾਸ ਪੜਾਈ ਗਈ ਉਹ ਪੀਰੀਅਡ ਲਿਖਣਾਂ ਚਾਹੀਦਾ ਹੈ।

5. **ਸਮਾਂ** :- ਜਿੰਨੀ ਦੇਰ ਲਈ ਪਾਠ ਯੋਜਨਾ ਪੜਾਈ ਗਈ ਜਿਵੇਂ 35 ਮਿੰਟ।

6. **ਵਿਸ਼ਾ** :- ਵਿਸ਼ੇ ਦਾ ਨਾਂਮ ਲਿਖੋ। ਜਿਵੇਂ :- ਗਣਿਤ, ਇਤਿਹਾਸ, ਪੰਜਾਬੀ, ਸੰਗੀਤ ਗਾਇਨ, ਸੰਗੀਤ ਵਾਦਨ ਆਦਿ।

7. **ਉਪ ਵਿਸ਼ਾ** :- ਵਿਸ਼ੇ ਦੇ ਅੰਤਰਗਤ ਜੋ ਵਿਸ਼ਾ ਪੜਾਇਆ ਜਾਣਾ ਹੈ ਜਿਵੇਂ ਰਾਗ ਦੇ ਜਾਂ ਥਾਟ ਦੇ ਨਿਯਮ, ਵਾਦੀ ਸੰਵਾਦੀ ਆਦਿ।

8. **ਸਹਾਇਕ ਸਮੱਗਰੀ** :- ਪਾਠ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਸਮੱਗਰੀ ਦਾ ਉਲੇਖ ਕਰਨਾ ਚਾਹੀਦਾ ਹੈ ਜਿਵੇਂ :- ਬਲੈਕ ਬੋਰਡ, ਚਾਕ, ਝਾੜਣ, ਚਾਰਟ, ਸਾਜ਼ ਆਦਿ।

Sri Satguru Jagjit Singh Ji eLibrary NamdhariElibrary@gmail.com

9. ਆਮ ਉਦੇਸ਼ :- ਇਸ ਦਾ ਉਦੇਸ਼ ਯੋਗਤਾਵਾਂ ਅਤੇ ਗੁਣਾਂ ਤੇ ਮਨੋਵਿਰਤੀਆਂ ਦਾ ਵਿਕਾਸ ਕਰਨਾ ਹੁੰਦਾ ਹੈ। ਸਾਰੀ ਸਿਖਿਆ ਦੇ ਆਧਾਰਭੂਤ ਸਿਧਾਂਤਾ ਵਿਚੋਂ ਕੁੱਝ ਇਥੇ ਲਿਖੇ ਜਾਂਦੇ ਹਨ। ਧਿਆਨ ਰਖੇ ਕਿ ਇਹਨਾਂ ਦੀ ਸੰਖਿਆ ਬਹੁਤੀ ਨਾ ਹੋਵੇ। ਸਮੁਚੇ ਵਿਸ਼ੇ ਦੇ ਆਧਾਰ ਤੇ ਆਮ ਉਦੇਸ਼ ਲਿਖੇ ਜਾਂਦੇ ਹਨ।

10. ਵਿਸ਼ੇਸ਼ ਉਦੇਸ਼ :- ਇਸ ਦਾ ਸਬੰਧ ਉਸ ਪੜਾਏ ਜਾਣ ਵਾਲੇ ਪਾਠ ਨਾਲ ਹੀ ਹੁੰਦਾ ਹੈ। ਜਿਵੇਂ ਕਿਸੇ ਪਾਠ ਨੂੰ ਪੜਾਉਣਾਂ, ਜਾਂ ਕਿਸੇ ਸਾਜ਼ ਬਾਰੇ ਜਾਣਕਾਰੀ ਪ੍ਰਦਾਨ ਕਰਨਾਂ, ਸੰਗੀਤ ਸਬੰਧੀ ਜਾਂ ਰਾਗ ਸਬੰਧੀ ਜਾਣਕਾਰੀ ਦੇਣਾ।

11. ਪੂਰਵ ਗਿਆਨ :- ਪਾਠ ਯੋਜਨਾਂ ਵਿਚ ਇਸ ਦਾ ਆਪਣਾਂ ਹੀ ਮਹੱਤਵ ਹੈ। ਕੋਈ ਵੀ ਨਵਾਂ ਪਾਠ ਸ਼ੁਰੂ ਕਰਨ ਤੋਂ ਪਹਿਲਾਂ ਕਿੰਨਾਂ ਕੁ ਗਿਆਨ ਹੈ। ਪੂਰਵ ਗਿਆਨ ਤੋਂ ਭਾਵ ਹੈ ਕਿ ਹੁਣ ਤੱਕ ਪ੍ਰਾਪਤ ਕੀਤੇ ਅਨੁਭਵ ਤੋਂ ਜਾਣੂ ਹੋਣਾਂ। ਪਾਠ ਦੇ ਵਿਸ਼ੇ ਤੋਂ ਜਾਣੂ ਕਰਵਾਉਣ ਤੋਂ ਪਹਿਲਾਂ ਪ੍ਰਸ਼ਨਾਂ ਦੇ ਰੂਪ ਵਿਚ ਬੱਚਿਆ ਦੇ ਪੂਰਵ ਗਿਆਨ ਨੂੰ ਜਾਣ ਲੈਣਾਂ ਬੜਾਂ ਜ਼ਰੂਰੀ ਹੈ। ਨਵੀਨ ਗਿਆਨ ਪ੍ਰਦਾਨ ਕਰਨ ਤੋਂ ਪਹਿਲਾਂ ਜੋ ਪਹਿਲੇ ਪ੍ਰਾਪਤ ਗਿਆਨ ਦੇ ਆਧਾਰ ਤੇ ਹੀ ਅੱਗੇ ਚਲਦਾ ਹੈ। ਨਵੇਂ ਗਿਆਨ ਨੂੰ ਪੁਰਾਣੇ ਗਿਆਨ ਨਾਲ ਜੋੜ ਕੇ ਗ੍ਰਹਿਣ ਕਰਵਾਉਂਣਾਂ ਸਰਲ ਅਤੇ ਸਥਾਈ ਹੁੰਦਾ ਹੈ। ਪ੍ਰਸ਼ਨ ਪੁਛਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾਂ ਜਰੂਰੀ ਹੈ।

1. ਪ੍ਰਸ਼ਨ ਛੋਟਾ ਹੋਵੇ 2. ਪ੍ਰਸ਼ਨ ਸਪਸ਼ਟ ਤੇ ਸਰਲ ਹੋਵੇ 3. ਪ੍ਰਸ਼ਨ ਕ੍ਰਮਾਨੁਸਾਰ ਹੋਣੇ ਚਾਹੀਦੇ ਹਨ
4. ਪ੍ਰਸ਼ਨਾਂ ਦੀ ਲੜੀ ਨਵੇਂ ਪਾਠ ਤੱਕ ਪੁਜ ਜਾਵੇ।

12. ਉਦੇਸ਼ ਕਥਨ :- ਇਸ ਦੇ ਅੰਤਰਗਤ ਅਧਿਆਪਕ ਨਵੇਂ ਪਾਠ ਦੀ ਘੋਸ਼ਣਾਂ ਕਰਦਾ ਹੈ। ਇਸ ਕਦਮ ਤੋਂ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਨਵੇਂ ਪਾਠ ਤੋਂ ਜਾਣੂ ਕਰਵਾ ਦਿੰਦਾ ਹੈ ਅਤੇ ਅੱਜ ਉਹਨਾਂ ਨੂੰ ਕੀ ਪੜਾਇਆ ਜਾਵੇਗਾ। ਅਧਿਆਪਕ ਦੇ ਉਦੇਸ਼ ਕਥਨ ਕਰਨ ਤੋਂ ਬਾਅਦ ਬੋਰਡ ਉਤੇ ਵੀ ਲਿਖ ਦੇਣਾਂ ਚਾਹੀਦਾ ਹੈ।

13. ਪ੍ਰਸਤੁਤੀਕਰਨ :- ਜੋ ਪਾਠ ਪੜਾਇਆ ਜਾਣਾ ਹੈ ਉਸਦਾ ਵਿਸ਼ਾ ਵਸਤੂ ਅਤੇ ਢੰਗ ਦੇ ਨਾਲ ਬਲੈਕ ਬੋਰਡ ਕੰਮ ਵੀ ਕਰਨਾਂ ਹੁੰਦਾ ਹੈ। ਸਾਰੇ ਵਿਸ਼ੇ ਨੂੰ ਕੁਝ ਇਕਾਇਆ (Units) ਵਿਚ ਵੰਡ ਦਿੱਤਾ ਜਾਂਦਾ ਹੈ। ਫਿਰ ਇਕ ਇਕ ਕਰਕੇ ਪੜਾਇਆ, ਸਿਖਾਇਆ ਜਾਂਦਾ ਹੈ। ਪਾਠ ਦੇ ਅਨੁਸਾਰ ਵਿਧੀ ਵਿਚ ਵੀ ਪਰਿਵਰਤਨ ਕਰ ਲੈਣਾਂ ਚਾਹੀਦਾ ਹੈ। ਪਾਠ ਸਮੱਗਰੀ ਬਹੁਤ ਅਧਿਕ ਨਾ ਹੋਵੇ ਬਲਕਿ ਜਿੰਨੀ ਕੁ ਚੰਗੀ ਤਰਾਂ ਸਮਝਾ ਕੇ ਪੜਾਈ ਜਾਂ ਸਿਖਾਈ ਜਾ ਸਕੇ।

ਸੰਗੀਤ ਇਕ ਕ੍ਰਿਆਤਮਕ ਕਲਾ ਹੈ ਇਸ ਲਈ ਪਹਿਲਾਂ ਥੋੜਾ ਸਮਾਂ ਸ਼ਾਸਤਰ ਪੱਖ ਪੜਾਉਣ ਤੋਂ ਬਾਅਦ ਕ੍ਰਿਆਤਮਕ ਕ੍ਰਿਆ ਕਰਵਾਉਂਣੀ ਚਾਹੀਦੀ ਹੈ। ਪਹਿਲਾਂ ਰਾਗ ਦਾ ਪਰੀਚੈ ਫਿਰ ਕ੍ਰਿਆਤਮਕ ਰੂਪ ਵਿਚ ਉਸਦਾ ਆਰੋਹ, ਅਵਰੋਹ, ਪਕੜ ਆਦਿ। ਦੂਜੇ ਦਿਨ ਗੱਤ, ਤਾਲ, ਬੋਲ, ਸਥਾਈ, ਅੰਤਰਾ ਆਦਿ। ਕਿਸੇ ਵੀ ਵਿਸ਼ੇ ਦਾ ਸ਼ਾਸਤਰ ਪੱਖ ਪੜਾਉਣ ਤੋਂ ਬਾਅਦ ਰਾਗ ਦੀ ਸਥਾਈ ਦੀ ਪਹਿਲੀ ਪੰਕਤੀ ਸਿਖਾਉਣੀ ਚਾਹੀਦੀ ਹੈ ਜੋ ਵਿਦਿਆਰਥੀ ਚੰਗੇ ਹਨ ਉਹਨਾਂ ਨੂੰ ਤਾਂ ਪੂਰੀ ਸਥਾਈ ਸਿਖਾਈ ਜਾ ਸਕਦੀ ਹੈ। ਤੀਸਰੇ ਦਿਨ ਪਹਿਲਾਂ ਥੋੜਾ ਸ਼ਾਸਤਰ ਫਿਰ ਰਾਗ ਦਾ ਅੰਤਰਾ ਸਿਖਾਉਣਾਂ ਚਾਹੀਦਾ ਹੈ। ਵਿਸ਼ਾ ਵਸਤੂ ਪਾਠ ਵਿਧੀ ਅਤੇ ਬਲੈਕ ਬੋਰਡ ਵਰਕ ਲਗਭੱਗ ਇੱਕਠੇ ਚਲਦੇ ਹਨ। ਪਾਠ ਵਿਚ ਪ੍ਰਯੋਗ ਹੋਣ ਵਾਲੇ ਕਠਿਨ ਸ਼ਬਦ ਬੋਰਡ ਤੇ ਲਿਖੇ ਜਾਂਦੇ ਹਨ। ਵਾਦੀ, ਸੰਵਾਦੀ ਰਾਗ ਦਾ ਸਮਾਂ, ਜਾਤੀ, ਆਰੋਹ, ਅਵਰੋਹ, ਪਕੜ, ਗੱਤ ਜਾਂ ਖਿਆਲ ਦੀ ਸੁਰਲਿਪੀ ਤਾਲ ਆਦਿ ਬਲੈਕ ਬੋਰਡ ਤੇ ਲਿਖਕੇ ਸਮਝਾਏ ਜਾਣ ਨਾਲ

Sri Satguru Jagjit Singh Ji eLibrary NamdhariElibrary@gmail.com

ਵਿਦਿਆਰਥੀਆਂ ਨੂੰ ਸਪਸ਼ਟ ਸਮਝ ਆ ਜਾਂਦੀ ਹੈ। ਵਿਦਿਆਰਥੀਆਂ ਦੀ ਉਮਰ ਅਤੇ ਮਾਨਸਿਕ ਸਤਰ ਨੂੰ ਧਿਆਨ ਵਿਚ ਰਖਦੇ ਹੋਏ ਪਾਠ ਵਸਤੂ ਅਤੇ ਪਾਠ ਵਿਧੀ ਦਾ ਚੁਨਾਵ ਕਰਨਾ ਚਾਹੀਦਾ ਹੈ। ਜੇਕਰ ਇਕ ਪੀਰੀਅਡ 40 ਮਿੰਟਾ ਦਾ ਹੈ ਤਾ ਸ਼ਾਸਤਰ ਪੱਖ 10 ਤੋਂ 12 ਮਿੰਟ ਪੜਾਉਣਾ ਚਾਹੀਦਾ ਹੈ। 20 ਮਿੰਟ ਕਿਰਿਆਤਮਿਕ ਪਾਠ ਬਾਕੀ ਦਾ ਸਮਾਂ ਦੁਹਰਾਈ, ਵਿਅਕਤੀਗਤ ਉਣਤਾਈਆਂ ਦੂਰ ਕਰਨਾ, ਦਿਸ਼ਾ ਨਿਰਦੇਸ਼ ਦੇਣ ਵਿਚ ਬਿਤਾਉਣੇ ਚਾਹੀਦੇ ਹਨ। ਅਧਿਆਪਕ ਨੂੰ ਪਹਿਲਾ ਆਪ ਉਸ ਰਾਗ ਨੂੰ ਗਾ ਕੇ ਜਾ ਵਜਾ ਕੇ ਸੁਨਾਉਣਾ ਚਾਹੀਦਾ ਹੈ। ਫਿਰ ਸਾਰੀ ਕਲਾਸ ਨੂੰ ਉਸੇ ਤਰਾਂ ਰਿਆਜ ਕਰਨ ਲਈ ਕਹਿਣਾ ਚਾਹੀਦਾ ਹੈ। ਅਧਿਆਪਕ ਨੂੰ ਵਿਦਿਆਰਥੀਆ ਦੇ ਨਾਲ ਨਾਲ ਆਪ ਵੀ ਰਿਆਜ ਗਾ ਕੇ ਕਰਵਾਉਂਦੇ ਰਹਿਣਾ ਚਾਹੀਦਾ ਹੈ। ਬੇਸੁਰੇ ਵਿਦਿਆਰਥੀਆ ਦੀਆਂ ਗਲਤੀਆਂ ਦਰੁਸਤ ਕਰਨ ਲਈ ਦੂਜੇ ਵਿਦਿਆਰਥੀਆਂ ਦੀ ਸਹਾਇਤਾ ਵੀ ਲੈ ਲੈਣੀ ਚਾਹੀਦੀ ਹੈ। ਜਦ ਤੱਕ ਪ੍ਰਥਮ ਪੰਕਤੀ ਠੀਕ ਤਾਲ ਸੁਰ ਵਿਚ ਨਾਂ ਹੋ ਜਾਵੇ ਤਦ ਤੱਕ ਅੱਗੇ ਨਹੀਂ ਚਲਣਾ ਚਾਹੀਦਾ। ਸਥਾਈ ਠੀਕ ਹੋ ਜਾਣ ਤੋਂ ਬਾਅਦ ਅੰਤਰਾ ਸਿਖਾਉਣਾ ਚਾਹੀਦਾ ਹੈ। ਅੰਤਰਾ ਸਿਖਾਉਣ ਦੀ ਪਾਠ ਯੋਜਨਾ ਵੱਖਰੀ ਬਣਾਈ ਜਾਵੇ। ਅਲਾਪ ਅਤੇ ਤਾਨਾਂ ਵੱਖ-ਵੱਖ ਪਾਠ ਯੋਜਨਾਵਾਂ ਦੁਆਰਾ ਸਿਖਾਉਣੇ ਚਾਹੀਦੇ ਹਨ।

14. ਬਲੈਕ ਬੋਰਡ ਕੰਮ :- ਜੋ ਪਾਠ ਵਿਦਿਆਰਥੀਆਂ ਨੂੰ ਪੜਾਇਆ ਜਾ ਰਿਹਾ ਹੈ ਉਸ ਵਿਚ ਪ੍ਰਯੋਗ ਹੋਣ ਵਾਲੇ ਜਰੂਰੀ ਤੇ ਟੈਕਨੀਕਲ ਸ਼ਬਦ, ਪਾਠ ਦਾ ਸਾਰਾਂਸ਼, ਪਰਿਭਾਸਿਕ ਸ਼ਬਦ, ਨਾਮ, ਰੇਖਾ ਚਿੱਤਰ, ਵਾਦੀ, ਸੰਵਾਦੀ ਸੁਰ, ਰਾਗ ਦਾ ਸਮਾਂ ਖਿਆਲ ਜਾਂ ਗੱਤ ਦੀ ਬੰਦਿਸ਼ ਆਦਿ ਬਲੈਕ ਬੋਰਡ ਤੇ ਲਿਖਣੇ ਚਾਹੀਦੇ ਹਨ। ਸਹਾਇਕ ਸਮੱਗਰੀ ਨਾਂ ਹੋਣ ਦੀ ਸੂਰਤ ਵਿਚ ਤਾਂ ਬਲੈਕ ਬੋਰਡ ਹੀ ਸਭ ਤੋਂ ਵੱਧੀਆ ਸਹਾਇਕ ਸਿੱਧ ਹੁੰਦਾ ਹੈ।

15. ਪਾਠ ਵਿਧੀ :- ਕੋਈ ਵੀ ਵਿਸ਼ਾ ਪੜਾਉਣ ਲਈ ਪਾਠ ਵਿਧੀ ਅਪਣਾਉਣੀ ਚਾਹੀਦੀ ਹੈ। ਹਰ ਵਿਸ਼ਾ ਇਕੋ ਵਿਧੀ ਦੁਆਰਾ ਨਹੀਂ ਪੜਾਇਆ ਜਾ ਸਕਦਾ। ਕਲਾਸ ਦੇ ਸਤਰ ਅਨੁਸਾਰ ਪਾਠ ਵਿਧੀ ਬਦਲ ਲਈ ਜਾਂਦੀ ਹੈ। ਜਿਸ ਵਿਧੀ ਦੁਆਰਾ ਪਾਠ ਪੜਾਇਆ ਜਾਂਦਾ ਹੈ ਉਸ ਦਾ ਪਾਠ ਯੋਜਨਾ ਵਿਚ ਉਲੇਖ ਕਰਨਾ ਚਾਹੀਦਾ ਹੈ। ਜੋ ਪੜਾਇਆ ਜਾ ਚੁੱਕਿਆ ਹੈ ਉਸ ਵਿਚ ਕੋਈ ਪ੍ਰਸ਼ਨ ਵੀ ਪੁਛਦੇ ਰਹਿਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਨੂੰ ਪ੍ਰਸ਼ਨ ਯਾਦ ਹੋ ਜਾਵੇ।

ਪੁਨਾਵਰਿਤੀ ਜਾਂ ਦੁਹਰਾਈ (Recapitulation) ਜੋ ਪਾਠ ਪੜਾਇਆ ਗਿਆ ਹੈ ਵਿਦਿਆਰਥੀਆਂ ਨੂੰ ਉਸ ਬਾਰੇ ਕੀ ਜਾਣਕਾਰੀ ਪ੍ਰਾਪਤ ਹੋਈ ਹੈ ਜਾਂ ਕਿਸ ਨੂੰ ਸਮਝ ਆਈ ਹੈ ਜਾਂ ਕਿਸ ਨੂੰ ਨਹੀਂ ਇਹ ਜਾਨਣ ਲਈ ਪੁਨਾਵਰਿਤੀ ਕੀਤੀ ਜਾਂਦੀ ਹੈ। ਉਸ ਪਾਠ ਵਿਚੋਂ ਹੀ ਪੰਜ ਜਾਂ ਛੇ ਪ੍ਰਸ਼ਨ ਪੁਛਣੇ ਚਾਹੀਦੇ ਹਨ ਅਤੇ ਵੱਖ-ਵੱਖ ਵਿਦਿਆਰਥੀਆਂ ਨੂੰ ਉਹਨਾਂ ਦੇ ਉੱਤਰ ਦੇਣ ਦਾ ਅਵਸਰ ਦੇਣਾਂ ਚਾਹੀਦਾ ਹੈ। ਅਧਿਆਪਕ ਨੂੰ ਪਹਿਲਾਂ ਪ੍ਰਸ਼ਨ ਕਰਨਾਂ ਚਾਹੀਦਾ ਹੈ ਫਿਰ ਵਿਦਿਆਰਥੀ ਆਪਣਾ ਆਪਣਾ ਹੱਥ ਉੱਚਾ ਉਠਾ ਕੇ ਉੱਤਰ ਦੇਣ ਦੀ ਸਹਿਮਤੀ ਪ੍ਰਗਟ ਕਰਨਗੇ। ਅਧਿਆਪਕ ਉਨਾਂ ਵਿਚੋਂ ਕਿਸੇ ਨੂੰ ਵੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਹਿ ਸਕਦਾ ਹੈ। ਵਿਦਿਆਰਥੀ ਦਾ ਉੱਤਰ ਗਲਤ ਹੋਣ ਤੇ ਦੂਸਰੇ ਨੂੰ ਮੌਕਾ ਦਿੱਤਾ ਜਾਵੇ। ਦੁਹਰਾਈ ਦਾ ਸਮਾਂ ਸ਼ਾਸਤਰ ਪੱਖ ਲਈ 34 ਮਿੰਟ ਅਤੇ ਕਿਰਿਆਤਮਕ ਲਈ 10-12 ਮਿੰਟ ਹੋਣਾਂ ਚਾਹੀਦਾ ਹੈ।

ਘਰ ਦਾ ਕੰਮ (Home Work) ਇਹ ਪਾਠ ਯੋਜਨਾਂ ਦਾ ਅੰਤਮ ਚਰਨ ਹੈ। ਇਸ ਵਿਚ ਜੋ ਵੀ ਅੱਜ ਪੜਾਇਆ ਹੈ ਉਸਨੂੰ ਹਮੇਸ਼ਾ ਲਈ ਜਾਂ ਪ੍ਰੀਖਿਆ ਤੱਕ ਯਾਦ ਰੱਖਣ ਲਈ ਕਾਪੀ (Exercise

Sri Satguru Jagjit Singh Ji eLibrary NamdhariElibrary@gmail.com

Book) ਤੇ ਲਿਖਣਾ ਬੜਾ ਜ਼ਰੂਰੀ ਹੈ। ਸਾਫ ਸੁਥਰਾ ਲਿਖਿਆ ਜਾਣ ਲਈ ਵਿਦਿਆਰਥੀ ਨੂੰ ਇਕਾਤ ਅਤੇ ਸੋਚਣ ਲਈ ਸਮਾ ਚਾਹੀਦਾ ਹੈ। ਇਹ ਘਰ ਦਾ ਕੰਮ 15 ਮਿੰਟ ਦਾ ਜ਼ਰੂਰੀ ਹੋਵੇ। ਵਿਦਿਆਰਥੀ ਦਾ ਲਿਖਤੀ ਕੰਮ ਦੂਜੇ ਦਿਨ ਦੇਖਣਾ ਚਾਹੀਦਾ ਹੈ ਅਤੇ ਉਸਦੀਆਂ ਗਲਤੀਆਂ ਠੀਕ ਕਰਨਾਂ ਅਧਿਆਪਕ ਦਾ ਪਹਿਲਾ ਫਰਜ਼ ਹੈ। ਕਈ ਅਧਿਆਪਕ ਇਸ ਪੱਖ ਵਲ ਕੋਈ ਧਿਆਨ ਨਹੀਂ ਦਿੰਦੇ ਫਲਸਰੂਪ ਵਿਦਿਆਰਥੀ ਉਚੇਰੀ ਕਲਾਸ ਵਿਚ ਵੀ ਅਜਿਹੀਆਂ ਗਲਤੀਆਂ ਕਰਦੇ ਹਨ ਜੋ ਹਾਸੇ ਦਾ ਕਾਰਨ ਬਣ ਜਾਂਦੀਆਂ ਹਨ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਹਫਤੇ ਵਿਚ ਦੋ ਵਾਰ ਕਾਪੀਆ ਦੀ ਚੈਕਿੰਗ ਕਰੇ ਅਤੇ ਗਲਤੀਆਂ ਦਾ ਸੁਧਾਰ ਕਰਨ ਵਿਚ ਸਹਾਇਤਾ ਕਰੇ।

ਸੰਗੀਤ ਦੀ ਪਾਠ ਯੋਜਨਾਂ

ਪਾਠ ਨੰ: 1

ਮਿਤੀ : 5.11.96 ਜਮਾਤ : +1

ਵਿਸ਼ਾ : ਸੰਗੀਤ (ਗਾਇਨ) ਪੀਰੀਅਡ : 5 ਵਾਂ

ਸਮਾਂ 40 ਮਿੰਟ (10-40 ਤੋਂ 11-20)

ਉਪ ਵਿਸ਼ਾ : ਰਾਗ ਬਿਲਾਵਲ ਦੀ ਪ੍ਰੀਭਾਸ਼ਾ ਅਤੇ ਆਰੋਹ-ਅਵਰੋਹ-ਪਕੜ ਦੀ ਜਾਣਕਾਰੀ ਪ੍ਰਦਾਨ ਕਰਨਾ।

ਸਹਾਇਕ ਸਮੱਗਰੀ : ਤਾਨਪੁਰਾ, ਹਾਰਮੋਨੀਅਮ, ਚਾਰਟ, ਬਲੈਕ, ਬੋਰਡ, ਝਾੜਣ, ਤਬਲਾ, ਚਾਕ ਆਦਿ।

ਆਮ ਉਦੇਸ਼ :- 1. ਜਮਾਤ ਵਿਚ ਸੰਗੀਤਕ ਵਾਤਾਵਰਣ ਬਣਾਉਣਾ।

2. ਵਿਦਿਆਰਥੀਆਂ ਵਿਚ ਸੰਗੀਤ ਪ੍ਰਤੀ ਰੁਚੀ ਉਤਪੰਨ ਕਰਨਾ।

3. ਵਿਦਿਆਰਥੀਆਂ ਨੂੰ ਸੁਰ ਗਿਆਨ ਕਰਵਾਉਣਾ।

4. ਵਿਦਿਆਰਥੀਆਂ ਨੂੰ ਸਾਸਤਰੀ ਸੰਗੀਤ ਦੇ ਸਰੋਤੇ ਬਣਾਉਣਾ।

ਵਿਸ਼ੇਸ਼ ਉਦੇਸ਼ :- ਵਿਦਿਆਰਥੀਆਂ ਨੂੰ ਰਾਗ ਬਿਲਾਵਲ ਦੀ ਜਾਣਕਾਰੀ ਅਤੇ ਉਸ ਦੀ ਆਰੋਹ, ਅਵਰੋਹ, ਪਕੜ ਆਦਿ ਸਿਖਾਉਣਾ।

ਪੂਰਵ ਗਿਆਨ :- ਵਿਦਿਆਰਥੀਆਂ ਨੂੰ 10 ਥਾਟਾਂ ਦਾ ਗਿਆਨ ਹੈ। ਭਾਵੇ ਅਧਿਆਪਕਾ ਉਹਨਾਂ ਪਾਸੋਂ ਪਾਠ ਅਰੰਭ ਕਰਨ ਤੋਂ ਪਹਿਲਾ ਹੇਠ ਲਿਖੇ ਪ੍ਰਸ਼ਨ ਪੁਛੇਗੀ।

1. ਰਾਗ ਦੀ ਉਤਪਤੀ ਕਿਸ ਤੋਂ ਹੁੰਦੀ ਹੈ ? (ਥਾਟ ਤੋਂ)
2. ਕੁੱਲ ਕਿੰਨੇ ਥਾਟ ਹਨ ? (ਦੱਸ)
3. ਸਾਰੇ ਸ਼ੁੱਧ ਸੁਰਾਂ ਵਾਲੇ ਥਾਟ ਦਾ ਨਾਂ ਕੀ ਹੈ ? (ਬਿਲਾਵਲ)
4. ਬਿਲਾਵਲ ਥਾਟ ਦੇ ਕਿਸੇ ਆਸ਼ਰਿਤ ਰਾਗ ਦਾ ਨਾਂਮ ਦਸੋ ? (ਪਤਾ ਨਹੀਂ)

ਉਦੇਸ਼ ਕਥਨ :- ਵਿਦਿਆਰਥੀ ਅੰਤਿਮ ਪ੍ਰਸ਼ਨ ਦਾ ਉਤਰ ਨਹੀਂ ਦੇ ਸਕਣਗੇ। ਭਾਵੀ ਅਧਿਆਪਕਾ ਕਥਨ ਕਰੇਗੀ ਕਿ ਬਚਿੱਓ ਅੱਜ ਅਸੀਂ ਬਿਲਾਵਲ ਥਾਟ ਦਾ ਆਸਰਯ ਰਾਗ ਬਿਲਾਵਲ ਦਾ ਪ੍ਰੀਚੈ ਅਤੇ ਉਸਦੀ ਆਰੋਹੀ-ਅਵਰੋਹੀ ਸਿਖਾਂਗੇ।

ਪ੍ਰਸਤੁਤੀਕਰਨ :- ਹੋਣਹਾਰ ਅਧਿਆਪਕਾ ਬੱਚਿਆਂ ਨੂੰ ਰਾਗ ਬਿਲਾਵਲ ਦੀ ਪ੍ਰੀਭਾਸ਼ਾ ਅਤੇ ਕਿਰਿਆਤਮਕ ਰੂਪ ਵਿਚ ਆਰੋਹ-ਅਵਰੋਹ ਅਤੇ ਪਕੜ ਸਿਖਾਏਗੀ।

Sri Satguru Jagjit Singh Ji eLibrary NamdhariElibrary@gmail.com

ਵਿਸ਼ਾ ਵਸਤੂ (Subject Matter)	ਪਾਠ ਵਿਧੀ (Method)	ਬਲੈਕ ਬੋਰਡ ਵਰਕ (B.B. Work)
ਇਹ ਰਾਗ ਬਿਲਾਵਲ ਥਾਟ ਤੋਂ ਉਤਪੰਨ ਹੁੰਦਾ ਹੈ। ਇਹ ਇਕ ਆਸਰਯ ਰਾਗ ਹੈ। ਇਸ ਵਿਚ ਸਾਰੇ ਸੁਧ ਸੁਰ ਪ੍ਰਯੋਗ ਹੁੰਦੇ ਹਨ। ਇਸ ਦੀ ਜਾਤੀ ਸਪੂਰਣ ਹੈ। ਇਸ ਦੀ ਵਾਦੀ ਸੁਰ ਧੈਵਤ ਅਤੇ ਸੰਵਾਦੀ ਸੁਰ ਗੰਧਾਰ ਹੈ। ਇਸ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾਂ ਪਹਿਰ ਹੈ। ਇਕ ਇਕ ਉਤਰਾਗ ਪ੍ਰਧਾਨ ਰਾਗ ਹੈ। ਇਸ ਦਾ ਵਿਸਥਾਰ ਤਿੰਨਾਂ ਸਪਤਕਾਂ ਵਿਚ ਕੀਤਾ ਜਾਂਦਾ ਹੈ। ਬਿਲਾਵਲ ਦੇ ਕਈ ਪ੍ਰਕਾਰ ਹਨ ਜਿੰਨਾਂ ਵਿਚੋਂ ਇਹ ਮੁੱਖ ਤੇ ਪ੍ਰਸਿੱਧ ਹੈ। ਇਸ ਰਾਗ ਦੀ ਆਰੋਹ-ਅਵਰੋਹ ਇਸ ਪ੍ਰਕਾਰ ਹੈ :- ਆਰੋਹ : ਸਾ, ਰੇ ਗਾ, ਮਾ ਪਾ ਧਾ ਨੀ ਸਾਂ। ਅਵਰੋਹ : ਸਾਂ ਨੀ ਧਾ ਪਾ ਮਾ ਗਾ ਰੇ ਸਾ। ਪਕੜ : ਗ ਰੇ ਗਾ ਪਾ ਨੀ ਧਾ ਨੀ ਸਾਂ।	ਅਧਿਆਪਕਾ, ਵਿਦਿਆਰਥੀਆਂ ਨੂੰ ਰਾਗ ਦੀ ਪ੍ਰੀਭਾਸ਼ਾ ਸਿਖਾਏਗੀ ਅਤੇ ਕੁਝ ਪ੍ਰਸ਼ਨ ਵੀ ਪੁਛੇਗੀ। 1. ਵਾਦੀ ਸੁਰ ਕਿਸ ਨੂੰ ਕਹਿੰਦੇ ਹਨ ? 2. ਆਰੋਹ ਕਿਸ ਨੂੰ ਕਿਹਾ ਜਾਣਾ ਹੈ ? 3. ਸਪੂਰਣ ਜਾਤੀ ਤੋਂ ਕੀ ਭਾਵ ਹੈ ? **ਕਿਰਿਆਤਮਿਕ ਪੱਖ** ਰਾਗ ਬਿਲਾਵਲ ਦੀ ਆਰੋਹ-ਅਵਰੋਹ ਦਾ ਚਾਰਟ ਵਿਦਿਆਰਥੀਆਂ ਨੂੰ ਦਿਖਾਇਆ ਜਾਵੇਗਾ। ਪਹਿਲਾਂ ਅਧਿਆਪਕਾ ਆਪ ਰਾਗ ਦੀ ਅਰੋਹ-ਅਵਰੋਹ ਗਾ ਕੇ ਸੁਣਾਵੇਗੀ ਫਿਰ ਬੱਚਿਆਂ ਨੂੰ ਆਪਣੇ ਨਾਲ ਗਾਉਣ ਲਈ ਕਹੇਗੀ ਇਸ ਤੋਂ ਬਾਅਦ ਅਧਿਆਪਕ ਬੱਚਿਆਂ ਨੂੰ 5-6 ਵਾਰ ਦੁਹਰਾਈ ਕਰਵਾਏਗਾ।	ਰਾਗ ਦਾ ਨਾਂ :- ਬਿਲਾਵਲ ਵਾਦੀ :- ਧੈਵਤ ਸੰਵਾਦੀ :- ਗੰਧਾਰ ਸਮਾਂ :- ਦਿਨ ਦਾ ਪਹਿਲਾ ਪਹਿਰ ਜਾਤੀ :- ਸੰਪੂਰਣ **ਰਾਗ ਬਿਲਾਵਲ** ਆਰੋਹੀ :- ਸ ਰੇ ਗ ਮ ਪ ਧ ਨੀ ਸਾਂ ਅਵਰੋਹੀ :- ਸ ਨੀ ਧ ਪ ਮ ਗ ਰੇ ਸ ਪਕੜ :- ਗ ਰ ਗ ਪ ਨੀ ਧ ਨੀ ਸਾਂ ਵਿਦਿਆਰਥੀਆਂ ਪਾਸੋਂ ਸ਼ਾਮਪਟ ਤੇ ਲਿਖਵਾਇਆ ਜਾਵੇਗਾ। ਵਾਦੀ ਸੁਰ :- ਧਾ ਸੰਵਾਦੀ ਸੁਰ :- ਗ

Sri Satguru Jagjit Singh Ji eLibrary
NamdhariElibrary@gmail.com

ਦੁਹਰਾਈ (Recapitulation)

1. ਬਿਲਾਵਲ ਰਾਗ ਕਿਸ ਥਾਟ ਦਾ ਰਾਗ ਹੈ ?
2. ਇਸ ਦੇ ਗਾਉਣ ਦਾ ਕੀ ਸਮਾਂ ਹੈ ?
3. ਇਸ ਦੇ ਵਾਦੀ, ਸੰਵਾਦੀ ਸੁਰ ਕਿਹੜੇ ਹਨ ?

ਘਰ ਦਾ ਕੰਮ :- ਰਾਗ ਬਿਲਾਵਲ ਦੀ ਪ੍ਰੀਭਾਸਾਂ
ਰਾਗ ਦਾ ਨਾਂ :- ਬਿਲਾਵਲ
ਵਾਦੀ :- ਧੈਵਤ
ਸੰਵਾਦੀ :- ਗੰਧਾਰ
ਸਮਾਂ :- ਦਿਨ ਦਾ ਪਹਿਲਾ ਪਹਿਰ
ਜਾਤੀ :- ਸੰਪੂਰਣ
ਰਾਗ ਬਿਲਾਵਲ
ਆਰੋਹੀ :- ਸ ਰੇ ਗ ਮ ਪ ਧ ਨੀ ਸਾਂ
ਅਵਰੋਹੀ :- ਸ ਨੀ ਧ ਪ ਮ ਗ ਰੇ ਸ
ਪਕੜ :- ਗ ਰੇ ਗ ਪ ਨੀ ਧ ਨੀ ਸਾਂ ਕਾਪੀ ਵਿਚ ਲਿਖ ਕੇ ਅਤੇ ਆਰੋਹੀ-ਅਵਰੋਹੀ ਦਾ ਅਭਿਆਸ ਕਰਕੇ ਆਉਣਾ।

ਕਲਾਸ ਦੇ ਵਿਦਿਆਰਥੀ ਨੂੰ ਦੋ ਭਾਗਾਂ ਵਿਚ ਵੰਡ ਕੇ ਵਾਰੀ-ਵਾਰੀ ਗਾਉਣ ਲਈ ਕਿਹਾ ਜਾਵੇਗਾ। ਸਮੂਹਿਕ ਰੂਪ ਵਿਚ ਗਲਤੀਆਂ ਠੀਕ ਕਰਵਾਈ ਜਾਣਗੀਆਂ ਹਰ ਵਿਦਿਆਰਥੀ ਪਾਸੋਂ ਵਖ ਵਖ ਰੂਪ ਵਿਚ ਆਰੋਹ-ਅਵਰੋਹ, ਪਕੜ ਸੁਣੀ ਜਾਵੇਗੀ।

ਰਾਗ ਦੀ ਜਾਤੀ :- ਸੰਪੂਰਣ-ਸੰਪੂਰਣ
ਰਾਗ ਦਾ ਥਾਟ :- ਬਿਲਾਵਲ

Sri Satguru Jagjit Singh Ji eLibrary
NamdhariElibrary@gmail.com

ਸੰਗੀਤ ਦੀ ਪਾਠ ਯੋਜਨਾਂ -2

ਮਿਤੀ : 6.11.96 ਪਾਠ ਨੰ : 2

ਵਿਸ਼ਾ : ਸੰਗੀਤ (ਸਿਤਾਰ) ਜਮਾਤ : +1

ਸਮਾਂ :- 40 ਮਿੰਟ

ਸਹਾਇਕ ਸਮੱਗਰੀ : ਸਿਤਾਰ, ਤਬਲਾ, ਚਾਰਟ, ਬਲੈਕ ਬੋਰਡ, ਚਾਕ, ਝਾੜਣ ਆਦਿ।

ਉਪ ਵਿਸ਼ਾ :- ਰਾਗ ਭੂਪਾਲੀ ਦਾ ਪਰੀਚੈ

ਆਮ ਉਦੇਸ਼ :- 1. ਵਿਦਿਆਰਥੀਆਂ ਵਿਚ ਸੰਗੀਤ ਦੇ ਪ੍ਰਤੀ ਰੁਚੀ ਉਤਪੰਨ ਕਰਨਾ

2. ਵਿਦਿਆਰਥੀਆਂ ਦੇ ਸੰਗੀਤ ਗਿਆਨ ਨੂੰ ਵਧਾਉਣਾਂ।

3. ਵਿਦਿਆਰਥੀਆਂ ਨੂੰ ਸ਼ਾਸਤਰੀ ਸੰਗੀਤ ਦੇ ਚੰਗੇ ਸ਼ਰੋਤੇ ਬਣਾਉਣਾਂ।

ਵਿਸ਼ੇਸ਼ ਉਦੇਸ਼ :- ਵਿਦਿਆਰਥੀਆਂ ਨੂੰ ਰਾਗ ਭੂਪਾਲੀ ਦੀ ਪ੍ਰੀਭਾਸ਼ਾ ਅਤੇ ਸਥਾਈ ਸਿਖਾਉਣਾਂ।

ਪੂਰਵ ਗਿਆਨ :- 1. ਗੱਤ ਦੇ ਕਿੰਨੇ ਪ੍ਰਕਾਰ ਹੁੰਦੇ ਹਨ।

ਪ੍ਰੀਖਿਆ :- 2. ਗੱਤ ਦੇ ਭਾਗਾਂ ਦੇ ਨਾਮ ਦਸੋ ?

3. ਕੁਲ ਕਿੰਨੇ ਥਾਟ ਹਨ ?

4. ਰਾਗ ਭੂਪਾਲੀ ਕਿਸ ਥਾਟ ਦਾ ਰਾਗ ਹੈ ?

ਉਦੇਸ਼ ਕਥਨ : ਉਪਰੋਕਤ ਪ੍ਰਸ਼ਨਾਂ ਦੇ ਉੱਤਰ ਸੁਨਣ ਤੋਂ ਬਾਅਦ ਇਕ ਅੰਤਿਮ ਪ੍ਰਸ਼ਨ ਦਾ ਉੱਤਰ ਨਾ ਪ੍ਰਾਪਤ ਹੋਣ ਤੇ ਅਧਿਆਪਕਾ ਕਹੇਗੀ। ਅੱਛਾ ਬਚਿੱਓ ਅੱਜ ਅਸੀਂ ਰਾਗ ਭੂਪਾਲੀ ਸਿਖਾਂਗੇ।

Sri Satguru Jagjit Singh Ji eLibrary NamdhariElibrary@gmail.com

ਵਿਸ਼ਾ ਵਸਤੂ

ਰਾਗ ਭੂਪਾਲੀ ਦੀ ਉਤਪਤੀ ਥਾਟ ਕਲਿਆਣ ਤੋਂ ਹੁੰਦੀ ਹੈ। ਇਸ ਰਾਗ ਵਿਚ ਮਧਿਆਮ ਅਤੇ ਨਿਸ਼ਾਦ ਸੁਰ ਵਰਜਿਤ ਹਨ। ਇਹ ਪੰਜ ਸੁਰਾਂ ਦਾ ਰਾਗ ਹੋਣ ਕਾਰਨ ਇਸਨੂੰ ਔੜਵ-ਔੜਵ ਜਾਤੀ ਦਾ ਰਾਗ ਕਹਿੰਦੇ ਹਨ। ਇਸ ਰਾਗ ਦਾ ਵਾਦਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਧੈਵਤ ਹੈ। ਇਹ ਇਕ ਪ੍ਰਸਿੱਧ ਤੇ ਲੋਕ ਪ੍ਰਿਅ ਰਾਗ ਹੈ। ਇਸ ਰਾਗ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਤੋਂ ਛੁੱਟ ਸੁਗਮ ਸੰਗੀਤ ਵਿਚ ਵੀ ਆਮ ਕੀਤਾ ਜਾਂਦਾ ਹੈ।

ਆਰੋਹੀ :- ਸ ਰੇ ਗ ਪ ਧ ਸ਼

ਅਵਰੋਹੀ :- ਸਂ ਧ ਪ ਗ ਰੇ ਸ

ਪਕੜ :- ਸ ਰੇ, ਪਗ, ਰੇ ਧ ਸ।

ਪਾਠ ਵਿਧੀ

ਅਧਿਆਪਕ ਵਿਦਿਆਰਥੀਆਂ ਦੀ ਸਹਾਇਤਾ ਨਾਲ ਪਾਠ ਪੜਾਏਗੀ ਕਿਸੇ ਸਥਾਨ ਤੇ ਪ੍ਰਸ਼ਨ ਵਿਧੀ ਦੀ ਵਰਤੋਂ ਅਤੇ ਕਿਸੇ ਜਗ੍ਹਾ ਆਪ ਪ੍ਰਦਰਸ਼ਨ ਕਰਦੇ ਪਾਠ ਨੂੰ ਰੋਚਕ ਬਣਾਏਗੀ।

1. ਭੂਪਾਲੀ ਕਿਸ ਥਾਟ ਦਾ ਰਾਗ ਹੈ ?
2. ਇਹ ਕਿੰਨੇ ਸੁਰਾਂ ਦਾ ਰਾਗ ਹੈ ?

ਬਲੈਕ ਬੋਰਡ ਵਿਧੀ

ਰਾਗ - ਭੂਪਾਲੀ

ਥਾਟ :- ਕਲਿਆਣ

ਵਾਦੀ :- ਗੰਧਾਰ

ਸੰਵਾਦੀ :- ਧੈਵਤ

ਜਾਤੀ :- ਔੜਵ- ਔੜਵ

ਸਮਾਂ - ਰਾਤ ਦਾ ਪਹਿਲਾ ਪਹਿਰ

Sri Satguru Jagjit Singh Ji eLibrary

NamdhariElibrary@gmail.com

ਉਦੇਸ਼ ਕਥਨ :- ਬਚਿੱਓ ਤੁਸੀਂ ਰਾਗ ਭੂਪਾਲੀ ਦੀ ਪ੍ਰੀਭਾਸ਼ਾ ਪੜ ਹੀ ਚੁੱਕੇ ਹੋ । ਹੁਣ ਅਸੀਂ ਇਸ ਰਾਗ ਦੀ ਗਤ ਦੀ ਸਥਾਈ ਸਿਖਾਂਗੇ ।

ਵਿਸ਼ਾ ਵਸਤੂ

ਰਾਗ ਭੂਪਾਲੀ - ਰਜਾਖਾਨੀ ਗੱਤ, ਤਿਨੰਤਾਲ ਸਥਾਈ

0	3
9 10 11 12	13 14 15 16
ਧ ਸਾਂਸਾਂ ਧ ਪ	ਗ ਰੇਰੇਂ ਸ ਰੇ
ਦਾ ਦਿਰ ਦਾ ਰਾ	ਦਾ ਦਿਰ ਦਾ ਰਾ
×	2
1 2 3 4	5 6 7 8
ਗ S ਗ ਰੇ	ਗ ਪਪ ਧ ਪ
ਦਾ - ਦਾ ਰਾ	ਦਾ ਦਿਰ ਦਾ ਰਾ
0	3
ਰੇ ਰੇਰੇ ਗ ਗ	ਪ ਪਪ ਧ ਪ
ਦਾ ਦਿਰ ਦਾ ਰਾ	ਦਾ ਦਿਰ ਦਾ ਰਾ
×	2
ਗ ਪਪ ਧਧ ਪਪ	ਗS ਗਰੇ -ਚੇ ਸਾ-
ਦਾ ਦਿਰ ਦਿਰ ਦਿਰ	ਰਾ- ਰਦਾ - ਰ ਦਾ-

ਪਾਠ ਵਿਧੀ

ਅਧਿਆਪਕਾ ਸਭ ਤੋਂ ਪਹਿਲਾਂ ਰਾਗ ਭੂਪਾਲੀ ਦੀ ਗੱਤ ਸ਼ਾਂਮਪਟ ਤੇ ਲਿਖੇਗੀ । ਫਿਰ ਵਿਦਿਆਰਥੀਆਂ ਨੂੰ ਆਪਣੀ ਆਪਣੀ ਕਾਪੀ ਤੇ ਲਿਖਣ ਲਈ ਕਹੇ ਗੀ । ਵਿਦਿਆਰਥੀਆਂ ਦੀਆਂ ਕਾਪੀਆਂ ਦਾ ਨਰੀਖਣ ਕੀਤਾ ਜਾਵੇਗਾ ਤੇ ਉਹਨਾਂ ਦੀਆਂ ਗਲਤੀਆਂ ਸੁਧਾਰੀਆਂ ਜਾਣਗੀਆਂ । ਅਧਿਆਪਕਾ ਪਹਿਲਾਂ ਆਪ ਸਿਤਾਰ ਤੇ ਸਥਾਈ ਵਜਾ ਕੇ ਸੁਣਾਏਗੀ ਫਿਰ ਵਿਦਿਆਰਥੀਆਂ ਨੂੰ ਵਜਾਉਣ ਲਈ ਕਹੇਗੀ । ਹਰੇ ਕ ਵਿਦਿਆਰਥੀ ਵਲ ਵਿਅਕਤੀਗਤ ਰੂਪ ਵਿਚ ਧਿਆਨ ਦਿੱਤਾ ਜਾਵੇਗਾ ।

ਵਿਦਿਆਰਥੀਆਂ ਪਾਸੋਂ ਵਾਰ ਵਾਰ ਸਥਾਈ ਵਜਾਈ ਜਾਵੇਗੀ ਤਾਂ ਕਿ ਉਹਨਾਂ ਨੂੰ ਚੰਗੀ ਤਰਾਂ ਯਾਦ ਹੋ ਜਾਵੇ ।

ਵਿਦਿਆਰਥੀਆਂ ਪਾਸੋਂ ਸਮੂਹਕ ਰੂਪ ਵਿਚ ਅਤੇ ਵਿਅਕਤੀਗਤ ਰੂਪ ਵਿਚ ਵੀ ਸੁਣਿਆ ਜਾਵੇਗਾ ।

ਬਲੈਕ ਬੋਰਡ ਵਿਧੀ

ਰਾਗ ਭੂਪਾਲੀ - ਰਜਾਖਾਨੀ ਗੱਤ, ਤਿਨੰਤਾਲ ਸਥਾਈ

0	3
9 10 11 12	13 14 15 16
ਧ ਸਾਂਸਾਂ ਧ ਪ	ਗ ਰੇਰੇਂ ਸ ਰੇ
ਦਾ ਦਿਰ ਦਾ ਰਾ	ਦਾ ਦਿਰ ਦਾ ਰਾ
×	2
1 2 3 4	5 6 7 8
ਗ S ਗ ਰੇ	ਗ ਪਪ ਧ ਪ
ਦਾ - ਦਾ ਰਾ	ਦਾ ਦਿਰ ਦਾ ਰਾ
0	3
ਰੇ ਰੇਰੇ ਗ ਗ	ਪ ਪਪ ਧ ਪ
ਦਾ ਦਿਰ ਦਾ ਰਾ	ਦਾ ਦਿਰ ਦਾ ਰਾ
×	2
ਗ ਪਪ ਧਧ ਪਪ	ਗS ਗਰੇ ਰੇ ਸਾ-
ਦਾ ਦਿਰ ਦਿਰ ਦਿਰ	ਰਾ- ਰਦਾ - ਰਾ ਦਾ-

Sri Satguru Jagjit Singh Ji eLibrary
NamdhariElibrary@gmail.com

ਦੁਹਰਾਈ :- ਇਹ ਵੇਖਣ ਲਈ ਕਿ ਅੱਜ ਦਾ ਪਾਠ ਵਿਦਿਆਰਥੀਆਂ ਨੂੰ ਸਮਝ ਆਗਿਆ ਹੈ ਤੇ ਯਾਦ ਵੀ ਹੋ ਗਿਆ ਹੈ। ਅਧਿਆਪਕਾ ਹੇਠ ਲਿਖੇ ਪ੍ਰਸ਼ਨ ਪੁੱਛੇਗੀ।

1. ਰਾਗ ਭੂਪਾਲੀ ਕਿਸ ਥਾਟ ਦਾ ਰਾਗ ਹੈ ?
2. ਇਸ ਰਾਗ ਦੀ ਜਾਤੀ ਕੀ ਹੈ ?
3. ਰਾਗ ਭੂਪਾਲੀ ਦੇ ਵਾਦੀ ਸੰਵਾਦੀ ਸੁਰ ਕਿਹੜੇ ਹਨ ?

ਘਰ ਦਾ ਕੰਮ :- ੧. ਅਧਿਆਪਕਾ ਵਿਦਿਆਰਥੀ ਨੂੰ ਸੰਗੀਤ ਨੋਟ ਬੁੱਕ ਵਿਚ ਰਾਗ ਦੀ ਪ੍ਰੀਭਾਸ਼ਾ ਲਿਖਕੇ ਲਿਆਉਣ ਲਈ ਕਹੇਗੀ।

2. ਰਾਗ ਦੀ ਗੱਤ ਦੀ ਸੁਰਲਿਪੀ ਸਾਫ ਸਾਫ ਕਾਪੀ ਤੇ ਲਿੱਖਣ ਦਾ ਕੰਮ ਵੀ ਦੇਵੇਗੀ।

ਸੰਗੀਤ ਦੀ ਪਾਠ ਯੋਜਨਾਂ -3

ਮਿਤੀ : 22.11.96 ਕਲਾਸ : ਨੌਵੀਂ

ਵਿਸ਼ਾ : ਸੰਗੀਤ ਪੀਰੀਅਡ : ਤੀਜਾ

ਉਪ ਵਿਸ਼ਾ : ਅਲੰਕਾਰ (ਸਰਗਮ) ਸਮਾਂ :- 40 ਮਿੰਟ

ਸਹਾਇਕ ਸਮੱਗਰੀ : ਸੰਗੀਤ ਰੂਮ, ਚਾਕ, ਬਲੈਕ-ਬੋਰਡ, ਝਾੜਣ, ਹਾਰਮੋਨੀਅਮ, ਸਿਤਾਰ, ਉਪ ਵਿਸ਼ੇ ਸਬੰਧੀ ਚਾਰਟ।

ਉਦੇਸ਼ :-
1. ਵਿਦਿਆਰਥੀਆਂ ਵਿਚ ਸੰਗੀਤ ਪ੍ਰਤੀ ਰੁਚੀ ਉਤਪੰਨ ਕਰਨਾ।
2. ਸੰਗੀਤ ਦੇ ਕਲਾ ਪੱਖ ਦੀ ਜਾਣਕਾਰੀ ਪ੍ਰਦਾਨ ਕਰਨਾ।
3. ਸੰਗੀਤ ਦੇ ਸ਼ਾਸਤ੍ਰੀ ਰੂਪ ਪ੍ਰਤੀ ਜਾਗਰੂਕ ਕਰਨਾ।
4. ਸੰਗੀਤ ਦੀਆਂ ਸਰਗਮ ਦੇ ਮਹੱਤਵ ਦੀ ਜਾਣਕਾਰੀ ਦੇਣਾਂ।

ਵਿਸ਼ੇਸ਼ ਉਦੇਸ਼ :- ਬੱਚਿਆਂ ਨੂੰ ਅਲੰਕਾਰਾਂ ਦਾ ਗਿਆਨ ਦੇਣਾਂ।

ਪੂਰਵ ਗਿਆਨ ਪ੍ਰੀਖਿਆ :- ਬੱਚਿਆਂ ਦੇ ਪੂਰਣ ਗਿਆਨ ਦੀ ਪਰਖ ਕਰਨ ਲਈ ਅਧਿਆਪਕ ਕੁਝ ਪ੍ਰਸ਼ਨ ਕਰੇਗਾ।

1. ਸੰਗੀਤ ਕਿਸ ਨੂੰ ਕਹਿੰਦੇ ਹਨ ?
2. ਸੰਗੀਤ ਵਿਚ ਕੁਲ ਕਿੰਨੇ ਸੁਰ ਪ੍ਰਯੋਗ ਕੀਤੇ ਜਾਂਦੇ ਹਨ ?
3. ਅਲੰਕਾਰ ਸ਼ਬਦ ਦਾ ਕੀ ਅਰਥ ਹੈ ?
4. ਸੰਗੀਤ ਵਿਚ ਅਲੰਕਾਰ ਦਾ ਕੀ ਮਹੱਤਵ ਹੈ ਅਤੇ ਇਸ ਦਾ ਪ੍ਰਯੋਗ ਕਿਉਂ ਕੀਤਾ ਜਾਂਦਾ ਹੈ।

ਉਦੇਸ਼ ਕਥਨ : ਬੱਚਿਆਂ ਪਾਸੋਂ ਸੰਤੋਸ਼ ਜਨਕ ਜਾਂ ਅਸੰਤੋਸ਼ਜਨਕ ਉੱਤਰ ਪ੍ਰਾਪਤ ਕਰਨ ਤੋਂ ਬਾਅਦ ਅਧਿਆਪਕ ਐਲਾਨ ਕਰੇਗਾ ਕਿ ਅੱਜ ਅਸੀਂ ਅਲੰਕਾਰ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।

ਪ੍ਰਸਤੁਤੀਕਰਣ :- ਅਧਿਆਪਕ, ਬੱਚਿਆਂ ਦੀ ਸਹਾਇਤਾ ਨਾਲ ਪ੍ਰਸ਼ਨੋਤਰ ਵਿਧੀ ਦੁਆਰਾ ਪਾਠ ਪੜਾਏਗਾ।

Sri Satguru Jagjit Singh Ji eLibrary NamdhariElibrary@gmail.com

ਵਿਸ਼ਾ ਵਸਤੂ (Subject Matter)	ਪਾਠ ਵਿਧੀ (Method)	ਬਲੈਕ ਬੋਰਡ ਵਿਧੀ (B.B. Work)
ਜਿਸ ਪ੍ਰਕਾਰ ਅਸੀਂ ਆਪਣੇ ਸ਼ਰੀਰ ਨੂੰ ਸਜਾਉਂਣ ਲਈ ਜਾਂ ਆਕਰਸ਼ਕ ਬਣਾਉਂਣ ਲਈ ਭਾਂਤ ਭਾਂਤ ਦੇ ਗਹਿਣੇ, ਆਭੂਸ਼ਨ ਜਾਂ ਅਲੰਕਾਰ ਵਰਤਦੇ ਹਾਂ, ਉਸੇ ਤਰਾਂ ਰਾਗ ਦੀ ਸ਼ੋਭਾ ਵਧਾਉਂਣ ਲਈ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਘਰ ਦੀ ਸੁੰਦਰਤਾ ਵਧਾਉਂਣ ਲਈ ਅਸੀਂ ਸੁੰਦਰ ਮੂਰਤੀਆਂ, ਫਰਨੀਚਰ, ਚਿੱਤਰ, ਪੇਂਟਿੰਗ ਅਤੇ ਹੋਰ ਵਸਤੂਆ ਦਾ ਸੰਗ੍ਰਿਹ ਕਰਦੇ ਹਾਂ ਅਤੇ ਉਹਨਾਂ ਨੂੰ ਬੜੇ ਵਧੀਆਂ ਢੰਗ ਨਾਲ ਸਜਾਕੇ ਰਖਦੇ ਹਾਂ ਤਾਂ ਕਿ ਸਾਡਾ ਡਰਾਇੰਗ ਰੂਮ ਦੇਖਣ ਵਿਚ ਆਕਰਸ਼ਕ ਪ੍ਰਤੀਤ ਹੋਵੇ। ਇਕ ਇਸਤਰੀ ਸੁੰਦਰ ਅਲੰਕਾਰ ਪਹਿਨਕੇ ਸੁੰਦਰ ਲਗਦੀ ਹੈ, ਨਦੀ ਜਲ ਨਾਲ ਸੁੰਦਰ ਲਗਦੀ ਹੈ। ਬੋਲ, ਫੁਲਾਂ ਦੁਆਰਾ ਸੋਭਾਏ ਮਾਨ ਲਗਦੀ ਹੈ। ਰਾਗ ਦੀ ਸੁੰਦਰਤਾ ਵਿਚ ਵਾਧਾ ਕਰਨ ਲਈ ਵੀ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਸਪਤਕ ਦੇ ਸਤ ਸੁਰਾਂ ਦੇ ਆਰੋਹੀ-ਅਵਰੋਹੀ ਵਰਣ ਤੇ ਆਧਾਰਤਿ ਅਨੇਕਾਂ ਪ੍ਰਕਾਰ ਦੇ ਅਲੰਕਾਰ ਤਿਆਰ ਕੀਤੇ ਜਾਂਦੇ ਹਨ। ਇਹ ਅਲੰਕਾਰ ਰਾਗਾਂ	1. ਬੱਚਿਓ ਅਸੀਂ ਆਪਣੇ ਸਰੀਰ, ਘਰ, ਦੁਕਾਨ, ਦਫਤਰ ਆਦਿ ਨੂੰ ਕਿਉਂ ਸਜਾਉਂਦੇ ਹਾਂ ? 2. ਅਲੰਕਾਰ ਦਾ ਕੀ ਅਰਥ ਹੈ ? 3. ਸੰਗੀਤ ਵਿਚ ਅਲੰਕਾਰ ਕਿਸ ਪ੍ਰਕਾਰ ਤਿਆਰ ਕੀਤੇ ਜਾਂਦੇ ਹਨ ? ਇਸ ਪ੍ਰਸ਼ਨ ਦਾ ਅਸੰਤੋਸ਼ਜਨਕ ਉਤਰ ਮਿਲਣ ਤੇ ਵਿਦਿਆਰਥੀ ਅਧਿਆਪਕ ਸਮਝਾਏਗਾ। 4. ਨਦੀ ਦਾ ਅਲੰਕਾਰ ਕੀ ਹੈ ? 5. ਨਾਰੀ ਦਾ ਅਲੰਕਾਰ ਕੀ ਹੈ ? 6. ਰਾਤਰੀ ਦਾ ਅਲੰਕਾਰ ਕੀ ਹੈ ? 7. ਬ੍ਰਿਛ ਦੀ ਸੋਭਾ ਕਿਸ ਨਾਲ ਹੈ ? ਅਧਿਆਪਕ ਪ੍ਰਸ਼ਨ ਪੁਛਦੇ ਹੋਏ ਪਾਠ ਨੂੰ ਅੱਗੇ ਵਧਾਏਗਾ। ਮੁੱਖ ਸ਼ਬਦ ਬਲੈਕ ਬੋਰਡ ਤੇ ਲਿਖਦਾ ਜਾਵੇਗਾ। ਪ੍ਰਸ਼ਨ ਪੁਛਣ ਵੇਲੇ ਵਿਦਿਆਰਥੀਆਂ ਨੂੰ ਉਤੱਰ ਦੇਣ ਲਈ ਹੱਥ ਖੜਾ ਕਰਨ ਲਈ ਕਹੇਗਾ। ਹਰ ਪ੍ਰਸ਼ਨ ਵੱਖ-ਵੱਖ ਬੱਚੇ ਤੋਂ ਪੁੱਛਿਆ ਜਾਵੇ ਤਾ ਕਿ ਹਰ ਬੱਚੇ ਨੂੰ ਉਤੱਰ ਦੇਣ ਦਾ ਅਵਸਰ ਮਿਲੇ।	1. ਵਿਭਿੰਨ ਪ੍ਰਕਾਰ ਦੀਆਂ ਸੁੰਦਰ ਵਸਤੂਆਂ, ਗਹਿਣੇ ਦੁਆਰਾ ਸਜਾਉਂਦੇ ਹਾਂ ਤਾਂ ਕਿ ਉਹ ਵੇਖਣ ਵਿਚ ਸੁੰਦਰ ਲੱਗਣ। 2. ਗਹਿਣੇ 3. ਜਲ 4. ਆਭੂਸ਼ਨ, ਗਹਿਣੇ 5. ਚੰਦ ਅਤੇ ਤਾਰੇ 6. ਫੁੱਲਾਂ ਅਤੇ ਫਲਾਂ ਨਾਲ

Sri Satguru Jagjit Singh Ji eLibrary
NamdhariElibrary@gmail.com

ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਅਲੰਕਾਰ ਨੂੰ ਆਮ ਭਾਸ਼ਾ ਵਿਚ ਪਲਟਾ ਵੀ ਕਿਹਾ ਜਾਦਾ ਹੈ। ਸੁਰਾਂ ਨੂੰ ਉਲਟ ਪਲਟ ਕੇ ਤਿਆਰ ਕੀਤੀ ਗਈ ਰਚਨਾਂ ਨੂੰ ਪਲਟਾ ਕਿਹਾ ਜਾਂਦਾ ਹੈ।

ਛੋਟੇ ਛੋਟੇ ਸੁਰ ਸਮੂਹਾਂ ਦੁਆਰਾ ਕਈ ਅਲੰਕਾਰ ਬਣਾਏ ਜਾ ਸਕਦੇ ਹਨ। ਅਲੰਕਾਰ ਆਮ ਤੌਰ ਤੇ ਦੋ, ਤਿੰਨ ਚਾਰ ਸੁਰਾਂ ਦੇ ਸਮੂਹ ਤੋਂ ਤਿਆਰ ਕੀਤੇ ਜਾਂਦੇ ਹਨ।

8. ਅਲੰਕਾਰ ਨੂੰ ਪਲਟਾ ਕਿਉਂ ਕਿਹਾ ਜਾਦਾ ਹੈ ?
9. ਅਲੰਕਾਰ ਕਿੰਨੇ ਹੁੰਦੇ ਹਨ ?

ਅਲੰਕਾਰਾਂ ਦਾ ਮਹੱਤਵ ਸਮਝਾਉਣ ਲਈ ਚਾਰਟ ਅਤੇ ਤਸਵੀਰਾਂ ਦਾ ਪ੍ਰਯੋਗ ਕੀਤਾ ਜਾਵੇਗਾ। ਜਿਵੇਂ ਗਹਿਣਿਆਂ ਨਾਲ ਸਜੀ ਹੋਈ ਦੁਲਹਨ। ਫੁੱਲਾਂ ਨਾਲ ਭਰੀ ਹੋਈ ਵੇਲ। ਜਲੂਸ ਵਾਸਤੇ ਤਿਆਰ ਕੀਤਾ ਗਿਆ ਹਾਥੀ, ਘੋੜਾ ਆਦਿ।

ਸੁਰਾਂ ਨੂੰ ਉਲੱਟ-ਪੁਲਟਨ ਕਰਨ ਕਾਰਨ ਅਣਗਿਣਤ

ਕ੍ਰਿਆਤਮਕ ਪੱਖ (Practical)

ਉਦੇਸ਼ ਕਥਨ :- ਅਲੰਕਾਰ ਦੀ ਪਰੀਭਾਸ਼ਾ ਪੜਾਉਣ ਤੋਂ ਬਾਅਦ ਅਧਿਆਪਕ ਕਹੇਗਾ, ਬਚਿਓ ਹੁਣ ਅਸੀਂ ਅਲੰਕਾਰ ਸਿਖਾਂਗੇ।

ਵਿਸ਼ਾ ਵਸਤੂ

ਅਲੰਕਾਰ ਨੰ :1
ਆਰੋਹੀ : ਸ, ਰੇ, ਗ, ਮ, ਪ, ਧ, ਨੀ, ਸਂ
ਅਵਰੋਹੀ : ਸਂ, ਨੀ, ਧ, ਪ, ਮ, ਗ, ਰੇ, ਸ
2. ਆਰੋਹੀ : ਸਸ, ਰੇਰੇ, ਗਗ, ਮਮ, ਪਪ, ਧਧ, ਨੀਨੀ, ਸਂਸਂ
ਅਵਰੋਹੀ : ਸਸ, ਨੀਨੀ, ਧਧ, ਪਪ, ਮਮ, ਗਗ, ਰੇ ਰੇ, ਸਸ

ਪਾਠ ਵਿਧੀ

ਅਧਿਆਪਕ ਪਹਿਲਾਂ ਆਪ ਅਲੰਕਾਰਾਂ ਨੂੰ ਗਾ ਕੇ ਜਾਂ ਵਜਾ ਕੇ ਸੁਣਾਏਗਾ। ਫਿਰ ਬੱਚਿਆਂ ਨੂੰ ਆਪਣੇ ਨਾਲ ਅਜਿਹਾ ਕਰਨ ਲਈ ਕਹੇਗਾ। ਪਹਿਲਾਂ ਅਲੰਕਾਰ ਯਾਦ ਹੋ ਜਾਣ ਤੋਂ ਬਾਅਦ ਦੂਜੇ ਦਾ ਅਭਿਆਸ ਕਰਵਾਏਗਾ ਇਸੇ ਤਰਾਂ ਤੀਜੇ ਅਤੇ ਚੌਥੇ ਅਲੰਕਾਰ ਦਾ ਅਭਿਆਸ ਕਰਵਾਇਆ ਜਾਵੇਗਾ।ਬੱਚਿਆਂ ਨੂੰ ਇਕਠਿਆਂ ਅਤੇ ਇਕਾਂਕੀ ਰੂਪ ਵਿਚ ਸੁਣਾਉਣ ਲਈ

ਬਲੈਕ ਬੋਰਡ ਵਿਧੀ

ਬਲੈਕ ਬੋਰਡ ਤੇ ਅਲੰਕਾਰ ਲਿਖੇ ਜਾਣਗੇ ਬੱਚੇ ਆਪਣੀ ਕਾਪੀ ਲਿਖਣਗੇ।

Sri Satguru Jagjit Singh Ji eLibrary
NamdhariElibrary@gmail.com

3. ਆਰੋਹੀ : ਸਰੇਗ, ਰੇਗਮ, ਗਮਪ, ਮਪਧ, ਪਧਨੀ, ਧਨੀਸਾਂ
ਅਵਰੋਹੀ : ਸਨੀਧ, ਨੀਧਪ, ਧਪਮ, ਪਮਗ, ਮਗਰੇ ਗਰੇਸ
4. ਆਰੋਹੀ : ਸਰੇਗਮ, ਰੇਗਮਪ, ਗਮਪਧ, ਮਪਧਨੀ, ਪਧਨੀਸਾਂ
ਅਵਰੋਹੀ : ਸਾਂਨੀਧਪ, ਨੀਧਪਮ, ਧਪਮਗ, ਪਮਗਰੇ, ਮਗਰੇਸ

ਕਿਹਾ ਜਾਵੇਗਾ। ਬੱਚਿਆਂ ਦੀਆਂ ਕਾਪੀਆਂ ਚੈਕ ਕੀਤੀਆਂ ਜਾਣਗੀਆਂ।

ਦੁਹਰਾਈ :- ਅਲੰਕਾਰ ਦੀ ਪਰੀਭਾਸ਼ਾ ਤੋਂ ਬਾਅਦ ਅਲੰਕਾਰ ਕ੍ਰਿਆਤਮਕ ਰੂਪ ਵਿਚ ਸਿਖਾਏ ਜਾਣਗੇ। ਅਧਿਆਪਕ ਇਹ ਜਾਨਣ ਲਈ ਕਿ ਵਿਦਿਆਰਥੀਆ ਨੂੰ ਅੱਜ ਦਾ ਪਾਠ ਕਿੰਨਾਂ ਕੁ ਸਮਝ ਆਇਆ ਹੈ ਅਤੇ ਯਾਦ ਹੋ ਗਿਆ ਹੈ। ਪੜਾਏ ਗਏ ਪਾਠ ਵਿਚੋਂ ਕੁਝ ਪ੍ਰਸ਼ਨ ਪੁਛਕੇ ਦੁਹਰਾਈ ਕਰਵਾਏਗਾ।

1. ਅਲੰਕਾਰ ਦਾ ਕੀ ਅਰਥ ਹੈ ?
2. ਦੁਲਹਨ ਨੂੰ ਕਿਸ ਵਸਤੂ ਨਾਲ ਸਜਾਇਆ ਜਾਂਦਾ ਹੈ ?
3. ਤੁਹਾਡੇ ਡਰਾਇੰਗ ਰੂਮ ਦੀ ਸੁੰਦਰਤਾ ਕਿਵੇਂ ਵੱਧਦੀ ਹੈ ?
4. ਰਾਗ ਵਿਚ ਅਸੀਂ ਅਲੰਕਾਰ ਕਿਉਂ ਪ੍ਰਯੋਗ ਕਰਦੇ ਹਾਂ ?
5. ਤੀਜਾ ਅਲੰਕਾਰ ਸੁਣਾਓ ?

ਘਰ ਦਾ ਕੰਮ : ਬੱਚਿਆਂ ਨੂੰ ਅਲੰਕਾਰ ਦੀ ਪਰੀਭਾਸ਼ਾ ਕਾਪੀਆ ਤੇ ਸਾਫ਼-ਸਾਫ਼ ਲਿਖਕੇ ਲਿਆਉਣ ਲਈ ਕਿਹਾ ਜਾਵੇਗਾ। ਜੋ ਅਲੰਕਾਰ ਸਿਖਾਏ ਗਏ ਹਨ ਉਹਨਾ ਦਾ ਘਰ ਵਿਚ ਅਭਿਆਸ ਅਤੇ ਯਾਦ ਕਰਕੇ ਆਉਣ ਲਈ ਕਿਹਾ ਜਾਵੇਗਾ।

Sri Satguru Jagjit Singh Ji eLibrary
NamdhariElibrary@gmail.com

ਤਾਲ ਪਾਠ ਯੋਜਨਾ

ਪਾਠ ਨੰ : 4

ਮਿਤੀ : 26.11.96 ਕਲਾਸ : ਦੱਸਵੀਂ

ਵਿਸ਼ਾ : ਸੰਗੀਤ ਪੀਰੀਅਡ : ਸੱਤਵਾ

ਉਪ ਵਿਸ਼ਾ : ਤਿੰਨ ਤਾਲ ਸਮਾਂ - 40 ਮਿੰਟ

ਸਹਾਇਕ ਸਮੱਗਰੀ : ਬਲੈਕ ਬੋਰਡ, ਝਾੜਣ, ਚਾਕ, ਤਬਲਾ ਜੋੜੀ,

ਆਮ ਉਦੇਸ਼ :- 1. ਵਿਦਿਆਰਥੀਆ ਵਿਚ ਸੰਗੀਤ ਪ੍ਰਤੀ ਰੁਚੀ ਉਤਪੰਨ ਕਰਨਾ ।

2. ਵਿਦਿਆਰਥੀਆ ਵਿਚ ਤਾਲ ਦੇ ਪ੍ਰਤੀ ਰੁਚੀ ਦਾ ਵਿਕਾਸ ਕਰਨਾ ।

3. ਤਾਲ, ਲੈਅ ਦਾ ਗਿਆਨ ਪ੍ਰਦਾਨ ਕਰਨਾ ।

4. ਵਿਦਿਆਰਥੀਆਂ ਨੂੰ ਤਾਲ ਦੇ ਮਹੱਤਵ ਬਾਰੇ ਜਾਗਰੂਕ ਕਰਨਾ ।

ਵਿਸ਼ੇਸ਼ ਉਦੇਸ਼ :- ਵਿਦਿਆਰਥੀਆ ਨੂੰ ਤਿੰਨ ਤਾਲ ਦੀ ਪਰੀਭਾਸ਼ਾ ਅਤੇ ਉਸ ਦੇ ਕ੍ਰਿਆਤਮਕ ਰੂਪ ਦੀ ਜਾਣਕਾਰੀ ਪ੍ਰਦਾਨ ਕਰਨਾ ।

ਪੂਰਵ ਗਿਆਨ ਪ੍ਰੀਖਿਆ :-

1. ਤਾਲ ਕਿਸ ਸਾਜ਼ ਤੇ ਵਜਾਇਆ ਜਾਂਦਾ ਹੈ ?
2. ਤਾਲ ਦਾ ਪ੍ਰਯੋਗ ਕਿਉਂ ਕੀਤਾ ਜਾਦਾ ਹੈ ?
3. ਸੰਗੀਤ ਵਿਚ ਕੁਲ ਕਿੰਨੀਆਂ ਤਾਲਾਂ ਹਨ ?
4. ਤਿੰਨ ਤਾਲ ਕਿੰਨੀਆਂ ਮਾਤਰਾ ਦਾ ਤਾਲ ਹੈ ?

ਉਦੇਸ਼ ਕਥਨ (Announcement of the topic) ਅਧਿਆਪਕਾ ਪੂਰਵ ਗਿਆਨ ਪ੍ਰੀਖਿਆ ਕਰਨ ਵੇਲੇ ਅੰਤਿਮ ਪ੍ਰਸ਼ਨ ਦਾ ਉਤੱਰ ਸੰਤੋਸ਼ ਜਨਕ ਪ੍ਰਾਪਤ ਕਰਨ ਤੋਂ ਬਾਅਦ ਐਲਾਨ ਕਰੇਗੀ ਕਿ ਬੱਚਿਓ ਅੱਜ ਅਸੀਂ ਤਿੰਨ ਤਾਲ ਦੇ ਬਾਰੇ ਪੜਾਂਗੇ ।

ਪ੍ਰਸਤੁਤੀਕਰਣ :- ਅਧਿਆਪਕਾ ਆਪਣੇ ਉਪ ਵਿਸ਼ੇ ਨੂੰ ਹੇਠ ਲਿਖੇ ਢੰਗ ਨਾਲ ਪੜਾਏਗੀ ।

Sri Satguru Jagjit Singh Ji eLibrary NamdhariElibrary@gmail.com

ਵਿਸ਼ਾ ਵਸਤੂ (Subject Matter)	ਪਾਠ ਵਿਧੀ (Method)	ਬਲੈਕ ਬੋਰਡ ਵਿਧੀ (B.B. Work)
ਸੰਗੀਤ ਵਿਚ ਤਾਲ ਦਾ ਬੜਾ ਮਹੱਤਵ ਪੂਰਣ ਸਥਾਂਨ ਹੈ। ਸਮੂਚਾ ਸੰਗੀਤ ਤਾਲ ਤੇ ਆਧਾਰਿਤ ਹੈ। ਗਾਇਨ, ਵਾਦਨ, ਨ੍ਰਿਤ ਆਦਿ ਸੰਗੀਤ ਕਲਾਵਾਂ ਤਾਲ ਦੁਆਰਾ ਹੀ ਸੋਭਾ ਪ੍ਰਾਪਤ ਕਰਦੀਆਂ ਹਨ ਗਾਇਨ, ਵਾਦਨ ਆਦਿ ਕ੍ਰਿਆਵਾਂ ਵਿਚ ਜੋ ਸਮਾਂ ਲਗਦਾ ਹੈ, ਉਸ ਕਾਲ ਨੂੰ ਮਾਪਣ ਲਈ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਤਾਲ ਸਮੇਂ ਜਾਂ ਕਾਲ ਨੂੰ ਮਾਪਣ ਦਾ ਪੈਮਾਨਾਂ ਹੈ। ਪ੍ਰਾਚੀਨ ਕਾਲ ਤੋਂ ਹੀ ਸੁਰ ਅਤੇ ਤਾਲ ਦਾ ਸੁਮੇਲ ਚਲਿਆ ਆ ਰਿਹਾ ਹੈ। ਸੰਗੀਤ ਭਾਵੇ ਕੋਈ ਵੀ ਹੋਵੇ, ਕਿਸੇ ਦੇਸ਼ ਦਾ ਹੋਵੇ। ਕਿਸੇ ਪ੍ਰਾਂਤ ਦਾ ਹੋਵੇ, ਤਾਲ ਤੋਂ ਬਿਨਾਂ ਅਧੂਰਾ ਲਗਦਾ ਹੈ। ਤਾਲ ਸੰਗੀਤ ਦੀ ਆਤਮਾਂ ਹੈ। ਸੰਗੀਤ ਰੂਪੀ ਭਵਨ ਦੇ ਦੋ ਮੁੱਖ ਸਤੰਭ ਹਨ। ਇਕ ਸੁਰ ਅਤੇ ਦੂਜਾ ਤਾਲ। ਲੋਕ ਸੰਗੀਤ, ਸੁਗਮ ਸੰਗੀਤ, ਸ਼ਾਸਤਰੀ ਸੰਗੀਤ, ਆਰਥਾਤ ਹਰ ਪ੍ਰਕਾਰ ਦੇ ਸੰਗੀਤ ਨਾਲ ਤਾਲ ਦੀ ਵਰਤੋਂ ਹੁੰਦੀ ਹੈ। ਤਾਲਾਂ ਨੂੰ ਵਿਸੇਸ਼ ਸਾਜ਼ਾਂ ਤੇ ਹੀ ਵਜਾਇਆ ਜਾਂਦਾ ਹੈ। ਇਹ ਸਾਜ਼ ਆਮ ਤੌਰ ਤੇ ਚਮੜੇ ਨਾਲ ਮੜੇ ਹੁੰਦੇ ਹਨ। ਇਹਨਾਂ ਨੂੰ ਅਵਿਨਧ ਸਾਜ਼ ਵੀ ਕਿਹਾ ਜਾਂਦਾ ਹੈ।	ਸਭ ਤੋਂ ਪਹਿਲਾ ਅਧਿਆਪਕ ਵਿਦਿਆਰਥੀਆਂ ਨੂੰ ਤਾਲ ਦੇ ਮਹੱਤਵ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ। ਤਾਲ ਦੀ ਪ੍ਰੀਭਾਸ਼ਾ ਉਹਨਾਂ ਨੂੰ ਲਿਖਵਾਏਗੀ। ਪੜਾਉਂਦੇ ਹੋਏ ਵਿਦਿਆਰਥੀਆਂ ਪਾਸੋਂ ਕੁਝ ਪ੍ਰਸ਼ਨ ਪੁਛਦੀ ਵੀ ਰਹੇਗੀ ਤਾਂ ਕਿ ਵਿਦਿਆਰਥੀਆਂ ਦੀ ਰੁਚੀ ਅਧਿਆਪਕਾ ਦੇ ਪੜਾਏ ਜਾ ਰਹੇ ਪਾਠ ਵਿਚ ਬਣੀ ਰਹੇ। ਪ੍ਰਸ਼ਨ ਇਸ ਪ੍ਰਕਾਰ ਹੋਵੇਗਾ :- 1. ਤਾਲ ਦਾ ਪ੍ਰਯੋਗ ਕਿਉਂ ਕੀਤਾ ਜਾਂਦਾ ਹੈ। 2. ਤਾਲ ਦਾ ਪ੍ਰਯੋਗ ਸੰਗੀਤ ਦੀ ਕਿਸ ਕਿਸ ਸ਼ੈਲੀ ਨਾਲ ਹੁੰਦਾ ਹੈ। 3. ਤਾਲ ਕਿੰਨਾਂ ਸਾਜ਼ਾਂ ਤੇ ਵਜਾਏ ਜਾਂਦੇ ਹਨ ? 4. ਚਮੜੇ ਨਾਲ ਮੜੇ ਸਾਜ਼ ਕਿਸ ਨਾਂਮ ਨਾਲ ਜਾਣੇ ਜਾਂਦੇ ਹਨ। ਅਧਿਆਪਕ ਦਸੇਗਾ ਕਿ ਤਿੰਨ ਤਾਲ ਦੀ ਕਿੰਨੀਆਂ ਮਾਤਰਾ ਹੁੰਦੀਆਂ ਹਨ। ਕਿੰਨੇ ਵਿਭਾਗ, ਕਿਸ ਮਾਤਰਾ ਤੇ ਤਾਲੀ, ਸਮ, ਖਾਲੀ ਆਦਿ ਹਨ ਤਿੰਨ ਤਾਲ ਦਾ ਚੱਕਰ ਦਰਸਾਉਂਦਾ ਇਕ ਚਾਰਟ ਵੀ ਵਿਖਾਇਆ ਜਾਵੇਗਾ। ਬੱਚਿਆਂ ਨੂੰ ਕਾਪੀਆਂ ਤੇ ਤਾਲ ਦੇ ਬੋਲ	ਤਾਲ ਦਾ ਪ੍ਰਯੋਗ ਗਾਇਨ, ਵਾਦਨ ਅਤੇ ਨ੍ਰਿਤ ਵਿਚ ਕੀਤਾ ਜਾਂਦਾ ਹੈ। ਤਾਲ : ਸਮੇਂ ਨੂੰ ਮਾਪਣ ਦਾ ਕ੍ਰਿਆ। ਲੋਕ ਸੰਗੀਤ ਸੁਗਮ ਸੰਗੀਤ ਸ਼ਾਸਤਰੀ ਸੰਗੀਤ ਦੇ ਨਾਲ ਪ੍ਰਯੋਗ ਚਮੜੇ ਨਾਲ ਮੜੇ ਸਾਜਾਂ ਨੂੰ ਅਵਨਧ ਸਾਜ਼ ਕਿਹਾ ਜਾਦਾ ਹੈ। ਤਿੰਨ ਤਾਲ - 16 ਮਾਤਰਾ ਤਾਲੀ - 1,5, 13 ਖਾਲੀ - 9 ਬਲੈਕ ਬੋਰਡ ਤੇ ਤਿੰਨ ਤਾਲ ਦੇ ਬੋਲ ਲਿਖੇ ਜਾਣਗੇ। ਤਿੰਨ ਤਾਲ - 16 ਮਾਤਰਾ

Sri Satguru Jagjit Singh Ji eLibrary

NamdhariElibrary@gmail.com

ਤਿੰਨ ਤਾਲ - ਇਹ ਤਾਲ ਤਬਲੇ ਉਤੇ ਵਜਾਇਆ ਜਾਂਦਾ ਹੈ। ਇਸ ਦੇ16 ਮਾਤਰੇ ਹੁੰਦੇ ਹਨ। ਇਸ ਦੇ ਚਾਰ ਭਾਗ ਹਨ ਇਸ ਵਿਚ ਤਿੰਨ ਤਾਲੀਆ ਅਤੇ ਇਕ ਖਾਲੀ ਹੈ। ਪਹਿਲੀ, ਪੰਜਵੀਂ ਅਤੇ ਤੇਹਰਵੀ ਮਾਤਰਾ ਤੇ ਤਾਲੀ ਅਤੇ ਨੌਵੀ ਮਾਤਰਾ ਉਤੇ ਖਾਲੀ ਹੈ।

ਤਿੰਨ ਤਾਲ 16 ਮਾਤਰਾ

1	2	3	4	5	6	7	8
ਧਾ	ਧਿ	ਧਿੰ	ਧਾ	ਧਾ	ਧਿੰ	ਧਿੰ	ਧਾ
×				2			
9	10	11	12	13	14	15	16
ਧਾ	ਤਿੰ	ਤਿੰ	ਤਾ	ਤਾ	ਧਿੰ	ਧਿੰ	ਧਾ
0				3			

ਲਿਖਵਾਏ ਜਾਣਗੇ। ਉਹਨਾਂ ਦੀਆਂ ਕਾਪੀਆਂ ਦਾ ਨਿਰੀਖਣ ਵੀ ਕੀਤਾ ਜਾਵੇਗਾ। ਹੱਥ ਨਾਲ ਤਾਲੀ ਸਿਖਾਈ ਜਾਵੇਗੀ।

1	2	3	4
ਧਾ	ਧਿੰ	ਧਿੰ	ਧਾ
×			
5	6	7	8
ਧਾ	ਧਿੰ	ਧਿੰ	ਧਾ
2			
9	10	11	12
ਧਾ	ਤਿੰ	ਤਿੰ	ਤਾ
0			
13	14	15	16
ਤਾ	ਧਿੰ	ਧਿੰ	ਧਾ

ਦੁਹਰਾਈ :- ਬੱਚਿਆਂ ਦੀ ਯਾਦ ਸ਼ਕਤੀ ਦਾ ਪਰਖ ਕਰਨ ਲਈ ਅਧਿਆਪਕਾ ਹੇਠ ਲਿਖੇ ਪ੍ਰਸ਼ਨ ਪੁੱਛ ਕੇ ਦੁਹਰਾਈ ਕਰਵਾਏਗੀ।

1. ਤਾਲ ਦਾ ਕੀ ਮਹੱਤਵ ਹੈ ?
2. ਤਾਲ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ ?
3. ਤਿੰਨ ਤਾਲ ਦੇ ਕਿੰਨੇ ਮਾਤਰੇ ਹਨ ?
4. ਤਿੰਨ ਤਾਲ ਵਿਚ ਕਿੰਨੀਆਂ ਖਾਲੀ ਹਨ ?
5. ਤਾਲ ਸਾਜ਼ ਨੂੰ ਸੰਗੀਤ ਦੀ ਭਾਸ਼ਾ ਵਿਚ ਕੀ ਕਿਹਾ ਜਾਂਦਾ ਹੈ ?

ਘਰ ਦਾ ਕੰਮ :- ਅਧਿਆਪਕਾ ਬੱਚਿਆਂ ਨੂੰ ਘਰੇ ਕਾਪੀ ਤੇ ਤਾਲ ਦੀ ਪ੍ਰੀਭਾਸ਼ਾ ਅਤੇ ਤਿੰਨ ਤਾਲ ਨੂੰ ਤਾਲ ਲਿਪੀ ਵਿਚ ਸਾਫ ਸਾਫ ਲਿਖਕੇ ਲਿਆਉਣ ਦਾ ਕੰਮ ਦੇਵੇਗੀ।

Sri Satguru Jagjit Singh Ji eLibrary
NamdhariElibrary@gmail.com

ਅਧਿਆਇ - 16

ਵਾਗਿਆਕਾਰ, ਸੰਗੀਤ ਅਧਿਆਪਨ, ਗਾਇਕ, ਵਾਦਕ ਦੇ ਗੁਣ

Qualities & Effective music education of the following
(a) Vaggakar (Composer) (b) Music Teacher (c) Singer
(d) Vadak (Player)

ਵਾਗਿਆਕਾਰ :-

